1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 106
ਨੰਬਰ 4-5

੧੯ ਫੱਗਣ ਤੋਂ ੧੯ ਚੇਤਰ ੨੦੮੨ ਬਿ.
01 to 31 March 2026

# ਸਤਿਜੁਗ

## ਵਿਸ਼ੇਸ਼ ਅੰਕ



**1621 – 1675**

**ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ**

# ਸ਼ਤਾਬਦੀ ਸਮਰਪਿਤ ਸਮਾਗਮ






ਸਤਿਜੁਗ

੧੮ ਫੱਗਣ ਤੋਂ ੧੮ ਚੇਤਰ ੨੦੮੨ ਬਿ.
1 ਤੋਂ 31 ਮਾਰਚ 2026 ਈ.
ਜਿਲਦ 106, ਨੰਬਰ 4-5

ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ

*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ

ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*

# ਤਤਕਰਾ

* ਸੰਪਾਦਕੀ....................................................5

* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ..........................7

* ਮਨੁੱਖੀ ਅਧੀਕਾਰਾਂ ਦੇ ਮਹਾਨ ਯਾਤਰੀ ਸ੍ਰੀ ਗੁਰੂ ਤੇਗ ਬਹਾਦਰ ਜੀ
ਸੁਵਰਨ ਸਿੰਘ ਵਿਰਕ...............................9

* ਗੁਰੂ ਤੇਗ਼ ਬਹਾਦਰ ਬਾਣੀ- ਸ਼ਹਾਦਤ ਦੀ ਸਾਖੀ
ਸਵਰਾਜਬੀਰ.....................................22

* ਗੁਰੂ ਤੇਗ਼ ਬਹਾਦਰ: ਤਿਆਗ ਅਤੇ ਤੇਗ਼ ਦਾ ਸੰਮੇਲਨ
ਅਵਤਾਰ ਸਿੰਘ...................................28

* ਬਾਣੀ ਸ੍ਰੀ ਗੁਰੂ ਤੇਗ਼ ਬਹਾਦਰ: ਇਤਿਹਾਸ-ਬੋਧ
ਸੁਖਦੇਵ ਸਿੰਘ ਸਿਰਸਾ............................33

* ਸਰਣਿ ਦੇ ਦਾਤੇ, ਬਚਨ ਕੇ ਸੂਰੇ॥
ਹਰਪਾਲ ਸਿੰਘ ਸੇਵਕ.............................42

* ਗੁਰੂ ਤੇਗ ਬਹਾਦਰ: ਜੀਵਨ ਪ੍ਰਸੰਗ ਤੇ ਰਚਨਾ ਸੰਦਰਭ
ਹਰਮਿੰਦਰ ਸਿੰਘ ਬੇਦੀ.............................51

* ਕਹਾਣੀ ਦੀਵੇਂ ਅਤੇ ਹਨ੍ਹੇਰੇ ਦੀ
ਗੁਰੂਬਚਨ ਸਿੰਘ ਨਾਮਧਾਰੀ........................66

* ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦਰ ਜੀ ਕੋਲ ਹੀ ਕਿਉਂ ਆਏ?
ਡਾ. ਧਰਮ ਸਿੰਘ.................................69

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

* ਭੈ ਕਾਹੂ ਕਉ ਦੇਤ ਨਹਿ ...
ਡਾ.ਹਰਵਿੰਦਰ ਸਿੰਘ ਸਿਰਸਾ..............71

* ਗੁਰੂ ਤੇਗ ਬਹਾਦਰ ਬਾਣੀ: ਮਨ ਦਾ ਪ੍ਰਵਚਨ
ਗੁਰਲਾਲ ਸਿੰਘ...........................74

* ਅਟੱਲ ਪ੍ਰਤਾਪੀ ਸਤਿਗੁਰੂ ਜੀ ਦੇ ਪ੍ਰਵਚਨਾਂ ਵਿਚੋਂ ਨੌਵੇਂ ਪਾਤਸ਼ਾਹ ਜੀ ਦੀ ਸ਼ਖ਼ਸੀਅਤ
ਦੇਵਿੰਦਰ ਸਿੰਘ ਗਿੱਲ......................78

* ਦੇਣਾ ਹਿੰਦ ਨਹੀਂ ਦੇ ਸਕਦਾ ਗੁਰੂ ਤੇਗ ਬਹਾਦਰ ਦਾ
ਡਾ. ਰਜਵੰਤ ਕੌਰ.........................84

* ਧਰਮ ਹੇਤ ਸਾਕਾ ਜਿਨਿ ਕੀਆ
ਮੁਹਿੰਦਰ ਸਿੰਘ ਕੂਕਾ......................87

* ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਸੰਬੰਧੀ ਵਿਚਾਰ
ਦਾਤਾਰ ਸਿੰਘ............................95

* ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ– ਵਿਸ਼ਲੇਸ਼ਨਾਤਮਕ ਅਧਿਐਨ
ਗੁਰਸੇਵਕ ਸਿੰਘ ਕਵੀਸ਼ਰ................100

* ਸ਼ਹਾਦਤ : ਗੌਰਵਸ਼ੀਲ ਇਤਿਹਾਸਿਕ ਦਖ਼ਲ
ਗੁਰਭਗਤ ਸਿੰਘ.........................103

* ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਕਿਵੇਂ ਮਿਲੀ
ਸੰਤੋਖ ਸਿੰਘ ਜਮੁਨਾ ਨਗਰ................106

* ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ – ਵੱਚਿਤਰ ਗਾਥਾ
ਸਵਿੰਦਰ ਸਿੰਘ ਨਾਮਧਾਰੀ................112

* ਪੂਰਬ ਦਿਸ਼ਾ ਦੀ ਯਾਤਰਾ
ਮਨਜੀਤ ਸਿੰਘ ਰਾਗੀ....................118

* Saif Khan and His Relations with Guru Tegh Bahadur
Kirpal Singh.................................122

* ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ॥
Khleel Khan..........................127

* Sri Guru Tegh Bahadur's Martyrdom: A Symbol of Religious Coexistence
Dr. Baljeet Singh.........................133

* The Sacrifice
Amar Kaur Randhawa.................138

* The pragmatism of Guru Tegh Bahadur's philosophy : Lessons for today
Dr. Alla Singh Paneser............. .....142

## ਕਵਿਤਾਵਾਂ

* ਸ੍ਰੀ ਗੁਰੂ ਤੇਗ਼ ਬਹਾਦਰ
ਕਰਤਾਰ ਸਿੰਘ ਬਲੱਗਣ.................146

* ਤੇਗ਼ ਬਹਾਦਰ ਹਿੰਦ ਦੀ ਚਾਦਰ
ਚਰਨ ਸਿੰਘ ਸਫ਼ਰੀ.....................147

* ਮਨੁੱਖਤਾ ਦੀ ਚਾਦਰ
ਹਰਸਾਹਿਬ ਸਿੰਘ ਬਜ਼ੀਦਪੁਰ............149

* ਤਿਲਕ ਜੰਞੂ ਦੇ ਰਾਖੇ
ਮਨਜੀਤ ਸਿੰਘ ਰਾਗੀ...................149

* ਹਿੰਦ ਦੀ ਚਾਦਰ
ਬਲਵੰਤ ਸਿੰਘ ਵਿਰਕ...................150

# ਸਤਿਜੁਗ

## ਸੰਪਾਦਕੀ

ਇਹ ਵਰ੍ਹਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਰਿਹਾ, ਇਹ ਉਹਨਾਂ ਦੀਆਂ ਸਿਖਿਆਵਾਂ, ਯਾਤਰਾਵਾਂ, ਇਤਿਹਾਸਕ ਅਤੇ ਪ੍ਰਚਾਰਕ ਗਤੀਵਿਧੀਆਂ ਨੂੰ ਪੜਚੋਲਣ ਦਾ ਸੁਹਵਣਾ ਸਮਾਂ ਸੀ। ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਪਿਤਾ ਸਤਿਗੁਰੂ ਹਰਗੋਬਿੰਦ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਅਪ੍ਰੈਲ 1621 ਈ. ਨੂੰ ਹੋਇਆ। ਬਾਬਾ ਬਕਾਲਾ ਵਿਖੇ ਆਪ ਲੰਬਾ ਸਮਾਂ ਬੰਦਗੀਲੀਨ ਰਹੇ। 1664 ਈ. ਨੂੰ ਆਪ ਨੂੰ ਗੁਰੂ ਨਾਨਕ ਦੇਵ ਜੀ ਦੇ ਤੱਖਤ ਦੀ ਜ਼ਿੰਮੇਵਾਰੀ ਮਿਲੀ। ਆਪ ਨੇ ਲੰਬੀਆਂ ਇਤਿਹਾਸਕ ਯਾਤਰਾਵਾਂ ਕੀਤੀਆਂ ਗੁਰੂ ਸਾਹਿਬਾਨਾਂ ਵਿਚੋਂ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਆਪ ਹੀ ਪੰਜਾਬ ਤੋਂ ਬਾਹਰ ਲੰਬੀਆਂ ਪ੍ਰਚਾਰਕ ਯਾਤਰਾਵਾਂ 'ਤੇ ਗਏ। ਆਪ ਦੇ ਪ੍ਰਚਾਰ ਪ੍ਰਸਾਰ ਨੇ ਸਿੱਖੀ ਅੰਦਰ ਨਵੀਂ ਰੂਹ ਫੂਕੀ। ਦੂਜੇ ਪਾਸ ਦਿੱਲੀ ਦੇ ਹਾਕਮ ਔਰੰਗਜ਼ੇਬ ਜੋ ਕੱਟੜ ਤੇ ਮੁਤੱਅਸਬੀ ਸ਼ਾਸਕ ਸੀ ਉਹ ਗੈਰ ਮੁਸਲਮਾਨਾਂ 'ਤੇ ਜ਼ੁਲਮ ਕਰ ਰਿਹਾ ਸੀ। ਦੇਸ਼ ਅੰਦਰ, ਧਾਰਮਿਕ ਅਸਹਿਣਸ਼ੀਲਤਾ ਦਾ ਮਾਹੌਲ ਸੀ। ਜ਼ਬਰੀ ਹਿੰਦੂਆਂ ਨੂੰ ਮੁਸਲਮਾਨ ਬਣਾਇਆ ਜਾ ਰਿਹਾ ਸੀ। ਕਸ਼ਮੀਰੀ ਪੰਡਿਤਾਂ ਨੇ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦ ਕੀਤੀ ਕਿ ਸਾਡੇ ਧਰਮ ਦੀ ਰੱਖਿਆ ਹੋਵੇ। ਆਪ ਨੇ ਧਾਰਮਿਕ ਤੰਗਦਿਲੀ ਕਾਰਨ ਹੋ ਰਹੇ ਧੱਕੇ ਖਿਲਾਫ਼

ਅਵਾਜ਼ ਬੁਲੰਦ ਕੀਤੀ। ਆਜ਼ਾਦੀ ਅਤੇ ਸਵੈਮਾਣ ਨਾਲ ਜੀਵਨ, ਬਹੁਲਤਾਵਾਦੀ, ਨਿਰਭੈਅ ਸਮਾਜ ਦੀ ਸਿਰਜਣਾ ਅਤੇ ਸਮਾਜਿਕ ਵਿਵਧਤਾ ਨੂੰ ਕਾਇਮ ਰੱਖਣ ਦੇ ਵੱਡੇ ਅਕੀਦੇ ਨੂੰ ਮੁੱਖ ਰੱਖ ਕੁਰਬਾਨੀ ਦੇਣ ਦਾ ਫੈਸਲਾ ਕੀਤਾ। ਨਵੰਬਰ 1675 ਈ. ਨੂੰ ਦਿੱਲੀ ਚਾਂਦਨੀ ਚੌਂਕ ਵਿਚ ਆਪ ਨੂੰ ਤਿੰਨ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੇ ਸਮੇਤ ਸ਼ਹੀਦ ਕੀਤਾ ਗਿਆ। ਇਸ ਕੁਰਬਾਨੀ ਨੇ ਹਿੰਦੋਸਤਾਨ ਦੀ ਮਜਲੂਮ ਧਿਰ ਅੰਦਰ ਨਵਾਂ ਜੋਸ਼ ਭਰਿਆ। ਨਾ ਬਰਾਬਰੀ, ਜਬਰ ਵਿਰੁੱਧ ਖੜੇ ਹੋਣ ਦਾ ਹੌਂਸਲਾ ਦਿੱਤਾ। ਇਹ ਸ਼ਹੀਦੀ ਬਾਰੇ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ-

ਠੀਕਿਰ ਫੋੜ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨ ਹੂੰ ਆਨ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥

350 ਸਾਲਾ ਸ਼ਹੀਦੀ ਸ਼ਤਾਬਦੀ ਦੇ ਇਸ ਲੰਘੇ ਵਰ੍ਹੇ ਨੂੰ ਸਮਰਪਿਤ ਨਾਮਧਾਰੀ ਪੰਥ ਵਲੋਂ ਇਤਿਹਾਸਕ ਪ੍ਰੋਗਰਾਮ ਆਯੋਜਿਤ ਕੀਤੇ ਗਏ ਹਨ। ਸਭ ਤੋਂ ਪਹਿਲਾਂ 25 ਫਰਵਰੀ 2025 ਨੂੰ ਨਿਰਮਲ ਸੰਪਰਦਾਇ ਦੇ ਸ਼ਿਵਰ ਵਿਚ ਕੁੰਭ ਦੇ ਮੇਲੇ ਦੌਰਾਨ ਇਕ ਵੱਡਾ ਸੈਮੀਨਾਰ ਕਰਵਾਇਆ ਗਿਆ। ਜਿਸ ਵਿਚ ਨਿਰਮਲ ਮੁੱਖੀ ਮਹਾਰਾਜ ਗਿਆਨ ਦੇਵ ਸਿੰਘ ਜੀ, ਯੁਗਪੁਰਸ਼ ਸਵਾਮੀ ਗਿਰੀ ਜੀ ਮਹਾਰਾਜ, ਮਹਾਂ ਮੰਡਲੇਸ਼ਵਰ ਸੁਆਮੀ ਵਾਮਦੇਵ ਯੋਗਪੀਰ, ਸੁਆਮੀ ਅਨੰਤਦੇਵ ਗਿਰੀ ਜੀ ਆਦਿ ਭਾਰਤੀ ਪ੍ਰੰਪਰਾਵਾਂ ਦੇ ਸਾਧੂ ਜਨ ਇਸ ਸੈਮੀਨਾਰ ਵਿਚ ਉਪਸਥਿਤ ਰਹੇ ਅਤੇ ਸਭ ਨੇ ਆਪਣੇ ਸ਼ਬਦਾਂ ਨਾਲ ਗੁਰੂ ਤੇਗ ਬਹਾਦਰ ਜੀ ਨੂੰ ਯਾਦ ਕੀਤਾ ਅਤੇ ਉਹਨਾਂ ਦੀ ਮਹਾਨ ਕੁਰਬਾਨੀ ਤੋਂ ਕੁੰਭ ਵਿਚ ਆਈ ਸੰਗਤ ਨੂੰ ਜਾਣੂ ਕਰਵਾਇਆ।

ਨਾਮਧਾਰੀ ਪੰਥ ਦਾ ਸਲਾਨਾ ਸਮਾਗਮ ਅੱਸੂ ਦਾ ਮੇਲਾ ਇਸ ਸਾਲ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸੀ। ਜਿਸ ਵਿਚ ਹੋਣ ਵਾਲੀ ਰੋਜ਼ਾਨਾ ਦੁਪਹਿਰ ਦੀ ਕਥਾ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦੀ ਕੀਤੀ ਗਈ। ਮਹੀਨਾ ਭਰ ਵਿਦਵਾਨ ਸਾਧੂ ਜਨ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦਰਸ਼ਨ ਦੀ ਵਿਚਾਰ ਵਿਮਰਸ਼ ਕਰਦੇ ਰਹੇ। ਨਾਮਧਾਰੀ ਪ੍ਰਚਾਰਕਾਂ ਤੋਂ ਬਿਨਾਂ ਯੁਗਪੁਰਸ਼ ਸਵਾਮੀ ਗਿਰੀ ਜੀ ਮਹਾਰਾਜ, ਸਾਧੂ ਜਸਵਿੰਦਰ ਸਿੰਘ ਕੁਠਾਰੀ, ਗਿਆਨੀ ਪ੍ਰਤਾਪ ਸਿੰਘ ਸਾਬਕਾ ਹੈਡ ਗ੍ਰੰਥੀ ਹਜ਼ੂਰ ਸਾਹਿਬ, ਗਿਆਨੀ ਸ਼ੇਰ ਸਿੰਘ ਅੰਬਾਲਾ ਬੁੱਢਾ ਦਲ, ਸਵਾਮੀ ਸ਼ਾਂਤਾਂ ਨੰਦ ਜੀ ਆਦਿ ਵਿਦਵਾਨ ਸਾਧੂ ਕਥਾ ਵਿੱਚ ਹਾਜਰੀ ਭਰਦੇ ਰਹੇ।

ਇਕ ਸੈਮੀਵਾਰ 12 ਅਕਤੂਬਰ 2025 ਨੂੰ ਕਰਵਾਇਆ ਗਿਆ ਜਿਸ ਵਿਚ ਵੱਖ-ਵੱਖ ਯੂਨੀਵਰਸਿਟੀਆਂ ਦੇ ਪ੍ਰੋ. ਸਾਹਿਬਾਨਾਂ ਨੇ ਭਾਗ ਲਿਆ। ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਰਚਨਾ ਬਾਰੇ ਪੇਪਰ ਪੜ੍ਹੇ ਗਏ। ਇਸ ਤਰ੍ਹਾਂ ਪਟਨਾ, ਦਿੱਲੀ ਵਿਚ ਵੱਡੇ ਸੈਮੀਨਾਰ ਸਮਾਗਮਾਂ ਵਿਚ ਨਾਮਧਾਰੀ ਪੰਥ ਮੁੱਖੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ਼ਿਰਕਤ ਕੀਤੀ ਅਤੇ ਇਸ ਸ਼ਤਾਬਦੀ ਨੂੰ ਯਾਦਗਾਰੀ ਬਣਾਇਆ।

ਅੱਜ ਨਾਮਧਾਰੀ ਪੰਥ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਇਹ ਸਤਿਜੁਗ ਦਾ ਵਿਸ਼ੇਸ਼ ਅੰਕ ਪਾਠਕਾਂ ਨੂੰ ਭੇਂਟ ਕੀਤਾ ਜਾ ਰਿਹਾ ਹੈ। ਇਸ ਸਾਹਿਤ ਅਤੇ ਇਤਿਹਾਸ ਦੇ ਨਾਮਵਰ ਲੇਖਕਾਂ ਦੀਆਂ ਰਚਨਾਵਾਂ ਹਨ ਜੋ ਗੁਰੂ ਤੇਗ ਬਹਾਦਰ ਜੀ ਦੀ ਬਹੁਪੱਖੀ ਸ਼ਖ਼ਸੀਅਤ ਦੇ ਹਰ ਪਹਿਲੂ ਬਾਰੇ ਚਾਨਣਾ ਪਾਉਣਗੀਆਂ।

ਇਹ ਅੰਕ ਦੀ ਸਮੱਗਰੀ ਨੂੰ ਟਾਇਪ, ਸੈਟਿੰਗ ਤਰਨ ਬੱਲ ਨੇ ਕੀਤਾ ਅਤੇ ਮਲਕੀਤ ਸਿੰਘ ਨੇ ਸਹਿਯੋਗੀ ਭੂਮਿਕਾ ਨਿਭਾਈ। ਪਰਚੇ ਦੇ ਡਿਜ਼ਾਇਨ ਨੂੰ ਸੁੰਦਰ ਦਿੱਖ ਦੇਣ ਦਾ ਕਾਰਜ ਯੁਵਰਾਜ ਸਿੰਘ ਨੇ ਕੀਤਾ।

ਇਸ ਅੰਕ ਦੇ ਅਧਿਐਨ ਨਾਲ ਪਾਠਕ ਗੁਰੂ ਤੇਗ ਬਹਾਦਰ ਜੀ ਦੇ ਉੱਚ ਆਦਰਸ਼ ਜੀਵਨ ਦਰਸ਼ਨ ਤੋਂ ਜਾਣੂ ਹੋਣਗੇ ਅਤੇ ਉਹਨਾਂ ਦੀ ਸੋਚ ਦਾ ਵਿਸ਼ਾਲ ਦਾਇਰਾ ਹੋਰ ਵਧੇਗਾ।

# ਉਪਦੇਸ਼

## ਸ੍ਰੀ ਸਤਿਗੁਰੂ ਉਦੇ ਸਿੰਘ ਜੀ



ਆਪਾਂ ਸਾਰੇ ਹੀ ਸਿੱਖ ਹੋਣ ਦੇ ਨਾਤੇ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਜੀ ਦੀ ਬਾਣੀ ਪੜ੍ਹਦੇ ਹਾਂ। ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਦੀ ਬਾਣੀ ਮੈਨੂੰ ਨਿੱਜੀ ਤੌਰ ’ਤੇ ਬਹੁਤ ਚੰਗੀ ਲੱਗਦੀ ਹੈ। ਸੰਤ ਸਿੰਘ ਸੇਖੋਂ ਜੀ ਨੇ ਆਖਿਆ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨਿਰਾਸ਼ਾਵਾਦੀ ਹੈ। ਮੈਂ ਇਹ ਸਮਝਦਾ ਹਾਂ ਕਿ ਜਦੋਂ ਅਸੀਂ ਥੋੜ੍ਹਾ ਜਿਹਾ ਪਿੱਛੇ ਜਾਈਏ ਤਾਂ ਪਤਾ ਲੱਗਦਾ ਹੈ ਕਿ ਗੁਰਬਾਣੀ ਤਾਂ ਅਧਿਆਤਮਵਾਦ ਹੈ, ਉਹ ਨਿਰਾਸ਼ਾ ਨਹੀਂ ਹੈ ਸਗੋਂ ਉਹਦੇ ਵਿੱਚ ਦੁਨੀਆਂ ਦੀ ਅਸਲੀਅਤ ਹੈ। ਉਹਦੇ ਵਿੱਚ ਇਹ ਹੈ ਕਿ ਇਸ ਜਗਤ ਨੂੰ ਸੱਚੇ ਪਾਤਸ਼ਾਹ ਨੇ ਝੂਠਾ ਕਰਕੇ ਮੰਨਿਆ ਹੈ, ਇਸੇ ਕਰਕੇ ਉਹ ਹੁਕਮ ਕਰਦੇ ਨੇ **'ਜਗਤ ਮੈ ਝੂਠੀ ਦੇਖੀ ਪ੍ਰੀਤਿ'**। ਜੇ ਅਸੀਂ ਨੌਵੇਂ ਪਾਤਸ਼ਾਹ ਦੇ ਸਲੋਕ ਵੀ ਦੇਖਦੇ ਹਾਂ ਉਹਨਾਂ ਵਿੱਚ ਕਿੱਡੀ ਵੱਡੀ ਫ਼ਿਲਾਸਫੀ ਹੈ। ਗੁਰਬਾਣੀ ਵਿੱਚ ਸਤਿਗੁਰਾਂ ਸਾਧੂ ਅਤੇ ਬ੍ਰਹਮ ਗਿਆਨੀ ਨੂੰ ਅਲੱਗ-ਅਲੱਗ ਨਹੀਂ ਕੀਤਾ, ਉਹ ਇੱਕ ਅਵਸਥਾ ਦੀਆਂ ਗੱਲਾਂ ਹਨ। ਜਿੱਥੇ ਤੁਹਾਨੂੰ ਦੁੱਖ-ਸੁੱਖ ਨਹੀਂ ਹੁੰਦਾ,ਜਿੱਥੇ ਤੁਹਾਨੂੰ ਕੋਈ ਅਟੈਚਮੈਂਟ ਨਹੀਂ, ਜਿੱਥੇ ਤੁਹਾਨੂੰ ਕੋਈ ਲਾਲਚ ਨਹੀਂ ਫਿਰ ਤੁਸੀਂ ਉਹ ਬਣ ਗਏ ਕਿ **'ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ'।**

ਅੱਜ ਕੱਲ੍ਹ ਇੱਕ ਬੜੀ ਗੱਲ ਚੱਲਦੀ ਹੈ ਕਿ ਮੈਂ ਰਿਲੀਜਅਸ ਨਹੀਂ ਮੈਂ ਸਪਿਰਚੁਅਲ ਹਾਂ। ਮੈਂ ਸਮਝਦਾਂ ਕਿ ਸਪਿਰਚੁਐਲਿਟੀ ਤੋਂ ਬਿਨਾਂ ਰਿਲੀਜਨ ਦਾ ਮਤਲਬ ਕੀ ਰਹਿ ਗਿਆ? ਫਿਰ ਰਿਲੀਜਨ ਦੀ ਜ਼ਰੂਰਤ ਕੀ ਰਹਿ ਗਈ? ਰਿਲੀਜਨ ਤੁਹਾਨੂੰ ਤੁਹਾਡੀ ਅਸਲੀਅਤ ਦੱਸਦਾ ਹੈ, ਤੁਸੀਂ ਕੌਣ ਹੋ? **ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ** ਜਿੰਨਾ ਚਿਰ ਅਸੀਂ ਇਹ ਨਹੀਂ ਸਮਝਦੇ ਕਿ ਮੈਂ ਕੌਣ ਹਾਂ ? ਮੈਂ

ਕਿੱਥੋਂ ਆਇਆ ਹਾਂ? ਜਿੰਨਾ ਚਿਰ ਅਸੀਂ ਇਹ ਸਮਝੀ ਬੈਠੇ ਹਾਂ ਕਿ ਸਾਡੀ ਫਾਈਨਲ ਡੈਸਟੀਨੇਸ਼ਨ ਇਹ ਦੁਨੀਆਂ ਹੈ। ਇਹ ਜਿਹੜਾ ਸਾਰਾ ਕੁਝ ਹੈ ਇੱਥੇ ਰਹਿਣ ਵਾਲਾ ਹੈ, ਮੈਂ ਤਾਂ ਕਦੀ ਮਰਨਾ ਹੀ ਨਹੀਂ। ਛੋਟਾ ਜਿਹਾ ਸਵਾਲ ਹੈ, ਸਾਡੇ ’ਚੋਂ ਕਿੰਨਿਆਂ ਕੁ ਨੂੰ ਸਮਝ ਆਉਂਦੀ ਹੈ ਤੇ ਸਾਨੂੰ ਕਿੰਨਿਆਂ ਕੁ ਨੂੰ ਯਾਦ ਆਉਂਦਾ ਹੈ ਕਿ ਮੈਂ ਸਥਿਰ ਨਹੀਂ ਹਾਂ? ਸਾਡੀਆਂ ਆਪਣੀਆਂ ਪਲੈਨਿੰਗਜ਼ ਆਪਣੇ ਹਿਸਾਬ ਨਾਲ ਚੱਲਦੀਆਂ ਰਹਿੰਦੀਆਂ ਹਨ। ਸਾਡੇ ਸਾਰਿਆਂ ਦੇ ਸਾਹਮਣੇ ਲੋਕ ਜਨਮ ਲੈਂਦੇ ਹਨ ਤੇ ਚਲੇ ਜਾਂਦੇ ਹਨ। ਦੁਨੀਆਂ ਚੱਲੀ ਜਾਂਦੀ ਹੈ, ਜਨਰੇਸ਼ਨਾਂ ਖ਼ਤਮ ਹੋਈ ਜਾਂਦੀਆਂ ਹਨ, ਚੇਂਜਸ ਹੋਈ ਜਾਂਦੀਆਂ ਹਨ। ਅਸੀਂ ਆਪਣੀ ਦੁਨੀਆਂ ਵਿੱਚ ਆਪਣੇ ਛੋਟੇ ਜਿਹੇ ਹੰਕਾਰ ਵਿੱਚ, ਆਪਣੀ ਛੋਟੀ ਜਿਹੀ ਹਉਮੈ ਵਿੱਚ, ਆਪਣੀ ਇੱਕ ਦੁਨੀਆਂ ਦੀ ਵੱਖਰੀ ਸਿਰਜਣਾ ਕੀਤੀ ਹੋਈ ਹੈ। ਸੋ ਗੁਰਬਾਣੀ ਸਾਨੂੰ ਉਥੋਂ ਕੱਢਣ ਦੀ ਕੋਸ਼ਿਸ਼ ਕਰਦੀ ਹੈ। ਉਥੋਂ ਕੱਢ ਕੇ ਗੁਰਬਾਣੀ ਸਾਨੂੰ ਇੱਕ 'ਸੱਚ' ਨਾਲ ਜੋੜਦੀ ਹੈ। ਜਦੋਂ ਅਸੀਂ ਇਸ ਭਰਮ ਵਿੱਚੋਂ ਨਿਕਲ ਜਾਵਾਂਗੇ ਕਿ ਮੈਂ ਇਥੇ ਥੋੜ੍ਹੇ ਸਮੇਂ ਲਈ ਹੀ ਹਾਂ ਤਾਂ ਅਸੀਂ ਸੱਚ ਨਾਲ ਜੁੜ ਜਾਵਾਂਗੇ।

ਕੋਈ ਇਸ ਚੀਜ਼ ਦਾ ਗੁੱਸਾ ਨਾ ਕਰੇ ਪਰ ਹੁੰਦਾ ਕੀ ਹੈ ਕਿ ਹਰ ਇੱਕ ਧਰਮ ਕੁਝ ਚਿੰਨ੍ਹਾਂ ਨਾਲ ਜੁੜ ਜਾਂਦਾ ਹੈ, ਕੁਝ ਕਰਮ-ਕਾਂਡਾਂ ਨਾਲ ਜੁੜ ਜਾਂਦਾ ਹੈ, ਕਰਮ-ਕਾਂਡਾਂ ਨਾਲ ਜੁੜ ਕੇ ਫਿਰ ਲੜਾਈਆਂ ਦਾ ਥਾਂ ਬਣ ਜਾਂਦਾ ਹੈ। ਤੁਸੀਂ ਗੁਰਬਾਣੀ ਵਿੱਚ ਕਿੰਨੇ ਕੁ ਥਾਈਂ ਜਨੇਊ ਦੀ ਜਾਂ ਕਿਰਪਾਨ ਦੀ ਗੱਲ ਕੀਤੀ ਹੈ, ਕਿੰਨੀ ਕੁ ਵਾਰੀ ਉਹਨਾਂ ਨੇ ਆਖਿਆ ਕਿ ਜਨੇਊ ਪਾ ਲਵੋ ਜਾਂ ਕਿਰਪਾਨ ਪਾ ਲਵੋ ਤੇ ਇਸ ਤਰ੍ਹਾਂ ਕਰਨ ਨਾਲ ਤੁਸੀਂ ਸਿੱਖ ਬਣ ਜਾਓਗੇ।

ਮੈਂ ਸਮਝਦਾ ਹਾਂ ਨਾਮ ਦਾ ਭਾਵ ਵੀ ਤੁਹਾਡੀ ਮਨ ਦੀ ਅਵਸਥਾ ਹੈ, ਉਹ ਮਨ ਦੀ ਅਵਸਥਾ ਇਹ ਹੈ ਕਿ ਜੇ ਤੁਸੀਂ ਇੱਕ ਰਸਨਾ ਨਾਲ ਨਾਮ ਜਪਦੇ ਹੋ ਜੇ ਤੁਹਾਡੀ ਮਨ ਦੀ ਅਵਸਥਾ ਇਹ ਹੋ ਗਈ ਕਿ ਤੁਸੀਂ ਸੁੱਖ ਦੁੱਖ ਤੋਂ ਉੱਪਰ ਹੋ ਗਏ ਫਿਰ ਜਾਂ ਉਹੀ ਗੱਲ ਕਰ ਲਈਏ ਸੱਚੇ ਪਾਤਸ਼ਾਹ ਗੁਰੂ ਤੇਗ ਬਹਾਦਰ ਨੇ ਸ਼ਲੋਕਾਂ ’ਚ ਏਨੀ ਕਿਰਪਾ ਕਰ ਦਿੱਤੀ **'ਉਸਤਤਿ ਨਿੰਦਿਆ ਨਾਹਿ ਜਿਹਿ ਕੰਚਨ ਲੋਹ ਸਮਾਨਿ, ਕਹੁ ਨਾਨਕ ਸੁਨ ਰੇ ਮਨਾ ਮੁਕਤਿ ਤਾਹਿ ਤੈ ਜਾਨਿ'** ਮੁਕਤੀ ਵੀ ਇੱਥੇ ਹੀ ਹੈ।ਮੇਰੇ ਵਰਗੇ ਦੇ ਮਨ ਵਾਸਤੇ ਸੱਚੇ ਪਾਤਸ਼ਾਹ ਗੁਰੂ ਤੇਗ ਬਹਾਦਰ ਇਹ ਵੀ ਹੁਕਮ ਕਰਦੇ ਨੇ **'ਮਾਈ ਮਨੁ ਮੇਰੋ ਬਸਿ ਨਾਹਿ॥ ਨਿਸ ਬਾਸੁਰ ਬਿਖਿਅਨ ਕੋ ਧਾਵਤ ਕਿਹਿ ਬਿਧਿ ਰੋਕਉ ਤਾਹਿ॥** ਇਹ ਸਾਨੂੰ ਸਵਾਲ ਹੈ ਕਿ ਮੈਂ ਆਪਣੇ ਮਨ ਨੂੰ ਕਿਸ ਤਰ੍ਹਾਂ ਰੋਕ ਸਕਦਾ ਹਾਂ? ਤੁਸੀਂ ਰੋਕ ਸਕਦੇ ਹੋ? ਕਿ ਤੁਹਾਡਾ ਕਿਸੇ ਦਾ ਇਹ ਕੰਟਰੋਲ ਹੈ?

ਅਸੀਂ ਇਹ ਸਮਝਦੇ ਹਾਂ ਕਿ ਮੈਂ ਕੀਤਾ, ਮੈਂ ਕਰਾਂਗਾ, ਮੇਰੀ ਪਲੈਨਿੰਗ ਹੈ। ਕੀ ਤੁਹਾਡਾ ਕਿਸੇ ਦਾ ਇਹ ਕੰਟਰੋਲ ਹੈ ਕਿ ਮੇਰੇ ਮਨ ਵਿੱਚ ਕੋਈ ਮਾੜਾ ਵਿਚਾਰ ਨਾ ਆਵੇ, ਮੇਰੇ ਮਨ ਵਿੱਚ ਕਿਸੇ ਵਾਸਤੇ ਈਰਖਾ ਨਾ ਆਵੇ, ਮੈਂ ਕਿਸੇ ਦਾ ਬੁਰਾ ਨਾ ਸੋਚਾਂ, ਜੇਕਰ ਅਸੀਂ ਮਨ ’ਤੇ ਇਹ ਕੰਟਰੋਲ ਕਰ ਲਈਏ ਤਾਂ ਅਸੀਂ ਆਪਣੇ ਮਨ ਨੂੰ ਜਿੱਤ ਲੈਂਦੇ ਹਾਂ। ਸੱਚੇ ਪਾਤਸ਼ਾਹ ਹੁਕਮ ਕਰਦੇ ਹਨ **'ਮਨ ਜੀਤੈ ਜਗ ਜੀਤ'** ਇਸ ਦਾ ਭਾਵ ਹੈ ਕਿ ਤੂੰ ਸਾਰਿਆਂ ਨੂੰ ਜਿੱਤ ਲਵੇਂਗਾ ਪਹਿਲਾਂ ਆਪਣੇ ਮਨ ਨੂੰ ਜਿੱਤ ਲੈ। ਸੋ ਗੁਰਬਾਣੀ ਅਧਿਆਤਮਵਾਦ ਹੈ। ਜੇ ਅਸੀਂ ਪਿੱਛੇ ਵੀ ਚਲੇ ਜਾਈਏ ਤੇ ਅਸੀਂ ਵੇਦਾਂਤ ਦੇਖ ਲਈਏ, ਜੇ ਅਸੀਂ ਗੀਤਾ ਦੇਖ ਲਈਏ, ਕੋਈ ਕਿਸੇ ਸਪੈਸੀਫਿਕ ਧਰਮ ਵਾਸਤੇ ਨਹੀਂ ਹਨ, ਉਹ ਤਾਂ ਗਿਆਨ ਹਨ ਉਸ ਗਿਆਨ ਨਾਲ ਜੁੜ ਕੇ ਅਸੀਂ ਸਦਾ ਸੁਖੀ ਰਹਿਣਾ ਹੈ। ਇਸ ਦੁਨੀਆਂ ਵਿੱਚ ਕੁਝ ਵੀ ਸਥਿਰ ਨਹੀਂ ਕੋਨਸਟੈਂਟਲੀ ਇਹ ਦੁਨੀਆਂ ਚੇਂਜ ਹੋ ਰਹੀ ਹੈ।

ਮਨੁੱਖ ਆਪਣੇ ਲਾਲਚ ਨਾਲ ਜੁੜਿਆ ਹੋਇਆ ਹੈ। ਕੋਈ ਹਜ਼ਾਰਾਂ ਕਰੋੜਾਂ ਨਾਲ ਵੀ ਨਹੀਂ ਰੱਜਦਾ, ਕੋਈ ਇੱਕ ਸ਼ਾਮ ਨੂੰ 300/- ਰੁਪਏ ਦੀ ਦਿਹਾੜੀ ਕਰਕੇ ਵੀ ਮੁਸਕਰਾਉਂਦਾ ਹੈ। ਸਾਡੇ ਤੁਹਾਡੇ ਦੇਖਣ ਵਿੱਚ ਹੈ ਕਿ ਚਿੱਠੀਆਂ ਲਿਖਦੇ ਸੀ, ਚਿੱਠੀਆਂ ਲਈ ਵੇਟ ਹੁੰਦੀ ਸੀ ਅੱਜ ਈਮੇਲ ਮੈਸਜਿੰਗ ਵੀਡੀਓ ਕਾਲ ਹੋ ਗਈ ਹੈ ਅੱਗੋਂ ਕੀ ਹੋਣਾ ਹੈ। AI ਨੇ ਕੀ ਕਰਨਾ ਕੋਈ ਕੁਛ ਨਹੀਂ ਕਹਿ ਸਕਦਾ, ਕਿੰਨੀ ਜਲਦੀ ਦੁਨੀਆ ਚੇਂਜ ਹੋਈ ਹੈ। ਜਦੋਂ ਅਸੀਂ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਦੀ ਬਾਣੀ ’ਤੇ ਜਾਂਦੇ ਹਾਂ, **'ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ'** ਅਸੀਂ ਥੋੜ੍ਹਾ ਜਿਹਾ ਉਹਨਾਂ ਦੇ ਚਰਨਾਂ ਦੀ ਧੂੜ ਲੈ ਕੇ ਮੰਗੀਏ ਕਿ ਉਹ ਸਾਡੇ ’ਤੇ ਵੀ ਕਿਰਪਾ ਕਰਨ ਸਾਡਾ ਉੱਥੇ ਮਨ ਵੀ ਟਿਕ ਜਾਵੇ।

ਸਤਿ ਸ੍ਰੀ ਅਕਾਲ।

# ਮਨੁੱਖੀ ਅਧੀਕਾਰਾਂ ਦੇ ਮਹਾਨ ਯਾਤਰੀ
# ਸ੍ਰੀ ਗੁਰੂ ਤੇਗ ਬਹਾਦਰ ਜੀ




ਸੁਵਰਨ ਸਿੰਘ ਵਿਰਕ

ਪ੍ਰਸਿੱਧ ਨਾਮਧਾਰੀ ਇਤਿਹਾਸਕਾਰ

99963-71716


ਵੈਰਾਗ, ਤਿਆਗ ਅਤੇ ਸਾਦਗੀ ਦੀ ਮੂਰਤ, ਸ੍ਰੀ ਗੁਰੂ ਤੇਗ ਬਹਾਦਰ ਜੀ, ਦੁਨੀਆਂ ਦੇ ਇਤਿਹਾਸ ਵਿੱਚ ਮਨੁੱਖੀ ਅਧਿਕਾਰਾਂ ਦੇ ਰਾਖੇ ਵਜੋਂ ਜਾਣੇ ਜਾਂਦੇ ਹਨ। ਉਹਨਾਂ ਦੇ ਮਹਾਨ ਆਤਮ ਬਲੀਦਾਨ ਕਾਰਨ, "ਤੇਗ ਬਹਾਦਰ - ਹਿੰਦ ਦੀ ਚਾਦਰ" ਕਹਿ ਕੇ ਵੀ ਹਿੰਦੁਸਤਾਨ ਦੇ ਲੋਕਾਂ ਵੱਲੋਂ ਸਨਮਾਨ ਦਿੱਤਾ ਜਾਂਦਾ ਹੈ । ਉਹ ਗੁਰੂ ਨਾਨਕ ਪਾਤਸ਼ਾਹ ਦੀ ਨੌਂਵੀ ਜੋਤ ਵਜੋਂ ਗੁਰਗੱਦੀ ਤੇ ਬਿਰਾਜਮਾਨ ਹੋਏ ਅਤੇ ਦੇਸ਼ ਦੇ ਵੱਖ ਵੱਖ ਕੋਨਿਆਂ ਵਿੱਚ ਪਹੁੰਚ ਕੇ ਗੁਰੂ ਨਾਨਕ ਦੇ ਏਕਤਾ, ਸਾਂਝੀਵਾਲਤਾ ਅਤੇ ਸੁਲਾਹਕੁੰਨ ਜੀਵਨ ਮਾਰਗ ਦਾ ਸੰਦੇਸ਼ ਮਜ਼੍ਹਬਾਂ, ਫਿਰਕਿਆਂ ਅਤੇ ਸੰਪਰਦਾਵਾਂ ਦੀ ਜਕੜਨ ਵਿੱਚ ਫਾਥੀ ਲੁਕਾਈ ਤੱਕ ਪਹੁੰਚਾਇਆ। ਉਹਨਾਂ ਨੇ ਸਿੱਖ ਸੰਗਤਾਂ ਦੇ ਸੰਗਠਨ ਨੂੰ ਮਜ਼ਬੂਤ ਕਰਕੇ, ਉਹਨਾਂ ਨੂੰ ਸੇਵਾ, ਸਿਮਰਨ ਅਤੇ ਗੁਰਬਾਣੀ ਨਾਲ ਜੋੜ ਕੇ, ਹੱਕ ਹਲਾਲ ਦੀ ਕਿਰਤ ਕਮਾਈ ਕਰਕੇ ਜੀਵਨ ਬਸਰ ਕਰਨ ਦਾ ਸੰਦੇਸ਼ ਦਿੱਤਾ। ਦੀਨਾਂ, ਦੁਖੀਆਂ ਅਤੇ ਨਿਤਾਣਿਆਂ ਨੂੰ, ਰੋਗ, ਸੋਗ ਅਤੇ ਭੈਅ-ਮੁਕਤ ਕਰਕੇ, ਆਤਮ ਵਿਸ਼ਵਾਸ਼ ਨਾਲ ਭਰ ਦਿੱਤਾ ਅਤੇ ਇਹੋ ਲੋਕ ਸਨ, ਜਿਹੜੇ ਬਾਅਦ ਵਿੱਚ ਬਾਦਸ਼ਾਹੀਆਂ ਨਾਲ ਟਕਰਾ ਗਏ। ਇਹਨਾਂ ਲੋਕਾਂ ਨੇ ਹੀ ਦਿੱਲੀ ਦਰਬਾਰ ਦੇ ਅਤਾਬ ਨੂੰ ਨਾਂ ਸਿਰਫ ਖਿੜੇ ਮੱਥੇ ਝੱਲਿਆ, ਸਗੋਂ ਸਾਂਝੇ ਪੰਜਾਬੀ ਰਾਜ ਦਾ ਮੁੱਢ ਬੰਨ੍ਹਣ ਵਾਲੇ ਵੀ ਬਣੇ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਸ਼ਖਸੀਅਤ, ਹਰ ਬਿਪਤਾ ਦੇ ਸਮੇਂ ਉਹਨਾਂ ਦੇ ਪੈਰੋਕਾਰਾਂ ਲਈ ਰਾਹ ਵਿਖਾਵੀ ਰਹੀ ਹੈ ਅਤੇ ਰਹੇਗੀ। ਅੱਜ ਸਿੱਖ ਜਗਤ ਹੀ ਨਹੀਂ ਸਗੋਂ ਸਾਰਾ ਸੰਸਾਰ ਉਹਨਾਂ ਦੀ 350 ਸਾਲਾ ਸ਼ਹੀਦੀ ਸ਼ਤਾਬਦੀ, ਵੱਡੀ ਸ਼ਰਧਾ ਅਤੇ ਸਤਿਕਾਰ ਨਾਲ ਮਨਾ ਰਿਹਾ ਹੈ। ਉਹ ਮਨੁੱਖੀ ਅਧਿਕਾਰਾਂ ਦੇ ਮਾਰਗ ਦੇ ਮਹਾਨ ਯਾਤਰੀ ਸਨ।

ਦਲ ਭੰਜਨ, ਗੁਰੂ ਹਰਿਗੋਬਿੰਦ ਜੀ ਦੇ ਗ੍ਰਿਹਿ ਵਿਖੇ ਮਾਤਾ ਨਾਨਕੀ (ਬਕਾਲੇ ਦੇ ਖੱਤਰੀ ਹਰੀ ਚੰਦ ਦੀ ਸਪੁੱਤਰੀ) ਜੀ ਦੇ ਉਦਰ ਥੀਂ ਗੁਰੂ ਕੇ ਮਹਿਲ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਵਸਾਖ ਵਦੀ 5, ਸੰਮਤ 1678 ਬਿ: ਮੁਤਾਬਿਕ 1 ਅਪਰੈਲ 1621 ਨੂੰ, ਆਪ ਦੇ ਪੰਜਵੇਂ ਸਾਹਿਬਜ਼ਾਦੇ ਤਿਆਗ ਮੱਲ ਦਾ ਜਨਮ ਹੋਇਆ। ਇਸ ਤੋਂ ਪਹਿਲਾਂ ਬਾਬਾ ਗੁਰਦਿੱਤਾ, ਸੂਰਜ ਮੱਲ, ਅਣੀ ਰਾਇ, ਅਟੱਲ ਰਾਇ ਆਪ ਦੇ ਚਾਰ ਵੱਡੇ ਭਾਈ ਅਤੇ ਬੀਬੀ ਵੀਰੋ ਨਾਮ ਦੀ ਇੱਕੋ ਇੱਕ ਭੈਣ ਸੀ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿੱਚ ਇੱਕ ਸਾਖੀ ਅੰਕਿਤ ਹੈ। ਬਾਲਕ ਦੇ ਜਨਮ ਦੀ ਖ਼ਬਰ ਸੁਣ ਕੇ ਬਾਬਾ ਬੁੱਢਾ ਜੀ, ਭਾਈ ਗੁਰਦਾਸ ਅਤੇ ਭਾਈ ਬਿਧੀ ਚੰਦ ਜਿਹੇ ਸੁਘੜ, ਸਿਆਣੇ ਤੇ ਸੂਰਮੇ ਸਿੰਘਾਂ ਨੇ ਬਾਲਕ ਨੂੰ ਅਸੀਸਾਂ ਦਿੱਤੀਆਂ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆ ਕੇ ਬਾਲਕ ਨੂੰ ਵੇਖਿਆ ਤਾਂ ਆਪ ਨੇ ਆ ਕੇ ਬਾਲਕ ਨੂੰ ਬੰਦਨਾ ਕੀਤੀ । ਭਾਈ ਬਿਧੀ ਚੰਦ ਦੇ ਪੁੱਛਣ ਤੇ ਕਿ ਆਪ ਨੇ ਇਸਨੂੰ ਨਮਸਕਾਰ ਕਿਉਂ ਕੀਤੀ ਹੈ, ਆਪ ਦਾ ਜੁਆਬ ਸੀ- "ਇਹ ਤੇਜੱਸਵੀ ਆਤਮਾ ਹੈ, ਇਹ ਦੀਨ ਰੱਖਿਅਕ ਅਤੇ ਸੰਕਟ ਹਰਨ ਹੋਵੇਗਾ।" ਕੁੱਝ ਲੇਖਕਾਂ ਦਾ ਇਹ ਵੀ ਮੱਤ ਹੈ ਕਿ ਉਸ ਸਮੇਂ ਗੁਰੂ ਸਾਹਿਬ ਕੀਰਤਪੁਰ ਵਿੱਚ ਸਨ। ਉੱਥੇ ਆਪ ਨੇ ਸੰਗਤ ਅਤੇ ਹੋਰ ਲੋਕਾਂ ਲਈ ਖੁੱਲ੍ਹੀ ਦੇਗ ਵਰਤਾਈ। ਬਾਲਕ ਨੂੰ ਅਸੀਸ ਵਜੋਂ ਇਕ ਪੋਥੀ, ਕਟਾਰ ਅਤੇ ਰੁਮਾਲ ਭੇਜਿਆ। ਇਹਨਾਂ ਤਿੰਨਾਂ ਵਸਤਾਂ ਵਿੱਚ ਸਾਹਿਬਜ਼ਾਦੇ ਦੀ ਭਾਵੀ ਸ਼ਖਸੀਅਤ ਦੇ ਬੀਜ ਛਿਪੇ ਹੋਏ ਸਨ।

ਸਾਹਿਬਜ਼ਾਦਾ ਤਿਆਗ ਮੱਲ, 4-5 ਸਾਲ ਦੇ ਹੋਏ ਤਾਂ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਜਿਹੇ ਗੁਰੂ ਘਰ ਦੇ ਉੱਘੇ ਸੇਵਕਾਂ ਅਤੇ ਵਿੱਦਵਾਨਾਂ ਦੀ ਦੇਖ ਰੇਖ ਵਿੱਚ ਆਪ ਦੀ ਸਿੱਖਿਆ ਦੀਖਿਆ ਦਾ ਪ੍ਰਬੰਧ, ਗੁਰਮਤਿ ਦੀ ਰੋਸ਼ਨੀ ਵਿੱਚ ਕੀਤਾ ਗਿਆ। ਇਸ ਸਮੇਂ ਮੁੱਢਲੀ ਵਿਦਿਆ ਗੁਰਮੁਖੀ ਲਿੱਪੀ ਵਿੱਚ ਪੰਜਾਬੀ ਭਾਸ਼ਾ ਅਤੇ ਫਿਰ ਗੁਰਬਾਣੀ ਦਾ ਗਿਆਨ ਹਾਸਲ ਕੀਤਾ। ਦੇਵਨਾਗਰੀ ਅੱਖਰਾਂ ਵਿੱਚ ਸੰਸਕ੍ਰਿਤ ਅਤੇ ਅਰਬੀ ਲਿੱਪੀ ਵਿੱਚ ਅਰਬੀ ਫਾਰਸੀ ਦਾ ਗਿਆਨ ਵੀ ਰਿਵਾਜ ਮੁਤਾਬਿਕ ਹਾਸਲ ਕੀਤਾ। ਇਸ ਤਰ੍ਹਾਂ ਹਿੰਦੂ ਮੱਤ ਅਤੇ ਇਸਲਾਮ ਬਾਰੇ ਵੀ ਵਾਕਫ਼ੀਅਤ ਹਾਸਲ ਕੀਤੀ। ਗੁਰੂ ਅਰਜਨ ਦੇਵ ਜੀ ਨੇ ਆਪਣੇ ਪ੍ਰਤੀ ਮੁਗਲ ਹਕੂਮਤ ਦੀ ਟਕਰਾਉ ਦੀ ਨੀਤੀ ਨੂੰ ਧਿਆਨ ਵਿੱਚ ਰੱਖਦਿਆਂ, ਆਪਣੇ ਸਮੇਂ ਵਿੱਚ ਪ੍ਰਸਿੱਧ ਸੂਰਮਿਆਂ ਅਤੇ ਸੈਨਿਕਾਂ ਨੂੰ ਮੁਗਲ ਦਰਬਾਰ ਦੀ ਨੌਕਰੀ ਛੁਡਵਾ ਕੇ, ਆਪਣੇ ਪਾਸ ਟਿਕਾਇਆ ਅਤੇ ਸਾਹਿਬਜ਼ਾਦੇ ਹਰਿਗੋਬਿੰਦ ਜੀ ਨੂੰ ਸ਼ਸਤਰ ਵਿੱਦਿਆ ਵਿਚ ਨਿਪੁੰਨ ਕੀਤਾ। ਇਸੇ ਤਰ੍ਹਾਂ ਸਾਹਿਬਜ਼ਾਦਾ ਤਿਆਗ ਮੱਲ ਨੇ ਸਸਤਰ ਅਭਿਆਸ ਅਤੇ ਜੰਗੀ ਵਿੱਦਿਆ ਬਿਧੀ ਚੰਦ ਜੀ ਜੈਸੈ ਸੂਰਮਿਆਂ ਤੋਂ ਹਾਸਲ ਕੀਤੀ। ਉਹਨਾਂ ਨੇ ਰਾਗ ਵਿੱਦਿਆ ਵੀ ਸਿੱਖੀ। ਜੰਗਜੂ ਰਾਗ ਜੈਜਾਵੰਤੀ ਵਿੱਚ, ਸਾਰੇ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ, ਆਪ ਜੀ ਦੀ ਰਚਨਾ ਹੀ ਮਿਲਦੀ ਹੈ। ਜਦੋਂ ਆਪ 14 ਸਾਲ ਦੇ ਹੋਏ ਤਾਂ ਕਰਤਾਰਪੁਰ ਸਾਹਿਬ ਦੇ ਜੰਗ ਵਿੱਚ ਪਿਤਾ ਗੁਰੂ ਜੀ ਦੇ ਹੁਕਮ ਤੇ ਭਾਗ ਲੈ ਕੇ ਵੈਰੀਆਂ ਦੇ ਦੰਦ ਖੱਟੇ ਕੀਤੇ। ਇਸ ਸਮੇਂ ਆਪ ਨੇ ਤੇਗ ਦੇ ਉਹ ਜੌਹਰ ਵਿਖਾਏ ਕਿ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਨੇ ਖੁਸ਼ ਹੋ ਕੇ ਆਪ ਜੀ ਦਾ ਨਾਮ, ਤਿਆਗ ਮੱਲ ਤੋਂ ਤੇਗ ਬਹਾਦਰ' ਕਰ ਦਿੱਤਾ। ਡਾ. ਤਿਰਲੋਚਨ ਸਿੰਘ ਲਿਖਦੇ ਹਨ, "ਇਉਂ ਗੁਰੂ-ਦਰਬਾਰ ਦੇ ਉੱਚਤਮ ਵਿਦਿਆ ਪ੍ਰਬੰਧ ਤੇ ਆਪਣੀ ਤੀਖਣ ਬੁੱਧੀ ਅਰ ਪ੍ਰਤਿਭਾ ਕਾਰਨ ਤੇਰਾਂ ਚੌਦਾਂ ਸਾਲ ਦੀ ਆਯੂ ਵਿੱਚ ਬਾਬਾ ਤੇਗ ਬਹਾਦਰ ਜੀ, ਸਾਹਿਤ, ਸੰਗੀਤ, ਇਤਿਹਾਸ, ਦਰਸ਼ਨ ਤੇ ਸਸਤਰ ਵਿੱਦਿਆ ਵਿੱਚ ਬੜੇ ਨਿਪੁੰਨ ਹੋ ਗਏ।"

ਗੁਰੂ ਹਰਿਗੋਬਿੰਦ ਸਾਹਿਬ ਤੋਂ ਉਹਨਾਂ ਦੇ ਛੋਟੇ ਸਪੁੱਤਰ ਨੇ ਬਚਪਨ ਵਿੱਚ ਹੀ ਗੁਰ ਦੀਖਿਆ ਲਈ ਸੀ ਅਤੇ ਉਹ ਨਾਮ ਜਪ ਕੇ ਤੇ ਬਾਣੀ ਪੜ੍ਹ ਕੇ, ਅੱਠੇ ਪਹਿਰ ਵਿਸਮਾਦ ਦੀ ਅਵਸਥਾ ਵਿੱਚ ਵਿਚਰਦੇ ਸਨ। ਬੇਸ਼ਕ ਉਹ ਗੁਰੂ ਪਰਿਵਾਰ ਵਿੱਚ ਸਾਹਿਬਜ਼ਾਦੇ ਸਨ ਪਰ ਉਹ ਜਾਣਦੇ ਸਨ ਕਿ ਗੁਰੂ ਘਰ ਵਿੱਚ ਦੁਨਿਆਵੀ ਨਾਤਿਆਂ ਲਈ ਕੋਈ ਥਾਂ ਨਹੀਂ ਹੁੰਦੀ। ਇਸ ਲਈ ਉਹਨਾਂ ਨੇ ਆਪਣੇ ਤੋਂ ਪੀੜ੍ਹੀ ਵਿੱਚ ਛੋਟਿਆਂ, ਸਤਵੇਂ ਗੁਰੂ ਹਰਿਰਾਇ ਜਾਂ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਅੱਗੇ ਖ਼ੁਦ ਨੂੰ ਅਕੀਦਤ ਵਿੱਚ ਪੇਸ਼ ਕੀਤਾ। ਗੁਰੂ ਸਾਹਿਬਾਨ ਦੇ ਹਰ ਫੈਸਲੇ ਦਾ ਸਤਿਕਾਰ ਕੀਤਾ ਅਤੇ ਨਿਮਾਣਾ ਸਿੱਖ ਬਣ ਕੇ ਆਪਣੇ ਆਪ ਨੂੰ ਹੁਕਮ ਅਤੇ ਰਜ਼ਾ ਵਿੱਚ ਚੱਲਣ ਦੇ ਯੋਗ ਬਣਾਇਆ। "ਨਿਰਭੈਤਾ, ਸਹਿਨਸ਼ੀਲਤਾ ਅਤੇ ਪਰਉਪਕਾਰੀ ਰੁਚੀ" ਉਹਨਾਂ ਨੂੰ ਆਪਣੇ ਪਿਤਾ ਸਤਿਗੁਰੂ ਜੀ ਤੋਂ ਵਿਰਸੇ ਵਿੱਚ ਮਿਲੀ ਸੀ।

ਇਸੇ ਸਮੇਂ ਕਰਤਾਰਪੁਰ (ਜਲੰਧਰ) ਦੇ ਇਕ ਸਿੱਖ ਭਾਈ ਲਾਲ ਚੰਦ ਅਤੇ ਬੀਬੀ ਬਿਸ਼ਨ ਕੌਰ ਦੀ ਸਪੁੱਤਰੀ ਬੀਬੀ ਗੁਜਰੀ ਨਾਲ ਸਾਹਿਬਜ਼ਾਦਾ ਤੇਗ ਬਹਾਦਰ ਦੀ ਸਾਦੀ ਕੀਤੀ ਗਈ।

ਇਸ ਵਿਆਹ ਸਮੇਂ ਆਪ ਦੀ ਉਮਰ 11 ਸਾਲ ਸੀ। ਭਾਈ ਲਾਲ ਚੰਦ ਲਖਨੌਰ (ਅੰਬਾਲਾ) ਤੋਂ ਹੀ ਕਰਤਾਰਪੁਰ ਆ ਟਿਕੇ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਹਰਿਗੋਬਿੰਦਪੁਰ ਸਾਹਿਬ ਤੇ ਭਗਵਾਨ ਦਾਸ ਘੋਰੜ ਦਾ ਕਬਜ਼ਾ ਹਥਿਆਰਾਂ ਨਾਲ ਖਤਮ ਕਰ ਦਿੱਤਾ ਅਤੇ ਕਰਤਾਰਪੁਰ ਸਾਹਿਬ ਆ ਕੇ ਮੁਗਲ ਫੌਜਾਂ ਦੀ ਉਡੀਕ ਕੀਤੀ। ਇੱਥੇ ਹੀ ਗਹਿਗੱਚ ਸੰਗਰਾਮ ਹੋਇਆ ਸੀ। ਜੰਗ ਜਿੱਤ ਕੇ ਆਪ ਪਰਿਵਾਰ ਸਮੇਤ, ਬਿਲਾਸਪੁਰ ਰਿਆਸਤ ਤੋਂ ਖਰੀਦੀ ਜਗ੍ਹਾ ਵਿੱਚ ਵਸਾਏ ਪਹਾੜ ਦੇ ਪੈਰਾਂ ਹੇਠ ਨਗਰ ਕੀਰਤਪੁਰ ਪਰਿਵਾਰ ਸਮੇਤ ਆ ਟਿਕੇ ਸਨ। ਇੱਥੇ ਆਪ ਨੇ ਆਪਣਾ ਦਰਬਾਰ ਕਾਇਮ ਕੀਤਾ। ਸੰਨ 1644 ਈ: ਵਿੱਚ ਆਪਣੇ ਪੋਤਰੇ, ਬਾਬੇ ਗੁਰਦਿੱਤੇ ਦੇ ਲੜਕੇ, ਸ੍ਰੀ ਹਰਿਰਾਇ ਨੂੰ ਗੁਰਤਾ ਗੱਦੀ ਸੌਂਪਣ ਤੋਂ ਕੁੱਝ ਦਿਨ ਬਾਅਦ ਛੇਵੇਂ ਪਾਤਸ਼ਾਹ ਜੋਤੀ ਜੋਤਿ ਸਮਾ ਗਏ।

ਆਪਣੇ ਮਹਿਲ ਨਾਨਕੀ ਜੀ ਨੂੰ ਹੁਕਮ ਕਰ ਗਏ ਕਿ ਤੁਸੀਂ ਆਪਣੇ ਸਪੁੱਤਰ ਤੇਗ ਬਹਾਦਰ ਨੂੰ ਨਾਲ ਲੈ ਕੇ, ਆਪਣੇ ਪੇਕਿਆਂ ਦੇ ਪਿੰਡ ਬਕਾਲੇ ਚਲੇ ਜਾਉ। ਸੋ ਤੇਗ ਬਹਾਦਰ ਜੀ ਦਾ ਅਗਲਾ ਸਮਾਂ, ਆਮ ਸੰਗਤਾਂ ਤੋਂ ਅਲੋਪ ਰਹਿ ਕੇ ਬਕਾਲੇ ਵਿੱਚ ਭਜਨ ਬੰਦਗੀ ਕਰਦਿਆਂ ਬੀਤਣ ਲੱਗਾ।

'ਭੱਟ-ਵਹੀਆਂ' ਅਤੇ 'ਗੁਰੂ ਦੀਆਂ ਸਾਖੀਆਂ' ਦੇ ਆਧਾਰ ਤੇ, ਕਿਹਾ ਜਾ ਸਕਦਾ ਹੈ ਕਿ ਬਕਾਲੇ ਤੋਂ 1661-62 ਈ: ਵਿੱਚ ਤੇਗ ਬਹਾਦਰ ਜੀ ਨੇ ਗੁਰੂ ਰੂਪ ਵਿੱਚ ਆਉਣ ਤੋਂ ਪਹਿਲਾਂ ਭਾਰਤ ਦੇ ਕੁੱਝ ਤੀਰਥ ਅਸਥਾਨਾਂ ਦਾ ਭ੍ਰਮਣ ਕੀਤਾ ਸੀ। ਉਹ ਹਰਿਦੁਆਰ, ਗੜ੍ਹ ਮੁਕਤੇਸ਼ਵਰ, ਮਥੁਰਾ, ਆਗਰਾ, ਪਰਯਾਗ, ਬਨਾਰਸ ਅਤੇ ਪਟਨੇ ਤੱਕ ਗਏ ਸਨ ਜਿੱਥੇ ਉਹ ਆਪਣੇ ਢੰਗ ਨਾਲ ਗੁਰੂ ਨਾਨਕ ਦੇ ਮੱਤ ਦਾ ਪਰਚਾਰ ਵੀ ਕਰਦੇ ਸਨ। ਕਿਉਂਕਿ ਸਤਵੇਂ ਪਾਤਸ਼ਾਹ, ਗੁਰ ਹਰਿਰਾਏ ਸਾਹਿਬ 6 ਅਕਤੂਬਰ 1661 ਈ: ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ ਸਨ, ਇਸ ਲਈ ਤੇਗ ਬਹਾਦਰ ਜੀ ਇਸ ਘਟਨਾ ਦੀ ਜਾਣਕਾਰੀ ਪਾ ਕੇ, ਪਟਨਾ ਤੋਂ ਤੁਰੰਤ ਕੀਰਤਪੁਰ ਸਾਹਿਬ ਨੂੰ ਚੱਲ ਪਏ ਅਤੇ ਗੁਰੂ ਪਰਿਵਾਰ ਪ੍ਰਤੀ ਆਪਣੀਆਂ ਸੰਵੇਦਨਾਵਾਂ ਪ੍ਰਗਟ ਕੀਤੀਆਂ। "ਗੁਰੂ ਕੀਆਂ ਸਾਖੀਆਂ" ਦੀ ਅਗਵਾਹੀ ਦੇ ਅਧਾਰ ਤੇ 1663-64 ਈ: ਵਿੱਚ ਫਿਰ ਗੁਰੂ ਤੇਗ ਬਹਾਦਰ ਜੀ ਦਾ ਤੀਰਥ ਯਾਤਰਾ ਤੇ ਜਾਣਾ ਮਲੂਮ ਹੁੰਦਾ ਹੈ। ਇਸੇ ਸਮੇਂ ਜਦੋਂ ਅੱਠਵੀਂ ਜੋਤ ਗੁਰੂ ਹਰਿ ਕਰਿਸ਼ਨ ਸਾਹਿਬ ਦਿੱਲੀ ਵਿੱਚ ਸਨ। ਤਾਂ ਤੇਗ ਬਹਾਦਰ ਜੀ ਦੇ ਵੀ ਦਿੱਲੀ ਹੋਣ ਦਾ ਪਤਾ ਲੱਗਦਾ ਹੈ। 30 ਮਾਰਚ 1664 ਈ: ਨੂੰ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਹਰਿ ਕ੍ਰਿਸ਼ਨ ਜੀ ਆਪਣਾ ਉੱਤਰਾ ਅਧਿਕਾਰੀ, ਰਿਸ਼ਤੇਦਾਰੀ ਵਿੱਚ ਦਾਦੇ ਦੇ ਸਕੇ ਭਾਈ, ਤੇਗ ਬਹਾਦਰ ਜੀ ਨੂੰ ਐਲਾਨ ਗਏ ਸਨ। ਉਹ ਸਤਿਗੁਰੂ ਜੀ ਦੇ ਸਰੀਰ ਤਿਆਗਣ ਤੋਂ ਕੁੱਝ ਸਮਾਂ ਪਹਿਲਾਂ ਹੀ ਬਕਾਲੇ ਆ ਗਏ ਸਨ। ਲੰਮੇ ਸਮੇਂ ਤੋਂ ਉਹ ਜਿਸ ਤਰ੍ਹਾਂ ਦੀ ਗੁਰਸਿੱਖੀ ਜੀਵਨ ਗੁਰੂ ਆਸ਼ੇ ਅਨੁਸਾਰ ਬਿਤਾ ਰਹੇ ਸਨ, ਉਸ ਨੂੰ ਵੇਖਦਿਆਂ ਸਿੱਖ ਸੰਗਤਾਂ ਨੇ ਉਹਨਾਂ ਨੂੰ ਅਠਵੇਂ ਪਾਤਸ਼ਾਹ ਦੇ ਹੁਕਮ ਮੁਤਾਬਿਕ, ਅਗਸਤ 1644 ਈ: ਤਕ ਆਪਣਾ ਸਤਿਗੁਰੂ ਪਰਵਾਨ ਕਰ ਲਿਆ ਸੀ ਬੇਸ਼ਕ ਗੁਰੂ ਹਰਿ ਕ੍ਰਿਸ਼ਨ ਦੀ ਮਾਤਾ ਸੁਲੱਖਣੀ ਜੀ ਅਤੇ ਕੁੱਝ ਹੋਰ ਉੱਘੇ ਸਿੱਖ, ਦਿੱਲੀ ਤੋਂ ਅਗਲੀ ਗੁਰਗੱਦੀ ਦਾ ਹੁਕਮ ਲੈ ਕੇ ਚੱਲੇ ਸਨ ਪਰ ਪਹਿਲਾਂ ਕੀਰਤਪੁਰ ਟਿਕ ਕੇ ਆਉਣ ਵਾਲੀਆਂ ਸਿੱਖ ਸੰਗਤਾਂ ਨਾਲ ਸਤਿਗੁਰਾਂ ਦੇ ਵਿਛੋੜੇ ਦੇ ਬਚਨ ਅਤੇ ਵੈਰਾਗ ਸਾਂਝਾ ਕਰਦਿਆਂ ਵੀ ਕੁੱਝ ਸਮਾਂ ਲੱਗਣਾ ਹੀ ਸੀ।

ਇਹਨਾਂ ਤਿੰਨ ਚਾਰ ਮਹੀਨਿਆਂ ਵਿੱਚ ਇਹ ਜਾਣ ਕੇ ਕਿ ਅਗਲਾ ਗੁਰੂ ਬਕਾਲੇ ਹੋਣ ਦਾ ਹੁਕਮ ਆਇਆ ਹੈ, ਧੀਰ ਮੱਲ ਅਤੇ ਹੋਰ ਕਈ ਗੁਰੂ ਘਰ ਦੇ ਵਿਰੋਧੀ ਵੀ ਇਸ ਸਮੇਂ ਗੁਰੂ ਬਣ ਕੇ ਭੇਟਾਵਾਂ ਵਸੂਲਣ ਲੱਗੇ। ਧੀਰ ਮੱਲ ਬਾਬਾ ਗੁਰਦਿੱਤਾ ਜੀ ਦਾ ਵੱਡਾ ਪੁੱਤਰ ਹੋਣ ਕਾਰਨ, ਖ਼ੁਦ ਨੂੰ ਗੁਰਗੱਦੀ ਦਾ ਵਾਰਿਸ ਸਮਝਦਾ ਸੀ। ਵੱਧ ਰਹੀ ਸਿੱਖ ਸ਼ਕਤੀ ਤੋਂ ਭੈਅ ਭੀਤ ਹੋ ਕੇ ਮੁਗਲ ਸਰਕਾਰ ਵੀ ਗੁਰਗੱਦੀ ਤੇ ਆਪਣਾ ਹੱਥ-ਠੋਕਾ ਬਿਠਾਉਣਾ ਚਾਹੁੰਦੀ ਹੋਵੇਗੀ। ਇਸੇ ਕਾਰਨ ਦਿੱਲੀ ਤੋਂ ਆਇਆ ਜੱਥਾ ਚਾਰ ਮਹੀਨੇ ਤੱਕ ਗੁਰਗੱਦੀ ਦੀ ਰਸਮ ਪੂਰੀ ਨਾਂ ਕਰ ਸਕਿਆ। ਇਹ ਕਾਰਵਾਈ ਉਦੋਂ ਸੰਭਵ ਹੋਈ ਜਦੋਂ ਭਾਈ ਮੱਖਣ ਸ਼ਾਹ ਲੁਬਾਣਾ ਜਿਹਾ ਮੁਖੀ ਸਿੱਖ, ਆਪਣੇ ਪੰਜ ਸੌ ਹਥਿਆਰਬੰਦ ਵਿਅਕਤੀਆਂ ਸਮੇਤ ਬਕਾਲੇ ਪੁੱਜ ਗਿਆ। ਉਹ ਧਨਾਢ ਵਿਉਪਾਰੀ ਸੀ। ਆਪਣੇ ਮਾਲ ਦੇ ਕਾਫਲੇ ਲਈ ਉਹ ਇਹ ਵਿਅਕਤੀ ਰਾਖੇ ਰੱਖਦਾ ਸੀ । ਕੁੱਝ ਸਿਆਣੇ ਸਿੱਖਾਂ ਦੇ ਗੁਰੂ ਦਾ ਹੁਕਮ ਸੁਨਾਉਣ ਕਾਰਨ, ਹੌਲੀ ਹੌਲੀ ਵਿਰੋਧ ਦੇ ਬੱਦਲ ਛਟ ਗਏ ਅਤੇ 11 ਅਗਸਤ 1664 ਈ: ਨੂੰ ਦਿੱਲੀ ਵਾਲੇ ਜੱਥੇ ਨੇ ਗੁਰੂ ਤੇਗ ਬਹਾਦਰ ਜੀ ਦੀ ਗੁਰਿਆਈ ਦੀ ਰਸਮ ਸਿਰੇ ਚਾੜ੍ਹ ਦਿੱਤੀ। ਇਸੇ ਸਮੇਂ ਸੰਗਤ ਅਤੇ ਆਮ ਲੋਕਾਂ ਨੂੰ ਪੂਰੀ ਤਰ੍ਹਾਂ ਸੂਚਿਤ ਕਰਨ ਲਈ ਅਤੇ ਦੰਭੀਆਂ ਦੀਆ ਸਫਾਂ ਵਲ੍ਹੇਟਣ ਲਈ ਭਾਈ ਮੱਖਣ ਸ਼ਾਹ ਨੇ ਕੋਠੇ ਉੱਪਰ ਚੜ੍ਹ ਕੇ- "ਗੁਰੂ ਲਾਧੋ ਰੇ...

ਗੁਰੂ ਲਾਧੋ ਰੇ" ਦਾ ਹੋਕਾ ਵੀ ਦੇ ਦਿੱਤਾ। ਇਸ ਤਰ੍ਹਾਂ ਬਕਾਲੇ ਵਿਖੇ ਨਕਲੀ ਗੁਰੂ ਬਣ ਕੇ ਬੈਠੇ ਵਿਅਕਤੀਆਂ ਦੀਆਂ 'ਬਾਈ ਮੰਜੀਆਂ' ਦੀ ਮਾਨਤਾ ਵੀ ਸੱਚੇ ਗੁਰੂ ਦੇ ਪ੍ਰਗਟ ਹੋਣ ਬਾਅਦ, ਹੌਲੀ-ਹੌਲੀ ਸਮਾਪਤ ਹੋ ਗਈ। ਧੀਰ ਮੱਲ ਦੀ ਤਲਖੀ ਦੂਸਰਿਆਂ ਨਾਲੋਂ ਰਤਾ ਵਧੇਰੇ ਸੀ। ਉਸ ਆਪਣੇ ਖ਼ਾਸ ਇਤਬਾਰੀ ਸੀਹੇ ਮਸੰਦ ਵੱਲੋਂ ਗੁਰੂ ਸਾਹਿਬ ਤੇ ਇਕ ਦਿਨ ਗੋਲੀ ਵੀ ਚਲਵਾ ਦਿੱਤੀ। ਜਿਸ ਨਾਲ ਉਹਨਾਂ ਦੀ ਬਾਂਹ ਜ਼ਖਮੀ ਹੋ ਗਈ। ਇਸ ਤੋਂ ਪਹਿਲਾਂ ਕਿ ਸ਼ੀਹਾਂ ਦੂਸਰੀ ਗੋਲੀ ਭਰਦਾ ਸਿੱਖਾਂ ਨੇ ਉਸਨੂੰ ਕਾਬੂ ਕਰਕੇ ਸਾਰੀ ਕਰਤੂਤ ਧੀਰ ਮੱਲ ਦੀ ਹੋਣ ਦਾ ਪਤਾ ਲਾਇਆ। ਸੰਗਤ ਅਤੇ ਭਾਈ ਮੱਖਣ ਸ਼ਾਹ ਦੇ ਬੰਦਿਆਂ ਨੇ ਧੀਰ ਮੱਲ ਨੂੰ ਕਿਵਾੜ ਭੰਨ ਕੇ, ਅੰਦਰੋਂ ਲੁਕਿਆ ਕੱਢ ਕੇ ਜਿਹੜਾ ਵੀ ਗੁਰੂ ਸਾਹਿਬ ਦਾ ਸਮਾਨ ਉਸਦੇ ਬੰਦਿਆਂ ਨੇ ਲੁੱਟਿਆ ਸੀ ਬਰਾਮਦ ਕਰ ਲਿਆ। ਸਿੱਖ ਉਸ ਪਾਸ ਧੱਕੇ ਨਾਲ ਰੱਖੀ, ਆਦਿ ਗੁਰੂ ਗਰੰਥ ਸਾਹਿਬ ਦੀ ਕਰਤਾਰਪੁਰੀ ਬੀੜ ਵੀ ਲੈ ਆਏ ਸਨ।

ਪਰ ਬਾਅਦ ਵਿੱਚ ਗੁਰੂ ਤੇਗ ਬਹਾਦਰ ਜੀ ਨੇ ਵਿਸ਼ਾਲ ਹਿਰਦੇ ਦਾ ਪ੍ਰਗਟਾਵਾ ਕਰਦਿਆਂ, ਬੀੜ ਉਸਨੂੰ ਪੁਚਾ ਦਿੱਤੀ। ਬਾਬਾ ਬਕਾਲਾ ਵਿਖੇ ਬਾਬਾ ਸੂਰਜ ਮੱਲ ਦੀ ਸੰਤਾਨ ਤੇ ਹੋਰ ਸੋਢੀਆਂ ਦੀ ਵਿਰੋਧਤਾ ਕਾਰਨ, ਗੁਰੂ ਤੇਗ ਬਹਾਦਰ ਸਾਹਿਬ ਨੇ ਕੀਰਤਪੁਰ ਵੱਲ ਚੱਲਣ ਦਾ ਸੋਚਿਆ। ਇਸ ਤੋਂ ਪਹਿਲਾਂ ਅੰਮ੍ਰਿਤਸਰ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਨੂੰ ਗਏ। ਇਸ ਦਿਨ 22 ਨਵੰਬਰ 1664 ਈ: ਦੀ ਤਾਰੀਖ ਸੀ। ਸੋਢੀ ਮਿਹਰਬਾਨ ਦੇ ਪੁੱਤਰ ਹਰਿ ਜੀ ਮੀਣੇ ਦਾ ਇਸ ਸਮੇਂ ਦਰਬਾਰ ਸਾਹਿਬ ਤੇ ਕਬਜ਼ਾ ਸੀ। ਉਸਨੂੰ ਭਾਸਿਆ ਕਿ ਜਿਵੇਂ ਸੰਗਤ ਨੇ ਬਾਬੇ ਬਕਾਲੇ ਤੋਂ ਧੀਰ ਮੱਲ ਨੂੰ ਕੱਢਿਆ ਹੈ ਕਿਤੇ ਉਸਨੂੰ ਵੀ ਇੱਥੋਂ ਨਾ ਕੱਢਿਆ ਜਾਵੇ। ਇਸ ਲਈ ਆਪਣੇ ਮਸੰਦਾਂ ਨੂੰ ਕਹਿ ਕੇ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰਵਾ ਦਿੱਤੇ ਤਾਂ ਕਿ ਗੁਰੂ ਜੀ ਅੰਦਰ ਦਰਸ਼ਨ ਨਾਂ ਕਰ ਸਕਣ। ਗੁਰੂ ਜੀ ਨੇ ਸ਼ਾਮ ਦਾ ਦੀਵਾਨ ਸਾਹਮਣੇ ਹੀ ਇੱਕ ਰੁੱਖ ਹੇਠ ਲਾਇਆ ਅਤੇ ਰਾਤ ਵੱਲੇ ਨਾਮੀਂ ਪਿੰਡ ਡੇਰਾ ਲਾਇਆ। ਇੱਥੇ ਹੀ ਅੰਮ੍ਰਿਤਸਰ ਦੀਆਂ ਮਾਈਆਂ ਬੀਬੀਆਂ ਨੇ ਆ ਕੇ ਆਪ ਨਾਲ ਹੋਏ ਮਾੜੇ ਵਿਹਾਰ ਦੀ ਅੰਮ੍ਰਿਤਸਰ ਨਗਰ ਵੱਲੋਂ ਖ਼ਿਮਾ ਯਾਚਨਾ ਕੀਤੀ ਅਤੇ ਗੁਰੂ ਜੀ ਤੋਂ "ਮਾਈਆਂ ਰੱਬ ਰਜਾਈਆਂ" ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਪਰਿਵਾਰ ਸਮੇਤ ਕੀਰਤਪੁਰ ਇਕ ਮਹੀਨਾ ਟਿਕਣ ਬਾਅਦ ਉਹਨਾਂ ਨੇ ਮਾਖੋਵਾਲ ਆਦਿਕ ਤਿੰਨ ਪਿੰਡਾਂ ਦੀ ਜ਼ਮੀਨ ਖਰੀਦ ਕੇ ਨਵਾਂ ਨਗਰ "ਚੱਕ ਨਾਨਕੀ' ਵਸਾਇਆ ਜੋ ਬਾਅਦ ਵਿੱਚ ਅਨੰਦਪੁਰ ਸਾਹਿਬ ਨਾਮ ਨਾਲ ਜਾਣਿਆ ਗਿਆ। ਸੰਨ 1665 ਈ: ਦੀ ਵੈਸਾਖੀ ਸਮੇਂ ਪੂਰਬ ਦੀਆਂ ਸੰਗਤਾਂ ਦੇ ਮੁਖੀਆਂ ਨੇ ਬੇਨਤੀ ਕੀਤੀ ਕਿ ਗੁਰੂ ਨਾਨਕ ਸਾਹਿਬ ਤੋਂ ਬਾਅਦ ਕਿਸੇ ਵੀ ਗੁਰੂ ਸਾਹਿਬ ਦੇ ਅਲਾਹਬਾਦ, ਪਟਨਾ, ਢਾਕਾ ਆਦਿ ਅਸਥਾਨਾਂ ਤੇ ਚਰਨ ਨਹੀਂ ਪਏ। ਉਹਨਾਂ ਦੀ ਬੇਨਤੀ ਤੇ ਗੁਰੂ ਜੀ ਮਾਤਾ ਨਾਨਕੀ, ਮਹਿਲ ਮਾਤਾ ਗੁਜਰੀ, ਉਹਨਾਂ ਦੇ ਭਾਈ ਕ੍ਰਿਪਾਲ ਚੰਦ ਅਤੇ ਹੋਰ ਸਿੱਖਾਂ ਸਮੇਤ, ਰਥਾਂ, ਗੱਡਿਆਂ, ਘੋੜਿਆਂ ਆਦਿ ਤੇ ਤੰਬੂ ਤੇ ਹੋਰ ਰਸਤ ਬਸਤ ਲੈ ਕੇ ਯਾਤਰਾ ਅਰੰਭੀ। ਜ਼ਿੰਮੇਵਾਰ ਸਿੱਖਾਂ ਨੂੰ ਨਾਨਕੀ ਚੱਕ ਦੀ ਉਸਾਰੀ ਲਈ ਪਿੱਛੇ ਛੱਡਿਆ। ਪੜਾਉ ਪੜਾਈ ਯਾਤਰਾ ਅੱਗੇ ਵੱਧਦੀ ਰਹੀ।

ਜੋ ਭੇਟਾ ਚੜ੍ਹਾਵਾ ਰਸਤੇ ਵਿੱਚ ਮਿਲਦਾ ਗੁਰੂ ਜੀ ਲੋੜਵੰਦਾਂ ਦੀ ਸਹਾਇਤਾ ਲਈ, ਖੂਹ, ਧਰਮਸ਼ਾਲਾ ਆਦਿ ਬਨਾਉਣ ਲਈ ਦੇ ਦਿੰਦੇ। ਇਸੇ ਵਿੱਚੋਂ ਗੁਰੂ ਕਾ ਲੰਗਰ ਵੀ ਚੱਲਦਾ। ਪਟਿਆਲੇ ਦੇ ਕਿਲ੍ਹਾ ਬਹਾਦਰਗੜ੍ਹ ਦਾ ਪੁਰਾਣਾ ਨਾਮ ਸੈਫਾਬਾਦ ਸੀ। ਇੱਥੇ ਨਵਾਬ ਸੈਫਉਦੀਨ ਦਾ ਪ੍ਰੇਮ ਵੇਖ ਕੇ, ਉਸ ਪਾਸ ਦੋ ਹਫਤੇ ਰਹੇ। ਉਸਨੇ ਸਫ਼ਰ ਲਈ ਲੋੜੀਂਦੀਆਂ ਵਸਤਾਂ ਭੇਟਾ ਕੀਤੀਆਂ।

ਕੈਥਲ ਨਗਰ ਦੀ ਸੰਗਤ ਨੂੰ ਗੁਰੂ ਨਾਨਕ ਦੇਵ ਦੇ ਪਰਕਾਸ਼ ਦਿਨ ਵਜੋਂ ਕੱਤਕ ਪੂਰਨਮਾਸੀ ਅਤੇ ਜੋਤੀ ਜੋਤਿ ਸਮਾਉਣ ਦੇ ਦਿਨ ਵਜੋਂ, ਅੱਸੂ ਵਦੀ ਦਸਵੀਂ, ਵੈਸਾਖੀ, ਦੀਵਾਲੀ ਅਤੇ ਮਾਘ ਦੀ ਸੰਗਰਾਂਦ ਮਨਾਉਣ ਦੀ ਹਦਾਇਤ ਕਰਕੇ, ਇਹ ਵੀ ਕਿਹਾ ਕਿ ਜਿਸ ਦਿਨ ਵੀ ਸੰਗਤ ਜੁੜਦੀ ਹੈ ਉਹੋ ਦਿਹਾੜਾ ਸ਼ੁਭ ਹੁੰਦਾ ਹੈ। ਫਿਰ ਪਹਿਲੇ ਛੇਵੇਂ ਅਤੇ ਸਤਵੇਂ ਗੁਰੂ ਸਾਹਿਬ ਦੇ ਚਰਨ ਛੋਹ ਪ੍ਰਾਪਤ ਅਸਥਾਨਾਂ ਤੇ ਪਿਹੋਵੇ, ਕੁਰੂਕਸ਼ੇਤਰ ਆਦਿ ਵਿਖੇ ਗਏ। ਕੁਰੂਕਸ਼ੇਤਰ, ਗੁਰੂ ਅਮਰ ਦਾਸ ਜੀ ਵੀ ਆਏ ਸਨ। ਦਿੱਲੀ ਮਿਰਜ਼ਾ ਰਾਜਾ ਜੈ ਸਿੰਘ ਦੇ ਬੰਗਲੇ ਵਿੱਚ ਰਹੇ। ਉਹ ਗੁਰੂ ਘਰ ਦੇ ਪੁਰਾਣੇ ਪ੍ਰੇਮੀ ਸਨ । ਜੈ ਸਿੰਘ ਅਤੇ ਉਸਦਾ ਪੁੱਤਰ ਰਾਮ ਸਿੰਘ ਤਾਂ ਦੱਖਣ ਦੀ ਮੁਹਿੰਮ ਵਿੱਚ ਗਏ ਸਨ। ਉਸ ਦੀ ਰਾਣੀ ਨੇ ਸਤਿਕਾਰ ਭੇਟ ਕੀਤਾ। ਲੱਖੀ ਰਾਇ ਸਮੇਤ ਦਿੱਲੀ ਦੀ ਸੰਗਤ ਨੂੰ ਉਪਦੇਸ਼ ਦਿੰਦੇ ਗੁਰੂ ਜੀ ਮਥਰਾ, ਬਿੰਦਰਾਬਨ, ਆਗਰਾ, ਇਟਾਵਾ, ਕਾਨਪੁਰ, ਫਤੇਹਪੁਰ ਹੁੰਦੇ ਪ੍ਰਯਾਗ (ਅਲਾਹਾਬਾਦ) ਜਨਵਰੀ 1666 ਈ: ਵਿੱਚ ਪੁੱਜੇ। ਇਹਨਾਂ ਇਤਿਹਾਸਕ ਥਾਂਵਾਂ ਤੇ ਸੰਗਤਾਂ

ਕਾਇਮ ਕੀਤੀਆਂ। ਪ੍ਰਯਾਗ ਆਪ ਚਾਰ ਮਹੀਨੇ ਰਹੇ। ਗੁਰੂ ਕੇ ਲੰਗਰ ਜੋ ਹਰ ਭੇਖ ਲਈ ਖੁੱਲ੍ਹ ਜਾਂਦੇ, ਲੋੜਵੰਦਾਂ ਨੂੰ ਹਰ ਤਰ੍ਹਾਂ ਦੀ ਮੱਦਦ ਕਾਰਨ, ਆਪ ਜੀ ਦੀ ਕੀਰਤੀ ਦੂਰ ਦੂਰ ਤੱਕ ਫੈਲ ਗਈ।

ਗੁਰੂ ਸਾਹਿਬ ਹਰ ਰੋਜ਼ 11-12 ਕੋਹ ਦਾ ਘੱਟੋ ਘੱਟ ਪੈਂਡਾ ਤਹਿ ਕਰ ਲਿਆ ਕਰਦੇ ਸਨ, ਅੰਦਾਜ਼ਨ 25-30 ਕਿੱਲੋਮੀਟਰ ਪ੍ਰਤੀ ਦਿਨ । ਫਿਰ ਜੋ ਵੀ ਕਸਬਾ, ਪਿੰਡ, ਨਗਰ ਆਉਂਦਾ ਉੱਥੇ ਟਿਕਾਣਾ ਕਰਦੇ। ਲੋਹ ਲੰਗਰ ਚੱਲਦੇ। ਕਥਾ ਕੀਰਤਨ ਹੁੰਦਾ। ਆਪ ਜੀ ਗੁਰਮਤਿ ਦਾ ਉਪਦੇਸ਼ ਦੇ ਕੇ ਨੇਕ ਅਤੇ ਸੱਚੇ ਜੀਵਨ ਮਾਰਗ ਦੀ ਸੋਝੀ ਕਰਾ ਕੇ, ਮਨੁੱਖ ਮਾਤਰ ਵਿੱਚ ਪ੍ਰੇਮ ਪਿਆਰ ਨਾਲ ਮਿਲਜੁਲ ਕੇ ਰਹਿਣ, ਲੋੜਵੰਦਾਂ ਦੀ ਸਹਾਇਤਾ ਕਰਨ, ਈਰਖਾ ਬਖੀਲੀ ਤੋਂ ਬਚਣ ਦਾ ਪਰਚਾਰ ਕਰਦੇ ਅੱਗੇ ਵੱਧਦੇ ਜਾਂਦੇ । ਪ੍ਰਯਾਗ ਤੋਂ ਇਕ ਮਹੀਨਾ ਬਨਾਰਸ, ਜੋ ਸਿੱਖੀ ਦਾ ਵੱਡਾ ਕੇਂਦਰ ਸੀ, ਵਿਖੇ ਰੁੱਕੇ। ਜੌਨਪੁਰ ਦੀ ਸੰਗਤ ਇੱਥੇ ਹੀ ਦਰਸ਼ਨਾਂ ਨੂੰ ਆਈ। ਬਨਾਰਸ ਤੋਂ ਸਾਸਾਰਾਮ ਹੁੰਦੇ ਬੋਧ ਗਯਾ ਗਏ। ਇਹ ਕਦੇ ਬੋਧੀਆਂ ਦਾ ਉੱਘਾ ਅਸਥਾਨ ਸੀ ਪਰ ਹੁਣ ਪੰਡਤਾਂ ਦਾ ਜ਼ੋਰ ਸੀ। ਪੰਡਿਤਾਂ ਨੂੰ ਕਿਹਾ ਕਿ ਮਾਇਆ ਦਾ ਮੋਹ ਛੱਡ ਕੇ, ਗਿਆਨ ਵਿੱਚ ਨਿਪੁੰਨ ਹੋਵੇ। ਰਾਜਗ੍ਰਹਿ ਤੇ ਨਾਲੰਦਾ ਵਿਖੇ ਵੱਡੀਆਂ, ਛੋਟੀਆਂ ਸੰਗਤਾਂ ਸਥਾਪਿਤ ਕੀਤੀਆਂ। ਇਤਿਹਾਸਿਕ ਨਗਰ 'ਪਾਟਲੀ ਪੁੱਤਰ' (ਹੁਣ ਪਟਨਾ) ਵਿਖੇ ਮਹਾਤਮਾ ਬੁੱਧ ਵੀ ਆਏ ਸਨ ਅਤੇ ਗੁਰੂ ਨਾਨਕ ਜੀ ਵੀ। ਗੁਰੂ ਸਾਹਿਬ ਦੀ ਕਾਇਮ ਕੀਤੀ ਸੰਗਤ ਨੇ ਹੁਣ ਨੌਵੇਂ ਗੁਰੂ ਜੀ ਦਾ ਨਿੱਘਾ ਸੁਆਗਤ ਕੀਤਾ। ਗੁਰੂ ਸਾਹਿਬ ਨੇ ਮਈ ਤੋਂ ਅਗਸਤ ਤੱਕ ਬਾਰਸ਼ਾਂ ਦਾ ਸਮਾਂ 'ਚੌਮਾਸਾ ਇੱਥੇ ਬਿਤਾਇਆ। ਆਲੇ ਦੁਆਲੇ ਦੀਆਂ ਸੰਗਤਾਂ ਦਰਸ਼ਨ ਦੀਦਾਰੇ ਕਰ ਗੁਰ ਉਪਦੇਸ਼ ਤੋਂ ਲਾਭਵੰਤ ਹੁੰਦੀਆਂ। ਇਸੇ ਪੜਾਅ ਤੇ ਦੇਸ਼ ਦੀ ਸਿਆਸੀ ਉਥਲ ਪੁਥਲ ਦੇ ਸਮਾਚਾਰ ਮਿਲਦੇ ਰਹੇ। ਬਾਦਸ਼ਾਹ ਸ਼ਾਹਜਹਾਨ ਮਰ ਚੁੱਕਾ ਸੀ। ਦੱਖਣ ਦੀ ਮੁਹਿੰਮ ਵਿੱਚ ਰਾਜਾ ਜੈ ਸਿੰਘ ਸ਼ਿਵਾਜੀ ਨੂੰ ਹਰਾਉਣ ਬਾਅਦ ਉਸਨੂੰ ਦਿੱਲੀ ਮੁਗਲ ਦਰਬਾਰ ਵਿੱਚ ਮਨਾ ਕੇ ਲੈ ਆਇਆ ਸੀ। ਪਰ ਔਰੰਗਜ਼ੇਬ ਨੇ ਦਰਬਾਰ ਵਿੱਚ ਉਸਨੂੰ ਉਚਿਤ ਸਥਾਨ ਨਾਂ ਦਿੱਤਾ। ਹੁਣ ਸ਼ਿਵਾਜੀ, ਜੈ ਸਿੰਘ ਦੇ ਪੁੱਤਰ ਰਾਜਾ ਰਾਮ ਸਿੰਘ ਦੀ ਨਿਗਰਾਨੀ ਵਿਖੇ ਕਿਲ੍ਹਾ ਆਗਰਾ ਵਿੱਚ ਕੈਦ ਸੀ। ਪਰ ਸ਼ਿਵਾਜੀ ਕਿਸੇ ਤਰ੍ਹਾਂ ਬੰਧਨ ਮੁਕਤ ਹੋ ਕੇ ਫਿਰ ਦੱਖਣ ਪੁੱਜ ਗਿਆ। ਇਸ ਤੇ ਔਰੰਗਜ਼ੇਬ ਵੱਲੋਂ ਰਾਜਾ ਰਾਮ ਸਿੰਘ ਨੂੰ ਕੈਦ ਕਰਨ ਦੀ ਮਾੜੀ ਖ਼ਬਰ ਵੀ ਗੁਰੂ ਜੀ ਤੱਕ ਪਟਨੇ ਹੀ ਪੁੱਜੀ। ਭਾਈ ਦਿਆਲ ਦਾਸ (ਭਾਈ ਮਨੀ ਸਿੰਘ ਦੇ ਵੱਡੇ ਭਾਈ) ਦੀ ਦੇਖ ਰੇਖ ਵਿੱਚ ਪਰਿਵਾਰ ਨੂੰ ਛੱਡ ਕੇ ਅਗਸਤ ਵਿੱਚ ਹੀ ਗੁਰੂ ਜੀ ਨੇ ਢਾਕੇ ਜਾਣ ਦਾ ਰੁਖ ਕੀਤਾ। ਮੁੰਘੇਰ ਇਕ ਮਹੀਨਾ ਰੁਕਣ ਕਾਰਨ ਬਨਾਰਸ ਤੇ ਮਿਰਜ਼ਾਪੁਰ ਦੀਆਂ ਸੰਗਤਾਂ ਵੀ ਫਿਰ ਦਰਸ਼ਨਾਂ ਨੂੰ ਇੱਥੇ ਆ ਗਈਆਂ। ਮੁੰਘੇਰ ਤੋਂ ਭਾਗਲਪੁਰ, ਸਾਹਿਬ ਗੰਜ, ਕਾਂਤ ਨਗਰ ਹੁੰਦੇ ਆਪ ਸੂਫੀਆਂ ਦੇ ਪ੍ਰਸਿੱਧ ਕੇਂਦਰ ਮਾਲਦਾ ਪਹੁੰਚੇ। ਚਿਸ਼ਤੀ ਤੇ ਕਾਦਰੀ ਸੰਪਰਦਾਵਾਂ ਦੇ ਇਹ ਸੂਫੀ ਗੁਰੂ ਘਰ ਦੇ ਪਰਸ਼ੰਸਕ ਸਨ। ਉਹਨਾਂ ਨਾਲ ਗਿਆਨ ਚਰਚਾ ਹੋਈ। ਇੱਥੋਂ ਗੋਦਾਗਿਰੀ, ਗੋਪਾਲਪੁਰ ਤੇ ਪਥਨਾ ਹੁੰਦੇ ਹੋਏ ਆਪ ਨੇ ਅਖੀਰ ਅਕਤੂਬਰ, ਢਾਕਾ ਦੀ ਧਰਤੀ ਨੂੰ ਜਾ ਭਾਗ ਲਾਏ।

ਢਾਕੇ ਵਿੱਚ ਦੋ ਸੰਗਤਾਂ ਸਨ, ਇੱਕ ਉਦਾਸੀ ਸਾਧੂ ਅਲ ਮਸਤ ਦੀ ਬਣਾਈ ਸੀ। ਦੂਸਰੀ ਭਾਈ ਬੁਲਾਕੀ ਦਾਸ ਮਸੰਦ ਵਾਲੀ, ਸੰਗਤ ਟੋਲਾ ਕਰਕੇ ਜਾਣੀ ਜਾਂਦੀ ਸੀ । ਭਾਈ ਬੁਲਾਕੀ ਦਾਸ ਅਤੇ ਸੰਗਤਾਂ ਨੇ ਇਸੇ ਮਕਸਦ ਲਈ ਬਣਾਈ ਨਵੀਂ ਇਮਾਰਤ ਵਿੱਚ, ਗੁਰੂ ਜੀ ਦਾ ਨਿਵਾਸ ਕਰਵਾਇਆ। ਆਪਣੀ ਮਲਮਲ ਕਰਕੇ ਮਸ਼ਹੂਰ ਢਾਕਾ ਇਕ ਅਮੀਰ ਵਿਉਪਾਰਕ ਨਗਰ ਸੀ। ਰਾਜਾ ਭਗਵੰਤ ਦਾਸ ਤੇ ਰਾਇ ਨੰਦ ਲਾਲ ਦੋਵੇਂ ਮੁਗਲਾਂ ਦੇ ਅਧੀਨ, ਢਾਕੇ ਦੇ ਹਿੰਦੂ ਮੰਤਰੀ ਅਤੇ ਗੁਰੂ ਸਾਹਿਬ ਦੇ ਚਰਨ ਸੇਵਕ ਸਨ। ਔਰੰਗਜ਼ੇਬ ਦੀ ਕੱਟੜਤਾ ਵਾਲੀ ਨੀਤੀ ਤੋਂ ਢਾਕੇ ਦੇ ਮੁਸਲਮਾਨ ਹਾਕਮ ਕੋਹਾਂ ਦੂਰ ਸਨ। ਸਿਲਹੱਟ, ਚਿਟਾ ਗਾਂਗ ਤੇ ਸੋਨਦੀਪ ਦੀਆਂ ਸੰਗਤਾਂ ਨੇ ਢਾਕੇ ਗੁਰੂ ਜੀ ਦੇ ਆਪ ਦਰਸ਼ਨ ਕੀਤੇ ਅਤੇ ਆਪਣੇ ਨਗਰਾਂ ਵਿੱਚ ਚੱਲਣ ਲਈ ਬੇਨਤੀ ਕੀਤੀ। ਇੱਥੇ ਹੀ ਕਾਮਰੂਪ ਦੀ ਇਕ ਰਿਆਸਤ ਦੇ ਰਾਜੇ ਰਾਮ ਰਾਇ ਨੇ ਉਚੇਚਾ ਦਰਸ਼ਨ ਕੀਤਾ ਅਤੇ ਆਪਣੀਆਂ ਕੁੱਝ ਦੁਨੀਆਵੀ ਲੋੜਾਂ ਦੀ ਪੂਰਤੀ ਲਈ ਅਸੀਸ ਮੰਗੀ। ਉਸ ਦੇ ਮਨੋਰਥ ਆਪ ਜੀ ਨੇ ਪੂਰੇ ਕੀਤੇ। ਪੋਹ ਦੇ ਮਹੀਨੇ ਹੀ ਮਾਤਾ ਗੁਜਰੀ ਦੇ ਗ੍ਰਹਿ ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦੀ ਖਬਰ ਆਈ।

ਭਾਈ ਦਿਆਲ ਦਾਸ ਅਤੇ ਪਟਨੇ ਦੀ ਸੰਗਤ ਨੂੰ ਬਾਲਕ ਦੀ ਰਹਾਇਸ਼ ਲਈ ਚੰਗੇ ਖੁੱਲ੍ਹੇ ਅਸਥਾਨ, ਇਮਾਰਤ ਦੇ ਪ੍ਰਬੰਧ ਲਈ ਲਿਖਿਆ। ਰਾਜਾ ਫਤਹਿ ਚੰਦ ਮੈਣੀ ਦੇ ਸਹਿਯੋਗ ਨਾਲ ਬਾਗ, ਬਾਰਾਂਦਰੀ ਆਦਿ ਵਾਲੀ ਖੁੱਲ੍ਹੀ ਹਵੇਲੀ, 1668 ਈ: ਵਿੱਚ ਬਣ ਕੇ ਤਿਆਰ ਹੋਈ। ਇਸ

ਤਰ੍ਹਾਂ ਬਾਲ ਗੋਬਿੰਦ ਰਾਇ ਲਈ ਯੋਗ ਪਰਬੰਧ ਕਰਕੇ, ਗੁਰੂ ਜੀ ਜੈਂਤੀ ਪਹਾੜੀਆਂ ਵਿੱਚੋਂ ਹੁੰਦੇ ਆਪਣੇ ਇਕ ਹੋਰ ਸਿੱਖ, ਰਾਜਾ ਰਾਮ ਰਾਇ ਅਤੇ ਭਾਈ ਮਤੀ ਦਾਸ ਜੀ ਆਦਿ ਦੇ ਨਾਲ, ਬਿਖੜਾ ਪੈਂਡਾ ਕੱਟ ਕੇ, ਸਿਲਹਟ ਪੁੱਜੇ। ਇਸ ਇਲਾਕੇ ਵਿੱਚ ਗੁਰੂ ਨਾਨਕ ਦੇਵ ਜੀ ਦੀ ਕਾਇਮ ਕੀਤੀ ਸੰਗਤ ਅਤੇ ਸੂਫੀ ਫਕੀਰ ਸਨ। ਸਾਰਿਆਂ ਨੇ ਗੁਰੂ ਜੀ ਨਾਲ ਵਿਚਾਰ ਚਰਚਾ ਵਿੱਚ ਆਤਮਿਕ ਅਨੰਦ ਪਰਾਪਤ ਕੀਤਾ। ਗੁਰੂ ਤੇਗ ਬਹਾਦਰ ਜੀ ਦੀ ਕਾਇਮ ਕੀਤੀ ਸੰਗਤ 1947 ਤੱਕ ਕਾਇਮ ਰਹੀ। ਸਿਲਹਟ ਤੋਂ ਅਗਰਤਲਾ, ਤਿਰਪੁਰਾ ਹੁੰਦੇ ਚਿਟਾਗਾਂਗ ਪੁੱਜੇ। ਨੇੜੇ ਹੀ ਸੋਨਦੀਪ ਸਮੁੰਦਰੀ ਟਾਪੂ ਅਤੇ ਆਸ ਪਾਸ ਗੁਰਸਿੱਖੀ ਦੀ ਮਹਿਕ ਫੈਲਾਈ। ਚਿਟਾਗਾਂਗ ਵਿੱਚ ਗੁਰੂ ਜੀ ਦੇ ਅਸਥਾਨਾਂ ਦਾ ਸੰਗਤਾਂ ਕਈ ਸਦੀਆਂ ਤੱਕ ਦਰਸ਼ਨ ਕਰਦੀਆਂ ਸਨ। ਨੁਆਖਲੀ ਤੇ ਚਾਂਦਪੁਰ ਰਾਹੀਂ 1668 ਦੇ ਅਰੰਭ ਵਿੱਚ ਢਾਕੇ ਮੁੜ ਆਏ।

ਕਾਮਰੂਪ ਅਸਾਮ ਦਾ ਇਲਾਕਾ ਔਰੰਗਜ਼ੇਬ ਲਈ ਸਿਰਦਰਦ ਬਣਿਆ ਹੋਇਆ ਸੀ। ਉਹ ਸ਼ਿਵਾ ਜੀ ਦੇ ਨੱਸਣ ਕਾਰਨ, ਰਾਜਾ ਰਾਮ ਸਿੰਘ ਤੋਂ ਬਦਜ਼ਨ ਹੋ ਚੁੱਕਾ ਸੀ। ਇਸ ਲਈ ਉਸ ਨੇ ਅਸਾਮ ਦੀ ਖ਼ਤਰਨਾਕ ਮੁਹਿੰਮ ਸਰ ਕਰਨ ਲਈ, ਰਾਮ ਸਿੰਘ ਨੂੰ ਕੈਦ ਵਿੱਚੋਂ ਕੱਢ ਕੇ ਭਾਰੀ ਸੈਨਾ ਦੇ ਕੇ, ਆਸਾਮ ਲਈ ਤੋਰਿਆ ਕਿ ਇਹ ਮਰ ਗਿਆ ਤਾਂ ਵੀ ਵਧੀਆ ਤੇ ਜੇਕਰ ਫ਼ਤਹਿ ਪਾ ਕੇ ਮੁੜ ਆਇਆ ਤਾਂ ਵੀ ਆਸਾਮ ਸਮੱਸਿਆ ਹੱਲ ਹੋ ਜਾਏਗੀ। ਢਾਕੇ ਵਿੱਚ ਉਸਨੇ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਕੀਤੇ ਅਤੇ ਅਸਾਮ ਦੀ ਮੁਹਿੰਮ ਵਿੱਚ ਇਕ ਸਫਲ ਨੀਤੀਵੇਤਾ ਜਿਉਂ ਮਾਰਗ ਦਰਸ਼ਨ ਦੀ ਬੇਨਤੀ ਕੀਤੀ। ਅਸਾਮ ਦੀਆਂ ਜਾਦੂਗਰਨੀਆਂ ਅਤੇ ਤੰਤਰ ਵਿਦਿਆ ਦੇ ਬੜੇ ਚਰਚੇ ਸਨ। ਕਮਜ਼ੋਰ ਦਿਲ ਲੋਕ ਉਹਨਾਂ ਕਾਮਨੀਆਂ ਦੇ ਤੰਤਰ ਜਾਲ ਵਿੱਚ ਫਸ ਕੇ, ਮਾਰ ਖਾ ਜਾਂਦੇ ਸਨ। ਗੁਰੂ ਜੀ ਨੇ ਰਾਜੇ ਨੂੰ ਕਿਹਾ ਕਿ ਉਹ ਅਤੇ ਉਸਦੇ ਹੋਰ ਸੈਨਾਪਤੀ ਤੇ ਜ਼ਿੰਮੇਵਾਰ ਲੋਕ ਇਹਨਾਂ ਚਾਲਾਂ ਤੋਂ ਸੁਚੇਤ ਰਹਿਣ। ਮਨ ਬਿਰਤੀਆਂ ਨੂੰ ਕਾਬੂ ਵਿੱਚ ਕਰਕੇ ਨਿਸ਼ਾਨੇ ਵੱਲ ਵਧੋ। ਸਫਲਤਾ ਮਿਲੇਗੀ। ਗੁਰੂ ਸਾਹਿਬ ਸੰਗਤਾਂ ਸਮੇਤ ਸ਼ਾਹੀ ਕਾਫਲੇ ਤੋਂ ਵਿੱਥ ਬਣਾ ਕੇ ਚੱਲਦੇ ਰਹੇ। ਰਾਜੇ ਰਾਮ ਸਿੰਘ ਦੀ ਫੌਜ ਨੇ ਗਹਿ ਗੱਚ ਲੜਾਈ ਲੜੀ।

ਅਸਾਮੀ ਵੀ ਅੱਗੋਂ ਘੱਟ ਨਹੀਂ ਸਨ। ਹਿੰਦੂ ਰਾਜੇ ਅਤੇ ਮੁਗਲ ਸੈਨਾ ਵਿਚਾਲੇ ਗੁਰੂ ਜੀ ਨੇ ਸਮਝੌਤਾ ਕਰਵਾ ਕੇ ਜੰਗ ਬੰਦੀ ਕਰਵਾ ਦਿੱਤੀ ਅਤੇ ਦੋਹਾਂ ਧਿਰਾਂ ਨੂੰ ਵਧੇਰੇ ਜਾਨੀ ਮਾਲੀ ਨੁਕਸਾਨ ਤੋਂ ਬਚਾ ਲਿਆ। ਫੈਸਲੇ ਮੁਤਾਬਿਕ ਮੁਗਲ ਫੌਜਾਂ ਨੇ ਗੁਹਾਟੀ ਤੇ ਕਬਜ਼ਾ ਨਹੀਂ ਕਰਨਾ ਸੀ ਅਤੇ ਕਾਮਰੂਪ ਦੇ ਰਾਜੇ ਨੇ ਮੁਗਲਾਂ ਦੁਆਰਾ ਜਿੱਤੇ ਇਲਾਕਿਆਂ ਨਾਲ ਛੇੜ ਛਾੜ ਨਹੀਂ ਕਰਨੀ ਸੀ। ਇਸ ਯਾਤਰਾ ਦੀ ਯਾਦ ਵਿੱਚ, ਧੁਬੜੀ ਵਿਖੇ ਇਕ ਯਾਦਗਾਰ ਕਾਇਮ ਕੀਤੀ ਗਈ ਜੋ ਅਜੇ ਤੱਕ ਦਮਦਮਾ ਸਾਹਿਬ (ਉਚਾ ਟਿੱਲਾ) ਦੇ ਤੌਰ ਤੇ ਮਸ਼ਹੂਰ ਹੈ। ਅਸਾਮੀ ਸਿੱਖਾਂ ਨੂੰ ਇਸੇ ਕਾਰਨ ਦਮਦਮੀਏ ਸਿੱਖ ਵੀ ਕਹਿੰਦੇ ਹਨ। ਇਸ ਘਟਨਾ ਕਾਰਨ ਅਸਾਮੀ ਲੋਕਾਂ ਅਤੇ ਰਾਜਾ ਰਾਮ ਸਿੰਘ ਦੇ ਸੈਨਿਕਾਂ ਵਿੱਚ ਗੁਰੂ ਸਾਹਿਬ ਦੀ ਬਹੁਤ ਮਹਿਮਾ ਹੋਈ।

ਅਸਾਮ ਤੋਂ ਅਪਰੈਲ ਜਾਂ ਮਈ 1670 ਈ: ਵਿੱਚ ਗੁਰੂ ਜੀ ਢਾਕੇ ਨੂੰ ਵਾਪਸੀ ਸਫ਼ਰ ਅਰੰਭਿਆ। ਭਾਈ ਦਿਆਲ ਦਾਸ ਨੂੰ ਵੀ ਤੁਰੰਤ ਢਾਕੇ ਪੁੱਜਣ ਦਾ ਹੁਕਮਨਾਮਾ ਭੇਜਿਆ। ਉਸ ਨੂੰ ਕਿਹਾ ਕਿ ਉਹ ਢਾਕੇ ਤੋਂ ਜਗਨਨਾਥ ਪੁਰੀ ਅਤੇ ਫਿਰ ਦੱਖਣ ਵੱਲ ਗੁਰੂ ਨਾਨਕ ਸਾਹਿਬ ਦੀਆਂ ਕਾਇਮ ਕੀਤੀਆਂ ਸੰਗਤਾਂ ਵਿੱਚ ਸਿੱਖੀ ਪਰਚਾਰ ਕਰਨਾ ਚਾਹੁੰਦੇ ਹਨ। ਭਾਈ ਦਿਆਲ ਦਾਸ ਨੇ ਢਾਕੇ ਪੁੱਜ ਕੇ, ਬਾਲ ਗੋਬਿੰਦ ਰਾਇ ਜੋ ਹੁਣ ਤਿੰਨ ਸਾਲ ਦੇ ਹੋ ਚੁੱਕੇ ਸਨ ਉਹਨਾਂ ਦੇ ਖੁਸ਼ੀਆਂ ਭਰੇ ਸਮਾਚਾਰ ਸੁਣਾਏ। ਦਿਆਲ ਦਾਸ ਦੇ ਹੱਥ ਵਾਪਿਸ ਪਟਨੇ ਬਾਲਕ ਲਈ ਢਾਕੇ ਅਤੇ ਅਸਾਮ ਦੀਆਂ ਕੀਮਤੀ ਵਸਤਾਂ ਭੇਜੀਆਂ। ਦੱਖਣ ਦੇ ਸਫ਼ਰ ਲਈ ਲੋੜੀਂਦੀਆਂ ਸ਼ੈਆਂ ਵੀ ਦਿਆਲ ਦਾਸ ਦੇ ਗਏ ਸਨ। ਸੰਗਤ ਟੋਲਾ, ਢਾਕੇ ਦੇ ਮਹੰਤ ਬੁਲਾਕੀ ਦਾਸ ਦੀ ਮਾਤਾ ਨੇ ਮੁਗਲ ਫੌਜਾਂ ਨਾਲ ਆਏ ਸ਼ਾਹੀ ਮੁਸੱਵਰ ਤੋਂ ਸ਼ਰਧਾ ਪੂਰਵਕ, ਗੁਰੂ ਸਾਹਿਬ ਦਾ ਮੁਗਲਈ ਸ਼ੈਲੀ ਵਿੱਚ ਚਿੱਤਰ ਬਣਵਾਇਆ ਜੋ ਢਾਕਾ ਵਿਖੇ ਮਿਲਦਾ ਹੈ। ਮੀਹਾਂ ਦਾ ਚੁਮਾਸਾ ਖ਼ਤਮ ਹੁੰਦਿਆਂ ਗੁਰੂ ਜੀ ਢਾਕੇ ਤੋਂ ਪਥਨਾ ਚਊ ਡੰਗਾ, ਦਰਸ਼ਨਾ, ਬਾਨਪੁਰ, ਬਾਗੁਲਾ ਗਟਾ ਘਾਟ, ਮਦਨਪੁਰ, ਕੰਚਨ ਪਾੜਾ, ਨਈ ਹਾਟੀ ਤੇ ਬਾਰਕ ਪੁਰ ਹੁੰਦੇ ਹੁਣ ਦੇ ਕਲਕੱਤੇ ਵਾਲੀ ਥਾਂ ਤੇ ਸਥਿੱਤ ਚੁਟਾਨਟੀ, ਗੋਬਿੰਦਪੁਰ ਤੇ ਕਾਲੀ ਘਾਟ, ਤਿੰਨ ਪਿੰਡਾਂ ਵਿੱਚ ਪੁੱਜੇ। ਹੁਗਲੀ ਦੇ ਕਿਨਾਰੇ ਗੁਰੂ ਨਾਨਕ ਜੀ ਦੇ ਆਗਮਨ ਸਮੇਂ ਥਾਪੀ ਬੜੀ ਸੰਗਤ ਦੇ ਨੇੜੇ ਜਿੱਥੇ ਰੁਕੇ, ਉਸਨੂੰ ਹੁਣ ਛੋਟੀ ਸੰਗਤ ਕਹਿੰਦੇ ਹਨ।

ਕਲਕੱਤੇ ਤੋਂ ਜਲੇਸਵਰ, ਰੂਪਸਾ, ਬਲਾਸੌਰ ਤੇ ਕਟਕ ਹੁੰਦੇ ਆਪ ਅਕਤੂਬਰ ਨਵੰਬਰ 1670 ਨੂੰ ਜਗਨਨਾਥ ਪੁਰੀ ਪੁੱਜ ਗਏ। ਇੱਥੇ ਗੁਰੂ ਨਾਨਕ ਜੀ ਦੀ ਧਰਮਸ਼ਾਲਾ ਦੀ

ਸੇਵਾ ਉਦਾਸੀ ਮਹੰਤ ਕਰਦੇ ਸਨ। ਆਪ ਨੇ ਸਮੁੰਦਰ ਦੇ ਕੰਢੇ ਇੱਕ ਧਰਮਸ਼ਾਲਾ ਬਣਵਾਈ। ਇੱਥੋਂ ਆਪ ਹੋਰ ਹੇਠਾਂ ਦੱਖਣ ਨੂੰ ਜਾਣਾ ਚਾਹੁੰਦੇ ਸਨ ਪਰ ਖ਼ਬਰ ਮਿਲੀ ਕਿ ਔਰੰਗਜ਼ੇਬ ਹਿੰਦੂਆਂ ਪ੍ਰਤੀ ਦਮਨ ਚੱਕਰ ਅਰੰਭ ਕਰ ਚੁੱਕਾ ਹੈ। ਸੋ ਇੱਥੋਂ ਹੀ ਆਪ ਜੀ ਨੇ ਆਪਣੀ ਵੱਡੀ ਜ਼ਿੰਮੇਵਾਰੀ ਦਾ ਅਹਿਸਾਸ ਕਰਦਿਆਂ, ਪਟਨਾ ਸਾਹਿਬ ਨੂੰ ਵਾਪਸੀ ਕਰ ਲਈ। ਔਰੰਗਜ਼ੇਬ ਦੇ ਰਾਜ ਦੇ ਪਹਿਲੇ ਦਸ ਸਾਲਾਂ ਵਿੱਚ ਧਰਮ ਦੇ ਆਧਾਰ ਤੇ ਪਰਜਾ ਨਾਲ ਵਿਤਕਰਾ ਨਹੀਂ ਹੁੰਦਾ ਸੀ। ਪਰ ਸ਼ਿਵਾਜੀ ਦੇ ਕੈਦ ਵਿੱਚੋਂ ਨੱਸਣ ਬਾਅਦ ਉਸ ਨੇ ਆਪਣੀ ਨੀਤੀ ਬਦਲ ਲਈ। ਹਿੰਦੂਆਂ ਤੇ ਜਜ਼ੀਆ ਲਾਇਆ ਗਿਆ। ਉਹਨਾਂ ਦੀਆਂ ਪਵਿੱਤਰ ਥਾਂਵਾਂ ਅਤੇ ਪੁਸਤਕਾਂ ਆਦਿ ਤਬਾਹ ਕਰ ਕੇ ਆਪਣੇ ਦੁਆਲੇ ਅਖੌਤੀ ਮੁੱਲਾ ਮੁਲਾਣੇ ਇਕੱਠੇ ਕਰਕੇ, ਆਪਣੇ ਕੱਟੜ ਮੋਮਨ ਹੋਣ ਦਾ ਭਰਮ ਪਾਲਣ ਲੱਗ ਪਿਆ। ਹਿੰਦੂਆਂ ਨੂੰ ਜਬਰੀ ਧਰਮ ਪਰਿਵਰਤਿਤ ਕਰਨ ਲਈ ਇਸਲਾਮ ਜਾਂ ਮੌਤ ਵਿੱਚੋਂ ਕੋਈ ਇੱਕ, ਕਬੂਲਣ ਲਈ ਕਿਹਾ ਜਾਂਦਾ।

ਜਗਨਨਾਥ ਪੁਰੀ ਤੋਂ ਵਾਪਸੀ ਸਫ਼ਰ ਸਮੇਂ ਗੁਰੂ ਜੀ ਮਿਦਨਾਪੁਰ, ਵਿਸ਼ਨੂਪੁਰ, ਗੁਮੋਹ ਅਤੇ ਗਯਾ ਹੁੰਦੇ ਹੋਏ ਪਟਨੇ ਪੁੱਜ ਗਏ। ਪਟਨੇ ਦੀ ਸੰਗਤ ਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋਈ। ਇੱਥੇ ਹੀ ਇਕ ਮੁਸਲਮਾਨ ਨਵਾਬ ਦੇ ਬਾਗ ਵਿੱਚ ਗੁਰੂ-ਦਰਬਾਰ ਸਜਿਆ। ਜਿੱਥੇ ਮਾਤਾ ਨਾਨਕੀ ਜੀ, ਮਾਤਾ ਗੁਜਰੀ ਅਤੇ ਬਾਲ ਗੋਬਿੰਦ ਰਾਇ ਹੋਰ ਸੰਗਤਾਂ ਨਾਲ ਆਏ। ਪਹਿਲੀ ਵੇਰ ਬਾਲਕ ਗੋਬਿੰਦ ਰਾਇ ਬੜੇ ਪ੍ਰੇਮ ਸਤਿਕਾਰ ਨਾਲ ਪਿਤਾ ਸਤਿਗੁਰੂ ਦੇ ਚਰਨੀਂ ਲੱਗੇ। ਭਾਈ ਦਿਆਲ ਦਾਸ ਤੇ ਹੋਰ ਸੰਗਤਾਂ ਜੋ ਪਿੱਛੇ ਪ੍ਰਬੰਧ ਕਰਦੀਆਂ ਸਨ, ਸਾਰਿਆਂ ਨੂੰ ਅੰਮ੍ਰਿਤ ਬਚਨਾਂ ਨਾਲ ਨਿਹਾਲ ਕੀਤਾ। ਪੰਜਾਬ ਵਾਪਸੀ ਲਈ ਹੁਕਮ ਸੁਣਾਇਆ ਕਿ ਅਸੀਂ ਪਹਿਲਾਂ ਅੱਗੇ ਅੱਗੇ ਚੱਲਾਂਗੇ।

ਭਾਈ ਦਿਆਲ ਦਾਸ ਨੂੰ ਜਦੋਂ ਅਸੀਂ ਬਨਾਰਸ ਪੁੱਜ ਗਏ, ਸੂਚਿਤ ਕਰਾਂਗੇ ਤਾਂਕਿ ਉਹ ਗੁਰੂ ਪਰਿਵਾਰ ਤੇ ਸਾਹਿਬਜ਼ਾਦੇ ਸਮੇਤ ਤੁਰੰਤ ਆ ਮਿਲੇ। ਗੁਰੂ ਸਾਹਿਬ ਦਾ ਸਫ਼ਰ ਵਿੱਚ ਅਗਵਾਨੂੰ ਹੋਣ ਦਾ ਮਕਸਦ, ਬਾਕੀ ਪਰਿਵਾਰ ਅਤੇ ਸੰਗਤ ਲਈ ਸੁਰੱਖਿਅਤ ਟਿਕਾਣੇ ਦਾ ਹਰ ਪੜਾਅ ਤੇ ਉਚਿਤ ਪ੍ਰਬੰਧ ਕਰਨਾ ਸੀ। ਕਾਮਰੂਪ ਤੋਂ ਰਾਜਾ ਰਾਮ ਰਾਇ (ਰਤਨ ਰਾਇ ਦਾ ਪਿਤਾ) ਵੀ ਜੋ ਸਤਿਗੁਰੂ ਜੀ ਦੁਆਰਾ ਵਰਤਾਈਆਂ ਬਰਕਤਾਂ ਸਦਕਾ, ਆਪ ਦਾ ਸ਼ਰਧਾਲੂ ਬਣ ਚੁੱਕਾ ਸੀ। ਵਾਪਸੀ ਸਫਰ ਤੇ ਆਪ ਜੀ ਦੇ ਨਾਲ ਹੀ ਪੰਜਾਬ ਤੱਕ ਸਫ਼ਰ ਕਰਦਾ ਹੈ। ਉਹ ਆਪਣਾ ਕੈਂਪ ਗੁਰੂ ਸਾਹਿਬ ਦੇ ਪੜਾਅ ਤੋਂ ਇਕ ਦੋ ਪੜਾਅ ਅੱਗੇ ਲਾਉਂਦਾ ਰਿਹਾ ਤਾਂਕਿ ਗੁਰੂ ਸਾਹਿਬ ਅਤੇ ਬਾਅਦ ਵਿੱਚ ਆਉਣ ਵਾਲੇ ਗੁਰੂ ਪਰਿਵਾਰ ਨੂੰ, ਇਸ ਧਾਰਮਿਕ ਕੱਟੜਤਾ ਅਤੇ ਅਫਰਾ ਤਫਰੀ ਦੇ ਮਾਹੌਲ ਵਿੱਚ ਸਭ ਤੋਂ ਸੁਰੱਖਿਅਤ ਰਸਤਿਆਂ ਤੋਂ ਹੀ ਲੈ ਜਾਇਆ ਜਾਵੇ। ਜੌਨਪੁਰ, ਅਯੁੱਧਿਆ, ਲਖਨਊ, ਸ਼ਾਹਜਹਾਨਪੁਰ, ਮੁਰਾਦਾਬਾਦ ਹੁੰਦੇ ਹੋਏ ਦਿੱਲੀ ਆ ਗਏ। ਅਯੁੱਧਿਆ ਵਿੱਚ ਮਹੰਤ ਗੁਰਬਖਸ਼ ਮੱਲ ਜੀ ਨੂੰ ਗੁਰੂ ਜੀ ਵੱਲੋਂ ਮਿਰਦੰਗ ਭੇਟ ਕਰਨੀ, ਆਪ ਦਾ ਗੁਰਮਤਿ ਸੰਗੀਤ ਨਾਲ ਗਹਿਰਾ ਲਗਾਉ ਪ੍ਰਗਟ ਕਰਦਾ ਹੈ। ਦਿੱਲੀ ਤੋਂ ਕੁਰੂਕਸ਼ੇਤਰ ਦੇ ਰਸਤੇ ਫਰਵਰੀ 1671 ਵਿੱਚ ਆਪ ਜੀ ਪਰਿਵਾਰ ਸਮੇਤ ਅਨੰਦਪੁਰ ਸਾਹਿਬ ਪੁੱਜ ਗਏ। ਇਸ ਸਾਲ ਵੈਸਾਖੀ ਦਾ ਪੁਰਬ ਅਨੰਦਪੁਰ ਸਾਹਿਬ ਵਿਖੇ ਮਨਾਇਆ। ਇਸੇ ਪੁਰਬ ਤੇ ਆ ਕੇ ਭਾਈ ਮਨੀ ਸਿੰਘ ਸੇਵਾ ਵਿੱਚ ਹਾਜਰ ਹੋਇਆ। ਉਹ ਲੰਮਾ ਸਮਾਂ ਦਸ਼ਮੇਸ਼ ਜੀ ਦੀ ਸੰਗਤ ਵਿੱਚ ਰਿਹਾ ਅਤੇ ਓੜਕ ਸਿੱਖੀ ਸਿਦਕ ਨਿਬਾਹੁੰਦਿਆਂ, ਬੰਦ ਬੰਦ ਕਟਵਾ ਕੇ ਸ਼ਹੀਦੀ ਬਾਟਾ ਛਕ ਗਿਆ।

ਸਾਹਿਬਜ਼ਾਦਾ ਗੋਬਿੰਦ ਰਾਇ ਦੀ ਸਰਬ ਪੱਖੀ ਸਿੱਖਿਆ ਦੀਖਿਆ ਦਾ ਪ੍ਰਬੰਧ ਕਰਕੇ, ਗੁਰੂ ਜੀ ਨੇ ਫਿਰ ਪੰਜਾਬ ਵਿੱਚ ਗੁਰਮਤਿ ਪਰਚਾਰ ਦਾ ਵਿਆਪਕ ਕਾਰਜ ਕਰਮ ਉਲੀਕਿਆ।

ਮਾਝੇ ਵਿੱਚ ਆਪ ਦਾ ਪਹਿਲਾ ਪਰਚਾਰ ਦੌਰਾ ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਰਤਾ ਕੁ ਬਾਅਦ ਹੀ ਆਪ ਜੀ ਦੇ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਨਾਲ ਸ਼ੁਰੂ ਹੋਇਆ ਸੀ। ਪਰ ਕੁੱਝ ਵਿਸ਼ੇਸ਼ ਕਾਰਨਾਂ ਸਦਕਾ ਇਹ ਦੌਰਾ ਸੰਖੇਪ ਹੀ ਰਿਹਾ।

ਮਾਲਵਾ ਪੰਜਾਬ ਦਾ ਉਹ ਭਾਗ ਹੈ ਜਿੱਥੇ ਗੁਰੂ ਨਾਨਕ, ਗੁਰੂ ਹਰਿਗੋਬਿੰਦ ਸਾਹਿਬ ਵਿਆਪਕ ਦੌਰੇ ਕਰ ਚੁੱਕੇ ਸਨ। ਇਲਾਕਾ ਰੇਤਲਾ, ਪਾਣੀ ਦੀ ਘਾਟ ਵਾਲਾ ਤੇ ਘੱਟ ਉਪਜਾਊ ਹੋਣ ਕਾਰਨ, ਕੇਂਦਰ ਜਾਂ ਸੂਬਾ ਸਰਕਾਰ ਦੀ ਜ਼ਿਆਦਾ ਦਖ਼ਲ ਅੰਦਾਜ਼ੀ ਵਾਲਾ ਨਹੀਂ ਸੀ। ਮਾਲਵੇ ਦੇ ਕਿਸਾਨ, ਦਸਤਕਾਰ, ਕਿਰਤੀ ਕਾਮੇ ਅਤੇ ਛੋਟੇ ਛੋਟੇ ਕਾਰੋਬਾਰੀ ਗੁਰੂ ਘਰ ਦੇ ਸ਼ਰਧਾਲੂ ਸਨ। ਸੋ ਮਾਲਵਾ ਅਤੇ ਨਾਲ ਲੱਗਦੇ ਘੱਗਰ ਪਾਰ ਦੇ ਬਾਂਗਰੂ ਇਲਾਕੇ ਵਿੱਚ ਨੌਵੇਂ ਗੁਰੂ ਜੀ ਨੇ ਸਿੱਖੀ ਪਰਚਾਰ ਲਈ ਗਹਿਗੱਚ ਦੌਰੇ ਕੀਤੇ। ਬੇਸ਼ਕ

ਸਾਰੇ ਇਤਿਹਾਸਕਾਰ ਦੌਰਿਆ ਦੇ ਸਮੇਂ ਬਾਰੇ ਇੱਕ ਮੱਤ ਨਹੀਂ। ਕੁੱਝ ਕਹਿੰਦੇ ਹਨ ਕਿ ਪੂਰਬ ਦੀਆਂ ਦੋਹਾਂ ਯਾਤਰਾਵਾਂ ਸਮੇਂ ਵੀ ਗੁਰੂ ਸਾਹਿਬ ਮਾਲਵੇ ਵਿੱਚੋਂ ਅਵੱਸ਼ ਹੀ ਗੁਜ਼ਰੇ ਸਨ ਪ੍ਰੰਤੂ ਵਿਆਪਕ ਦੌਰਾ 1673 ਈ: ਦੀ ਵਰਖਾ ਰੁੱਤ ਤੋਂ ਬਾਅਦ ਸ਼ੁਰੂ ਹੋਇਆ ਜੋ 1675 ਈ: ਦੇ ਪਹਿਲੇ ਅੱਧ ਤੱਕ ਜਾਰੀ ਰਿਹਾ। ਮਈ 1673 ਈ: ਵਿੱਚ ਸਾਹਿਚਬਜ਼ਾਦਾ ਗੋਬਿੰਦ ਰਾਇ ਜੀ ਦੀ ਸ਼ਾਦੀ ਚੱਕ ਨਾਨਕੀ ਤੋਂ ਕੁੱਝ ਹਟਵੇਂ ਨਵੇਂ ਬਣਾਏ ਨਗਰ, 'ਗੁਰੂ-ਕਾ-ਲਾਹੌਰ' ਵਿਖੇ ਕੀਤੀ ਗਈ ਸੀ। ਹਰ ਸਾਲ ਚੁਮਾਸੇ ਦਾ ਸਮਾਂ (ਅੱਧ ਮਈ ਤੋਂ ਅੱਧ ਸਿਤੰਬਰ) ਚੱਕ ਨਾਨਕੀ ਵਿਖੇ ਬਿਤਾ ਕੇ ਫਿਰ ਆਪ ਪਰਚਾਰ ਦੌਰਾ ਆਰੰਭਲੈਂਦੇ ਹਨ।

ਮਾਲਵੇ ਦੇ ਜੱਟ ਕਬੀਲੇ ਪਹਿਲਾਂ ਵੀ ਗੁਰਸਿੱਖੀ ਵਿੱਚ ਧੜਾ ਧੜ ਆਏ ਸਨ। ਗੁਰੂ ਤੇਗ ਬਹਾਦਰ ਦੀ ਚਰਨ-ਛੋਹ, ਮਾਲਵੇ ਦੇ ਤਕਰੀਬਨ ਹਰ ਪਿੰਡ ਅਤੇ ਬਾਂਗਰ ਦੇ ਇਲਾਕੇ ਦੇ ਵੀ ਚੋਖੇ ਪਿੰਡਾਂ ਨੇ ਮਾਣੀ। ਇੱਥੇ ਪੀਣ ਵਾਲੇ ਮਿੱਠੇ ਪਾਣੀ ਦੀ ਕਮੀ ਸੀ। ਢਾਬਾਂ ਦੇ ਕਿਨਾਰਿਆਂ ਤੇ ਕਿਤੇ ਕਿਤੇ ਹੀ ਮਿੱਠਾ ਪਾਣੀ ਮਿਲਦਾ ਸੀ। ਛੱਪੜਾਂ ਦਾ ਗੰਦਾ ਪਾਣੀ ਪੀਣ ਕਾਰਨ ਵੀ ਰੋਗ ਸੋਗ ਪਏ ਰਹਿੰਦੇ ਸਨ। ਗੁਰੂ ਸਾਹਿਬ ਨੇ ਇਹਨਾਂ ਪਿੰਡਾਂ ਵਿੱਚ ਨਾਮ ਬਾਣੀ, ਸਾਦਾ ਸਵੱਛ ਜੀਵਨ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਨ, ਤਮਾਕੂ ਦਾਰੂ ਆਦਿ ਨਸ਼ਿਆਂ ਦੇ ਨਿਖੇਧ ਦਾ ਪਰਚਾਰ ਕੀਤਾ। ਪਿੰਡਾਂ ਵਿੱਚ ਧਰਮਸ਼ਾਲਾਵਾਂ ਸਥਾਪਿਤ ਕਰਕੇ ਸੰਗਤ ਨੂੰ ਇਕੱਤਰ ਹੋਣ, ਕਥਾ ਕੀਰਤਨ ਕਰਨ ਦਾ ਉਪਦੇਸ਼ ਕੀਤਾ। ਆਪ ਨੇ ਅਨੇਕਾਂ ਪਿੰਡਾਂ ਵਿੱਚ ਸੰਗਤ ਦੇ ਚੜ੍ਹਾਵੇ ਦੀ ਮਾਇਆ ਅਤੇ ਆਪਣੇ ਪਾਸੋਂ ਵੀ ਦੇ ਕੇ, ਖੂਹ ਲੁਆਏ, ਜਿਹਨਾਂ ਖੂਹਾਂ ਦਾ ਪਾਣੀ ਕੌੜਾ ਸੀ, ਉਹ ਗਹਿਰੇ ਕਰਵਾਏ। ਕਿਸਾਨਾਂ ਦੀ ਆਰਥਿਕ ਦਸ਼ਾ ਸੁਧਾਰਨ ਲਈ ਉਹਨਾਂ ਨੂੰ ਗਊਆਂ ਅਤੇ ਖੇਤੀ ਲਈ ਲੋੜੀਂਦੇ ਪਸ਼ੂ ਖਰੀਦਣ ਵਿੱਚ ਵੀ ਸਹਾਇਤਾ ਕੀਤੀ। ਬਰਸਾਤੀ ਨਦੀਆਂ ਦੇ ਮੁਹਾਣਿਆਂ 'ਤੇ ਵੱਸੇ ਪਿੰਡਾਂ ਦੇ ਲੋਕਾਂ ਨੂੰ ਹੜ੍ਹਾਂ ਤੋਂ ਬਚਾਉਣ ਲਈ ਬੰਨ੍ਹ ਬੰਨ੍ਹਵਾਏ। ਨਵੇਂ ਤਾਲ ਅਤੇ ਢਾਬਾਂ ਦੀ ਖੁਦਵਾਈ, ਸਾਫ-ਸਫਾਈ ਕਰਵਾਈ। ਕਾਰੀਗਰ ਜੁਲਾਹੇ ਆਦਿ ਛੋਟੀ ਜਾਤੀ ਸਮਝੇ ਜਾਂਦੇ ਗੁਰਸਿੱਖਾਂ ਨੂੰ ਸੰਗਤ ਵਿੱਚ ਉੱਚੀਆਂ ਪਦਵੀਆਂ ਦੇ ਕੇ ਸਾਂਝੀਵਾਲਤਾ ਦੇ ਨਵੇਂ ਯੁੱਗ ਦਾ ਆਰੰਭ ਕੀਤਾ। ਨੀਵਿਆਂ ਨੂੰ ਉੱਚਿਆਂ ਦੇ ਬਰਾਬਰ ਖੜ੍ਹੇ ਕੀਤਾ। ਇਸ ਤਰ੍ਹਾਂ ਮਾਲਵੇ ਵਿੱਚ ਗੁਰੂ ਤੇਗ ਬਹਾਦਰ ਲੋਕਾਂ ਦੀ ਆਵਾਜ਼ ਬਣ ਗਏ। ਬਾਅਦ ਵਿੱਚ ਖਾਲਸਾ ਸਾਜਣ ਸਮੇਂ ਇਹਨਾਂ ਲੋਕਾਂ ਨੇ ਹੀ ਸਿੰਘ ਸਜ ਕੇ ਵੇਲੇ ਦੇ ਹਾਕਮਾਂ ਦੇ ਦੰਦ ਖੱਟੇ ਕੀਤੇ। ਮਾਲਵੇ ਤੇ ਬਾਂਗਰ ਵਿੱਚ ਸਭ ਤੋਂ ਵੱਧ ਗੁਰਦੁਆਰੇ ਨੌਵੇਂ ਪਾਤਸ਼ਾਹ ਜੀ ਨਾਲ ਹੀ ਸਬੰਧਿਤ ਹਨ।

ਬੇਸ਼ਕ ਉਹ ਇੱਕ ਵਿਸ਼ਾਲ ਇਲਾਕੇ ਵਿਚ ਵਿਚਰੇ ਪਰ ਚਾਰ ਥਾਂਵਾਂ ਉਹਨਾਂ ਨੇ ਇਹਨਾਂ ਦੌਰਿਆਂ ਵਿੱਚ ਪਰਚਾਰ ਕਰਨ ਦੇ ਚਾਰ ਕੇਂਦਰਾਂ ਵਜੋਂ ਵਿਕਸਿਤ ਕੀਤੀਆਂ। ਇਹਨਾਂ ਥਾਵਾਂ ਤੇ ਟਿਕ ਕੇ ਆਪ ਜੀ ਆਲੇ ਦੁਆਲੇ ਵਿਚਰਦੇ ਸਨ। ਪਹਿਲਾ ਮੁੱਖ ਥਾਂ ਉਹਨਾਂ ਦੇ ਮਿੱਤਰ ਸੈਫਉਦੀਨ ਦਾ ਵਸਾਇਆ ਸੈਫਾਬਾਦ ਸੀ। ਇੱਥੋਂ ਆਪ ਅਜੋਕੇ ਪਟਿਆਲੇ ਜ਼ਿਲ੍ਹੇ ਦੇ ਅਨੇਕ ਪਿੰਡਾਂ: ਵਿੱਚ ਸਿੱਖੀ ਨੂੰ ਪਰਫੁੱਲਤ ਕਰਦੇ ਰਹੇ। ਦੂਜਾ ਅਸਥਾਨ ਨਰਵਾਣੇ ਅਤੇ ਟੋਹਾਣੇ ਦੇ ਵਿਚਾਲੇ ਜਿਹੇ ਧਮਤਾਨ ਸਾਹਿਬ ਹੈ, ਜਿੱਥੋਂ ਆਪ ਅਜੋਕੇ ਜੀਂਦ ਅਤੇ ਸੰਗਰੂਰ ਜ਼ਿਲ੍ਹਿਆਂ ਵਿੱਚ ਪਰਚਾਰ ਕਰਦੇ। ਇਹ ਬਾਂਗਰ ਇਲਾਕੇ ਦਾ ਕੇਂਦਰ ਬਣ ਗਿਆ।

ਤੀਜਾ ਅਸਥਾਨ ਸੰਗਰੂਰ ਜ਼ਿਲ੍ਹੇ ਦਾ ਢਿੱਲਵਾਂ ਮੌੜ ਪਿੰਡ ਹਨ। ਇੱਥੇ ਵੀ ਕਾਫੀ ਸਮਾਂ ਬਿਤਾਉਂਦੇ। ਚੌਥਾ ਮੁੱਖ ਕੇਂਦਰ ਸੀ ਤਲਵੰਡੀ ਸਾਬੋ। ਢਿੱਲਵਾਂ ਅਤੇ ਸਾਬੋ ਮਾਲਵੇ ਦੇ ਵੱਡੇ ਗੜ੍ਹ ਹਨ। "ਸਾਖੀ ਪੋਥੀ" ਵਿੱਚ ਮੱਧ ਕਾਲ ਦੇ ਲੇਖਕਾਂ ਪਾਸੋਂ ਗੁਰੂ ਸਾਹਿਬ ਦੇ ਇਹਨਾਂ ਦੌਰਿਆਂ ਨਾਲ ਸਬੰਧਿਤ ਅਨੇਕ ਪਿੰਡਾਂ ਅਤੇ ਵਿਅਕਤੀਆਂ ਦੀ ਜਾਣਕਾਰੀ ਮਿਲਦੀ ਹੈ। ਗੁਰੂ ਨਾਨਕ ਜੀ ਤੋਂ ਬਾਅਦ ਨੌਵੇਂ ਗੁਰੂ ਜੀ ਨੇ ਹੀ ਗੁਰਗੱਦੀ ਤੇ ਬੈਠਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਸਭ ਤੋਂ ਵੱਧ ਪਰਚਾਰ ਦੌਰੇ ਕੀਤੇ ਸਨ।

ਗੁਰੂ ਸਾਹਿਬ ਹਿੰਦੂ ਰਾਜਪੂਤ ਰਿਆਸਤਾਂ ਦੀ ਬਜਾਏ, ਮੁਗਲ ਸੱਤਾ ਹੇਠ ਆਉਂਦੇ ਇਲਾਕਿਆਂ ਵਿੱਚ ਜ਼ਿਆਦਾ ਪਰਚਾਰ ਦੌਰੇ ਕਰਦੇ ਸਨ। ਕਾਰਨ ਇਹ ਹੈ ਕਿ ਉਹ ਮੁਗਲਾਂ ਦੇ ਅਧੀਨ ਹਿੰਦੂ ਵੱਸੋਂ ਨੂੰ ਇਹ ਭਰੋਸਾ ਦੁਆਉਣਾ ਚਾਹੁੰਦੇ ਸਨ ਕਿ ਤੁਹਾਨੂੰ ਪੂਜਾ, ਇਸ਼ਟ-ਉਪਾਸਨਾ ਲਈ ਆਪਣੇ ਢੰਗ ਨਾਲ ਹੀ ਜਿਊਣਾ ਚਾਹੀਦਾ ਹੈ। ਨਾਂ ਕਿਸੇ ਤੋਂ ਡਰੋ, ਨਾਂ ਕਿਸੇ ਨੂੰ ਡਰਾਉ।

ਦੇਸ਼ ਰਟਨ ਸਮੇਂ ਹੀ ਉਹਨਾਂ ਵੱਖ ਵੱਖ ਰਾਗਾਂ ਵਿੱਚ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕੀਤੀ। ਇਹਨਾਂ ਵਿੱਚ ਗੁਰਮਤਿ ਦੀ ਵਿਆਖਿਆ ਮਿਲਦੀ ਹੈ। ਗੁਰੂ ਤੇਗ ਬਹਾਦਰ ਜੀ ਦਾ ਆਤਮਬਲ ਨਾਲ ਭਰਪੂਰ, ਚੜ੍ਹਦੀ ਕਲਾ ਵਾਲਾ ਇਹ ਉਪਦੇਸ਼ ਜੋ ਮਨੁੱਖ ਵਿੱਚੋਂ ਕਾਇਰਤਾ, ਲੋਭ ਲਾਲਚ ਅਤੇ ਮੌਤ ਦਾ ਭੈਅ ਕੱਢ ਕੇ, ਉਹਨਾਂ ਨੂੰ ਸੰਪੂਰਨ ਮਨੁੱਖ ਬਣਾਉਂਦਾ ਹੈ,

ਆਪਣੇ ਕੱਟੜ ਇਸਲਾਮੀ ਰਾਜ ਦੇ ਪਰਚਾਰਕ ਔਰੰਗਜ਼ੇਬ ਦੀ ਫਿਰਕੂ ਅਤੇ ਮੂਲਵਾਦੀ ਸੋਚ ਨਾਲ ਟਕਰਾਉਂਦਾ ਸੀ। ਇਸੇ ਲਈ ਗੁਰੂ ਤੇਗ ਬਹਾਦਰ, ਇਸ ਤਰ੍ਹਾਂ ਖੁੱਲੇ ਫਿਰ ਕੇ ਲੋਕ ਸ਼ਕਤੀ ਨੂੰ ਜਾਗ੍ਰਿਤ ਕਰਦੇ, ਉਸ ਦੀਆਂ ਅੱਖਾਂ ਵਿੱਚ ਰੜਕ ਰਹੇ ਸਨ। ਇਸੇ ਕਾਰਨ ਬਾਦਸ਼ਾਹ ਵੱਲੋਂ ਉਹਨਾਂ ਦੀ ਬਾਰ ਬਾਰ ਗ੍ਰਿਫ਼ਤਾਰੀ ਹੋਈ। ਭੱਟ ਵਹੀਆਂ ਦੇ ਮੁਤਾਬਿਕ, ਕਸ਼ਮੀਰ ਦੇ ਪੰਡਿਤ ਕਿਰਪਾ ਰਾਮ ਅਤੇ ਹੋਰ ਕਸ਼ਮੀਰੀ ਬਰਾਹਮਣਾਂ ਨੇ 1675 ਈ: ਦੇ ਪਹਿਲੇ ਅੱਧ ਵਿਚ ਗੁਰੂ ਜੀ ਦੇ ਦਰਬਾਰ, ਚੱਕ ਨਾਨਕੀ ਆ ਕੇ, ਕਸ਼ਮੀਰੀ ਹਾਕਮਾਂ ਵੱਲੋਂ ਉਹਨਾਂ ਨੂੰ ਜਬਰੀ ਮੁਸਲਮਾਨ ਬਣਾਏ ਜਾਣ ਦੀ ਦੁਖਦਾਈ ਖ਼ਬਰ ਦਿੱਤੀ। ਗੁਰੂ ਜੀ ਨੇ ਕਿਹਾ-"ਤੁਸੀਂ ਬੇਖੌਫ ਹੋ ਕੇ ਇੱਥੇ ਹੀ ਟਿਕੋ। ਮੈਂ ਔਰੰਗਜ਼ੇਬ ਨੂੰ ਮਿਲ ਕੇ, ਤੁਹਾਡੇ ਬਾਰੇ ਗੱਲ ਕਰਾਂਗਾ ਕਿ ਉਹ ਕਹਿਰ ਨਾਂ ਕਰੇ, ਰੱਬ ਤੋਂ ਡਰੇ। ਸਭ ਨੂੰ ਆਪਣੇ ਧਾਰਮਿਕ ਵਿਸ਼ਵਾਸਾਂ ਨਾਲ ਜਿਉਣ ਦਾ ਹੱਕ, ਬੁਨਿਆਦੀ ਅਧਿਕਾਰ ਹੈ। ਅਸੀਂ ਤੁਹਾਡੇ ਇਸ ਅਧਿਕਾਰ ਦੀ ਰਾਖੀ ਲਈ ਕੋਈ ਵੀ ਕੁਰਬਾਨੀ ਕਰਨ ਨੂੰ ਤਿਆਰ ਹਾਂ।" ਗੁਰੂ ਜੀ ਦੇ ਇਸ ਭਰੋਸੇ ਨਾਲ ਬਹੁਤ ਸਾਰੇ ਕਸ਼ਮੀਰੀ ਹਿੰਦੂ, 'ਚੱਕ ਨਾਨਕੀ' ਆ ਕੇ ਰਹਿਣੇ ਸ਼ੁਰੂ ਹੋ ਗਏ। ਇਹ ਸਭ ਜਾਣ ਕੇ ਬਾਦਸ਼ਾਹ ਦਾ ਕਰੋਪ ਹੋਣਾ ਲਾਜ਼ਮੀ ਸੀ।

ਗੁਰੂ ਜੀ ਔਰੰਗਜ਼ੇਬ ਨੂੰ ਮਿਲਣ ਲਈ 10-11 ਜੁਲਾਈ 1675 ਨੂੰ ਚੱਕ ਨਾਨਕੀ ਤੋਂ ਤੁਰੇ। ਜਿਉਂ ਹੀ ਉਹ ਪਹਾੜੀ ਰਾਜਿਆਂ ਦੇ ਇਲਾਕੇ ਵਿੱਚੋਂ ਨਿਕਲ ਕੇ ਮੁਗਲ ਹਕੂਮਤ ਦੇ ਇਲਾਕੇ ਵਿੱਚ ਪਹੁੰਚੇ, ਤਾਂ ਰੋਪੜ ਪੁਲੀਸ ਚੌਕੀ ਦੇ ਦਰੋਗੇ ਨੇ 'ਮਲਕਪੁਰ ਰੰਘੜਾਂ' ਦੇ ਅਸਥਾਨ ਤੋਂ ਆਪ ਨੂੰ ਮੁਖੀ ਸਿੱਖਾਂ ਸਮੇਤ ਗ੍ਰਿਫ਼ਤਾਰੀ ਕਰ ਲਿਆ। ਤੁਰਨ ਤੋਂ ਪਹਿਲਾਂ ਆਪਣਾ ਅੰਤਿਮ ਸਮਾਂ ਨੇੜੇ ਜਾਣ ਕੇ, ਬਾਲ ਗੋਬਿੰਦ ਰਾਇ ਜੀ ਨੂੰ ਆਪਣਾ ਉੱਤਰਾ ਅਧਿਕਾਰੀ ਥਾਪ ਕੇ ਗੁਰਿਆਈ ਦਾ ਟਿੱਕਾ ਲਾ ਦਿੱਤਾ ਸੀ। ਪਹਿਲਾਂ ਸਰਹਿੰਦ ਪੁਚਾਇਆ ਤੇ ਫਿਰ ਚਾਰ ਮਹੀਨੇ ਬੱਸੀ ਪਠਾਣਾਂ ਦੇ ਬੰਦੀਖਾਨੇ ਵਿੱਚ ਤਸੀਹੇ ਦਿੱਤੇ। ਭੱਟ ਵਹੀਆਂ ਦੇ ਮੁਤਾਬਿਕ ਆਪ ਜੀ ਦੇ ਦਿੱਲੀ ਕੋਤਵਾਲੀ ਵਿੱਚ ਅੱਠ ਦਿਨ ਰਹਿਣ ਦਾ ਹੀ ਜ਼ਿਕਰ ਹੈ। ਉਹ ਨਵੰਬਰ 1675 ਚੜ੍ਹਦਿਆਂ ਹੀ ਦਿੱਲੀ ਪੁੱਜ ਗਏ ਸਨ। ਕੁੱਝ ਇਤਿਹਾਸਕਾਰ ਵਿਸ਼ੇਸ਼ ਕਰ "ਮੁਅਸਰ-ਆਲਮਗੀਰੀ" ਦਾ ਕਰਤਾ ਇਸ ਸਮੇਂ ਬਾਦਸ਼ਾਹ ਔਰੰਗਜ਼ੇਬ ਦੇ ਹਸਨ ਅਬਦਾਲ ਵਿਖੇ, ਲਗਾਤਾਰ ਪੌਣੇ ਦੋ ਸਾਲ ਤੋਂ ਟਿਕੇ ਹੋਣ ਦਾ ਜ਼ਿਕਰ ਕਰਦਾ ਹੈ। ਪਰ ਨਵੀਨ ਇਤਿਹਾਸਕਾਰ ਇਸਨੂੰ ਦਰੁਸਤ ਨਹੀਂ ਮੰਨਦੇ। ਗੁਰੂ ਤੇਗ ਬਹਾਦਰ ਜੈਸੀ ਉੱਘੀ ਹਸਤੀ ਲਈ ਬਾਦਸ਼ਾਹ ਤੋਂ ਬਿਨਾਂ ਕੋਈ ਵੀ ਹੋਰ ਅੰਤਿਮ ਫੈਸਲਾ ਨਹੀਂ ਕਰ ਸਕਦਾ ਸੀ। ਔਰੰਗਜ਼ੇਬ ਨੇ ਗੁਰੂ ਜੀ ਅੱਗੇ, ਤਿੰਨ ਪੇਸ਼ਕਸ਼ਾਂ ਕੀਤੀਆਂ-"ਇਸਲਾਮ ਕਬੂਲ ਕਰੋ, ਕੋਈ ਕਰਾਮਾਤ ਵਿਖਾਉ, ਜਾਂ ਫਿਰ ਆਪਣਾ ਸਿਰ ਕਟਾਉਣ ਲਈ ਤਿਆਰ ਹੋ ਜਾਉ।"

ਗੁਰੂ ਜੀ ਜਿਹਾ ਕਿ ਹਮੇਸ਼ਾਂ ਚੜ੍ਹਦੀ ਕਲਾ ਵਿੱਚ ਰਹਿੰਦੇ ਸਨ, ਉਹਨਾਂ ਬਾਦਸ਼ਾਹ ਨੂੰ ਕਿਹਾ ਕਿ ਉਹ ਮਨੁੱਖੀ ਗੌਰਵ ਅਤੇ ਮਾਨਵ ਅਧਿਕਾਰਾਂ ਦੀ ਰਾਖੀ ਲਈ, ਸਿਰ ਦੇਣਾ ਹੀ ਬਿਹਤਰ ਸਮਝਦੇ ਹਨ।

ਗੁਰੂ ਸਾਹਿਬ ਦੇ ਨਾਲ ਗਏ ਤਿੰਨ ਸਿੱਖਾਂ ਭਾਈ ਮਤੀ ਦਾਸ, ਸਤੀ ਦਾਸ ਅਤੇ ਦਿਆਲ ਦਾਸ ਜੀ ਨੂੰ ਤਸੀਹੇ ਦੇ ਕੇ, ਆਪ ਦੇ ਸਾਹਵੇਂ ਸ਼ਹੀਦ ਕੀਤਾ ਗਿਆ। ਪਰ ਗੁਰੂ ਸਾਹਿਬ ਦਾ ਨਿਸ਼ਚਾ ਅਡੋਲ ਸੀ। ਅਖੀਰ ਸ਼ਾਹੀ ਜੱਲਾਦ ਦੀ ਤਲਵਾਰ ਨੇ 11 ਨਵੰਬਰ 1675 ਈ: ਦੀ ਸਵੇਰ, ਕੋਤਵਾਲੀ ਸਾਹਵੇਂ ਬਣੇ ਇਕ ਚਬੂਤਰੇ ਤੇ ਬੈਠਿਆਂ, ਆਪ ਦਾ ਸੀਸ ਧੜ ਤੋਂ ਜੁਦਾ ਕਰ ਦਿੱਤਾ। ਧੜ ਦਾ ਸਸਕਾਰ ਲੱਖੀ ਸ਼ਾਹ ਵਣਜਾਰੇ ਨੇ ਰਾਇ ਸੀਨਾ ਸਥਿੱਤ ਆਪਣੇ ਘਰ ਵਿੱਚ, ਘਰ ਨੂੰ ਅੱਗ ਲਾ ਕੇ ਕਰ ਦਿੱਤਾ। ਸੀਸ ਭਾਈ ਜੈਤਾ ਜੀ ਜੋ ਇਕ ਸੇਵਕ ਸਨ, ਅਨੰਦਪੁਰ ਸਾਹਿਬ ਲੈ ਗਏ, ਜਿੱਥੇ ਗੁਰੂ ਪਰਿਵਾਰ ਅਤੇ ਸਿੱਖਾਂ ਨੇ ਇਸ ਦਾ ਸ਼ਰਧਾ ਪੂਰਵਕ ਸਸਕਾਰ ਕਰ ਦਿੱਤਾ। ਉਸ ਦਿਨ ਦਿੱਲੀ ਦੀ ਭੀੜ ਵਿੱਚ ਖਲੋਤੇ, ਇਕ ਮੁਸਲਮਾਨ ਫਕੀਰ ਨੇ ਹਾਅ ਦਾ ਨਾਅਰਾ ਮਾਰ ਕੇ ਕਿਹਾ-"ਸੁਲਤਾਨ (ਔਰੰਗਜ਼ੇਬ) ਨੇ ਇਹ ਬੜਾ ਜ਼ੁਲਮ ਕੀਤਾ। ਇਸ ਤਰ੍ਹਾਂ ਦੇ ਅੱਤਿਆਚਾਰ ਕਾਰਨ ਭਾਰੀ ਬਗਾਵਤ ਹੋ ਜਾਏਗੀ ਅਤੇ ਦਿੱਲੀ ਬਿਲਕੁਲ ਤਬਾਹ ਹੋ ਜਾਏਗੀ।" ਅਗਲੇ ਵਰ੍ਹੇ ਦਿੱਲੀ ਦੇ ਦੋ ਸਿੱਖਾਂ ਨੇ ਵੱਖ ਵੱਖ ਸਮੇਂ ਬਾਦਸ਼ਾਹ ਤੇ ਮਾਰੂ ਹਮਲੇ ਕੀਤੇ ਪਰ ਉਹ ਬਚ ਗਿਆ। ਦੋਵੇਂ ਸਿੱਖ ਸ਼ਹੀਦ ਕਰ ਦਿੱਤੇ ਗਏ।

ਗੁਰੂ ਜੀ ਦੇ ਇਸ ਮਹਾਨ ਬਲੀਦਾਨ ਬਾਰੇ, ਆਪ ਦੇ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ "ਬਚਿੱਤਰ ਨਾਟਕ" ਵਿੱਚ ਬੜਾ ਸਟੀਕ ਵਰਣਨ ਕੀਤਾ ਹੈ।

ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ।
ਠਕਿਰ ਫੋਰਿ ਦਿਲੀਸ ਸਿਰਿ,
ਪ੍ਰਭ ਪੁਰਿ ਕਿਯਾ ਪਯਾਨ।
ਤਿਲਕ ਜੰਞੂ ਰਾਖਾ ਪ੍ਰਭ ਤਾਕਾ
ਕੀਨੋ ਬਡੋ ਕਲੂ ਮਹਿ ਸਾਕਾ।

ਸੀਸੁ ਦੀਆ ਪਰ ਸੀ ਨ ਉਚਰੀ।
ਸਾਧਨਿ ਹੇਤਿ ਇਤੀ ਜਿਨਿ ਕਰੀ।
ਧਰਮ ਹੇਤ ਸਾਕਾ ਜਿਨਿ ਕੀਆ।
ਸੀਸ ਦੀਆ ਪਰ ਸਿਰਰੁ ਨ ਦੀਆ॥

ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨਾਲ ਉਹਨਾਂ ਦੀ ਮਾਨਵਵਾਦੀ ਸੋਚ ਦਾ ਡੰਕਾ, ਧਾਰਮਿਕ ਕੱਟੜਤਾ ਵਿੱਚ ਗ੍ਰਸੇ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਤਾਜਦਾਰਾਂ ਦੇ ਸਿਰ ਚੜ੍ਹ ਕੇ ਵੱਜਣ ਲੱਗ ਪਿਆ। ਉਹ ਅਨੇਕਤਾ ਵਿੱਚ ਏਕਤਾ ਦੇ ਹਾਮੀ ਸਨ। ਉਹਨਾਂ ਲਈ ਕੋਈ ਵੀ ਧਰਮ, ਜਾਤੀ ਜਾਂ ਵਿਰਕਾਂ ਵਿਸ਼ੇਸ਼ ਨਹੀਂ ਸੀ । ਉਹ ਮਾਨ ਅਪਮਾਨ, ਸੁਖ ਦੁਖ ਹਰਖ ਸੋਗ, ਨਿੰਦਾ ਉਸਤਤਿ, ਸੋਨਾ ਅਤੇ ਮਿੱਟੀ ਵਿੱਚ ਸਮਾਨ ਭਾਵ ਨਾਲ ਵਿਚਰਨ ਦੇ ਸਮਰੱਥ ਸਨ ਅਤੇ ਆਪਣੇ ਸਿੱਖਾਂ ਨੂੰ ਵੀ ਅਜਿਹਾ ਬਣਨ ਦਾ ਉਪਦੇਸ਼ ਦਿੰਦੇ ਸਨ। ਗੁਰੂ ਸਾਹਿਬ ਦੀ ਸਿੱਖਿਆ, ਅਜੋਕੇ ਭਾਰਤੀ ਸਮਾਜ ਦੀ ਵੰਨ ਸੁਵੰਨਤਾ ਦੀ ਜ਼ਾਮਨ ਹੈ।

**ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅੰਦਰ ਸੰਤੁਲਿਤ ਜਾਚ**

ਚੰਡੀ ਦੀ ਵਾਰ ਦੇ ਰਚਨਹਾਰ, ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸ ਦੀ ਪਹਿਲੀ ਪਉੜੀ ਵਿੱਚ ਆਪਣੇ ਸ਼ਹੀਦ ਪਿਤਾ ਨੂੰ ਇਉਂ ਯਾਦ ਕਰਦੇ ਹਨ ਕਿ ਉਹਨਾਂ ਦਾ ਸਿਮਰਨ ਕਰਨ ਨਾਲ ਘਰ ਵਿੱਚ ਕਿਸੇ ਸ਼ੈਅ ਦੀ ਘਾਟ ਨਹੀਂ ਰਹਿੰਦੀ-

ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ॥

ਗੁਰੂ ਤੇਗ ਬਹਾਦਰ ਆਪਣੇ ਸਮੇਂ ਵਿੱਚ ਨਿਤਾਣਿਆਂ ਦੇ ਤਾਣ, ਨਿਧਿਰਿਆਂ ਦੀ ਧਿਰ, ਨਿਮਾਣਿਆਂ ਦੇ ਮਾਣ ਅਤੇ ਪੀੜਤ ਮਜ਼ਲੂਮਾਂ ਦੀ ਬਾਂਹ ਫੜਨ ਵਾਲੇ ਦੇ ਤੌਰ ਤੇ ਜਾਣੇ ਗਏ। ਉਹਨਾਂ ਦਾ ਪਹਿਲਾ ਜੀਵਨ ਬੇਸ਼ੱਕ ਗੁਮਨਾਮੀ ਵਿੱਚ ਬਤੀਤ ਹੋਇਆ ਪਰ ਸਮਾਂ ਆਉਣ ਤੇ ਉਹ ਗੁਰੂ ਕੁਲ ਦੇ ਰੋਸ਼ਨ ਚਿਰਾਗ ਬਣ ਕੇ ਪ੍ਰਕਾਸ਼ਮਾਨ ਹੋਏ। 'ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ', ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਦੇ ਸਾਹਿਬਜ਼ਾਦੇ ਹੁੰਦਿਆਂ ਵੀ ਉਨ੍ਹਾਂ ਗੁਰੂ ਸੰਤਾਨ ਨਾਤੇ ਕਿਤੇ ਵੀ ਆਪਣੇ ਲਈ ਵਿਸ਼ੇਸ਼ ਅਧਿਕਾਰਾਂ ਦੀ ਮੰਗ ਨਹੀਂ ਕੀਤੀ, ਸਗੋਂ ਇੱਕ ਆਸਥਾਵਾਨ ਸਿੱਖ ਜਿਉਂ ਉਹਨਾਂ ਗੁਰਸਿੱਖੀ ਦੇ ਮਰਮ ਨੂੰ ਪਛਾਣ ਕੇ ਇਸ ਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ। ਜੇ ਹੁਕਮ ਹੋਇਆ ਤਾਂ ਗੋਸ਼ਾ ਨਸ਼ੀਨੀ ਛੱਡ ਕੇ ਮੈਦਾਨੇ ਜੰਗ ਵਿੱਚ ਤੇਗ ਦੇ ਕਰਤਬ ਵਿਖਾ ਕੇ ਪਿਤਾ ਸਤਿਗੁਰੂ ਦੁਆਰਾ ਪਹਿਲੇ ਨਾਮ ਤਿਆਗ ਮੱਲ ਨੂੰ ਤੇਗ ਬਹਾਦਰ ਵਿੱਚ ਵਟਦਾ ਵੀ ਪ੍ਰਵਾਨ ਕੀਤਾ। ਜੇ ਹੁਕਮ ਹੋਇਆ ਤਾਂ ਆਪਣੇ ਤੋਂ ਛੋਟੀ ਪੀੜ੍ਹੀ ਵਾਲਿਆਂ ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬਾਨ ਨੂੰ ਸੀਸ ਨਿਵਾਉਣ ਲੱਗਿਆਂ ਭੋਰਾ ਮਲਾਲ ਵੀ ਚਿਹਰੇ ਤੇ ਨਹੀਂ ਆਉਣ ਦਿੱਤਾ। ਪਿਤਾ ਸਤਿਗੁਰੂ ਦੇ ਆਪ ਨੂੰ ਕੀਤੇ ਅੰਤਿਮ ਹੁਕਮ ਅਨੁਸਾਰ ਆਪਣੀ ਮਾਤਾ ਨਾਨਕੀ ਜੀ ਨੂੰ ਨਾਲ ਲੈ ਕੇ ਨਾਨਕੇ ਪਿੰਡ ਬਕਾਲਾ ਵਿਖੇ ਇੱਕ ਸਿੱਖ ਦੇ ਘਰ ਭੋਰੇ ਵਿੱਚ ਬੈਠ ਕੇ ਵਰ੍ਹਿਆਂ ਤੱਕ ਤਪ ਸਾਧਨਾ, ਨਾਮ ਬਾਣੀ ਦਾ ਅਭਿਆਸ ਕਰਕੇ ਅੰਤਰ ਆਤਮੇ ਨਾਲ ਸੰਵਾਦ ਰਚਾਉਂਦੇ ਰਹੇ। ਇਸੇ ਸਮੇਂ ਆਪ ਸੰਸਾਰੀਆਂ, ਗ੍ਰਿਹਿਸਤੀ ਜਨਾਂ ਦੇ ਦੁੱਖ ਤਕਲੀਫਾਂ ਬਾਰੇ ਵੀ ਡੂੰਘਾ ਵਿਚਾਰ ਵਟਾਂਦਰਾ ਕਰਦੇ ਰਹੇ।

ਬਚਪਨ ਵਿੱਚ ਆਪ ਦੋ ਵੱਡੀਆਂ ਸਿੱਖ ਹਸਤੀਆਂ ਬਾਬਾ ਬੁੱਢਾ ਸਾਹਿਬ ਅਤੇ ਭਾਈ ਗੁਰਦਾਸ ਜੀ ਤੋਂ ਜਿੱਥੇ ਕਿਰਤ ਦੇ ਮਹੱਤਵ, ਸ੍ਵੈ ਰਾਖੀ ਲਈ ਸ਼ਸਤਰ ਵਿਦਿਆ ਅਤੇ ਗੁਰਬਾਣੀ, ਗੁਰਮਤਿ ਦੀਆਂ ਬਾਰੀਕੀਆਂ, ਗੁਹਜ ਭੇਦਾਂ ਤੋਂ ਜਾਣੂੰ ਹੁੰਦੇ ਰਹੇ, ਉੱਥੇ ਉਨ੍ਹਾਂ ਦਾ ਅੰਤ ਸਮਾਂ ਵੀ ਆਪਣੇ ਨੇਤਰਾਂ ਨਾਲ ਨਿਹਾਰਿਆ। ਆਪਣੇ ਤੋਂ ਵੱਡੇ ਭਰਾਵਾਂ ਬਾਬਾ ਗੁਰਦਿੱਤਾ ਜੀ, ਅਟੱਲ ਰਾਇ ਅਤੇ ਅਣੀ ਰਾਇ ਜੀ ਨੂੰ ਵੀ ਸੰਸਾਰ ਤਿਆਗਦਿਆਂ ਵੇਖਿਆ। ਪਿਤਾ ਸਤਿਗੁਰੂ ਵੀ ਅੱਧੀ ਸਦੀ ਦੀ ਆਰਜਾ ਪੂਰੀ ਕਰਨ ਤੋਂ ਪਹਿਲਾਂ ਹੀ ਜੋਤੀ ਜੋਤਿ ਸਮਾ ਗਏ ਸਨ।

ਇਸ ਕਾਰਨ ਸੰਸਾਰ ਦੀ ਨਾਸ਼ਵਾਨਤਾ ਦਾ ਭਾਵ ਆਪ ਦੇ ਅੰਦਰ ਹਮੇਸ਼ਾਂ ਹੀ ਵੱਸਦਾ ਰਿਹਾ। ਇਸੇ ਲਈ ਉਹ ਆਪਣੇ ਲਈ ਅਮੀਰਾਂ ਵਾਲੀਆਂ ਸੁਖ-ਸੁਵਿਧਾਵਾਂ ਦੀ ਪ੍ਰਾਪਤੀ ਲਈ ਲਲਾਇਤ ਰਹਿਣ ਦੀ ਬਜਾਇ ਧਰਮ ਦੀ ਕਿਰਤ ਵਿਰਤ ਕਰਕੇ ਜੀਵਨ ਨਿਰਬਾਹ ਕਰਦੇ ਰਹੇ। ਉਹ ਤਿਆਗ ਅਤੇ ਵੈਰਾਗ ਦੀ ਮੂਰਤ ਦੇ ਤੌਰ ਤੇ ਆਲੇ ਦੁਆਲੇ ਅਤੇ ਸੰਗਤ ਵਿੱਚ ਵਖਿਆਤ ਹੋ ਗਏ ਸਨ।

ਉਹਨਾਂ ਦੇ ਸਾਹਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਸਾਕਾ ਵੀ ਸਿੱਖਾਂ ਦੀਆਂ ਯਾਦਾਂ ਵਿੱਚ ਅਜੇ ਸੱਜਰਾ ਸੀ, ਜੋ ਕਿ ਉਹਨਾਂ ਦੇ ਆਗਮਨ ਤੋਂ ਕੋਈ ਪੰਦਰਾਂ ਕੁ ਸਾਲ ਪਹਿਲਾਂ ਹੀ ਵਾਪਰਿਆ ਸੀ। ਫਿਰ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਮੁਗਲਾਂ ਨਾਲ ਹੋਈਆਂ ਜੰਗਾਂ ਵਿੱਚ ਵੀ ਅਨੇਕ ਗੁਰੂ ਪਿਆਰੇ ਸੂਰਮੇ ਸ਼ਹੀਦ ਹੋ ਗਏ ਸਨ। ਗੁਰੂ ਸਾਹਿਬ ਜਾਣਦੇ

ਸਨ ਕਿ ਉਹ ਬਾਬੇ ਦੇ ਘਰ ਵਿੱਚੋਂ ਹਨ, ਜਿਸ ਦੀ ਬਾਬਰਕਿਆਂ ਨਾਲ ਕਦੇ ਵੀ ਟੱਕਰ ਹੋ ਸਕਦੀ ਹੈ। ਕਿਸੇ ਵੀ ਦੁਨਿਆਵੀ ਬਾਦਸ਼ਾਹ ਦੀ ਸਭ ਤੋਂ ਵੱਡੀ ਤਾਕਤ ਇਹੋ ਹੁੰਦੀ ਹੈ ਕਿ ਉਹ ਕਿਸੇ ਸਮੇਂ ਵੀ ਜਾਨ ਜਾਂ ਜਾਇਦਾਦ ਲੈ ਸੱਕਦਾ ਹੈ। ਇਸ ਲਈ ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਦੀ ਸੁਰ ਮਨੁੱਖ ਦੇ ਮਨ ਵਿੱਚੋਂ ਮੌਤ ਦੇ ਭੈਅ ਨੂੰ ਖਾਰਿਜ ਕਰਨ ਵਾਲੀ ਅਤੇ ਸੰਸਾਰਕ ਧਨ ਸੰਪਦਾ ਨੂੰ ਬੱਦਲਾਂ ਦੀ ਧੁੱਪ ਛਾਂ ਵਾਂਗ ਕਦੇ ਕਿਤੇ ਅਤੇ ਕਦੇ ਕਿਤੇ ਜਾਣ ਵਾਲੀ ਆਖਦੇ ਹਨ।

ਬੇਸ਼ੱਕ ਗੁਰੂ ਸਾਹਿਬ 1664 ਈ. ਵਿੱਚ ਅੱਠਵੇਂ ਗੁਰੂ ਜੀ ਦੇ ਹੁਕਮ ਅਨੁਸਾਰ ਗੁਰਗੱਦੀ ਤੇ ਬਿਰਾਜਮਾਨ ਹੋ ਕੇ 1675 ਈ. ਵਿੱਚ ਆਪਣੀ ਸ਼ਹਾਦਤ ਤੱਕ ਰਹੇ ਸਨ ਪਰ ਬਕਾਲੇ ਰਹਿੰਦਿਆਂ ਵੀ ਉਹ ਪੂਰਬ ਵੱਲ ਦੀ ਇੱਕ ਲੰਮੀ ਯਾਤਰਾ ਕਰ ਚੁੱਕੇ ਸਨ। ਗੁਰੂ ਨਾਨਕ ਜੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਤੱਕ ਹੋਰ ਕਿਸੇ ਵੀ ਗੁਰੂ ਸਾਹਿਬਾਨ ਨੇ ਨੌਵੇਂ ਗੁਰੂ ਜਿਤਨੀਆਂ ਲੰਮੀਆਂ ਯਾਤਰਾਵਾਂ ਵਿਸ਼ਵ ਕਲਿਆਣ ਹਿਤ ਨਹੀਂ ਕੀਤੀਆਂ। ਪੰਜਾਬ ਦੇ ਮਾਲਵਾ ਖੇਤਰ ਵਿੱਚ ਤਾਂ ਸਭ ਤੋਂ ਵੱਧ ਗੁਰਦੁਆਰੇ ਆਪ ਜੀ ਨਾਲ ਹੀ ਸੰਬੰਧਿਤ ਹਨ। ਖੇਤੀ ਪੱਖੋਂ ਪੱਛੜੇ ਇਸ ਖਿੱਤੇ ਵਿੱਚ ਗੁਰੂ ਜੀ ਨੇ ਸੰਗਤ ਦੇ ਚੜ੍ਹਾਵੇ ਦੀ ਰਕਮ ਨਾਲ ਆਪਣੇ ਵਲੋਂ ਹੋਰ ਮਾਇਆ ਦੇ ਕੇ ਵੀ ਖੂਹ, ਬਉਲੀਆਂ ਲਾਈਆਂ, ਜੌਹੜ ਪੁਟਵਾਏ ਖੂਹ ਗਹਿਰੇ ਕਰਵਾਕੇ ਮਿੱਠਾ ਪਾਣੀ ਕਢਵਾ ਕੇ ਲੋਕਾਂ ਨੂੰ ਰੋਗ ਸੋਗ ਮੁਕਤ ਕੀਤਾ। ਧਰਮਸ਼ਾਲਾਵਾਂ, ਗੁਰਦੁਆਰਿਆਂ ਦੀ ਉਸਾਰੀ ਕਰਵਾਈ। ਲੋੜਵੰਦਾਂ ਨੂੰ ਪਸ਼ੂ ਧਨ ਉਪਲਬਧ ਕਰਵਾ ਕੇ ਖੇਤੀ ਆਰਥਿਕਤਾ ਨੂੰ ਪੈਰਾਂ ਸਿਰ ਕੀਤਾ। ਉਹ ਮਜ਼੍ਹਬ, ਧਰਮ ਜਾ ਫਿਰਕੇ, ਰੰਗ, ਨਸਲ, ਲਿੰਗ, ਜਾਤ ਭੇਦ ਕਾਰਨ ਮਨੁੱਖਾਂ ਵਿੱਚ ਵੰਡੀਆਂ ਨਾ ਪਾ ਕੇ ਸਾਂਝੀਵਾਲਤਾ ਅਤੇ ਸੁਲਾਹਕੁਨ ਜੀਵਨ ਜਾਚ ਦਾ ਸੰਦੇਸ਼ ਦਿੰਦੇ ਸਨ।

ਕਸ਼ਮੀਰ ਵਿੱਚ ਘੱਟ ਗਿਣਤੀ ਵਾਲੇ ਹਿੰਦੂ ਭਾਈਚਾਰੇ ਉੱਤੇ ਧਾਰਮਕ ਕੱਟੜ ਪੰਥੀਆਂ ਵਲੋਂ ਹੋਏ ਹਮਲੇ ਅਤੇ ਇਸ ਹਮਲੇ ਨੂੰ ਦਿੱਲੀ ਦਰਬਾਰ ਦੀ ਸ਼ਹਿ ਅਤੇ ਹਮਾਇਤ ਹੋਣ ਸਦਕਾ ਗੁਰੂ ਸਾਹਿਬ ਨੇ ਕੇਂਦਰੀ ਸੱਤਾ ਨਾਲ ਟਕਰਾਉਣ ਦਾ ਰਸਤਾ ਚੁਣਿਆ ਅਤੇ ਆਪਣੇ ਤਿੰਨ ਅਤੀ ਪਿਆਰੇ ਸਿੱਖਾਂ ਭਾਈ ਸਤੀ ਦਾਸ, ਮਤੀ ਦਾਸ ਅਤੇ ਦਿਆਲ ਦਾਸ ਜੀ ਸਮੇਤ ਆਪਾ ਬਲੀਦਾਨ ਕਰ ਗਏ। ਇਸ ਤਰ੍ਹਾਂ ਆਪ ਦੁਨੀਆਂ ਵਿੱਚ ਮਨੁੱਖੀ ਅਧਿਕਾਰਾਂ ਦੇ ਇੱਕ ਪ੍ਰਬਲ ਹਮਾਇਤੀ ਵਜੋਂ ਜਾਣੇ ਗਏ, ਜਿਹੜੇ ਮੁਸੀਬਤ ਜ਼ਦਾ ਲੋਕਾਂ ਦੇ ਉਸ ਧਾਰਮਿਕ ਵਿਸ਼ਵਾਸ ਦੀ ਆਜ਼ਾਦੀ ਲਈ ਕੁਰਬਾਨ ਹੋਏ, ਜਿਹੜਾ ਵਿਸ਼ਵਾਸ ਹੁਣ ਉਨ੍ਹਾਂ ਦੇ ਧਰਮ ਦਾ ਹਿੱਸਾ ਨਹੀਂ ਸੀ।

ਇਸ ਮਹਾਨ ਬਲੀਦਾਨ ਦੀ ਨੀਂਹ ਵਿੱਚ ਅਸੀਂ ਗੁਰੂ ਸਾਹਿਬ ਦੀ ਬਾਣੀ ਨੂੰ ਵੇਖਦੇ ਹਾਂ ਜਿਹੜੀ ਮਨੁੱਖ ਦੇ ਮਨ ਵਿੱਚੋਂ ਸੁਖ ਸਾਧਨ, ਮਾਨ ਸਨਮਾਨ, ਨਿਰਧਨਤਾ ਜਾਂ ਧਨ ਦੌਲਤ, ਹਰਖ ਸੋਗ ਅਤੇ ਜੀਵਨ ਮਰਨ ਦੇ ਫਰਕ ਨੂੰ ਮਿਟਾਉਣ ਵਾਲੀ ਹੈ। ਉਹ ਸੰਸਾਰ ਦੀ ਤੁਲਨਾ ਰੇਤ ਦੀ ਕੰਧ ਨਾਲ ਕਰਦਿਆਂ, ਦੁਨਿਆਵੀ ਸੁਖ ਸਾਧਨਾਂ ਨੂੰ ਵੀ ਬਿਨਸਣ ਵਾਲੇ ਦੱਸਦੇ ਹਨ। ਪਰਮੇਸ਼ਰ ਦਾ ਸਿਮਰਨ ਕਰਨ ਨਾਲ ਹੀ ਮਨ ਦੀ ਮੱਤ ਤੇ ਕਾਬੂ ਪਾ ਕੇ ਗੁਰਮਤਿ ਧਾਰਨ ਕੀਤੀ ਜਾ ਸਕਦੀ ਹੈ-

ਸੋਰਠਿ ਮਹਲਾ ੯ ॥
ਰੇ ਨਰ ਇਹ ਸਾਚੀ ਜੀਅ ਧਾਰਿ ॥
ਸਗਲ ਜਗਤੁ ਹੈ ਜੈਸੇ ਸੁਪਨਾ
ਬਿਨਸਤ ਲਗਤ ਨ ਬਾਰ ॥ 1 ॥ ਰਹਾਉ ॥
ਬਾਰੂ ਭੀਤਿ ਬਨਾਈ ਰਚਿ ਪਚਿ
ਰਹਿਤ ਨਹੀ ਦਿਨ ਚਾਰਿ ॥
ਤੈਸੇ ਹੀ ਇਹ ਸੁਖ ਪਾਇਆ
ਜੇ ਉਰਝਿਓ ਕਹਾ ਗਵਾਰ ॥ 1 ॥
ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ
ਭਜਿ ਲੈ ਨਾਮੁ ਮੁਰਾਰਿ ॥
ਕਹੁ ਨਾਨਕ ਨਿਜ ਮਤੁ ਸਾਧਨ
ਕਉ ਭਾਖਿਓ ਤੋਹਿ ਪੁਕਾਰਿ ॥ 2 ॥ 8 ॥

ਦੁਨਿਆਵੀ ਕਸ਼ਟਾਂ ਵਿੱਚ, ਸੁਖ ਦੁਖ ਵਿੱਚ, ਪ੍ਰਾਪਤੀ ਜਾਂ ਅਪ੍ਰਾਪਤੀ ਵਿੱਚ, ਨਿੰਦਿਆਂ ਉਸਤਤ, ਖੁਸ਼ੀ ਗਮੀ, ਖਾਹਿਸ਼ਾਂ ਲਾਲਸਾਵਾਂ, ਸਰੀਰਕ ਭੋਗਾਂ ਤੋਂ ਉਪਰਾਮਤਾ, ਮਨ ਬਿਰਤੀਆਂ ਦੀ ਅਡੋਲਤਾ ਅਤੇ ਹਰ ਰੰਗ ਵਿੱਚ ਇੱਕੋ ਜਿਹੀ ਬਿਰਤੀ ਧਾਰਨ ਕਰਨ ਵਾਲਾ ਹੀ ਇੱਕ ਜਾਗ੍ਰਿਤ ਮਨੁੱਖ ਬਣਕੇ, ਪਰਮੇਸ਼ਰ ਦਾ ਹੀ ਰੂਪ ਬਣ ਜਾਂਦਾ ਹੈ-

ਸੋਰਠਿ ਮਹਲਾ ੯ ॥
ਜੋ ਨਰੁ ਦੁਖ ਮੈ ਦੁਖ ਨਹੀ ਮਾਨੈ ॥
ਸੁਖ ਸਨੇਹੁ ਅਰੁ ਭੈ ਨਹੀ
ਜਾ ਕੈ ਕੰਚਨ ਮਾਟੀ ਮਾਨੈ ॥ 1 ॥ ਰਹਾਉ ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥

ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਿਨ
ਤਿਹ ਘਟ ਬ੍ਰਹਮ ਨਿਵਾਸਾ॥2॥
ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਨ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ॥3॥11॥

ਗੁਰੂ ਸਾਹਿਬ ਮਨੁੱਖਾ ਜੀਵਨ ਦੀ ਤੁਲਨਾ ਇੱਕ ਟੁੱਟੇ ਹੋਏ ਘੜੇ ਨਾਲ ਕਰਦੇ ਹਨ, ਜਿਸ ਵਿੱਚੋਂ ਸਾਹ ਰੂਪੀ ਪਾਣੀ ਹਰ ਛਿਨ ਝਰਦਾ ਜਾ ਰਿਹਾ ਹੈ। ਜਦੋਂ ਜਾਗੋ ਉਦੋਂ ਸਵੇਰਾ ਦੇ ਅਨੁਰੂਪ ਉਹ ਮਨੁੱਖ ਨੂੰ ਜੀਵਨ ਦੇ ਅਸਲ ਮਕਸਦ, ਉੱਚ ਆਤਮਿਕ ਅਵਸਥਾ ਨਾਲ ਜੁੜਨ ਦਾ ਸੰਦੇਸ਼ ਦਿੰਦੇ ਹਨ-

ਤਿਲੰਗ ਮਹਲਾ ੯ ਕਾਫੀ
ੴ ਸਤਿਗੁਰ ਪ੍ਰਸਾਦਿ॥
ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥
ਛਿਨੁ ਛਿਨੁ ਅਉਧ ਬਿਹਾਤੁ ਹੈ
ਫੂਟੈ ਘਟ ਜਿਉ ਪਾਨੀ॥1॥ਰਹਾਉ॥
ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥
ਝੂਠੈ ਲਾਲਚਿ ਲਾਗਿ ਕੈ ਨਹਿ ਮਰਨ ਪਛਾਨ॥1॥
ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ॥
ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ॥2॥1॥

ਗੁਰੂ ਜੀ ਭਾਰਤੀ ਪੌਰਾਣਿਕ ਸਾਹਿਤ ਦੀਆਂ ਮਿਸਾਲਾਂ ਦੁਆਰਾ ਸਮਝਾਉਂਦੇ ਹਨ ਕਿ ਕਨੌਜ ਦੇ ਇੱਕ ਬ੍ਰਾਹਮਣ ਅਜਾਮਲ ਨੇ ਵਿਕਾਰਾਂ ਤੋਂ ਪਿੱਛਾ ਛੁਡਾਇਆ ਅਤੇ ਇੱਕ ਵੇਸਵਾ ਜੋ ਸਦਾ ਪਾਪ ਕਰਮਾਂ ਵਿੱਚ ਲੀਨ ਰਹਿੰਦੀ ਸੀ, ਰਾਮ ਨਾਮ ਦੇ ਸਿਮਰਨ ਨਾਲ ਉਨ੍ਹਾਂ ਦੀ ਬਿਰਤੀ ਸਾਤਵਿਕ ਹੋ ਗਈ ਅਤੇ ਉਹਨਾਂ ਸਾਰਿਆਂ ਨੂੰ ਮੁਕਤ ਅਵਸਥਾ ਮਿਲ ਗਈ। ਇਸ ਲਈ ਮਨ ਨੂੰ ਵਿਕਾਰਾਂ ਤੋਂ ਰਹਿਤ ਕਰਨ ਲਈ ਸਾਨੂੰ ਉੱਚੇ ਨਿਸ਼ਾਨੇ ਨਿਰਧਾਰਿਤ ਕਰਕੇ ਮਨ ਨੂੰ ਮੰਦੀਆਂ ਵਾਸਨਾਵਾਂ ਤੋਂ ਉੱਪਰ ਚੁੱਕਣਾ ਪੈਂਦਾ ਹੈ। ਸਿਦਕ ਭਰੋਸੇ ਨਾਲ ਕੀਤੀ ਅਰਾਧਨਾ ਮਨੁੱਖ ਨੂੰ ਲੱਜਿਤ ਹੋਣ ਵਾਲੀ ਅਵਸਥਾ ਵਿੱਚੋਂ ਉਸੇ ਤਰ੍ਹਾਂ ਬਚਾ ਲੈਂਦੀ ਹੈ, ਜਿਵੇਂ ਦਰੋਪਦੀ ਨੂੰ ਕੌਰਵਾਂ ਦੀ ਰਾਜ ਸਭਾ ਵਿੱਚ ਅਪਮਾਨਿਤ ਹੋਣ ਤੋਂ ਸ੍ਰੀ ਕ੍ਰਿਸ਼ਨ ਨੇ ਕੱਪੜ ਕੋਟ ਉਸਾਰ ਕੇ ਬਚਾ ਲਿਆ ਸੀ। ਇਸ ਲਈ ਮਨੁੱਖ ਦੇ ਕਰਨ ਵਾਲੇ ਕਾਰਜ ਉਹ ਹੀ ਹੋਣੇ ਚਾਹੀਦੇ ਹਨ, ਜਿਹਨਾਂ ਦੇ ਕੀਤਿਆਂ ਪਛਤਾਉਣਾ ਨਾ ਪਵੇ। ਪਰਮੇਸ਼ਰ ਦੇ ਨਾਮ ਜਪਣ ਦਾ ਅਰਥ ਹੈ ਆਪਣੇ ਆਪ ਨੂੰ ਲੋਕ ਕਲਿਆਣ ਲਈ ਸਮਰਪਿਤ ਕਰ ਦੇਣਾ-

ੴ ਸਤਿਗੁਰ ਪ੍ਰਸਾਦਿ॥ ਮਾਰੂ ਮਹਲਾ ੯॥
ਹਰਿ ਕੋ ਨਾਮੁ ਸਦਾ ਸੁਖਦਾਈ॥
ਜਾ ਕਉ ਸਿਮਰਿ ਅਜਾਮਲੁ ਉਧਰਿਓ
ਗਨਿਕਾ ਹੂ ਗਤਿ ਪਾਈ॥1॥ਰਹਾਉ॥
ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ॥
ਤਾ ਕੋ ਦੂਖੁ ਹਰਿਓ ਕਰੁਣਾ ਮੈ ਅਪਨੀ ਪੈਜ ਬਢਾਈ॥1॥
ਜਿਹ ਨਰ ਜਸੁ ਕ੍ਰਿਪਾ ਨਿਧਿ ਗਾਇਓ
ਤਾ ਕਉ ਭਇਓ ਸਹਾਈ॥
ਕਹੁ ਨਾਨਕ ਮੈ ਇਹੀ ਭਰੋਸੈ
ਗਹੀ ਆਨਿ ਸਰਨਾਈ॥2॥1॥

ਗੁਰੂ ਤੇਗ ਬਹਾਦਰ ਸਾਹਿਬ ਜਿਸ ਮੋਹ ਮਮਤਾ, ਦੁਨਿਆਵੀ ਪਦਾਰਥ, ਮਾਨ ਸਨਮਾਨ ਆਦਿ ਤੋਂ ਮਨੁੱਖ ਨੂੰ ਰਤਾ ਉਪਰ ਉਠਣ ਦਾ ਉਪਦੇਸ਼ ਦਿੰਦੇ ਹਨ, ਉਸ ਤੇ ਚੱਲਦਿਆਂ ਆਪ ਸਹਿਜ ਅਵਸਥਾ ਨੂੰ ਪ੍ਰਾਪਤ ਕਰ ਲੈਂਦੇ ਹਨ। ਇਸ ਅਵਸਥਾ ਵਿੱਚ ਮਨ ਦੇ ਸਾਰੇ ਭਰਮ ਭੁਲੇਖੇ, ਜੰਮਣ ਮਰਨ ਦਾ ਭੈਅ ਦੂਰ ਹੋ ਜਾਂਦੇ ਹਨ। ਜਦੋਂ ਸਰੀਰ ਨੇ ਥਿਰ ਹੀ ਨਹੀਂ ਰਹਿਣਾ ਫਿਰ ਇਸ ਨਾਲ ਮੋਹ ਸਨੇਹ ਕੇਹਾ ਹੈ। ਨਾਮ ਦੀ ਪਰਾਪਤੀ, ਆਪਾ ਚੀਨਣ ਦਾ ਮਾਰਗ ਹੈ ਜਿੱਥੇ ਤੇਰ ਮੇਰ ਮਿਟ ਜਾਂਦੀ ਹੈ ਤੇ ਸਾਰੀ ਸ੍ਰਿਸ਼ਟੀ ਤੇ ਉਸਦੀ ਕੁਲ ਮਖਲੂਕਾਤ ਇੱਕੋ ਨੂਰ ਤੋਂ ਰੋਸ਼ਨ ਹੋਈ ਦਿਸਦੀ ਹੈ।

ਰਾਗ ਬਸੰਤ ਹਿਡੋਲ ਮਹਲਾ ੯॥
ਸਾਧੋ ਇਹੁ ਤਨੁ ਮਿਥਿਆ ਜਾਨਉ॥
ਯਾ ਭੀਤਰਿ ਜੋ ਰਾਮੁ ਬਸਤੁ ਹੈ
ਸਾਚੋ ਤਾਹਿ ਪਛਾਨੋ॥1॥ਰਹਾਉ॥
ਇਹੁ ਜਗੁ ਹੈ ਸੰਪਤਿ ਸੁਪਨੇ ਕੀ ਦੇਖਿ ਕਹਾ ਐਡਾਨੋ॥
ਸੰਗਿ ਤਿਹਾਰੈ ਕਛੂ ਨ ਚਾਲੈ ਤਾਹਿ ਕਹਾ ਲਪਟਾਨੋ॥1॥
ਉਸਤਤਿ ਨਿੰਦਾ ਦੋਊ ਪਰਹਰਿ ਹਰਿ ਕੀਰਤਿ ਉਰਿ ਆਨੋ॥
ਜਨ ਨਾਨਕ ਸਭ ਹੀ ਮੈ ਪੂਰਨ ਏਕ ਪੁਰਖ ਭਗਵਾਨੋ॥

ਮਨ ਟਿਕਾਉ ਵਿੱਚ ਆ ਗਿਆ ਤਾਂ ਖੇੜੇ ਵਿੱਚ ਆ ਗਿਆ। ਇਧਰ ਉਧਰ ਦੀਆਂ ਭਟਕਣਾਂ ਮੁੱਕ ਗਈਆਂ। ਹਰੀ ਦਾ ਨਾਮ ਹਿਰਦੇ ਵਿੱਚ ਉਦੋਂ ਹੀ ਟਿਕਦਾ ਹੈ, ਜਦੋਂ ਦੁਈ ਦਵੈਤ ਅਤੇ ਮੋਹ ਮਮਤਾ ਦੇ ਪਏ ਹੋਏ ਪਰਦੇ ਹਿਰਦੇ ਤੋਂ ਉਤਰ

ਜਾਂਦੇ ਹਨ। ਮਨੁੱਖ ਆਪਣੇ ਆਪ ਨੂੰ ਇਸ ਮਹਾਂਨੂਰ ਦੀ ਇੱਕ ਅੰਸ਼ ਸਮਝ ਕੇ ਸਮੁੱਚੀ ਕਾਇਨਾਤ ਨਾਲ ਇੱਕਸੁਰ ਹੋ ਜਾਂਦਾ ਹੈ। ਉਹ ਨੇਕੀ ਦਾ ਮੁਜੱਸਮਾਂ ਬਣ ਜਾਂਦਾ ਹੈ, ਬਦੀ ਉਸ ਤੋਂ ਕੋਹਾਂ ਦੂਰ ਤੁਰ ਜਾਂਦੀ ਹੈ।

ਬਸੰਤ ਮਹਲਾ ੯॥
ਮਾਈ ਮੈ ਧਨੁ ਪਾਇਓ ਹਰਿ ਨਾਮੁ॥
ਮਨੁ ਮੇਰੋ ਧਾਵਨ ਤੇ ਛੂਟਿਓ
ਕਰਿ ਬੈਠੋ ਬਿਸਰਾਮੁ॥1॥ਰਹਾਉ॥
ਮਾਇਆ ਮਮਤਾ ਤਨ ਤੇ ਭਾਗੀ
ਉਪਜਿਓ ਨਿਰਮਲ ਗਿਆਨੁ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ॥1॥

ਗੁਰੂ ਸਾਹਿਬ ਆਪਣੇ ਸ਼ਬਦਾਂ ਜਿਉਂ ਹੀ ਆਪਣੇ ਸਲੋਕਾਂ ਵਿੱਚ ਵੀ ਮਨੁੱਖ ਨੂੰ ਉਸਦਾ ਸਮਾਂ ਤੇਜ਼ੀ ਨਾਲ ਬੀਤ ਜਾਣ ਦਾ ਅਹਿਸਾਸ ਕਰਾਉਂਦਿਆਂ, ਜੀਵਨ ਮਕਸਦ ਦੇ ਉੱਚੇ ਨਿਸ਼ਾਨੇ ਯਾਦ ਕਰਾਉਂਦੇ ਹਨ-

ਤਰਨਾਪੋ ਇਉ ਹੀ ਗਇਓ ਲੀਓ ਜਰਾ ਤਨੁ ਜੀਤਿ॥
ਕਹੁ ਨਾਨਕ ਭਜੁ ਹਰਿ ਮਨਾ ਅਉਧ ਜਾਤੁ ਹੈ ਬੀਤਿ॥3॥

ਮਨੁੱਖ ਸਾਰੀ ਉਮਰ ਧੀਆਂ ਪੁੱਤਰਾਂ ਅਤੇ ਆਪਣੇ ਧਨ ਪਦਾਰਥ ਦੇ ਨਸ਼ਟ ਹੋ ਜਾਣ ਦੀ ਚਿੰਤਾ ਵਿੱਚ ਗ੍ਰਸਿਆ ਰਹਿੰਦਾ ਹੈ ਪਰ ਗੁਰੂ ਜੀ ਇਹਨਾਂ ਸਭ ਨਾਲੋਂ ਇੱਕ ਦਿਨ ਮਨੁੱਖ ਦੇ ਪੈਣ ਵਾਲੇ ਵਿਛੋੜੇ ਦੀ ਯਾਦ ਕਰਾ ਕੇ ਉਸ ਨੂੰ ਨੇਕੀ ਅਤੇ ਉਪਕਾਰ ਦੇ ਰਸਤੇ ਚੱਲਣ ਦੀ ਸਿੱਖਿਆ ਦਿੰਦੇ ਹਨ

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨ॥
ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨ॥5॥

ਮਨੁੱਖ ਦਾ ਸਰੀਰ ਪਾਣੀ, ਮਿੱਟੀ, ਅੱਗ, ਹਵਾ ਅਤੇ ਆਕਾਸ਼ ਪੰਜ ਤੱਤਾਂ ਦਾ ਬਣਿਆ ਹੈ ਅਤੇ ਅਖੀਰ ਇਹਨਾਂ ਤੱਤਾਂ ਵਿੱਚ ਹੀ ਸਮਾ ਜਾਂਦਾ ਹੈ, ਇਸ ਤਰ੍ਹਾਂ ਆਪ ਜਨਮ ਮਰਨ ਜਿਹੇ ਗੁੰਝਲਦਾਰ ਮਸਲੇ ਦੀ ਸਰਲ ਤੇ ਸਪਸ਼ਟ ਵਿਆਖਿਆ ਕਰਦੇ ਹਨ-

ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥
ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ॥11॥

ਗੁਰੂ ਜੀ ਦੇ ਜੀਵਨ ਫਲਸਫੇ ਦਾ ਸਾਰ ਇਹਨਾਂ ਸਲੋਕਾਂ ਵਿੱਚ ਵੇਖਿਆ ਜਾ ਸਕਦਾ ਹੈ-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥16॥

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥
ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥51॥

ਅਠਾਰਵੀਂ ਸਦੀ ਅਤੇ ਉਸ ਤੋਂ ਬਾਅਦ ਵੀ ਸਿੱਖ ਜਗਤ ਨੇ ਸੱਤਾਧਾਰੀਆਂ ਨਾਲ ਟੱਕਰਾਂ ਲੈਂਦੇ ਹੋਏ, ਜੋ ਮਹਾਨ ਸ਼ਹਾਦਤਾਂ ਦਿੱਤੀਆਂ, ਉਹਨਾਂ ਲਈ ਪ੍ਰੇਰਨਾ ਸਰੋਤ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤੇ ਰਚਨਾ ਸੀ। ਅੱਜ ਵੀ ਸੰਤੁਲਿਤ ਜੀਵਨ ਜਾਚ ਬਿਤਾਉਣ ਲਈ ਇਹ ਬਾਣੀ ਰਾਹ ਵਿਖਾਉਂਦੀ ਹੈ। ਗੁਰੂ ਜੀ ਦੇ ਮਹਾਨ ਬਲੀਦਾਨ ਬਾਰੇ, ਆਪ ਦੇ ਸਪੁੱਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿੱਤਰ ਨਾਟਕ' ਵਿੱਚ ਬੜਾ ਸਟੀਕ ਵਰਨਣ ਕੀਤਾ ਹੈ-

ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥
ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕਿਯਾ ਪਯਾਨ॥
ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਆ ਪਰ ਸੀ ਨ ਉਚਰੀ॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸ ਦੀਆ ਪਰ ਸਿਸਰੁ ਨ ਦੀਆ॥

ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨਾਲ ਉਨ੍ਹਾਂ ਦੀ ਮਾਨਵਵਾਦੀ ਸੋਚ ਦਾ ਡੰਕਾ, ਧਾਰਮਿਕ ਕੱਟੜਤਾ ਵਿੱਚ ਗ੍ਰਸੇ, ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਵਾਲੇ ਤਾਜਦਾਰਾਂ ਦੇ ਸਿਰ ਚੜ੍ਹ ਕੇ ਵੱਜਣ ਲੱਗ ਪਿਆ। ਉਹ ਅਨੇਕਤਾ ਵਿੱਚ ਏਕਤਾ ਦੇ ਹਾਮੀ ਸਨ। ਉਹ ਮਾਨ ਅਪਮਾਨ, ਸੁਖ ਦੁਖ ਹਰਖ ਸੋਗ, ਨਿੰਦਾ ਉਸਤਤਿ, ਸੋਨਾ ਅਤੇ ਮਿੱਟੀ ਵਿੱਚ ਸਮਾਨ ਭਾਵ ਨਾਲ ਵਿਚਰਨ ਦੇ ਸਮਰੱਥ ਸਨ ਅਤੇ ਆਪਣੇ ਸਿੱਖਾਂ ਨੂੰ ਵੀ ਅਜਿਹਾ ਬਣਨ ਦਾ ਉਪਦੇਸ਼ ਦਿੰਦੇ ਸਨ। ਗੁਰੂ ਸਾਹਿਬ ਦੀ ਸਿੱਖਿਆ, ਅਜੋਕੇ ਭਾਰਤੀ ਸਮਾਜ ਦੀ ਵੰਨ ਸੁਵੰਨਤਾ ਦੀ ਜ਼ਾਮਨ ਹੈ।

.......................................................

# ਗੁਰੂ ਤੇਗ਼ ਬਹਾਦਰ ਬਾਣੀ- ਸ਼ਹਾਦਤ ਦੀ ਸਾਖੀ




ਸਵਰਾਜਬੀਰ

ਚਿੰਤਕ, ਕਵੀ, ਨਾਟਕ ਕਾਰ,

ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ,

ਸੇਵਾ ਮੁਕਤ ਉੱਚ ਪ੍ਰਸ਼ਾਸ਼ਨਿਕ ਅਧਿਕਾਰੀ


ਚਿਤ ਚਰਨ ਕਮਲ ਕਾ ਆਸਰਾ ਚਿਤ ਚਰਨ ਕਮਲ ਸੰਗ ਜੋੜੀਐ॥
ਮਨ ਲੋਚੇ ਬੁਰਿਆਈਆਂ ਗੁਰ ਸ਼ਬਦੀ ਇਹ ਮਨ ਹੋੜੀਐ॥
ਬਾਂਹੀ ਜਿਨਾਂ ਦੀ ਪਕੜੀਏ ਸਿਰ ਦੀਜੈ ਬਾਂਹਿ ਨਾ ਛੋੜੀਐ॥
ਤੇਗ ਬਹਾਦਰ ਬੋਲਿਆ ਧਰ ਪਈਐ ਧਰਮ ਨਾ ਛੋੜੀਐ॥

-ਕੇਸੋ ਭੱਟ

ਇਤਿਹਾਸਕ ਹਵਾਲੇ ਤੋਂ ਪ੍ਰਮਾਣਿਕ ਰੂਪ ਵਿਚ ਇਹ ਗਵਾਹੀ ਮਿਲਦੀ ਹੈ ਕਿ ਸਿੱਖਾਂ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨਾਲ ਵੱਡੀ ਪੱਧਰ 'ਤੇ ਰੋਸ ਅਤੇ ਬਦਲਾ ਲੈਣ ਦੀ ਭਾਵਨਾ ਪਣਪੀ। ਸਾਕੀ ਮੁਸਤਾਅਦ ਖਾਂ 'ਮੁਆਸਿਰਿ ਆਲਮਗੀਰੀ' ਵਿਚ ਔਰੰਗਜ਼ੇਬ ਦੀ ਤਖਤ-ਨਸ਼ੀਨੀ ਦੇ ਉਨੀਵੇਂ ਸਾਲ ਦੇ ਹਾਲ ਦੱਸਦਿਆਂ ਲਿਖਦਾ ਹੈ, "19 ਤਾਰੀਖ (1086 ਹਿਜਰੀ ਦੇ ਸ਼ਾਬਾਂ ਮਹੀਨੇ ਦਾ 19 ਵਾਂ ਦਿਨ-27 ਅਕਤੂਬਰ 1676) ਨੂੰ ਸ਼ਹਿਨਸ਼ਾਹ ਦੀ ਸਵਾਰੀ ਜਾਮਾ ਮਸਜਿਦ ਤੋਂ ਵਾਪਸ ਆ ਰਹੀ ਸੀ। ਜਦ ਸ਼ਹਿਨਸ਼ਾਹ ਕਿਸ਼ਤੀ ਤੋਂ ਉੱਤਰ ਕੇ ਤਖਤਿ-ਰਵਾਂ 'ਤੇ ਸਵਾਰ ਹੋ ਰਹੇ ਸਨ ਤਾਂ ਇੱਕ ਬਦਕਿਸਮਤ ਸਿਰਫਿਰੇ ਨੇ ਜੋ ਗੁਰੂ ਤੇਗ਼ ਬਹਾਦਰ ਦਾ ਚੇਲਾ ਸੀ, ਦੋ ਇੱਟਾਂ ਸੁੱਟੀਆਂ ਜਿਨ੍ਹਾਂ ਵਿਚੋਂ ਇੱਕ ਤਖਤ 'ਤੇ ਡਿੱਗੀ ।ਲੌ ਦੇ ਪਿਆਦਿਆਂ ਨੇ ਉਸ ਨੂੰ ਫੜ ਕੇ ਕੋਤਵਾਲ ਦੇ ਹਵਾਲੇ ਕਰ ਦਿੱਤਾ।" ਇਹ ਸਿੱਧ ਕਰਦਾ ਹੈ ਕਿ ਗੁਰੂ ਜੀ ਦੀ ਸ਼ਹਾਦਤ ਦੇ ਲਗਭੱਗ ਇਕ ਸਾਲ ਦੇ ਵਿਚ ਵਿਚ ਸਿੱਖਾਂ ਨੇ ਔਰੰਗਜ਼ੇਬ ਨੂੰ ਮਾਰਨ ਦਾ ਯਤਨ ਕੀਤਾ। ਡਾ. ਫੌਜਾ ਸਿੰਘ ਅਨੁਸਾਰ ਇਸ ਘਟਨਾ ਤੋਂ ਉਸ 'ਰੋਹ ਤੇ ਤੈਸ਼ ਦਾ ਸੰਕੇਤ ਮਿਲਦਾ ਹੈ ਜੋ ਗੁਰੂ ਜੀ ਦੀ ਸ਼ਹੀਦੀ ਕਾਰਨ ਸਿੱਖਾਂ ਵਿਚ ਪੈਦਾ ਹੋ ਗਿਆ ਸੀ।" ਗੁਰੂ ਸਾਹਿਬ ਦੇ ਉਸ ਸਿੱਖ ਨੂੰ ਨਿਸ਼ਚੇ ਹੀ ਸ਼ਹੀਦ ਕਰ ਦਿੱਤਾ ਗਿਆ ਹੋਵੇਗਾ। ਆਗਰੇ ਤੇ ਦਿੱਲੀ ਨੂੰ ਰਾਜਧਾਨੀ ਬਣਾ ਕੇ ਉੱਤਰੀ

ਭਾਰਤ ਤੋਂ ਆਪਣੀ ਬਾਦਸ਼ਾਹਤ ਨੂੰ ਹੋਰ ਅਗਾਂਹ ਵਧਾਉਣ ਲਈ ਮੁਗ਼ਲ ਬਾਦਸ਼ਾਹਾਂ ਲਈ ਇਹ ਗੱਲ ਕੇਂਦਰੀ ਸੀ ਕਿ ਪੰਜਾਬ ਅਤੇ ਅਫਗਾਨਿਸਤਾਂਨ ਵਿਚ ਉਨ੍ਹਾਂ ਦੀ ਹਕੂਮਤ ਮਜ਼ਬੂਤ ਰਹੇ। ਅਫਗਾਨਿਸਤਾਂਨ ਤੇ ਪੰਜਾਬ ਵਿਚ ਹੁੰਦੀਆਂ ਬਗ਼ਾਵਤਾਂ 'ਤੇ ਕਾਬੂ ਪਾਉਣ ਲਈ ਅਕਬਰ ਨੇ 1584 ਈਸਵੀ ਤੋਂ 1598 ਈ. ਤੱਕ ਲਾਹੌਰ ਨੂੰ ਰਾਜਧਾਨੀ ਬਣਾਇਆ। ਜਹਾਂਗੀਰ ਨੇ ਵੀ ਲੰਮਾ ਸਮਾਂ ਲਾਹੌਰ ਵਿਚ ਗੁਜ਼ਾਰਿਆ। ਆਗਰਾ/ਦਿੱਲੀ ਤੋਂ ਹਕੂਮਤ ਕਰਨ ਲਈ ਪੰਜਾਬ ਅਤੇ ਅਫਗਾਨਿਸਤਾਂਨ ਵਿਚ ਅਮਨ ਅਮਾਂ ਹੋਣਾ ਮੁਗ਼ਲ ਹਕੂਮਤ ਦਾ ਇਕ ਕੇਂਦਰੀ ਸਰੋਕਾਰ ਸੀ। ਸਿੱਖ ਧਰਮ ਦਾ ਸ਼ੁਰੂ ਤੋਂ ਹੀ ਮੁਗ਼ਲ ਸਿਆਸਤ ਨਾਲ ਟਾਕਰਾ ਸ਼ੁਰੂ ਹੋ ਗਿਆ ਸੀ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੇ ਹਮਲੇ ਨੂੰ 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਂਨ ਡਰਾਇਆ'' ਕਿਹਾ ਸੀ। ਅਕਬਰ ਨੇ ਸੁਲਾਹਕੁਲ ਦੀ ਆਪਣੀ ਨੀਤੀ ਅਨੁਸਾਰ ਸਿੱਖ ਗੁਰੂਆਂ ਨਾਲ ਚੰਗੇ ਰਿਸ਼ਤੇ ਕਾਇਮ ਕੀਤੇ, ਪਰ ਜਹਾਂਗੀਰ ਦੇ ਸਮੇਂ ਤੋਂ ਸਿੱਖਾਂ ਤੇ ਮੁਗ਼ਲਾਂ ਵਿਚਕਾਰ ਟੱਕਰ ਹੋਣੀ ਸ਼ੁਰੂ ਹੋ ਗਈ। ਤੁਜ਼ਕ-ਏ-ਜਹਾਂਗੀਰੀ ਵਿਚ ਜਹਾਂਗੀਰ ਖੁਦ ਸਵੀਕਾਰ ਕਰਦਾ ਹੈ ਕਿ ਉਹ ਗੋਇੰਦਵਾਲ ਸਾਹਿਬ, ਜੋ ਸਿੱਖੀ ਦਾ ਕੇਂਦਰ ਸੀ, 'ਤੇ ਨਜ਼ਰ ਰੱਖ ਰਿਹਾ ਸੀ ਅਤੇ ਉਸ ਨੂੰ ਇਸ ਗੱਲ ਦਾ ਇਲਮ ਤੇ ਖੁੰਦਕ ਸੀ ਕਿ ਗੁਰੂ ਅਰਜਨ ਦੇਵ ਜੀ ਨੇ ਉਸ ਦੇ ਬਾਗ਼ੀ ਪੁੱਤਰ ਖੁਸਰੋ ਦੀ ਸਹਾਇਤਾ ਕੀਤੀ ਸੀ। ਤੁਜ਼ਕ-ਏ-ਜਹਾਂਗੀਰੀ ਅਨੁਸਾਰ ਬਾਦਸ਼ਾਹ ਨੇ ਮੁਰਤਜ਼ਾ ਖਾਂ ਨੂੰ ਨਿਯਤ ਕੀਤਾ ਕਿ ਗੁਰੂ ਸਾਹਿਬ ਦੀ ਜਾਇਦਾਦ 'ਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਤਸੀਹੇ ਦੇ ਕੇ ਮਾਰਿਆ ਜਾਵੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸਿੱਖ ਪੰਥ ਵਿਚ ਮੁਗ਼ਲਾਂ ਨਾਲ ਲੋਹਾ ਲੈਣ ਦੇ ਬੀਜ ਪੈਦਾ ਹੁੰਦੇ ਹਨ। ਇਸ ਉਥਲ ਪੁਥਲ ਨੂੰ ਗਹੁ ਨਾਲ ਵਾਚੀਏ ਤਾਂ ਅਸੀਂ ਮੁਗ਼ਲ ਰਿਆਸਤ/ਸਟੇਟ ਅਤੇ ਪੰਜਾਬ ਵਿਚ ਹੋ ਰਹੇ ਸਿੱਖੀ ਦੇ ਫੈਲਾਉ ਵਿਚਕਾਰ ਰਿਸ਼ਤਿਆਂ ਦੇ ਬਾਰੇ ਕਈ ਨਤੀਜਿਆਂ 'ਤੇ ਪਹੁੰਚ ਸਕਦੇ ਹਾਂ। ਅਸੀਂ ਕਹਿ ਸਕਦੇ ਹਾਂ ਕਿ ਗੁਰੂ ਅਰਜਨ ਦੇਵ ਜੀ ਦੇ ਸਮਿਆਂ ਤੋਂ ਮੁਗ਼ਲ ਬਾਦਸ਼ਾਹਤ ਜਾਣਦੀ ਸੀ ਕਿ ਸਿੱਖ ਧਰਮ ਕਾਰਨ ਪੰਜਾਬ ਵਿਚ ਖਾਸ ਤਰ੍ਹਾਂ ਦੀਆਂ ਸਮਾਜਿਕ ਤਬਦੀਲੀਆਂ ਆ ਰਹੀਆਂ ਹਨ ਜਿਨ੍ਹਾਂ ਕਾਰਨ ਹਕੂਮਤ ਵਿਰੁੱਧ ਬਗ਼ਾਵਤ ਦੀਆਂ ਕਰੂੰਬਲਾਂ ਫੁੱਟ ਸਕਦੀਆਂ ਹਨ ਅਤੇ ਇਸ ਤੱਥ ਦੀ ਗਵਾਹੀ ਤੁਜ਼ਕ-ਏ-ਜਹਾਂਗੀਰੀ 'ਚੋਂ ਮਿਲਦੀ ਹੈ। ਜਦ ਆਦਿ ਗ੍ਰੰਥ ਜਿਹੀ ਮਹੱਤਵਪੂਰਨ ਪੋਥੀ ਦੀ ਸੰਪਾਦਨਾ ਹੁੰਦੀ ਹੈ ਤਾਂ ਵੇਲੇ ਦੀ ਹਕੂਮਤ ਅਜਿਹੀ ਪੋਥੀ ਦੇ ਸਮਾਜਿਕ ਅਤੇ ਇਤਿਹਾਸਕ ਮਹੱਤਵ ਤੋਂ ਅਣਜਾਣ ਨਹੀਂ ਹੋ ਸਕਦੀ ਹਕੂਮਤਾਂ ਸਮਾਜ ਵਿਚ ਏਕਤਾ ਪੈਦਾ ਕਰਨ ਵਾਲੇ ਯਤਨਾਂ ਤੇ ਇਰਾਦਿਆਂ ਤੋਂ ਹਮੇਸ਼ਾ ਡਰਦੀਆਂ ਤੇ ਉਨ੍ਹਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰਦੀਆਂ ਹਨ।

ਗੁਰੂ ਹਰਗੋਬਿੰਦ ਸਾਹਿਬ ਨੂੰ ਜਹਾਂਗੀਰ ਦੇ ਹੁਕਮਾਂ ਨਾਲ ਗਵਾਲੀਅਰ ਵਿਚ ਕੈਦ ਰੱਖਿਆ ਗਿਆ। ਗੁਰੂ ਸਾਹਿਬ ਦੇ ਸਮਿਆਂ ਤੋਂ ਸਿੱਖਾਂ ਨੇ ਸ਼ਸਤਰ ਰੱਖਣੇ ਸ਼ੁਰੂ ਕੀਤੇ। ਗੁਰੂ ਸਾਹਿਬ ਦੇ ਮੁਗ਼ਲ ਹਕੂਮਤ ਨਾਲ ਰਿਸ਼ਤੇ ਜਟਿਲ ਰਹੇ। ਉਨ੍ਹਾਂ ਨੂੰ ਕੈਦ ਵਿਚ ਰੱਖਿਆ ਗਿਆ, ਬਾਅਦ ਵਿਚ ਰਿਸ਼ਤੇ ਕੁਝ ਸੁਧਰੇ, ਪਰ ਉਸ ਤੋਂ ਬਾਅਦ ਮੁਗਲ ਫੌਜ ਨਾਲ ਸਥਾਨਕ ਪੱਧਰ 'ਤੇ ਲੜਾਈਆਂ ਹੋਣੀਆਂ ਸ਼ੁਰੂ ਹੋਈਆਂ। ਇਹ ਮਹੱਤਵਪੂਰਨ ਹੈ ਕਿ ਗੁਰੂ ਸਾਹਿਬ ਨਾਲ 1634 ਵਿਚ ਹੋਈ ਇਕ ਲੜਾਈ ਵਿਚ ਲਾਹੌਰ ਦਾ ਸੂਬੇਦਾਰ ਸ਼ੇਖ ਬੁਖਾਰੀ ਮੁਰਤਜ਼ਾ ਖਾਂ (ਤੁਜਕ-ਏ-ਜਹਾਂਗੀਰੀ ਅਨੁਸਾਰ ਜਿਸ ਨੂੰ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਅਤੇ ਜਾਇਦਾਦ ਜ਼ਬਤ ਕਰਨ ਦਾ ਹੁਕਮ ਦਿੱਤਾ ਗਿਆ ਸੀ) ਮਾਰਿਆ ਗਿਆ (ਹਵਾਲਾ: ਭੱਟ ਵਹੀ ਤਲਾਉਂਡਾ ਪ੍ਰਗਨਾ ਜੀਂਦ) ਗੁਰੂ ਹਰਗੋਬਿੰਦ ਸਾਹਿਬ ਨਾਲ ਹੋਈਆਂ ਹੋਰ ਲੜਾਈਆਂ ਵਿਚ ਕਰਤਾਰਪੁਰ ਪ੍ਰਗਨੇ ਦਾ ਫੌਜਦਾਰ ਅਸਮਾਂ ਖਾਂ ਜਾਗੜੀ, ਫੌਜਦਾਰ ਕਾਲੇ ਖਾਂ, ਕਈ ਹੋਰ ਜਾਣੇ-ਪਛਾਣੇ ਸਥਾਨਕ ਮੁਗ਼ਲ ਅਹਿਲਕਾਰ ਮਾਰੇ ਗਏ।

ਗੁਰੂ ਹਰ ਰਾਏ ਦੇ ਸਮੇਂ ਵੀ ਇਹ ਰਵਾਇਤ ਜਾਰੀ ਰਹੀ ਅਤੇ ਉਨ੍ਹਾਂ ਦੁਆਰਾ ਲਗਭਗ ਦੋ ਹਜ਼ਾਰ ਹਥਿਆਰਬੰਦ ਘੋੜਸਵਾਰ ਰੱਖਣ ਦੇ ਹਵਾਲੇ ਮਿਲਦੇ ਹਨ। ਵੱਧ ਰਹੀ ਸਿੱਖ ਤਾਕਤ ਦੇ ਹਵਾਲੇ ਹੋਰ ਸ੍ਰੋਤਾਂ ਤੋਂ ਵੀ ਮਿਲਦੇ ਹਨ: ਤੁਰਕੀ ਦਾ ਸਫ਼ੀਰ ਦਿੱਲੀ ਨੂੰ ਜਾਂਦਾ ਹੋਇਆ ਗੁਰੂ ਹਰ ਰਾਏ ਨੂੰ ਮਿਲਦਾ ਹੈ; ਕੁਝ ਇਤਿਹਾਸਕ ਹਵਾਲਿਆਂ ਅਨੁਸਾਰ ਗੁਰੂ ਹਰਿ ਰਾਏ ਨੇ ਸ਼ਾਹਜਹਾਂ ਦੀ ਮੌਤ ਤੋਂ ਬਾਅਦ ਉਹਦੇ ਪੁੱਤਰਾਂ ਵਿਚਕਾਰ ਹੋਈ ਲੜਾਈ ਵਿਚ ਔਰੰਗਜ਼ੇਬ ਦੇ ਵਿਰੁੱਧ ਦਾਰਾ ਸ਼ਿਕੋਹ (ਯਾਦ ਰਹੇ ਕਿ ਦਾਰਾ ਸ਼ਿਕੋਹ ਸਾਈਂ ਮੀਆਂ ਮੀਰ ਤੋਂ ਬਹੁਤ ਪ੍ਰਭਾਵਿਤ ਸੀ) ਦੀ ਮਦਦ ਕੀਤੀ ਸੀ ਅਤੇ ਇਸੇ ਕਾਰਨ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਰਬਾਰ ਵਿਚ ਪੇਸ਼ ਹੋਣ ਲਈ ਸੱਦਿਆ ਸੀ। ਗੁਰੂ ਸਾਹਿਬ ਨੇ ਆਪਣਾ ਪੁੱਤਰ ਰਾਮ ਰਾਏ ਭੇਜਿਆ ਸੀ। ਇਹ ਗੱਲ ਵੀ ਵਾਚਣ ਵਾਲੀ ਹੈ ਕਿਵੇਂ ਦਿੱਲੀ ਦਰਬਾਰ ਨੇ ਰਾਮ ਰਾਏ ਨੂੰ ਆਪਣੇ ਹੱਥਾਂ 'ਤੇ ਪਾ ਕੇ ਉਸ ਨੂੰ

ਦੇਹਰਾਦੂਨ ਦਾ ਇਲਾਕਾ ਦਿੱਤਾ ਅਤੇ ਉੱਥੇ ਬਰਾਬਰ ਦੀ ਗੁਰਗੱਦੀ ਸਥਾਪਿਤ ਕਰਨ ਦਾ ਯਤਨ ਕੀਤਾ। ਏਸੇ ਤਰ੍ਹਾਂ ਗੁਰੂ ਹਰਕ੍ਰਿਸ਼ਨ ਨੂੰ ਵੀ ਦਿੱਲੀ ਸੱਦਿਆ ਗਿਆ।

ਗੁਰੂ ਤੇਗ਼ ਬਹਾਦਰ ਨੇ ਮਾਲਵੇ ਦੇ ਇਲਾਕੇ ਤੋਂ ਲੈ ਕੇ ਹਿੰਦੋਸਤਾਨ ਦੇ ਉੱਤਰ ਪੂਰਬ ਤੱਕ ਲੰਮੀਆਂ ਯਾਤਰਾਵਾਂ ਕੀਤੀਆਂ। ਲੋਕਾਂ ਨੂੰ ਮਿਲੇ ਅਤੇ ਸਿੱਖ ਧਰਮ ਦਾ ਪ੍ਰਚਾਰ ਕੀਤਾ। ਉਸ ਪ੍ਰਚਾਰ ਵਿਚ ਗੁਰੂ ਸਾਹਿਬ ਬਾਣੀ ਵਿਚਲੇ ਵਿਸ਼ਵਾਸ "ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥" ਜਿਹੇ ਵਿਸ਼ਵਾਸਾਂ ਦਾ ਹੋਣਾ ਨਿਹਿਤ ਹੈ।

ਇਤਿਹਾਸਕਾਰ ਜੇ.ਐਸ. ਗਰੇਵਾਲ ਲਿਖਦਾ ਹੈ ਕਿ ਗੁਰੂ ਤੇਗ਼ ਬਹਾਦਰ ਆਪਣੇ ਵਿਸ਼ਵਾਸਾਂ ਦਾ ਲੋਕਾਂ ਵਿਚ ਪ੍ਰਚਾਰ ਕਰ ਰਹੇ ਸਨ ਜਦੋਂਕਿ ਬਾਦਸ਼ਾਹ (ਔਰੰਗਜ਼ੇਬ) ਲੋਕਾਂ ਵਿਚ ਅਜਿਹੇ ਪ੍ਰਚਾਰ ਨੂੰ ਨਿਰਉਤਸ਼ਾਹਿਤ (ਜਾਂ ਬੰਦ ਕਰਵਾਉਣ) 'ਤੇ ਤੁਲਿਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀਆਂ ਲੰਮੀਆਂ ਯਾਤਰਾਵਾਂ ਦਾ ਜ਼ਿਕਰ ਕਰਦਿਆਂ ਇਤਿਹਾਸਕਾਰ ਲੁਈਸ ਈ. ਫੈਨੇਚ (Loius E. Fenech) ਲਿਖਦਾ ਹੈ ਕਿ "ਦੋਵੇਂ ਗੁਰੂਆਂ ਨੇ ਅਸੁਰੱਖਿਆ ਅਤੇ ਦਮਨ ਦੇ ਸਮਿਆਂ ਵਿਚ ਲੋਕਾਂ ਨੂੰ ਆਸਵੰਦ ਅਤੇ ਸਾਹਸੀ ਬਣਨ ਦਾ ਸੰਦੇਸ਼ ਦਿੱਤਾ।" ਇਹ ਇਤਿਹਾਸਕਾਰ ਸ਼ਹਾਦਤ ਦੀ ਤੰਦ ਗੁਰੂ ਨਾਨਕ ਜੀ ਦੇ ਕਥਨ "ਨਾਨਕ ਸਿਰੁ ਦੇ ਛੂਟੀਐ ਦਰਗਹ ਪਤਿ ਪਾਏ॥" ਤੋਂ ਫੜਦਾ ਅਤੇ ਉਸ ਨੂੰ ਬਾਅਦ ਦੀ ਸਿੱਖ-ਪਰੰਪਰਾ ਨਾਲ ਜੋੜਦਾ ਹੈ। ਇਸ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਵੇਲੇ ਦੇ ਹਾਕਮ ਦੀ ਕੀਤੀ ਕਰੜੀ ਆਲੋਚਨਾ ('ਰਾਜੇ ਸੀਹ ਮੁਕਦਮ ਕੁਤੇ।' ਜਿਹੇ ਕਥਨਾਂ, ਬਾਬਰਬਾਣੀ ਅਤੇ ਹੋਰ ਬਾਣੀਆਂ) ਨਾਲ ਜੋੜ ਕੇ ਵੀ ਵੇਖਿਆ ਜਾਂਦਾ ਹੈ।

ਇਤਿਹਾਸਕਾਰ ਸਤੀਸ਼ ਚੰਦਰ ਇਕ ਫਾਰਸੀ ਸ੍ਰੋਤ ਦੇ ਹਵਾਲੇ ਨਾਲ ਲਿਖਦਾ ਹੈ ਕਿ ਜਦੋਂ ਵੀ ਕਿਸਾਨ ਦਾ ਕਿਸੇ ਮਾਮਲਾ ਇਕੱਠਾ ਕਰਨ ਵਾਲੇ ਅਹਿਲਕਾਰ, ਜਾਗੀਰਦਾਰ ਜਾਂ ਜਿਮੀਂਦਾਰ ਨਾਲ ਕਸ਼ਮਕਸ਼/ਸੰਘਰਸ਼ ਹੁੰਦਾ ਤਾਂ ਕਿਸਾਨ ਗੁਰੂ ਤੇਗ਼ ਬਹਾਦਰ ਕੋਲ ਆਉਂਦੇ ਅਤੇ ਗੁਰੂ ਸਾਹਿਬ ਉਨ੍ਹਾਂ ਨੂੰ ਸੁਰੱਖਿਆ ਦਿੰਦੇ। ਸਤੀਸ਼ ਚੰਦਰ ਇਹ ਨਤੀਜਾ ਕਢਦਾ ਹੈ ਕਿ ਗੁਰੂ ਜੀ ਬੇਇਨਸਾਫੀ ਅਤੇ ਸਰਕਾਰੀ ਦਮਨ ਦੇ ਵਿਰੁੱਧ ਹੋ ਰਹੇ ਵਿਰੋਧ ਦੇ ਕੇਂਦਰ ਬਣ ਰਹੇ ਸਨ। ਇਸ ਟਿੱਪਣੀ ਨੂੰ ਕੇਸੋ ਭੱਟ ਦੀ ਸਤਰ "ਬਾਂਹ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹ ਨਾ ਛੋੜੀਐ॥" ਨਾਲ ਜੋੜ ਕੇ ਵੇਖਿਆਂ ਪਤਾ ਲੱਗਦਾ ਹੈ ਜੋ ਸਤੀਸ਼ ਚੰਦਰ ਕਹਿ ਰਿਹਾ ਉਹੀ ਗੱਲ ਉਸ ਸਮੇਂ ਦੇ ਪੰਜਾਬ ਦਾ ਲੋਕ-ਮਾਣਸ ਕਹਿ ਰਿਹਾ ਸੀ। ਇਹੀ ਕਾਰਨ ਹੈ ਕਿ ਬੁੱਲ੍ਹੇ ਸ਼ਾਹ, ਮਨਸੂਰ ਤੇ ਸਰਮੱਦ ਤੇ ਹੋਰਨਾਂ ਦੇ ਨਾਲ ਗੁਰੂ ਤੇਗ਼ ਬਹਾਦਰ ਜੀ ਨੂੰ ਯਾਦ ਕਰਦਿਆਂ, ਉਨ੍ਹਾਂ ਨੂੰ ਗ਼ਾਜ਼ੀ ਕਹਿੰਦਾ ਹੈ (ਕਹੂੰ ਗਾਫਲ ਕਹੂੰ ਗਾਜ਼ੀ ਹੋ/ ਕਹੂੰ ਮਿੰਬਰ ਤੇ ਬਹਿ ਵਾਅ ਜੀ ਹੋ/ ਕਹੂੰ ਤੇਗ ਬਹਾਦਰ ਗ਼ਾਜ਼ੀ ਹੋ/ ਕਹੂੰ ਆਪਣਾ ਪੰਥ ਬਣਾਇਆ ਏ) ਨਵਾਂ ਪੰਥ ਬਣਨ ਦਾ ਮਹੱਤਵ ਸਿਆਸੀ ਅਤੇ ਧਾਰਮਿਕ ਹਲਕਿਆਂ ਵਿਚ ਉਜਾਗਰ ਹੋ ਰਿਹਾ ਸੀ। ਬੁੱਲ੍ਹੇ ਸ਼ਾਹ ਦੀਆਂ ਪ੍ਰਾਪਤ ਕਾਫੀਆਂ ਵਿਚ ਗੁਰੂ ਤੇਗ਼ ਬਹਾਦਰ ਜੀ ਦਾ ਗ਼ਾਜ਼ੀ ਵਜੋਂ ਜ਼ਿਕਰ ਤੇ ਕਈ ਥਾਵਾਂ 'ਤੇ ਅਸਿੱਧੇ ਰੂਪ ਵਿਚ ਜ਼ਿਕਰ ਕਰਨਾ ਇਹ ਦਰਸਾਉਂਦਾ ਹੈ ਕਿ ਗੁਰੂ ਸਾਹਿਬ ਨੂੰ ਹਿੰਦ ਦੀ ਚਾਦਰ ਅਤੇ ਲੋਕ-ਹੱਕਾਂ ਲਈ ਲੜਨ ਵਾਲਾ ਗਾਜ਼ੀ ਸਮਝਿਆ ਜਾ ਰਿਹਾ ਸੀ।

ਇਤਿਹਾਸਕਾਰ ਔਡਰੇ ਟ੍ਰਸ਼ਕੇ (Audrey Truschke) ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਨੇ ਮੁਗ਼ਲ ਸਰਕਾਰ ਦਾ ਹਥਿਆਰਬੰਦ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ ਮੁਗ਼ਲ ਸਰਕਾਰ ਨੇ ਉਨ੍ਹਾਂ ਨੂੰ ਪੰਜਾਬ ਵਿਚ ਬੇਚੈਨੀ ਫੈਲਾਉਣ ਅਤੇ ਵਿਦਰੋਹ ਭੜਕਾਉਣ ਕਾਰਨ ਸ਼ਹੀਦ ਕਰਨ ਦਾ ਹੁਕਮ ਦਿੱਤਾ । ਔਰੰਗਜ਼ੇਬ ਦਾ ਇਤਿਹਾਸ ਇਹ ਦੱਸਦਾ ਹੈ ਕਿ ਔਰੰਗਜ਼ੇਬ ਨੇ ਉਨ੍ਹਾਂ ਲੋਕਾਂ ਜਿਨ੍ਹਾਂ ਕਿਸੇ ਵੀ ਤਰ੍ਹਾਂ ਦਾਰਾ ਸ਼ਿਕੋਹ ਦੀ ਹਮਾਇਤ ਕੀਤੀ ਸੀ, ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਅਤੇ ਮੌਕਾ ਮਿਲਣ 'ਤੇ ਉਨ੍ਹਾਂ ਨੂੰ ਕਤਲ ਕਰਾ ਦਿੱਤਾ। ਇਸ ਸਬੰਧ ਵਿਚ ਅਰਮੀਨੀਅਨ ਸੂਫੀ ਸਰਮਦ ਅਤੇ ਮੇਵਾਤ-ਨਾਰਨੌਲ ਵਿਚ ਉੱਭਰੇ ਸਤਨਾਮੀ ਪੰਥ ਦੇ ਗੁਰੂ ਉਦੋ ਦਾਸ (ਉਹ ਦਾਰਾ ਸ਼ਿਕੋਹ ਦੀ ਫੌਜ਼ ਵਿਚ ਰਹੇ ਸਨ) ਅਤੇ ਗੁਰੂ ਤੇਗ਼ ਬਹਾਦਰ ਜੀ ਦੀਆਂ ਸ਼ਹੀਦੀਆਂ ਔਰੰਗਜ਼ੇਬ ਦੇ ਬਦਲਾ ਲਊ ਸੁਭਾਅ ਤੇ ਧਾਰਮਿਕ ਆਗੂਆਂ ਨੂੰ ਨਿਸ਼ਾਨਾ ਬਣਾਉਣ ਦੀ ਉਸ ਦੀ ਨੀਤੀ ਦੀਆਂ ਵੱਡੀਆਂ ਉਦਾਹਰਣਾਂ ਹਨ। ਗੁਰੂ ਉਦੋ ਦਾਸ ਦੇ ਸ਼ਰਧਾਲੂ ਸਤਨਾਮੀਆਂ ਨੇ 1672 ਵਿਚ ਬਗ਼ਾਵਤ ਕਰਕੇ ਨਾਰਨੌਲ 'ਤੇ ਕਬਜ਼ਾ ਕਰ ਲਿਆ ਅਤੇ ਦਿੱਲੀ ਵੱਲ ਕੂਚ ਕੀਤਾ। ਉਨ੍ਹਾਂ ਨੂੰ ਦਬਾਉਣ ਲਈ ਸ਼ਾਹੀ ਫੌਜ ਭੇਜੀ ਗਈ, ਸਤਨਾਮੀ ਬਹੁਤ ਬਹਾਦਰੀ ਨਾਲ ਲੜੇ ਪਰ ਉਨ੍ਹਾਂ ਦੀ ਬਗ਼ਾਵਤ ਨੂੰ ਬਹੁਤ ਬੇਰਹਿਮੀ ਨਾਲ ਦਬਾਅ ਦਿੱਤਾ ਗਿਆ।

ਗੁਰੂ ਤੇਗ਼ ਬਹਾਦਰ ਦੀਆਂ ਗ੍ਰਿਫਤਾਰੀਆਂ ਤੇ ਸ਼ਹਾਦਤ

ਗੁਰੂ ਤੇਗ਼ ਬਹਾਦਰ ਦੀ ਸ਼ਹਾਦਤ ਅਚਾਨਕ

ਹੋਇਆ ਵਰਤਾਰਾ ਪ੍ਰਤੀਤ ਨਹੀਂ ਹੁੰਦਾ। ਇਸ ਵਰਤਾਰੇ ਦਾ ਇਤਿਹਾਸ ਲੰਮਾ ਹੈ। ਗੁਰੂ ਸਾਹਿਬ 1664 ਈ. ਵਿਚ ਗੁਰੂਗੱਦੀ 'ਤੇ ਬੈਠੇ। ਉਨ੍ਹਾਂ ਦੀ ਪਹਿਲੀ ਗ੍ਰਿਫਤਾਰੀ ਨਵੰਬਰ 1665 ਵਿਚ ਹੋਈ। ਭੱਟ ਵਹੀ 'ਪੂਰਬੀ ਦੱਖਣੀ ਕੀ, ਖਾਤਾ ਬੜ੍ਹਤੀਏ ਕਨਾਉਤੋਂ ਕਾ ਅਨੁਸਾਰ ਜਦ ਗੁਰੂ ਜੀ ਨਰਵਾਣਾ ਤੇ ਟੋਹਾਣਾ ਦੇ ਵਿਚਕਾਰ ਧਮਧਾਨ ਨਾਂ ਦੇ ਅਸਥਾਨ 'ਤੇ ਸਨ ਤਾਂ ਆਲਮ ਖਾਂ ਰੋਹੀਲਾ ਬਾਦਸ਼ਾਹ ਔਰੰਗਜ਼ੇਬ ਦੇ ਜਾਰੀ ਕੀਤੇ ਹੁਕਮ ਅਨੁਸਾਰ ਉੱਥੇ ਪਹੁੰਚਿਆ। 8 ਨਵੰਬਰ 1665 ਨੂੰ ਉਸ ਨੇ ਗੁਰੂ ਤੇਗ਼ ਬਹਾਦਰ, ਮਤੀ ਦਾਸ, ਸਤੀ ਦਾਸ, ਸੰਗਤ, ਜੇਠਾ, ਦਿਆਲ ਦਾਸ ਅਤੇ ਹੋਰ ਸਿੱਖਾਂ ਨੂੰ ਗ੍ਰਿਫਤਾਰ ਕਰ ਲਿਆ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਦਿੱਲੀ ਲਿਆਂਦਾ ਗਿਆ। ਇਕ ਅਸਾਮੀ ਸਰੋਤ (ਅਹੋਮ ਬਰੰਜੀ/ਬਾਦਸ਼ਾਹੀ ਬਰੰਜੀ) ਅਨੁਸਾਰ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਕਤਲ ਕਰਨ ਦਾ ਹੁਕਮ ਦਿੱਤਾ: ਬਾਅਦ ਵਿਚ ਮਿਰਜ਼ਾ ਰਾਜਾ ਜੈ ਸਿੰਘ ਦੇ ਪੁੱਤਰ ਰਾਜਾ ਰਾਮ ਸਿੰਘ ਦੇ ਵਿਚ ਪੈਣ 'ਤੇ ਰਿਹਾਈ ਹੋਈ। ਗੁਰੂ ਸਾਹਿਬ ਤੇ ਉਨ੍ਹਾਂ ਦੇ ਸਾਥੀ ਦੋ ਮਹੀਨੇ 3 ਦਿਨ ਨਜ਼ਰਬੰਦ ਰਹੇ। ਭੱਟ ਵਹੀ ਤਲਾਉਂਡਾ ਪ੍ਰਗਨਾ ਜੀਂਦ ਅਨੁਸਾਰ ਗੁਰੂ ਸਾਹਿਬ ਦੇ ਨਾਲ 700 ਹੋਰ ਸਿੱਖਾਂ (ਫਕੀਰਾਂ) ਦੇ ਗ੍ਰਿਫ਼ਤਾਰ ਹੋਣ ਦਾ ਜ਼ਿਕਰ ਹੈ। ਭੱਟ ਵਹੀ 'ਤਲਾਉਂਡਾ ਪ੍ਰਗਨਾ ਜੀਂਦ' ਅਨੁਸਾਰ ਗੁਰੂ ਸਾਹਿਬ ਦੀ ਦੂਸਰੀ ਗ੍ਰਿਫਤਾਰੀ ਜੂਨ 1670 ਵਿਚ ਹੋਈ ਅਤੇ ਉਹ 2 ਮਹੀਨੇ 13 ਦਿਨ ਸ਼ਾਹੀ ਨਜ਼ਰਬੰਦੀ ਵਿਚ ਰਹੇ। ਭੱਟ ਵਹੀ 'ਮੁਲਤੀ ਖਾਤਾ ਬਲਾਉਤ ਜਲਹਾਣੇ ਬਲਾਉਤੋਂ ਕਾ' ਅਨੁਸਾਰ ਚੌਂਕੀ ਰੋਪੜ ਦੇ ਅਹਿਲਕਾਰ ਨੂਰ ਮੁਹੰਮਦ ਖਾਂ ਨੇ ਗੁਰੂ ਸਾਹਿਬ, ਭਾਈ ਸਤੀ ਦਾਸ, ਮਤੀ ਦਾਸ, ਦਿਆਲ ਦਾਸ ਅਤੇ ਹੋਰਨਾਂ ਨੂੰ 11/12 ਜੁਲਾਈ 1675 ਨੂੰ ਮਲਕਪੁਰ ਰੰਘੜਾਂ ਵਿਚ ਗ੍ਰਿਫ਼ਤਾਰ ਕੀਤਾ ਅਤੇ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਾਥੀ ਚਾਰ ਮਹੀਨੇ ਸਰਹਿੰਦ ਅਤੇ ਦਿੱਲੀ ਵਿਚ ਨਜ਼ਰਬੰਦ ਰਹੇ ਗੁਰੂ ਸਾਹਿਬ ਨੂੰ ਤਸੀਹੇ ਦਿੱਤੇ ਗਏ। ਇਸ ਤੀਸਰੀ ਗ੍ਰਿਫ਼ਤਾਰੀ ਦੌਰਾਨ ਹੀ ਗੁਰੂ ਸਾਹਿਬ ਦੀ ਸ਼ਹਾਦਤ ਹੋਈ।

**ਗੁਰੂ ਤੇਗ਼ ਬਹਾਦਰ ਦੀ ਬਾਣੀ**

ਇਤਿਹਾਸਕਾਰ ਸੁਰਜੀਤ ਹਾਂਸ ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਇਕ ਅਜਿਹੇ ਮਹਾਂ-ਕਾਵਿ ਵਾਂਗ ਹੈ ਜਿਸ ਵਿਚ "ਸ਼ਹਾਦਤ ਦੀ ਉਡੀਕ" ਹੈ। ਹਾਂਸ ਲਿਖਦਾ ਹੈ: "ਇਉਂ ਲੱਗਦਾ ਹੈ ਜਿਵੇਂ ਇਨ੍ਹਾਂ ਸਲੋਕਾਂ/ਬਾਣੀ ਦੀ ਰਚਨਾ ਸ਼ਹਾਦਤ ਦਾ ਪੂਰਵ-ਅਨੁਮਾਂ ਲਗਾਉਂਦਿਆਂ ਕੀਤੀ ਗਈ ਹੋਵੇ।" ਸੰਸਾਰ, ਸਮਾਜ, ਰਿਆਸਤ/ਸਟੇਟ ਦੇ ਰਿਸ਼ਤਿਆਂ ਨੂੰ ਸਮਝਣ ਵਾਲੀ ਅਤੇ ਰਿਆਸਤ/ਸਟੇਟ ਨਾਲ ਟੱਕਰ ਲੈਣ ਵਾਲੀ ਹਸਤੀ ਹੀ ਸ਼ਹਾਦਤ ਦਾ ਤਸੱਵਰ ਕਰਕੇ ਉਸ ਬਾਰੇ ਰਚਨਾ ਕਰ ਸਕਦੀ ਹੈ। ਹਾਂਸ ਅਨੁਸਾਰ "ਉਸ ਵੇਲੇ ਸਿੱਖਾਂ ਕੋਲ ਰਿਆਸਤ/ਸਟੇਟ ਨਾਲ ਲੜਨ ਦੇ ਵਸੀਲੇ ਨਹੀਂ ਸਨ। ਨਾ ਤੇ ਔਰੰਗਜ਼ੇਬ ਨੂੰ ਸ਼ਹਾਦਤ ਤੋਂ ਘੱਟ ਕੁਝ ਮਨਜ਼ੂਰ ਸੀ (ਭਾਵ ਉਹ ਆਪਣੇ ਵਿਰੋਧ ਕਰਨ ਵਾਲਿਆਂ ਦੀ ਹਸਤੀ ਮਿਟਾ ਦੇਣਾ ਚਾਹੁੰਦਾ ਸੀ) ਅਤੇ ਨਾ ਹੀ ਇਸ (ਸ਼ਹਾਦਤ) ਤੋਂ ਘੱਟ ਕਿਸੇ ਘਟਨਾ ਨੇ ਸਿੱਖਾਂ ਦੇ ਸੋਚਣ ਦੇ ਤੱਤਮੂਲਕ ਤਰੀਕਿਆਂ ਵਿਚ ਕੋਈ ਬੁਨਿਆਦੀ ਤਬਦੀਲੀ ਲਿਆਉਣੀ ਸੀ।"

ਗੁਰੂ ਸਾਹਿਬ ਆਪਣੇ ਗੁਰੂਗੱਦੀ 'ਤੇ ਬੈਠਣ ਦੇ ਸਮੇਂ ਤੋਂ ਹੀ ਜਾਣਦੇ ਸਨ ਕਿ ਉਹ ਸਮਾਂ ਆ ਸਕਦਾ ਹੈ ਜਦ ਉਨ੍ਹਾਂ ਨੂੰ ਬਲੀਦਾਨ ਦੇਣਾ ਪਵੇ ਕਿਉਂਕਿ ਗੁਰੂਗੱਦੀ 'ਤੇ ਬਹਿਣ ਦੇ ਇਕ ਸਾਲ ਦੇ ਅੰਦਰ ਅੰਦਰ ਹੀ ਉਨ੍ਹਾਂ ਦੀ ਗਿਫ਼ਤਾਰੀ ਹੁੰਦੀ ਹੈ ਅਤੇ ਬਾਦਸ਼ਾਹ ਉਨ੍ਹਾਂ ਨੂੰ ਕਤਲ ਦਾ ਹੁਕਮ ਵੀ ਦਿੰਦਾ ਹੈ। ਇਸ ਲਈ ਇਹ ਮੰਨਣਾ ਗ਼ਲਤ ਨਹੀਂ ਹੋਵੇਗਾ ਕਿ ਗੁਰੂ ਸਾਹਿਬ ਨੂੰ ਸ਼ਹਾਦਤ ਦਾ ਪੂਰਵ-ਅਨਮਾਨ ਹੋ ਗਿਆ ਸੀ। ਉਹ ਇਸ ਲਈ ਤਿਆਰ ਸਨ।

ਗੁਰੂ ਸਾਹਿਬ ਦੀ ਬਾਣੀ ਵਿਚ ਮਨੁੱਖ ਦੀ ਭਟਕਣ ਦੇ ਸ਼ਿੱਦਤ ਭਰੇ ਵਰਨਣ ਅਤੇ ਪ੍ਰਸ਼ਨ ਪੁੱਛਣ ਦੀ ਪ੍ਰਵਿਰਤੀ ਦੀਆਂ ਉਦਾਹਰਣਾਂ ਮਿਲਦੀਆਂ ਹਨ। ਅੰਤਿਮ ਉੱਤਰ ਪਰਮਾਤਮਾ ਦੀ ਸ਼ਰਨ ਵਿਚ ਜਾ ਕੇ ਮਿਲਣ ਵਾਲੀ ਸ਼ਾਂਤੀ ਦੇ ਰੂਪ ਵਿਚ ਹੈ, ਪਰ ਇਸ ਦੇ ਨਾਲ ਨਾਲ ਉਨ੍ਹਾਂ ਦੀ ਬਾਣੀ ਵਿਚ ਜਿਸ ਭਟਕਣ ਦਾ ਵਰਨਣ ਹੈ, ਉਸ ਦੀ ਹਕੀਕਤ ਅਤੇ ਕੁੰਠਾ ਸਾਡੀਆਂ ਅੱਖਾਂ ਸਾਹਮਣੇ ਸਾਕਾਰ ਹੋ ਉੱਠਦੀ ਹੈ। ਗੁਰੂ ਜੀ ਸਵਾਲ ਪੁੱਛਦੇ ਹਨ ਕਿ ਮਨੁੱਖ ਕੀ ਯਤਨ ਕਰੇ, ਕਿਹੇ ਕਰਮ ਕਮਾਵੇ, ਕਿਹੜੀ ਵਿਦਿਆ, ਧਰਮ ਜਾਂ ਗੁਰੂ ਦਾ ਨਾਮ ਜਪੇ, ਕਿ ਉਹ ਇਸ ਸੰਸਾਰ ਦਾ ਸਮੁੰਦਰ ਤਰ ਸਕੇ:

ਪ੍ਰਾਨੀ ਕਉਨੁ ਉਪਾਉ ਕਰੈ॥<br>
ਜਾ ਤੇ ਭਗਤਿ ਰਾਮ ਕੀ ਪਾਵੈ ਜਮ ਕੋ ਤ੍ਰਾਸੁ ਹਰੈ॥<br>
ਕਉਨੁ ਕਰਮ ਬਿਦਿਆ ਕਹੁ ਕੈਸੀ<br>
ਧਰਮੁ ਕਉਨੁ ਫੁਨਿ ਕਰਈ॥<br>
ਕਉਨੁ ਨਾਮੁ ਗੁਰ ਜਾ ਕੈ ਸਿਮਰੈ<br>
ਭਵ ਸਾਗਰ ਕਉ ਤਰਈ॥

ਸੋਰਠਿ ਰਾਗੁ ਵਿਚ ਲਿਖੇ ਇਸ ਸ਼ਬਦ ਦੇ ਅੰਤਲੇ

ਬੰਦਾਂ ਵਿਚ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਮਿਲਦਾ ਹੈ, ਪਰ ਮਹੱਤਵਪੂਰਨ ਇਹ ਹੈ ਕਿ ਉੱਤਰ ਤਕ ਪਹੁੰਚਣ ਲਈ ਪ੍ਰਸ਼ਨ ਪੁੱਛੇ ਜਾਂਦੇ ਹਨ। ਉਨ੍ਹਾਂ ਪ੍ਰਸ਼ਨਾਂ ਵਿਚ ਮਨੁੱਖ ਦੇ ਸਦੀਵੀ ਸੰਕੇ, ਦੁੱਖ ਤੇ ਪ੍ਰਸ਼ਨ ਪੁੱਛਣ ਦੀ ਚੇਤਨਾ ਉਜਾਗਰ ਹੁੰਦੀ ਹੈ। ਰਾਗ ਆਸਾ ਵਿਚ ਅਜਿਹੀ ਭਟਕਣ ਦਾ ਵਰਨਣ ਬਹੁਤ ਤੀਬਰਤਾ ਨਾਲ ਕੀਤਾ ਗਿਆ ਹੈ:

ਬਿਰਥਾ ਕਹਉ ਕਉਨ ਸਿਉ ਮਨ ਕੀ॥
ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ
ਆਸਾ ਲਾਗਿਓ ਧਨ ਕੀ॥

ਭਾਵ ਮੇਰਾ ਮਨ ਜਿਹੜਾ ਲੋਭ ਵਿਚ ਗ੍ਰਸਿਆ ਧਨ ਦੀ ਆਸ ਵਿਚ ਦਸਾਂ ਦਿਸ਼ਾਵਾਂ 'ਚ ਭਟਕਦਾ ਹੈ, ਦਾ ਹਾਲ/ਵਾਰਤਾ (ਬਿਰਥਾ) ਕਿਸ ਨੂੰ ਦੱਸਾਂ? ਮਨੁੱਖ ਸੁੱਖ ਪਾਉਣ ਦੀ ਆਸ ਵਿਚ ਦੁੱਖ ਭੋਗਦਾ ਹੈ ਅਤੇ ਸਭ ਤਰ੍ਹਾਂ ਦੇ ਕੰਮ ਕਰਦਾ ਹੈ। ਉਹ ਦਰ ਦਰ 'ਤੇ ਕੁੱਤੇ ਵਾਂਗ ਭਟਕਦਾ ਹੈ ਅਤੇ ਪਰਮਾਤਮਾ ਦਾ ਨਾਮ ਨਹੀਂ ਲੈਂਦਾ। ਉਹ ਆਪਣਾ ਜੀਵਨ ਅਕਾਰਥ ਗੁਆ ਲੈਂਦਾ ਹੈ ਤੇ ਉਸ ਨੂੰ ਇਸ ਗੱਲ ਦੀ ਪ੍ਰਵਾਹ ਵੀ ਨਹੀਂ ਰਹਿੰਦੀ ਕਿ ਲੋਕ ਉਸ 'ਤੇ ਹੱਸ ਰਹੇ ਹਨ। ਉਹ ਆਪਣੀ ਕੁਮਤ ਨਸ਼ਟ ਕਰਨ ਲਈ ਪ੍ਰਭੂ ਦੇ ਗੁਣ ਕਿਉਂ ਨਹੀਂ ਗਾਉਂਦਾ। ਫਿਰ ਰਾਗ ਦੇਵ ਗੰਧਾਰ ਵਿਚ ਕਹਿੰਦੇ ਹਨ। "ਯਹ ਮਨੁ ਨੈਕ ਨ ਕਹਿਓ ਕਰੈ॥ ਸੀਖ ਸਿਖਾਇ ਰਹਿਓ ਅਪਨੀ ਸੀ ਦੁਰਮਤਿ ਤੇ ਨ ਟਰੈ॥" ਭਾਵ ਇਹ ਮਨ ਭੋਰਾ ਜਿਹਾ ਵੀ ਆਖੇ ਨਹੀਂ ਲੱਗਦਾ: ਮੈਂ ਇਸ ਨੂੰ ਬਹੁਤ ਸਿੱਖਿਆ ਦਿੰਦਾ ਰਿਹਾ ਹਾਂ ਪਰ ਇਹ ਖੋਟੀ ਮਤ/ਦੁਰਮਤ ਤੋਂ ਨਹੀਂ ਟਲਦਾ।

ਗੁਰੂ ਸਾਹਿਬ ਆਪਣੇ ਸਮਕਾਲੀ ਸਮਾਜ ਨੂੰ ਬੜੀ ਸੂਖਮਤਾ ਨਾਲ ਦੇਖਦੇ ਹੋਏ ਦੱਸਦੇ ਹਨ ਕਿ ਇਸ ਜਗਤ ਵਿਚ ਕੋਈ ਮਿੱਤਰ ਨਹੀਂ ਹੈ; ਸਾਰੇ ਸੁੱਖ ਵਿਚ ਸਾਥ ਦਿੰਦੇ ਹਨ, ਦੁੱਖ ਵਿਚ ਕੋਈ ਨਹੀਂ; ਧਨ/ਦੌਲਤ ਇਸ ਸੰਸਾਰ ਦੀ ਬੁਨਿਆਦੀ ਧੁਰੀ ਬਣੀ ਹੋਈ ਹੈ, ਸਭ ਰਿਸ਼ਤੇਦਾਰ ਧਨ ਕਾਰਨ ਤੁਹਾਡੇ ਨਾਲ ਰਹਿੰਦੇ ਹਨ ਅਤੇ ਜਦ ਹੀ ਉਹ ਵੇਖਦੇ ਹਨ ਕਿ ਕੋਈ ਬੰਦਾ ਨਿਰਧਨ ਹੈ ਤਾਂ ਉਹ ਸਾਥ ਛੱਡ ਜਾਂਦੇ ਹਨ। ਇਹ ਉਸ ਵੇਲੇ ਦੇ ਸਮਾਜਿਕ ਹਾਲਾਤ ਦਾ ਨੰਗਾ ਸੱਚਾ ਵਰਨਣ ਹੈ:

ਇਹ ਜਗਿ ਮੀਤੁ ਨ ਦੇਖਿਓ ਕੋਈ॥
ਸਗਲ ਜਗਤੁ ਅਪਨੈ ਸੁਖਿ ਲਾਗਿਓ
ਦੁਖ ਮੈ ਸੰਗਿ ਨ ਹੋਈ॥ ਰਹਾਉ॥

ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥
ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ॥
(ਦਾਰਾ: ਪਤਨੀ: ਸਗਰੇ: ਸਾਰੇ)

ਅਜਿਹੇ ਦ੍ਰਿਸ਼ ਗੁਰੂ ਜੀ ਦੀ ਬਾਣੀ ਵਿਚ ਕਈ ਥਾਵਾਂ 'ਤੇ ਮਿਲਦੇ ਹਨ। ਬੰਦੇ 'ਤੇ ਪੈਂਦੀਆਂ ਬਿਪਤਾਵਾਂ/ਕਸ਼ਟਾਂ ਦੇ ਕਾਰਨ ਸਮਾਜਿਕ, ਆਰਥਿਕ ਤੇ ਸਿਆਸੀ ਹੁੰਦੇ ਹਨ। ਉਪਰਲੀਆਂ ਸਤਰਾਂ ਵਿਚ ਗੁਰੂ ਸਾਹਿਬ ਸਾਡਾ ਧਿਆਨ ਸਮਾਜਿਕਤਾ ਅਤੇ ਆਰਥਿਕਤਾ ਵਿਚਲੇ ਰਿਸ਼ਤਿਆਂ ਵੱਲ ਦਿਵਾ ਰਹੇ ਹਨ (ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ॥) ਕਿ ਸਾਰੇ ਧਨ ਕਾਰਨ ਹੀ ਸਾਡੇ ਨਾਲ ਹਨ ਜਦ ਬੰਦਾ ਨਿਰਧਨ ਹੋ ਜਾਵੇ ਤਾਂ ਉਹ ਇਕੱਲਾ ਰਹਿ ਜਾਂਦਾ ਹੈ। ਜੈਤਸਰੀ ਰਾਗ ਵਿਚ ਗੁਰੂ ਸਾਹਿਬ ਕਹਿੰਦੇ ਹਨ, "ਭੂਲਿਓ ਮਨੁ ਮਾਇਆ ਉਰਝਾਇਓ॥" ਭਾਵ ਭੁੱਲਾ ਮਨ ਮਾਇਆ ਵਿਚ ਉਲਝਿਆ ਤੇ ਫਸਿਆ ਹੋਇਆ ਹੈ। ਰਾਗ ਟੋਡੀ ਵਿਚ ਕਹਿੰਦੇ ਹਨ "ਮਗਨ ਰਹਿਓ ਮਾਇਆ ਮੈ ਨਿਸ ਦਿਨਿ ਛੁਟੀ ਨ ਮਨ ਕੀ ਕਾਈ॥" ਭਾਵ ਮੈਂ ਰੋਜ਼ ਮਾਇਆ ਦੇ ਮੋਹ ਵਿਚ ਮਗਨ ਰਿਹਾ ਹਾਂ ਤੇ ਇਸ ਕਾਰਨ ਮਨ ਦੀ ਮੈਲ ਨਹੀਂ ਲੱਥਦੀ (ਮਨ 'ਤੇ ਜੰਮੀ ਕਾਈ/ਕਾਹੀ ਨਹੀਂ ਉੱਤਰਦੀ)।

ਗੁਰੂ ਸਾਹਿਬ ਦੀ ਬਾਣੀ ਵਿਚ ਇਸ ਸੰਸਾਰ ਦੇ ਮਿਥਿਆ ਤੇ ਸੁਪਨੇਹਾਰ ਹੋਣ, ਬੇਚੈਨੀ, ਵੇਦਨਾ ਅਤੇ ਵੈਰਾਗ ਦੇ ਵਿਸ਼ੇ ਥਾਂ ਥਾਂ 'ਤੇ ਉੱਭਰੇ ਹਨ। ਥਾਂ ਥਾਂ 'ਤੇ ਉਨ੍ਹਾਂ ਨੇ ਆਪ ਹੀ ਆਪਣੀ ਬਾਣੀ ਵਿਚ ਪ੍ਰਸ਼ਨ ਉਠਾਏ ਹਨ ਅਤੇ ਫਿਰ ਉੱਤਰ ਦਿੱਤੇ ਹਨ। ਉਨ੍ਹਾਂ ਪ੍ਰਸ਼ਨਾਂ ਵਿਚ ਉਨ੍ਹਾਂ ਵੇਲਿਆਂ ਦੀ ਬੇਚੈਨੀ ਹੈ ਤੇ ਇਸ ਲਈ ਉਹ ਪ੍ਰਸ਼ਨ ਮਹੱਤਵਪੂਰਨ ਹਨ: ਪ੍ਰਸ਼ਨ ਕਰਨਾ ਮਹੱਤਵਪੂਰਨ ਹੈ ਅਤੇ ਖਾਸ ਕਰਕੇ ਜਦ ਉਹ ਆਪਣੇ ਆਪ ਨੂੰ ਕੀਤੇ ਜਾਣ। ਇਸ ਤਰ੍ਹਾਂ ਉਨ੍ਹਾਂ ਦੀ ਬਾਣੀ ਆਤਮ-ਸੰਵਾਦ ਦੀ ਬਾਣੀ ਹੈ। ਉਹ ਪ੍ਰਸ਼ਨ ਕਰਦੇ ਹਨ "ਬਲੁ ਛੁਟਕਿਉ ਬੰਧਨ ਪਰੇ ਕਛੂ ਨ ਹੋਤ ਉਪਾਇ॥" ਅਤੇ ਫਿਰ ਉੱਤਰ ਦਿੰਦੇ ਹਨ "ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥" ਇਨ੍ਹਾਂ ਬੋਲਾਂ ਨੇ ਪੰਜਾਬ ਦੇ ਲੋਕਾਂ ਨੂੰ ਪੀੜ੍ਹੀ-ਦਰ-ਪੀੜ੍ਹੀ ਜ਼ੋਰ ਜਬਰ ਵਿਰੁੱਧ ਲੜਨ ਦੀ ਹਿੰਮਤ ਦਿੱਤੀ ਹੈ; ਇਹ ਬੋਲ ਪੰਜਾਬ ਦੀ ਲੋਕ-ਆਤਮਾ ਦੀ ਆਵਾਜ਼ ਬਣ ਗਏ ਹਨ ਪਰ ਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਗੁਰੂ ਸਾਹਿਬ ਸਿਰਫ ਨਿੱਜੀ ਤੌਰ 'ਤੇ ਬਲਸ਼ੀਲ ਹੋਣ 'ਤੇ ਜ਼ੋਰ ਨਹੀਂ ਸਨ ਦੇ ਰਹੇ; ਉਨ੍ਹਾਂ ਸਾਹਮਣੇ ਪੰਜਾਬ ਤੇ ਸਮੂਹ ਲੋਕਾਈ ਸੀ। ਉਹ ਆਉਣ ਵਾਲੇ ਸੰਘਰਸ਼ ਨੂੰ ਦੇਖਦੇ ਹੋਏ ਜ਼ੋਰ ਜਬਰ ਵਿਰੁੱਧ

ਲੜਨ ਲਈ ਸਮਾਜਿਕ ਬਲ ਪੈਦਾ ਕਰਨ 'ਤੇ ਜ਼ੋਰ ਦੇ ਰਹੇ ਸਨ। ਸਮੂਹਿਕ ਸਮਾਜਿਕ ਬਲ ਹੀ ਹਾਕਮ ਜਮਾਤ ਨੂੰ ਵੰਗਾਰ ਸਕਦਾ ਹੈ। ਇਹ ਸਮੂਹਿਕ ਸਮਾਜਿਕ ਬਲ ਹੀ ਖਾਲਸੇ ਦੀ ਸਿਰਜਣਾ ਦਾ ਆਧਾਰ ਬਣਦਾ ਹੈ।

ਇਸ ਤਰ੍ਹਾਂ ਇਸ ਸੰਸਾਰ ਵਿਚ ਸੱਚਾ ਰਾਹ ਲੱਭਣ ਦੇ ਯਤਨ ਵਿਚ ਉਸ ਨੂੰ ਪੇਸ਼ ਆ ਰਹੀਆਂ ਪ੍ਰੇਸ਼ਾਨੀਆਂ ਤੇ ਕਠਿਨਾਈਆਂ ਅਤੇ ਉਨ੍ਹਾਂ ਤੋਂ ਉਪਜੀ ਵੇਦਨਾ ਗੁਰੂ ਸਾਹਿਬ ਦੀ ਬਾਣੀ ਦਾ ਪ੍ਰਮੁੱਖ ਵਿਸ਼ਾ ਹਨ। ਕਈ ਵਾਰ ਗੁਰੂ ਜੀ ਮਾਤਾ ਦੇ ਮੈਟਾਫਰ ਰਾਹੀਂ ਪ੍ਰਸ਼ਨ ਕਰਦੇ ਹਨ। ਬੰਦਾ ਆਪਣੀ ਮਾਂ ਨੂੰ ਓਦੋਂ ਹੀ ਯਾਦ ਕਰਦਾ ਹੈ ਜਦ ਉਸ ਦੀ ਵੇਦਨਾ ਬਹੁਤ ਡੂੰਘੀ ਹੁੰਦੀ ਹੈ; ਗੁਰੂ ਨਾਨਕ ਦੇਵ ਜੀ ਰਾਗ ਮਾਰੂ ਵਿਚ ਪੁੱਛਦੇ ਹਨ, "ਜੋ ਮੈਂ ਬੇਦਨ ਸਾ ਕਿਸੁ ਆਖਾ ਮਾਈ॥ " ਗੁਰੂ ਤੇਗ਼ ਬਹਾਦਰ ਜੀ ਵੀ ਸੋਰਠ ਰਾਗ ਵਿਚ ਇਸੇ ਤਰ੍ਹਾਂ ਕਹਿੰਦੇ ਹਨ, "ਮਾਈ ਮਨੁ ਮੇਰੋ ਬਸਿ ਨਾਹਿ॥" "ਮਾਈ ਮੈਂ ਕਿਹਿ ਬਿਧਿ ਲਖਉ ਗੁਸਾਈ॥" ਭਾਵ "ਹੇ ਮੇਰੀ ਮਾਤਾ, ਮੈਂ ਪ੍ਰਭੂ ਨੂੰ ਕਿਵੇਂ ਪਛਾਣਾ?" ਤੇ ਫਿਰ ਕਹਿੰਦੇ ਹਨ "ਮਹਾ ਮੋਹ ਅਗਿਆਨਿ ਤਿਮਰਿ ਮੋ ਮਨੁ ਰਹਿਓ ਉਰਝਾਈ॥" ਭਾਵ ਮੇਰਾ ਮਨ ਵੱਡੇ ਮੋਹ ਤੇ ਅਗਿਆਂ ਦੀ ਤਮਸ/ਹਨੇਰੇ (ਤਿਮਰਿ) ਵਿਚ ਫਸਿਆ ਹੋਇਆ ਹੈ। ਰਾਗ ਮਾਰੂ ਵਿਚ ਪੁੱਛਦੇ ਹਨ "ਅਬ ਮੈ ਕਹਾ ਕਰਉ ਰੀ ਮਾਈ॥" "ਮਾਈ ਮੈਂ ਮਨ ਕੋ ਮਾਂ ਨ ਤਿਆਗਿਓ॥" ਰਾਗ ਗਉੜੀ ਵਿਚ ਕਹਿੰਦੇ ਹਨ, "ਕੋਊ ਮਾਈ ਭੂਲਿਓ ਮਨੁ ਸਮਝਾਵੈ॥" ਭਾਵ ਹੇ ਮਾਤਾ ਇਸ ਭੁੱਲੇ ਹੋਏ ਮਨ ਨੂੰ ਕੌਣ ਸਮਝਾਵੇ।

ਏਹੋ ਜਿਹੀਆਂ ਸਥਿਤੀਆਂ ਵਿਚ ਮਨੁੱਖ ਕੀ ਕਰ ਸਕਦਾ ਹੈ? ਅਜਿਹੀਆਂ ਸਥਿਤੀਆਂ ਵਿਚ ਮਨੁੱਖ ਨੂੰ ਅਨਿਆਂ ਵਿਰੁੱਧ ਲੜਨਾ ਪੈਂਦਾ ਹੈ। ਅਨਿਆਂ ਵਿਰੁੱਧ ਕੌਣ ਲੜ ਸਕਦਾ ਹੈ? ਗੁਰੂ ਤੇਗ਼ ਬਹਾਦਰ ਆਪਣੀ ਬਾਣੀ ਵਿਚ ਉਸ ਬੰਦੇ ਦਾ ਸੰਕਲਪ ਦਿੰਦੇ ਹਨ।

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥

ਨਿਸ਼ਚੇ ਹੀ ਉਹੀ ਮਨੁੱਖ ਮਨੁੱਖਤਾ ਲਈ ਕੁਰਬਾਨੀ ਦੇਵੇਗਾ ਜਿਹੜਾ ਦੁੱਖ ਵਿਚ ਦੁੱਖ ਨਹੀਂ ਮਨਾਉਂਦਾ, ਸੁੱਖ, ਸਨੇਹ ਤੇ ਭੈਅ ਤੋਂ ਉੱਚਾ ਉੱਠਦਾ ਹੈ, ਸੋਨੇ ਨੂੰ ਮਿੱਟੀ ਮੰਨਦਾ ਹੈ (ਭਾਵ ਮਾਇਆ ਦੇ ਮੋਹ ਤੋਂ ਮੁਕਤ ਹੁੰਦਾ ਹੈ) ਉਹ ਕਿਸੇ ਦੀ ਨਿੰਦਿਆ ਜਾਂ ਉਸਤਤਿ ਨਹੀਂ ਕਰਦਾ, ਲੋਭ, ਮੋਹ, ਅਭਿਮਾਨ ਤੋਂ ਉੱਪਰ ਹੈ: ਹਰਖ, ਸੋਗ, ਮਾਨ, ਅਪਮਾਨ ਤੋਂ ਨਿਰਲੇਪ ਵੱਖਰਾਂ/ਨਿਆਰਾ ਰਹਿੰਦਾ ਹੈ। ਉਹੀ ਮਨੁੱਖ ਪਰਮ ਆਤਮਾ ਵਿਚ ਇਉਂ ਮਿਲ ਜਾਵੇਗਾ ਜਿਵੇਂ ਪਾਣੀ ਵਿਚ ਪਾਣੀ ਮਿਲਦਾ ਹੈ "ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥" ਇਹ ਸ਼ਹਾਦਤ ਦੀ ਪੂਰਵ-ਤਸਵੀਰ ਹੈ, ਦੁੱਖ ਵਿਚ ਦੁੱਖ ਨਾ ਮਨਾਉਣ ਵਾਲਾ ਮਨੁੱਖ ਹੀ ਅੰਤਿਮ ਸਮੇਂ ਪਰਮ-ਆਤਮਾ ਨਾਲ ਇਉਂ ਮਿਲੇਗਾ ਜਿਵੇਂ ਪਾਣੀ ਪਾਣੀ ਨਾਲ ਮਿਲਦਾ ਹੈ। 'ਭੱਟ ਵਹੀ ਤਲਾਉਂਡਾ ਪਰਗਨਾ ਜੀਂਦ ਅਤੇ ਗੁਰੂ ਕੀ ਸਾਖੀਆਂ (ਸਾਖੀ ਨੰ: 12) ਅਨੁਸਾਰ ਗੁਰੂ ਤੇਗ਼ ਬਹਾਦਰ ਜੀ ਨੇ 8 ਜੁਲਾਈ 1675 ਨੂੰ ਗੁਰੂਗੱਦੀ ਗੁਰੂ ਗੋਬਿੰਦ ਸਿੰਘ ਨੂੰ ਸੌਂਪ ਦਿੱਤੀ ਸੀ। ਗੁਰੂ ਜੀ ਦੀ ਤੀਜੀ ਗ੍ਰਿਫ਼ਤਾਰੀ ਤੋਂ ਕੁਝ ਦਿਨ ਬਾਅਦ 11/12 ਜੁਲਾਈ 1675 ਨੂੰ ਹੋਈ ਤੇ ਏਸੇ ਗ੍ਰਿਫਤਾਰੀ ਦੌਰਾਨ ਸ਼ਹਾਦਤ ਹੋਈ।

ਤੀਸਰੀ ਗ੍ਰਿਫਤਾਰੀ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਗੱਦੀ ਸੌਂਪਣਾ ਇਹ ਗੱਲ ਸਿੱਧ ਕਰਦਾ ਹੈ ਕਿ ਗੁਰੂ ਸਾਹਿਬ ਜਾਣਦੇ ਸਨ ਇਸ ਵਾਰ ਉਨ੍ਹਾਂ ਦਾ ਮੁਗ਼ਲ ਨਜ਼ਰਬੰਦੀ ਤੋਂ ਵਾਪਸ ਆਉਣਾ ਸ਼ਾਇਦ ਸੰਭਵ ਨਾ ਹੋਵੇ ਭਾਵ ਉਨ੍ਹਾਂ ਨੂੰ ਆਪਣੀ ਸ਼ਹਾਦਤ ਦਾ ਪੂਰਵ-ਅਨੁਮਾਨ ਸੀ ।

ਧਨਾਸਰੀ ਰਾਗ ਵਿਚ ਗੁਰੂ ਸਾਹਿਬ ਨੇ ਕਿਹਾ ਹੈ ਕਿ ਅਸਲੀ ਜੋਗੀ ਉਹੀ ਹੈ ਜੋ ਖੁਸ਼ੀ ਤੇ ਗ਼ਮੀ ਤੋਂ ਨਿਰਲੇਪ ਰਹਿੰਦਾ ਹੈ, "ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨ॥" ਜਿਹੜਾ ਦਸਾਂ ਦਿਸ਼ਾ ਵਿਚ ਭਟਕਣ ਵਾਲੇ ਮਨ 'ਤੇ ਕਾਬੂ ਪਾ ਲੈਂਦਾ ਹੈ, "ਚੰਚਲ ਮਨੁ ਦਹ ਦਿਸਿ ਕਉ ਧਾਵਤ ਅਚਲ ਜਾਹਿ ਠਹਰੋਂ॥" ਓਸ ਮਨੁੱਖ ਨੂੰ ਮੁਕਤੀ ਮਿਲਦੀ ਹੈ "ਕਹੁ ਨਾਨਕ ਇਹ ਬਿਧਿ ਕੋ ਜੋ ਨਰੁ ਮੁਕਤਿ ਤਾਹਿ ਤੁਮ ਮਾਨ॥" ਗੁਰੂ ਤੇਗ਼ ਬਹਾਦਰ ਜੀ ਦੀ ਜੀਵਨ-ਯਾਤਰਾ। ਦੇਖਦਿਆਂ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਉਨ੍ਹਾਂ ਦੀ ਬਾਣੀ ਵਿਚ ਵੀ ਅਜਿਹੇ ਨਿਰਲੇਪ ਰਹਿਣ ਵਾਲੇ ਮਨੁੱਖ ਦੇ ਕਲਪਨਾ ਇਸ ਲਈ ਕੀਤੀ ਅਤੇ ਦ੍ਰਿੜ੍ਹਾਈ ਜਾ ਰਹੀ ਹੈ ਜੋ ਨਾ ਕਿਸੇ ਨੂੰ ਡਰਾਉਂਦਾ ਹੈ ਅਤੇ ਨਾ ਹੀ ਕਿਸੇ ਤੋਂ ਡਰਦਾ ਹੈ, 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਕਿਉਂਕਿ ਅਜਿਹਾ ਮਨੁੱਖ ਹੀ ਹੱਕ-ਸੱਚ ਲਈ ਕੁਰਬਾਨੀ ਦੇ ਸਕਦਾ ਹੈ, ਸ਼ਹੀਦ ਹੋ ਸਕਦਾ ਹੈ। ਗੁਰੂ ਸਾਹਿਬ ਦੀ ਅਦੁੱਤੀ ਸ਼ਹੀਦੀ ਦੀ ਪਦ-ਚਾਪ ਉਨ੍ਹਾਂ ਦੀ ਬਾਣੀ ਦੇ ਬੋਲਾਂ 'ਚੋਂ ਪ੍ਰਤੱਖ ਸੁਣਾਈ ਦਿੰਦੀ ਹੈ।

# ਗੁਰੂ ਤੇਗ਼ ਬਹਾਦਰ: ਤਿਆਗ ਅਤੇ ਤੇਗ਼ ਦਾ ਸੰਮੇਲਨ




ਪ੍ਰੋ. ਅਵਤਾਰ ਸਿੰਘ

ਉੱਘੇ ਚਿੰਤਕ

9417518384


ਗੁਰੂ ਤੇਗ ਬਹਾਦਰ, ਜਿਨ੍ਹਾਂ ਨੂੰ ਸਤਿਕਾਰ ਵਜੋਂ 'ਨੌਵੇਂ ਪਾਤਸ਼ਾਹ' ਕਿਹਾ ਜਾਂਦਾ ਹੈ ਤੇ ਬਾਣੀ ਦੇ ਪ੍ਰਸੰਗ ਵਿੱਚ 'ਮਹਲਾ ਨੌਵਾਂ' ਆਖਿਆ ਜਾਂਦਾ ਹੈ, ਦਾ ਜਨਮ, ਗਰੂ ਹਰਗੋਬਿੰਦ ਸਾਹਿਬ ਦੇ ਗ੍ਰਹਿ ਗੁਰੂ ਕੇ ਮਹਿਲ, ਅੰਮ੍ਰਿਤਸਰ ਵਿਖੇ, ਮਾਤਾ ਨਾਨਕੀ ਜੀ ਦੀ ਕੁੱਖੋਂ 1 ਅਪ੍ਰੈਲ 1621 ਈ. ਨੂੰ ਹੋਇਆ ਤੇ ਸ਼ਹਾਦਤ ਮੁਗਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ 11 ਨਵੰਬਰ 1675 ਨੂੰ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਹੋਈ। ਉਨ੍ਹਾਂ ਦੇ 59 ਸ਼ਬਦ ਅਤੇ 57 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹਨ।

ਗੁਰੂ ਤੇਗ ਬਹਾਦਰ ਜੀ ਦੇ ਪਿਤਾ, ਗੁਰੂ ਹਰਿ ਗੋਬਿੰਦ ਸਾਹਿਬ ਦੀਆਂ ਤਿੰਨ ਸ਼ਾਦੀਆਂ ਤੇ ਛੇ ਬੱਚੇ ਸਨ। ਮਾਤਾ ਦਾਮੋਦਰੀ ਦੀ ਕੁੱਖੋਂ ਬਾਬਾ ਗੁਰਦਿੱਤਾ, ਬੀਬੀ ਵੀਰੋ ਤੇ ਬਾਬਾ ਅਣੀ ਰਾਏ ਜਨਮੇ, ਮਾਤਾ ਮਹਾਂਦੇਵੀ ਦੀ ਕੁੱਖੋਂ ਬਾਬਾ ਸੂਰਜ ਮੱਲ ਤੇ ਬਾਬਾ ਅਟੱਲ ਰਾਏ ਦਾ ਜਨਮ ਹੋਇਆ ਤੇ ਮਾਤਾ ਨਾਨਕੀ ਦੀ ਕੁੱਖੋਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਪ੍ਰਗਟ ਹੋਏ।

ਗੁਰ ਇਤਿਹਾਸ ਦੇ ਰਵਾਇਤੀ ਗ੍ਰੰਥ ਦੱਸਦੇ ਹਨ ਕਿ ਨੌਵੇਂ ਪਾਤਸ਼ਾਹ ਜਨਮ ਸਮੇਂ ਆਮ ਬੱਚਿਆਂ ਦੇ ਵਿਪਰੀਤ ਬਿਲਕੁਲ ਹੀ ਸ਼ਾਂਤ ਪਏ ਰਹਿੰਦੇ ਤੇ ਕੋਈ ਹਿਲ-ਜੁਲ ਨਾ ਕਰਦੇ। ਮਾਤਾ ਜੀ ਨੂੰ ਉਨ੍ਹਾਂ ਦੀ ਸਿਹਤ ਬਾਬਤ ਫ਼ਿਕਰ ਹੋ ਗਿਆ। ਜਿਸ ਵਕਤ ਗੁਰੂ ਹਰਿਗੋਬਿੰਦ ਸਾਹਿਬ ਆਪਣੇ ਬੇਟੇ ਨੂੰ ਦੇਖਣ ਆਏ ਤਾਂ ਮਾਤਾ ਨਾਨਕੀ ਜੀ ਨੇ ਬੱਚੇ ਦੀ ਸਿਹਤ ਬਾਰੇ ਚਿੰਤਾ ਜ਼ਾਹਿਰ ਕੀਤੀ। ਗੁਰੂ ਸਾਹਿਬ ਨੇ ਮੁਸਕਰਾ ਕੇ ਆਪਣੇ ਬੇਟੇ ਨੂੰ 'ਤਿਆਗ ਮੱਲ' ਆਖਿਆ ਤੇ ਉਹਦੇ ਮਹਾਂ ਤਿਆਗੀ ਤੇ ਪ੍ਰਾਕਰਮੀ ਹੋਣ ਦਾ ਸੰਕੇਤ ਕੀਤਾ।

ਪਾਤਸ਼ਾਹ ਰਤਾ ਵੱਡੇ ਹੋਏ ਤਾਂ ਅਕਸਰ ਉਦਾਸ

ਰਹਿੰਦੇ ਤੇ ਉਨ੍ਹਾਂ ਦੇ ਨੇਤਰ ਨਮ ਰਹਿੰਦੇ। ਉਹ ਅਕਸਰ ਕਿਤੇ ਨਾ ਕਿਤੇ ਅਲੋਪ ਹੋ ਜਾਂਦੇ ਤੇ ਉਨ੍ਹਾਂ ਨੂੰ ਲੱਭ ਲੱਭ ਕੇ ਲਿਆਉਣਾ ਪੈਂਦਾ। ਮਾਤਾ ਜੀ ਉਨ੍ਹਾਂ ਨੂੰ ਤਿਆਰ ਕਰਕੇ ਬੱਚਿਆਂ ਵਿਚ ਖੇਡਣ ਭੇਜਦੇ ਤਾਂ ਉਹ ਕੁਝ ਦੇਰ ਬਾਦ ਨੰਗ-ਮਲੰਗ ਵਾਪਸ ਆ ਜਾਂਦੇ। ਪੁੱਛਣ 'ਤੇ ਦੱਸਦੇ ਕਿ ਉਨ੍ਹਾਂ ਨੇ ਆਪਣੇ ਵਸਤਰ ਕਿਸੇ ਗ਼ਰੀਬ ਅਤੇ ਨਗਨ ਬੱਚੇ ਨੂੰ ਦੇ ਦਿੱਤੇ ਹਨ ਤੇ ਹੋਰ ਆਖਦੇ 'ਮੈਨੂੰ ਤਾਂ ਤੁਸੀਂ ਹੋਰ ਵਸਤਰ ਲੈ ਦਿਉਗੇ, ਉਹਨੂੰ ਕੀਹਨੇ ਲੈ ਕੇ ਦੇਣੇ ਸਨ।'

ਗ੍ਰੰਥਾਂ ਵਿਚ ਇਹ ਵੀ ਲਿਖਿਆ ਮਿਲ਼ਦਾ ਹੈ ਕਿ ਵੱਡੇ ਭਾਈ ਦੀ ਸ਼ਾਦੀ ਸਮੇਂ ਆਪ ਆਪਣੇ ਨਵੇਂ ਨਕੋਰ ਵਸਤਰ ਅਤੇ ਗਹਿਣੇ ਕਿਸੇ ਗ਼ਰੀਬ ਅਤੇ ਨਗਨ ਬੱਚੇ ਨੂੰ ਦੇ ਆਏ ਸਨ। ਕਿਸੇ ਗ਼ਰੀਬ ਅਤੇ ਬੇਸਹਾਰੇ ਦੀ ਨਗਨਤਾ ਨੂੰ ਕੱਜਣ ਜਾਂ ਢੱਕਣ ਦੀ ਪ੍ਰਵਿਰਤੀ ਬਾਲਪਣ ਤੋਂ ਹੀ ਗੁਰੂ ਜੀ ਦੀ ਪ੍ਰਕਿਰਤੀ ਦਾ ਅਹਿਮ ਹਿੱਸਾ ਸੀ। ਦੀਨ ਦੁਨੀਆਂ ਤੇ ਦੁਖੀਆਂ ਦੇ ਦਰਦੀ ਪਾਤਸ਼ਾਹ ਲਈ ਕਿਸੇ ਦਾ ਦੁੱਖ ਦੇਖਣਾ ਅਸਹਿ ਸੀ ਤੇ ਦੂਖ ਨਿਵਾਰਨ ਵਿੱਚ ਹੀ ਉਨ੍ਹਾਂ ਦੀ ਨੇਹਚਾ ਸੀ।

ਗੁਰ ਇਤਿਹਾਸ ਪੜ੍ਹਿਆਂ ਇਹ ਵੀ ਪਤਾ ਲੱਗਦਾ ਹੈ ਕਿ ਉਹ ਰੁੜ੍ਹਦੇ ਹੋਏ ਅਕਸਰ ਆਪਣੇ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੀ ਗੋਦ ਵਿੱਚ ਜਾ ਬਹਿੰਦੇ ਜਾਂ ਉਨ੍ਹਾਂ ਦੇ ਕੋਲ ਬੜੇ ਹੀ ਇਤਮਿਨਾਨ ਨਾਲ਼ ਬੰਦਗੀ ਦੀ ਮੁਦਰਾ ਵਿੱਚ ਬਿਰਾਜ ਜਾਂਦੇ। ਬਚਪਨ ਤੋਂ ਹੀ ਉਹ ਬੰਦਗੀ ਪਸੰਦ ਉਦਾਸ ਤਬੀਅਤ ਵਾਲ਼ੇ ਸਨ।

ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੇ ਆਦੇਸ਼ ਮੁਤਾਬਕ ਗੁਰਮਤਿ ਦੇ ਮਾਰਤੰਡ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਆਪ ਜੀ ਨੂੰ ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਦੇ ਸ਼ਾਸਤਰੀ ਗਿਆਨ ਦੇ ਨਾਲ਼ ਨਾਲ਼ ਸ਼ਸਤਰ ਵਿੱਦਿਆ ਵਿੱਚ ਵੀ ਨਿਪੁੰਨ ਕਰ ਦਿੱਤਾ। ਕਰਤਾਰ ਪੁਰ ਦੀ ਭਿਆਨਕ ਜੰਗ ਵਿੱਚ ਆਪ ਜੀ ਨੇ ਬੜੀ ਬੀਰਤਾ ਨਾਲ਼ ਤੇਗ਼ ਦੇ ਜੌਹਰ ਦਿਖਾਏ ਤਾਂ ਪਿਤਾ ਗੁਰੂ ਨੇ ਬੇਟੇ ਨੂੰ ਪਿਆਰ ਨਾਲ਼ ਗਲ਼ੇ ਲਾਇਆ ਤੇ ਕਿਹਾ 'ਇਹ ਮੇਰਾ ਤਿਆਗ ਮੱਲ ਨਹੀਂ, ਤੇਗ਼ ਬਹਾਦਰ ਹੈ'। ਉਸ ਦਿਨ ਤੋਂ ਆਪ ਜੀ ਦਾ ਨਾਂ ਤੇਗ਼ ਬਹਾਦਰ ਹੋ ਗਿਆ। ਪਰ ਇਸ ਦਿਨ ਤੋਂ ਬਾਦ ਆਪ ਜੀ ਨੇ ਕਦੇ ਵੀ ਤੇਗ਼ ਦੀ ਵਰਤੋਂ ਨਹੀਂ ਕੀਤੀ।

ਆਪ ਸਦਾ ਵਾਹਿਗੁਰੂ ਵਿੱਚ ਲੀਨ ਰਹਿੰਦੇ। ਲੀਨ ਹੋਣ ਦੀ ਇਸ ਸਾਧਨਾ ਵਿੱਚ ਜਦ ਆਤਮਾ ਪਰਮਾਤਮਾ ਦੀ ਜੂਹ ਵਿੱਚ ਦਾਖ਼ਲ ਹੋ ਜਾਂਦੀ ਹੈ ਤਾਂ ਉਸ ਅਵਸਥਾ ਨੂੰ ਸੂਫ਼ੀਆਂ ਦੀ ਭਾਸ਼ਾ ਵਿੱਚ 'ਸਿਰਰ' ਕਿਹਾ ਜਾਂਦਾ ਹੈ। ਪਾਤਸ਼ਾਹ ਨੇ ਆਪਣੇ ਮਨ ਮਸਤਕ ਵਿੱਚ ਸਿਰਰ ਧਾਰਣ ਕਰ ਲਿਆ। ਕਈ ਲੋਕ ਸਿਰਰ ਨੂੰ ਸਿਰੜ ਸਮਝਣ ਦਾ ਭੁਲੇਖਾ ਖਾਂਦੇ ਹਨ। ਜਦਕਿ ਪੰਜਾਬੀ ਭਾਸ਼ਾ ਦਾ ਸ਼ਬਦ ਸਿਰੜ ਇਕ ਮਾਨਸਿਕ ਰੋਗ ਹੈ ਤੇ ਅਰਬੀ ਭਾਸ਼ਾ ਦਾ ਸ਼ਬਦ 'ਸਿਰਰ' ਅੰਤਰੀਵ ਇਲਾਹੀ ਅਵਸਥਾ ਦਾ ਨਾਂ ਹੈ। ਸੌਖੇ ਸ਼ਬਦਾਂ ਵਿੱਚ ਸਿਰਰ ਉਹ ਅਵਸਥਾ ਹੈ, ਜਿੱਥੇ ਇਨਸਾਨ ਅਤੇ ਭਗਵਾਨ ਵਿੱਚ ਫ਼ਰਕ ਮਿਟ ਜਾਂਦਾ ਹੈ।

ਪਿਤਾ ਗੁਰੂ ਦੇ ਪਰਲੋਕ ਗਮਨ ਉਪਰੰਤ ਮਾਤਾ ਨਾਨਕੀ ਜੀ ਆਪ ਜੀ ਨੂੰ ਆਪਣੇ ਪੇਕੇ ਬਕਾਲ਼ੇ ਲੈ ਆਏ ਤੇ ਉੱਥੇ ਆਪ ਜੀ ਦੀ ਤਬੀਅਤ ਮੁਤਾਬਕ ਭੋਰਾ ਤਿਆਰ ਕਰਵਾ ਦਿੱਤਾ, ਜਿਥੇ ਆਪ ਦਿਨ ਰਾਤ ਪਾਰਬ੍ਰਹਮ ਦੇ ਪੂਰਨ ਧਿਆਨ ਅਰਥਾਤ 'ਸਿਰਰ' ਵਿੱਚ ਸਥਿਤ ਰਹਿੰਦੇ। ਇੱਥੇ ਪਾਤਸ਼ਾਹ ਨੇ ਛੱਬੀ ਸਾਲ ਨੌਂ ਮਹੀਨੇ ਅਤੇ ਤੇਰਾਂ ਦਿਨ ਲਗਾਤਾਰ ਤਪੱਸਿਆ ਕੀਤੀ।

ਆਪਣੇ ਪਿਤਾ ਗੁਰੂ ਹਰਿਗੋਬਿੰਦ ਪਾਤਸ਼ਾਹ ਦੇ ਪੜਪੋਤਰੇ, ਭਰਾਤਾ ਬਾਬਾ ਗੁਰਦਿੱਤਾ ਜੀ ਦੇ ਪੋਤਰੇ ਅਤੇ ਗੁਰੂ ਹਰਿ ਰਾਏ ਜੀ ਦੇ ਬੇਟੇ, ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਜੀ ਦੇ ਅੰਤਮ ਸਮੇਂ ਦੇ ਸੰਕੇਤਕ ਬੋਲ 'ਬਾਬਾ ਬਕਾਲ਼ਾ' ਦੀ ਧੁੰਮ ਪੈ ਗਈ। ਅੱਠਵੇਂ ਪਾਤਸ਼ਾਹ ਦੇ ਦੂਰੋਂ ਨੇੜਿਓਂ ਲੱਗਦੇ ਬਾਈ ਬਾਬੇ, ਪਿੰਡ ਬਕਾਲ਼ੇ ਵਿੱਚ ਗੱਦੀਆਂ 'ਤੇ ਆਸੀਨ ਹੋ ਗਏ। ਵੱਡੇ ਕਾਰੋਬਾਰੀ ਪ੍ਰੇਮੀ ਸਿੱਖ ਮੱਖਣਸ਼ਾਹ ਲੁਬਾਣੇ ਦੇ ਆਉਣ 'ਤੇ ਕਈ ਦਿਨਾਂ ਤੋਂ ਗੁਰਿਆਈ ਦੇ ਨਾਂ 'ਤੇ ਚੱਲਦੀ ਜਾਲ੍ਹਸਾਜ਼ੀ ਦਾ ਪਰਦਾ ਚੁੱਕਿਆ ਗਿਆ। ਨੌਂਵੇਂ ਸਤਿਗੁਰੂ ਤੇਗ਼ ਬਹਾਦਰ ਦੀ ਗੁਰਿਆਈ ਪ੍ਰਗਟ ਹੋ ਗਈ ਤੇ ਚਾਰੇ ਪਾਸੇ "ਲਾਧੋ ਰੇ ਗੁਰੂ ਲਾਧੋ ਰੇ" ਦਾ ਹੋਕਾ ਸੁਣਾਈ ਦਿੱਤਾ।

ਗੁਰੂ ਤੇਗ ਬਹਾਦਰ ਜੀ ਨੇ ਗੁਰਿਆਈ ਦਾ ਜ਼ਿੰਮਾਂ ਸੰਭਾਲ਼ਦੇ ਹੀ ਕੀਰਤਪੁਰ ਸਾਹਿਬ ਦੇ ਨੇੜੇ ਸਤਿਲੁਜ ਦਰਿਆ ਦੇ ਕਿਨਾਰੇ ਅਤੇ ਸ਼ਿਵਾਲਿਕ ਪਹਾੜੀਆਂ ਦੇ ਦਰਮਿਆਨ ਥਾਂ ਖ਼ਰੀਦੀ ਤੇ ਆਪਣੀ ਮਾਤਾ ਦੇ ਨਾਂ 'ਤੇ 'ਚੱਕ ਨਾਨਕੀ' ਨਗਰ ਵਸਾਇਆ। ਭਾਰਤੀ ਪਰੰਪਰਾ ਵਿੱਚ ਨਵਿਰਤੀ ਮਾਰਗ ਕੁਦਰਤ ਦੀ ਅਨੇਕਤਾ ਤੋਂ ਕਾਦਰ ਦੇ ਏਕਤਵ ਵੱਲ ਉਦਾਸੀਨ ਅਤੇ ਵਿਲੀਨ ਹੋਣ ਦਾ ਮਾਰਗ ਹੈ। ਇਹਦੇ ਵਿਪਰੀਤ ਪ੍ਰਵਿਰਤੀ ਮਾਰਗ ਕਾਦਰ ਦੇ ਏਕਤਵ ਤੋਂ ਕੁਦਰਤ ਦੇ ਅਨੇਕਤਵ, ਅਰਥਾਤ ਗ੍ਰਹਿਸਤ ਵੱਲ ਪਰਤ ਆਉਣ ਦਾ

ਮਾਰਗ ਹੈ। ਪਾਤਸ਼ਾਹ ਨੇ ਗੁਰਮਤਿ ਮਾਰਗ ਨੂੰ ਸਾਖਿਆਤ ਕਰਨ ਹਿਤ ਚੱਕ ਨਾਨਕੀ ਨੂੰ ਨਵਿਰਤੀ ਤੇ ਪ੍ਰਵਿਰਤੀ, ਸੰਨਿਆਸ ਅਤੇ ਗ੍ਰਹਿਸਤ ਦਾ ਸੰਮੇਲਨ ਬਣਾ ਦਿੱਤਾ।

ਦੇਸ਼ ਭਰ ਵਿੱਚੋਂ ਦਰਸ਼ਨ, ਸ਼ਾਸਤਰ, ਲੋਕ ਸਾਹਿਤ ਅਤੇ ਕਥਾ ਵਾਰਤਾ ਸਾਹਿਤ ਇਕੱਤਰ ਕਰਵਾਇਆ ਗਿਆ, ਜਿਹਦੇ ਗੁਰਮੁਖੀ ਅਨੁਵਾਦ ਤਿਆਰ ਕਰਨ ਲਈ ਦੂਰੋਂ-ਦੂਰੋਂ ਵਿਸ਼ੇਸ਼ ਵਿਦਵਾਨ ਬੁਲਾਏ ਗਏ। ਲਿਖਣ ਸਮੱਗਰੀ ਤਿਆਰ ਕਰਨ ਲਈ ਕਲਮ-ਘਾੜੇ ਸਦਵਾਏ ਗਏ। ਇਸ ਨਵੇਂ ਨਗਰ ਵਿੱਚ ਬੇਸ਼ਕੀਮਤੀ, ਪ੍ਰਾਚੀਨ, ਦੁਰਲੱਭ ਅਤੇ ਗਹਿਨ ਗ੍ਰੰਥਾਂ ਦਾ ਮਹਾਂ ਸੰਗ੍ਰਹਿ ਅਤੇ ਉਸ ਵੇਲੇ ਦੀ ਪ੍ਰਚੱਲਤ ਭਾਸ਼ਾ ਵਿਚ ਅਨੁਵਾਦ ਹੋਣ ਲੱਗਾ।

ਧੀਰਜ ਧਾਮ ਅਤੇ ਤਿਆਗ ਦੇ ਪੁੰਜ ਨੌਵੇਂ ਸਤਿਗੁਰੂ, ਸਮੇਤ ਪਰਿਵਾਰ, ਧਰਮ ਪ੍ਰਚਾਰ ਦੀ ਮਹਾਂਯਾਤਰਾ 'ਤੇ ਨਿਕਲ਼ ਗਏ। ਪਟਨੇ ਵਿਖੇ ਗੁਰੂ ਨਾਨਕ ਪਾਤਸ਼ਾਹ ਦੇ ਸਿੱਖ ਅਦਰੱਕੇ ਦੀ ਧਰਮ ਪ੍ਰਚਾਰ ਹਿਤ ਬਣਾਈ ਹਵੇਲੀ ਵਿੱਚ ਪਰਿਵਾਰ ਨੂੰ ਛੱਡ ਕੇ ਆਪ ਅਸਾਮ ਚਲੇ ਗਏ। ਉੱਸੇ ਹਵੇਲੀ ਵਿੱਚ ਮਾਂ ਗੁਜਰੀ ਦੀ ਪਾਵਨ ਕੁੱਖ 'ਚੋਂ ਪੁੱਤਰ ਨੇ ਜਨਮ ਲਿਆ; ਜਿਹਦਾ ਨਾਮ ਰੱਖਿਆ: ਗੋਬਿੰਦ ਰਾਏ।

ਪਾਤਸ਼ਾਹ ਅਸਾਮ ਗਏ ਤਾਂ ਰਾਣੀ ਗੌਰਜਾਂ ਦੇ ਪੁੱਤਰ, ਰਾਜੇ ਰਾਮਰਾਏ ਨੇ, ਪ੍ਰੇਮ ਨਾਲ਼ ਆਉ-ਭਗਤ ਕੀਤੀ ਤੇ ਅੱਗੋਂ ਪੁੱਤਰ ਪ੍ਰਾਪਤੀ ਦੀ ਇੱਛਾ ਪ੍ਰਗਟਾਈ। ਪਾਤਸ਼ਾਹ ਹਜ਼ੂਰ ਉਹਦੀ ਇੱਛਾ ਪੂਰਤੀ ਦਾ ਸੰਕੇਤ ਕਰ ਕੇ ਅੱਗੇ ਚਲੇ ਗਏ। ਏਥੇ ਹੀ ਗੁਰੂ ਕੇ ਸਿੱਖ, ਬੁਲਾਕੀ ਦਾਸ ਦੀ ਬਿਰਧ ਮਾਤਾ ਨੇ, ਪਾਤਸ਼ਾਹ ਨੂੰ ਸਦਾ ਵਾਸਤੇ ਢਾਕੇ ਰਹਿਣ ਲਈ ਫ਼ਰਿਆਦ ਕੀਤੀ। ਮਜਬੂਰੀ ਦੱਸਣ 'ਤੇ ਬਿਰਧ ਮਾਤਾ ਨੇ ਪਾਤਸ਼ਾਹ ਦੀ ਤਸਵੀਰ ਬਣਾਉਣ ਲਈ ਫ਼ਰਿਆਦ ਕੀਤੀ। ਬਿਰਧ ਮਾਤਾ ਨੂੰ ਪਾਤਸ਼ਾਹ ਇਨਕਾਰ ਨਾ ਕਰ ਸਕੇ। ਮੁਸੱਵਰ ਬੁਲਾਇਆ ਗਿਆ ਤੇ ਪਾਤਸ਼ਾਹ ਦੀ ਤਸਵੀਰ ਤਿਆਰ ਹੋਣ ਲੱਗੀ। ਪੁਸ਼ਾਕ ਵਿੱਚ ਖ਼ੂਬਸੂਰਤ ਰੰਗ ਭਰੇ ਗਏ। ਹਜ਼ੂਰ ਦਾ ਸੀਸ ਬਣੇ, ਪਰ ਗੱਲ ਨਾ ਬਣੇ। ਮੁਸੱਵਰ ਪ੍ਰੇਸ਼ਾਨ ਹੋ ਗਿਆ। ਪਾਤਸ਼ਾਹ ਨੇ ਮੁਸੱਵਰ ਕੋਲ਼ੋਂ ਕਲਮ ਪਕੜੀ ਤੇ ਆਪਣਾ ਮੁੱਖ ਆਪ ਬਣਾ ਦਿੱਤਾ। ਪਾਤਸ਼ਾਹ ਦਾ ਦਰਸ਼ਣ ਕਲਾਕਾਰਾਂ ਦੇ ਵੱਸ ਦੀ ਗੱਲ ਨਹੀਂ ਹੈ। ਸਹਿਜ ਦੀ ਰਮਜ਼ ਸੁਹਜ ਕੀ ਜਾਣੇ। ਪਾਤਸ਼ਾਹ ਦੇ ਰੰਗ ਪਾਤਸ਼ਾਹ ਜਾਣਨ। ਉਹ ਤਸਵੀਰ ਅੱਜ ਵੀ ਮੌਜੂਦ ਹੈ। ਪੁਸ਼ਾਕ ਦਾ ਰੰਗ ਫਿੱਕਾ ਪੈ ਗਿਆ, ਪਰ ਪਾਤਸ਼ਾਹ ਦੇ ਮੁਖੜੇ ਦਾ ਰੰਗ ਅੱਜ ਵੀ ਉਸੇ ਤਰਾਂ ਡਲਕਦਾ ਹੈ।

ਇਸ ਯਾਤਰਾ ਤੋਂ ਵਾਪਸ ਪਰਤੇ ਤਾਂ ਪਾਤਸ਼ਾਹ ਆਪਣੇ ਵਸਾਏ ਨਗਰ ਵਿਖੇ, ਮੁੜ ਉਸੇ ਮਹਾਂ ਕਾਰਜ ਵਿੱਚ ਜੁੱਟ ਗਏ। ਕਰੀਬ ਪੰਜ ਸਾਲ ਬਾਅਦ ਮਾਤਾ ਗੁਜਰੀ ਜੀ ਬੇਟੇ ਨਾਲ਼ ਪਰਤ ਆਏ ਤਾਂ ਸਾਰੇ ਨਗਰ ਵਿੱਚ ਆਨੰਦ ਛਾ ਗਿਆ। ਬਾਲ ਗੋਬਿੰਦ ਰਾਏ ਦੀ ਅਲੌਕਿਕ ਆਭਾ ਅਤੇ ਪ੍ਰਤਿਭਾ ਤੋਂ ਪ੍ਰਸੰਨ-ਚਿਤ ਸੰਗਤ ਉਸ ਨਗਰ ਨੂੰ ਅਨੰਦਪੁਰ ਕਹਿਣ ਲੱਗ ਪਈ।

ਉਧਰ ਬਾਦਸ਼ਾਹ ਔਰੰਗਜ਼ੇਬ ਅੱਠਵੇਂ ਪਾਤਸ਼ਾਹ ਦੇ ਐਲਾਨ 'ਨਾ ਦਰਸ਼ਣ ਦੇ ਹੈਂ, ਨਾ ਦਰਸ਼ਣ ਲੇ ਹੈਂ' ਤੋਂ ਤਪਿਆ, ਸਤਿਆ ਅਤੇ ਖਪਿਆ ਹੋਇਆ ਸੀ। ਉਹਨੇ ਸ਼ੇਖ ਸਰਹੰਦੀ ਦੇ ਬੇਟੇ ਖ਼ੁਆਜਾ ਮਾਸੂਮ ਨੂੰ, ਦੀਨੀ ਦੀਖਿਆ ਲਈ, ਦਿੱਲੀ ਬੁਲਾਇਆ, ਪਰ ਉਹਨੇ ਆਪਣੇ ਬੇਟੇ ਸੈਫਉੱਦੀਨ ਨੂੰ ਭੇਜ ਦਿੱਤਾ, ਜਿਹਦੀ ਦੀਖਿਆ ਦੇ ਅਸਰ ਹੇਠ, ਔਰੰਗਜ਼ੇਬ ਨੇ, ਗ਼ੈਰ ਇਸਲਾਮੀ ਸਮਾਜ ਪ੍ਰਤੀ ਹੋਰ ਸਖ਼ਤ ਅਤੇ ਕੁਰੱਖਤ ਰੁੱਖ਼ ਅਖ਼ਤਿਆਰ ਕਰ ਲਿਆ। ਉਹਨੇ ਸਾਂਝੀਵਾਲਤਾ, ਪ੍ਰੇਮ ਮੁਹੱਬਤ ਅਤੇ ਰੱਬੀ ਰਜ਼ਾ ਦਾ ਸੰਦੇਸ਼ ਦੇਣ ਵਾਲ਼ੇ ਗੁਰੂ ਘਰ ਦੇ ਪਰਮ ਸੇਵਕਾਂ 'ਤੇ ਤੱਦੀ ਅਤੇ ਪਰਕੋਪ ਦਾ ਕਹਿਰ ਵਰਤਾ ਦਿੱਤਾ।

ਉਸ ਸਮੇਂ ਕਸ਼ਮੀਰੀ ਪੰਡਤ ਭਾਰਤੀ ਦਰਸ਼ਨ, ਸ਼ਾਸਤਰ ਅਤੇ ਗਿਆਨੁ ਧਿਆਨ ਵਿੱਚ ਬੜੇ ਹੀ ਧਾਰਮਿਕ ਮੰਨੇ ਜਾਂਦੇ ਸਨ। ਔਰੰਗਜ਼ੇਬ ਨੇ ਕਸ਼ਮੀਰੀ ਪੰਡਤਾਂ ਨੂੰ ਇਸਲਾਮ ਵਿੱਚ ਲਿਆਉਣ ਲਈ ਤੱਦੀ ਦਾ ਦੌਰ ਆਰੰਭ ਕਰ ਦਿੱਤਾ। ਕਸ਼ਮੀਰੀ ਪੰਡਤਾਂ ਨੂੰ ਇਨਸਾਨੀ ਅਧਿਕਾਰਾਂ ਤੋਂ ਵੰਚਿਤ ਕਰ ਦਿੱਤਾ। ਤਮਾਮ ਨੌਕਰੀਆਂ ਤੋਂ ਖ਼ਾਰਿਜ ਅਤੇ ਫ਼ਾਰਿਗ ਕਰਕੇ ਜੀਣਾ ਮੁਹਾਲ ਕਰ ਦਿੱਤਾ। ਕਸ਼ਮੀਰੀ ਪੰਡਤਾਂ ਦਾ ਤ੍ਰਾਹ ਕੱਢ ਦਿੱਤਾ ਗਿਆ। ਸਰ ਜਾਦੂਨਾਥ ਸਰਕਾਰ ਨੇ ਆਪਣੀ ਪੁਸਤਕ 'ਔਰੰਗਜ਼ੇਬ ਦਾ ਇਤਿਹਾਸ' ਵਿੱਚ ਦੱਸਿਆ ਕਿ ਉਸ ਵੇਲੇ ਕਸ਼ਮੀਰ ਨੂੰ ਰਾਜਸੀ ਅੱਯਾਸ਼ੀ ਦਾ ਅੱਡਾ ਬਣਾ ਦਿੱਤਾ ਗਿਆ।

ਗੁਰੂ ਨਾਨਕ ਪਾਤਸ਼ਾਹ ਦੇ ਕਸ਼ਮੀਰੀ ਸਿੱਖ, ਪੰਡਤ ਬ੍ਰਹਮਦਾਸ ਦਾ ਵੰਸ਼ਜ, ਪੰਡਤ ਕਿਰਪਾ ਰਾਮ, ਆਪਣੇ ਭਾਈ ਮਨਸੁਖ ਤੇ ਹੋਰ ਸਕੇ ਸੰਬੰਧੀਆਂ ਨੂੰ ਨਾਲ਼ ਲੈ ਕੇ ਅਨੰਦਪੁਰ ਸਾਹਿਬ ਵਿਖੇ ਆਇਆ ਤੇ ਆਪਣੇ ਪਾਤਸ਼ਾਹ, ਗੁਰੂ ਤੇਗ਼ ਬਹਾਦਰ ਜੀ ਨੂੰ ਤਫ਼ਸੀਲ ਵਿੱਚ ਆਪਣੀ ਵਿਥਿਆ ਵਰਨਣ ਕੀਤੀ। ਪਾਤਸ਼ਾਹ ਗੰਭੀਰ ਮੁਦਰਾ ਵਿੱਚ ਚਲੇ ਗਏ ਤਾਂ ਬੇਟੇ

ਗੋਬਿੰਦ ਰਾਏ ਨੇ ਸਬੱਬ ਪੁੱਛਿਆ। ਪਾਤਸ਼ਾਹ ਕਹਿਣ ਲੱਗੇ, 'ਕਿਸੇ ਮਹਾਂਪੁਰਖ ਨੂੰ ਸ਼ਹਾਦਤ ਦੇਣੀ ਪਵੇਗੀ'। ਬੇਟੇ ਗੋਬਿੰਦ ਰਾਏ ਨੇ ਸਹਿਵਨ ਹੀ ਆਖ ਦਿੱਤਾ, 'ਆਪ ਤੋਂ ਵੱਡਾ ਮਹਾਂਪੁਰਖ ਕੌਣ ਹੈ?'

ਬਾਲ ਗੋਬਿੰਦ ਰਾਏ ਨੂੰ ਸੰਸਕ੍ਰਿਤ ਸਿਖਾਉਣ ਦੀ ਜ਼ਿੰਮੇਵਾਰੀ ਪੰਡਤ ਕਿਰਪਾ ਰਾਮ ਨੂੰ ਸੌਂਪ ਕੇ, ਦੀਵਾਨ ਮਤੀਦਾਸ, ਸਤੀਦਾਸ ਅਤੇ ਦਿਆਲ ਦਾਸ ਨੂੰ ਨਾਲ਼ ਲੈ ਕੇ ਪਾਤਸ਼ਾਹ ਦਿੱਲੀ ਲਈ ਰਵਾਨਾ ਹੋ ਗਏ। ਦਿੱਲੀ ਪੁੱਜ ਕੇ ਜਾਣੀ-ਜਾਣ ਸਤਿਗੁਰੂ ਨੇ ਆਪਣੇ ਪਰਮ ਸਨੇਹੀ ਸਿੱਖਾਂ ਹੱਥ ਗੋਬਿੰਦ ਰਾਏ ਨੂੰ ਗੁਰਿਆਈ ਦੇਣ ਦਾ ਸੰਦੇਸ਼ ਸੌਂਪ ਦਿੱਤਾ।

ਸ਼ਾਹਜਹਾਨ ਦੀ ਵੱਡੀ ਬੇਟੀ ਜਹਾਂਆਰਾ ਨੇ ਚਾਰ ਬਜ਼ਾਰਾਂ ਨੂੰ ਮੇਲਣ ਵਾਲਾ ਚੌਂਕ ਤਿਆਰ ਕਰਵਾਇਆ ਸੀ, ਜੀਹਦੇ ਵਿੱਚ ਇਕ ਤਲਾਬ ਇਸ ਹਿਸਾਬ ਨਾਲ ਬਣਾਇਆ ਗਿਆ, ਜਿਥੇ ਚੰਦਰਮਾਂ ਇਸ ਤਰ੍ਹਾਂ ਝਲਕਦਾ ਸੀ ਕਿ ਚਾਰੇ ਪਾਸੇ ਚਾਨਣ ਨਜ਼ਰ ਆਉਂਦਾ ਸੀ। ਇਸ ਥਾਂ ਨੂੰ ਲੋਕ ਚਾਂਦਨੀ ਚੌਂਕ ਕਹਿਣ ਲੱਗ ਪਏ। ਔਰੰਗਜ਼ੇਬ ਨੇ ਆਪਣੀ ਬੇਟੀ ਦੇ ਇਸ ਸੁਹਜਮਈ ਅਜੂਬੇ, ਚਾਂਦਨੀ ਚੌਂਕ ਨੂੰ, ਸ਼ਾਹੀ ਕਤਲਗਾਹ ਬਣਾ ਲਿਆ ਤੇ ਹਰ ਰੋਜ਼ ਇੱਥੇ ਕਿਸੇ ਨਾ ਕਿਸੇ ਦਾ ਕਤਲ ਹੁੰਦਾ। ਤਪੇ, ਸਤੇ ਅਤੇ ਖਪੇ ਹੋਏ ਬਾਦਸ਼ਾਹ ਨੇ ਪਾਤਸ਼ਾਹ ਨੂੰ ਇਸਲਾਮ ਕਬੂਲ ਕਰਨ ਲਈ ਆਖਿਆ। ਨਿਰਭਉ ਨਿਰਵੈਰ ਗੁਰਦੇਵ ਨੇ ਇਨਕਾਰ ਕਰ ਦਿੱਤਾ। ਨਿਰਦਈ ਬਾਦਸ਼ਾਹ ਨੇ ਸੀਸ ਕਲਮ ਕਰਨ ਦਾ ਐਲਾਨ ਕਰ ਦਿੱਤਾ। ਧੀਰਜ-ਧਾਮ ਪਾਤਸ਼ਾਹ ਨੇ ਬਿਨਾ ਬਿਲੰਬ ਸਵੀਕਾਰ ਕਰ ਲਿਆ।

ਨੀਤੀ ਜਾਣ ਕੇ ਬਾਦਸ਼ਾਹ ਨੇ ਪਾਤਸ਼ਾਹ ਦੇ ਸਨਮੁਖ ਗੁਰੂ ਕੇ ਅਨਿੰਨ ਸਿੱਖ ਭਾਈ ਮਤੀਦਾਸ ਨੂੰ ਆਰੇ ਨਾਲ਼ ਚੀਰ ਦਿੱਤਾ, ਭਾਈ ਸਤੀਦਾਸ ਨੂੰ ਰੂੰ ਵਿੱਚ ਲਪੇਟ ਕੇ ਸਾੜ ਦਿੱਤਾ ਤੇ ਭਾਈ ਦਿਆਲੇ ਨੂੰ ਦੇਗ ਵਿੱਚ ਉਬਾਲ਼ ਦਿੱਤਾ। ਕਬੀਰ ਜੀ ਨੇ ਬਾਣੀ ਅੰਦਰ ਮੁਹੱਬਤ ਦੀ ਮਿਸਾਲ ਪੇਸ਼ ਕੀਤੀ ਸੀ: "ਕਰਵਤੁ ਭਲਾ ਨ ਕਰਵਟ ਤੇਰੀ" ਅਤੇ "ਜਉ ਤਨੁ ਚੀਰਹਿ ਅੰਗੁ ਨ ਮੋਰਹੁ"। ਗੁਰੂ ਕੇ ਇਨ੍ਹਾਂ ਤਿੰਨਾਂ ਸਿੱਖਾਂ ਨੇ ਕਬੀਰ ਜੀ ਦੀ ਦਰਸਾਈ ਮੁਹੱਬਤ ਦੀ ਕਠਿਨ ਮਿਸਾਲ ਨੂੰ ਅਭਿਆਸ ਵਿੱਚ ਬਦਲ ਦਿੱਤਾ।

ਅਖੀਰ ਜ਼ਾਲਮ ਬਾਦਸ਼ਾਹ ਦੇ ਇਸ਼ਾਰੇ 'ਤੇ ਜੱਲਾਦ ਨੇ ਅਡੋਲ ਪਾਤਸ਼ਾਹ ਦੇ ਸਨਮੁਖ ਲਿਸ਼ਕਦੀ ਤਲਵਾਰ ਘੁਮਾਈ, ਜਿਹਨੂੰ ਦੇਖ ਕੇ ਪਾਤਸ਼ਾਹ ਮੁਸਕ੍ਰਾ ਪਏ। ਜੱਲਾਦ ਨੇ ਗੁਰੂ ਜੀ ਦੇ ਨਾਂ ਤੇਗ਼ ਬਹਾਦਰ 'ਤੇ ਕਟਾਕਸ਼ ਕੀਤੀ। ਗੁਰੂ ਜੀ ਨੇ ਕਿਹਾ 'ਤੇਰੀ ਤੇਗ਼ ਮੇਰਾ ਸੀਸ ਨਹੀਂ ਕੱਟ ਸਕਦੀ'। ਜੱਲਾਦ ਹੈਰਾਨ ਹੋਇਆ। ਗੁਰੂ ਜੀ ਨੇ ਕਾਗ਼ਜ਼ 'ਤੇ ਸਲੋਕ ਲਿਖਿਆ 'ਤੇ ਜੱਲਾਦ ਦੀ ਤਲਵਾਰ ਅੱਗੇ ਬੰਨ੍ਹ ਦਿੱਤਾ ਤੇ ਜ਼ੋਰ ਨਾਲ਼ ਵਾਰ ਕਰਨ ਲਈ ਤਾਕੀਦ ਕੀਤੀ। ਪਾਤਸ਼ਾਹ ਦੀ ਨਿਰਭਉ ਅਡੋਲਤਾ ਤੋਂ ਸੜ ਬਲ਼ ਚੁੱਕੇ ਬਾਦਸ਼ਾਹ ਦੇ ਹੁਕਮ 'ਤੇ ਜੱਲਾਦ ਨੇ ਜ਼ੋਰਦਾਰ ਵਾਰ ਕੀਤਾ ਤੇ ਪਾਤਸ਼ਾਹ ਦਾ ਸੀਸ ਕਲਮ ਕਰ ਦਿੱਤਾ। ਜੱਲਾਦ ਨੇ ਜੇਤੂ ਅੰਦਾਜ਼ ਵਿੱਚ ਤੇਗ਼ ਅੱਗੇ ਬੰਨ੍ਹਿਆਂ ਕਾਗ਼ਜ਼ ਖੋਲ੍ਹਿਆ, ਜਿਹਦੇ ਉੱਤੇ ਲਿਖਿਆ ਸੀ: ਸੀਸ ਦੀਆ ਪਰ ਸਿਰਰ ਨ ਦੀਆ।

ਤਮਾਮ ਦਰਸ਼ਕ ਹਕੂਮਤ ਦਾ ਕਹਿਰ ਅਤੇ ਗ਼ਜ਼ਬ ਦੇਖ ਕੇ ਦਹਿਲ ਗਏ ਤੇ ਗੁਰੂ ਦੀ ਨਿਰਭਉ ਨਿਰਵੈਰ ਅਡੋਲਤਾ ਦੇਖ ਕੇ ਵਿਸਮਾਦੀ ਅਚੰਭੇ ਵਿੱਚ ਚਲੇ ਗਏ ਤੇ ਉਨ੍ਹਾਂ ਦੇ ਕੰਨਾਂ ਨੇ ਗ਼ੈਬ ਵਿਚੋਂ ਗੂੰਜ ਸਰਵਣ ਕੀਤੀ: ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।

ਬਾਦਸ਼ਾਹ ਦੇ ਹੁਕਮ ਅਨੁਸਾਰ ਕਤਲ ਹੋਣ ਵਾਲ਼ੀ ਹਰ ਹਸਤੀ ਦੀ ਦੇਹ ਦੇ ਟੁਕੜੇ ਕਰਕੇ ਰੁੱਖਾਂ 'ਤੇ ਟੰਗ ਦਿੱਤੇ ਜਾਂਦੇ ਸਨ ਤਾਂ ਜੋ ਦੇਸ਼ ਦੀ ਪਰਜਾ ਏਨੀ ਭੈਭੀਤ ਰਹੇ ਕਿ ਬਗ਼ਾਵਤੀ ਸੁਰਾਂ ਰੰਚਕ ਮਾਤਰ ਵੀ ਸਿਰ ਨਾ ਚੁੱਕ ਸਕਣ। ਪਰ ਗੁਰੂ ਕੇ ਅਨਿੰਨ ਸਿੱਖਾਂ ਨੇ ਗੁਰੂ ਕੀ ਦੇਹ ਦੀ, ਜਾਨ ਹੂਲ ਕੇ ਰੱਖਿਆ ਕੀਤੀ। ਭਾਈ ਲੱਖੀ ਸ਼ਾਹ ਵਣਜਾਰੇ ਨੇ ਕਿਸੇ ਨਾ ਕਿਸੇ ਤਰ੍ਹਾਂ ਗੁਰੂ ਕੇ ਧੜ ਨੂੰ ਆਪਣੇ ਘਰ ਲਿਜਾ ਕੇ ਘਰ ਸਮੇਤ ਅਗਨ ਭੇਟ ਕਰ ਦਿੱਤਾ। ਦੂਜੇ ਸਿੱਖ ਭਾਈ ਜੈਤੇ ਨੇ ਗੁਰੂ ਕੇ ਸੀਸ ਦੀ ਜ਼ੁੰਮੇਵਾਰੀ ਲਈ, ਬੜੇ ਜੋਖ਼ਮ ਨਾਲ ਸੀਸ ਉਠਾਇਆ ਤੇ ਆਪਣੀ ਹਿੱਕ ਨਾਲ਼ ਲਾ ਕੇ ਵਾਹੋ-ਦਾਹੀ ਅਨੰਦਪੁਰ ਸਾਹਿਬ ਨੂੰ ਚਾਲੇ ਪਾ ਦਿੱਤੇ।

ਮਾਂ ਗੁਜਰੀ, ਬੇਟੇ ਦਸਮੇਸ਼ ਤੇ ਸੰਗਤ ਨੂੰ ਲੈ ਕੇ ਅਗਾਊਂ ਕੀਰਤਪੁਰ ਸਾਹਿਬ ਪੁੱਜੇ। ਭਾਈ ਜੈਤਾ ਜੀ ਨੇ ਗੁਰੂ ਕੇ ਸੀਸ ਦੇ ਸਭ ਨੂੰ ਆਖਰੀ ਦਰਸ਼ਣ ਕਰਵਾਏ। ਜ਼ਮਾਨੇ ਨੇ ਕਤਲ ਕਰਨ ਵਾਲ਼ੇ ਜੱਲਾਦ ਦੇਖੇ ਸਨ, ਪਰ ਕਤਲ ਹੋਣ ਵਾਲ਼ੇ ਦਾ ਜਾਹੋ-ਜਲਾਲ ਪਹਿਲੀ ਵਾਰ ਤੱਕਿਆ। ਖ਼ਲਕਤ ਦੇ ਕੰਨਾਂ ਵਿੱਚ ਫਿਰ ਗ਼ੈਬੀ ਧੁਨ ਸੁਣਾਈ ਦਿੱਤੀ:

ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰ ਸਿਰਰੁ ਨ ਦੀਆ॥

ਜਾਦੂ ਉਹ ਜੋ ਸਿਰ ਚੜ੍ਹ ਬੋਲੇ। ਮਰਨ ਉਪਰੰਤ

ਔਰੰਗਜ਼ੇਬ ਦੇ ਸਿਰਹਾਣੇ ਹੇਠਾਂ ਬੇਟੇ ਨੂੰ ਲਿਖੀ ਹੋਈ ਚਿੱਠੀ ਮਿਲ਼ੀ, ਜਿਸ ਵਿੱਚ ਬਾਦਸ਼ਾਹ ਦੇ ਦਿਲੋ ਦਿਮਾਗ਼ 'ਤੇ ਪਾਤਸ਼ਾਹ ਦੇ ਬਚਨ-ਬਿਲਾਸ ਅਤੇ ਬਾਣੀ ਦਾ ਅਸਰ ਪ੍ਰਤੱਖ ਸੀ। ਉਹਨੇ ਲਿਖਿਆ: "ਬੁਢਾਪਾ ਆ ਗਿਆ ਹੈ... ਕਮਜ਼ੋਰੀ ਹੱਦੋਂ ਵੱਧ ਗਈ... ਇਕੱਲਾ ਆਇਆ ਸੀ, ਇਕੱਲਾ ਜਾ ਰਿਹਾਂ... ਪਤਾ ਨਹੀਂ ਮੈਂ ਕੌਣ ਹਾਂ ਤੇ ਕੀ ਕਰਦਾ ਰਿਹਾਂ... ਜ਼ਿੰਦਗੀ ਵਿਅਰਥ ਬੀਤ ਗਈ... ਰੱਬ ਮੇਰੇ ਅੰਦਰ ਸੀ... ਅੰਨ੍ਹੀਆਂ ਅੱਖਾਂ ਦੇਖ ਨਾ ਸਕੀਆਂ"।

ਭਾਰਤੀ ਸੱਭਿਆਚਾਰ ਵਿਚ ਕਿਸੇ ਬੇਵ੍ਹਾ ਜਾਂ ਤ੍ਰਿਸਕਾਰੀ ਹੋਈ ਇਸਤਰੀ 'ਤੇ ਕਿਸੇ ਦਇਆਵਾਨ ਅਤੇ ਬੀਰ ਪੁਰਸ਼ ਵੱਲੋਂ ਚਾਦਰ ਪਾ ਕੇ ਪਰਵਾਣ ਕਰਨ ਦੀ ਰਸਮ ਪ੍ਰਚੱਲਤ ਹੈ। ਚਾਦਰ ਕਿਸੇ ਅਬਲਾ ਦੀ ਆਬਰੂ ਦਾ ਜ਼ਿੰਮਾ ਲੈਣ ਦਾ ਪ੍ਰਤੀਕ ਹੈ। ਫ਼ਕੀਰ ਅਤੇ ਸੰਤ ਲੋਕ ਸਦਾ ਚਾਦਰ ਓੜ੍ਹ ਕੇ ਰੱਖਦੇ ਹਨ ਤੇ ਹਕੂਮਤਾਂ ਹਮੇਸ਼ਾ ਮਾਨਵਤਾ ਦਾ ਘਾਣ ਕਰਦੀਆਂ ਹਨ। ਗੁਰੂ ਨਾਨਕ ਪਾਤਸ਼ਾਹ ਨੇ ਬਾਬਰ ਦੀ "ਪਾਪ ਕੀ ਜੰਞ" ਵਲੋਂ ਹਿੰਦੁਸਤਾਨ ਨੂੰ ਡਰਾਉਣ ਦੀ ਸੂਚਨਾ ਦਿੱਤੀ ਸੀ। ਉਸੇ ਜੰਞ ਦੇ ਧੜਵੈਲ ਲਾੜੇ ਔਰੰਗਜ਼ੇਬ ਨੇ ਹਿੰਦੁਸਤਾਨ ਦੀ ਪਰਜਾ ਨੂੰ ਨਿਰਬਲ ਕਰਕੇ ਪੱਤ ਰੋਲ਼ ਦਿੱਤੀ। ਜਿਸ ਕਰਕੇ ਗੁਰੂ ਤੇਗ਼ ਬਹਾਦਰ ਪਾਤਸ਼ਾਹ ਨੇ ਆਪਣੀ ਪਾਵਨ ਦੇਹੀ ਦਾ ਠੀਕਰਾ ਔਰੰਗਜ਼ੇਬ ਦੇ ਸਿਰ ਭੰਨਿਆ ਤੇ ਸ਼ਹਾਦਤ ਦੀ ਚਾਦਰ ਨਾਲ ਅਬਲਾ ਹਿੰਦ ਅਤੇ ਮਾਨਵਤਾ ਦੀ ਆਬਰੂ ਦੀ ਰੱਖਿਆ ਕੀਤੀ। ਹਿੰਦੁਸਤਾਨ ਦੀ ਲੋਕਧਾਰਾ ਨੇ ਪਾਤਸ਼ਾਹ ਨੂੰ 'ਤੇਗ਼ ਬਹਾਦਰ, ਹਿੰਦ ਦੀ ਚਾਦਰ' ਕਿਹਾ ਤੇ ਕਵੀ ਸੈਨਾਪਤੀ ਨੇ ਆਪਣੇ 'ਸਿਰੀ ਗੁਰੁ ਸੋਭਾ' ਗ੍ਰੰਥ ਵਿੱਚ ਪਾਤਸ਼ਾਹ ਦੀ ਬੀਰ-ਗਾਥਾ ਦੀ ਆਲਮੀ ਅਹਿਮੀਅਤ ਨੂੰ ਉਭਾਰਦਿਆਂ ਲਿਖਿਆ:

ਪ੍ਰਗਟ ਭਏ ਗੁਰੂ ਤੇਗ ਬਹਾਦਰ।
ਸਗਲ ਸ੍ਰਿਸਟ ਪੈ ਢਾਪੀ ਚਾਦਰ।

ਪਾਤਸ਼ਾਹ ਦੀ ਬਾਣੀ ਵਿਚ ਸਾਮੀ ਸੰਕਲਪ 'ਨਫ਼ੀ ਅਸਬਾਤ' ਦੀ ਕੰਨਸੋ ਮਿਲ਼ਦੀ ਹੈ। ਉਨ੍ਹਾਂ ਦੀ ਬਾਣੀ ਦਾ ਪਾਠ ਕਰਦਿਆਂ "ਜਗ ਰਚਨਾ ਸਭ ਝੂਠ ਹੈ" ਦਾ ਤੀਬਰ ਅਹਿਸਾਸ ਹੁੰਦਾ ਹੈ। 'ਗੁਰੂ ਤੇਗ਼ ਬਹਾਦਰ ਸਿਮ੍ਰਤੀ ਗ੍ਰੰਥ' ਵਿਚ ਲਿਖੇ, ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿੱਚ ਕਹੀਏ ਤਾਂ ਪਾਤਸ਼ਾਹ ਨੂੰ ਜਗਤ ਦੀ ਹਰ ਸ਼ੈਅ "ਆਈ ਐਮ ਨੌਟ" ਅਰਥਾਤ 'ਮੈਂ ਨਹੀਂ ਹਾਂ' ਕਹਿੰਦੀ ਪ੍ਰਤੀਤ ਹੁੰਦੀ ਹੈ ਤੇ ਇਸ 'ਨਫ਼ੀ' ਦਾ ਖੰਡ ਪਾਰ ਕਰਨ ਉਪਰੰਤ 'ਅਸਬਾਤ' ਦੇ ਖੰਡ ਵਿੱਚ 'ਨੌਟ' ਗ਼ਾਇਬ ਹੋ ਜਾਂਦਾ ਹੈ ਤੇ ਸ਼ੇਸ਼ 'ਆਈ ਐਮ' ਜਾਂ 'ਮੈਂ ਹਾਂ' ਬਚਦਾ ਹੈ। ਇਹੀ ਅਨੇਕਤਵ ਤੋਂ ਏਕਤਵ ਵੱਲ ਜਾਣ ਅਤੇ ਏਕਤਵ ਤੋਂ ਅਨੇਕਤਵ ਵੱਲ ਪਰਤ ਆਉਣ ਦਾ ਸਫ਼ਰ ਹੈ।

ਜਪਾਨੀ ਚਿੰਤਕ ਤੋਸ਼ੀਕੋ ਇਜ਼ੁਤਸ਼ੂ ਦੀ ਪੁਸਤਕ 'ਦਾ ਕੌਨਸੈਪਟ ਐਂਡ ਰੀਐਲਿਟੀ ਔਫ ਐਗ਼ਜ਼ਿਸਟੈਂਸ' ਦੀ ਭਾਸ਼ਾ ਵਿਚ ਕਹਿਣਾ ਹੋਵੇ ਤਾਂ "ਯੂਨਿਟੀ ਵਿਦਾਊਟ ਵਰਾਇਟੀ" ਦੀ ਅਵਸਥਾ ਵਿਚ ਕੋਈ ਵੀ ਸ਼ੈਅ ਨਿਭਣ ਵਾਲ਼ੀ ਪ੍ਰਤੀਤ ਨਹੀਂ ਹੁੰਦੀ ਤੇ ਜਗਤ "ਧੂਏ ਕਾ ਪਾਹਾਰ" ਨਜ਼ਰ ਆਉਂਦਾ ਹੈ। ਪਰ "ਯੂਨਿਟੀ ਇੰਨ ਵਰਾਇਟੀ" ਵਾਲ਼ੀ ਅਵਸਥਾ ਜਾਂ 'ਜਪੁਜੀ' ਵਾਲ਼ੇ 'ਸਚਖੰਡ' ਵਿਚ "ਵਿਸੁ ਸੰਸਾਰੁ" ਵੀ "ਹਰਿ ਕਾ ਰੂਪੁ" ਨਜ਼ਰ ਆਉਂਦਾ ਹੈ। ਪਹਿਲੀ ਅਵਸਥਾ ਵਿੱਚ ਇਨਸਾਨ ਹਰ ਰੋਜ਼ ਤਿਲ ਤਿਲ ਖ਼ੁਆਰ ਹੋ ਕੇ ਮਰਦਾ ਹੈ। ਪਰ ਦੂਜੀ ਅਵਸਥਾ ਵਿੱਚ ਮਨੁੱਖ ਦੀ ਮੌਤ ਇਕੋ ਵਾਰ ਹੁੰਦੀ ਹੈ ਤੇ ਉਹ ਸ਼ਹਾਦਤ ਹੁੰਦੀ ਹੈ।

ਤਿਲਕ ਦਾ ਅਰਥ ਨਿਸ਼ਾਨ ਹੈ, ਜੋ ਗਿਆਨ ਦਾ ਸੂਚਕ ਹੈ। ਜਿਸਦੇ ਮੱਥੇ 'ਤੇ ਤਿਲਕ ਲੱਗਿਆ ਹੋਵੇ, ਉਹ ਇਸ ਗੱਲ ਦੀ ਸੂਚਨਾ ਦਿੰਦਾ ਹੈ ਕਿ ਤਿਲਕ ਵਾਲੇ ਦੀਆਂ ਅੱਖਾਂ ਦੇ ਪਿੱਛੇ ਗਿਆਨ ਹੈ। ਜਿਸ ਦੀਆਂ ਅੱਖਾਂ ਪਿੱਛੇ ਗਿਆਨ ਨਾ ਹੋਵੇ, ਉਹ ਗੁਮਰਾਹ ਹੋ ਜਾਂਦੇ ਹਨ ਤੇ ਗਿਆਨੀ ਲੋਕ ਗੁੰਮਰਾਹ ਨਹੀਂ ਹੁੰਦੇ। ਜੰਞੂ ਇਕ ਧਾਗਾ ਹੈ, ਜੋ ਦਇਆ, ਸੰਤੋਖ, ਜਤ ਅਤੇ ਸਤ ਦਾ ਸੰਕੇਤਕ ਹੈ, ਜੋ ਦੱਸਦਾ ਹੈ ਕਿ ਜੰਞੂ ਧਾਰਣ ਵਾਲੇ ਇਨਸਾਨ ਦੇ ਹਿਰਦੇ ਵਿਚ ਦਇਆ ਅਤੇ ਸਬਰ ਸੰਤੋਖ ਹੈ। ਉਸਦੀ ਕਾਮਨਾ ਕਾਬੂ ਵਿਚ ਹੈ ਤੇ ਉਹ ਸੱਚ ਨੂੰ ਸਮਰਪਿਤ ਹੈ।

ਇਸੇ ਲਈ ਦਸਮੇਸ਼ ਪਾਤਸ਼ਾਹ ਨੇ 'ਬਚਿੱਤਰ ਨਾਟਕ' ਵਿੱਚ ਆਪਣੇ ਪਿਤਾ ਗੁਰੂ ਤੇਗ਼ਬਹਾਦਰ ਦੀ ਸ਼ਹਾਦਤ ਬਾਰੇ ਲਿਖਿਆ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥

..............................................................

# ਬਾਣੀ ਸ੍ਰੀ ਗੁਰੂ ਤੇਗ਼ ਬਹਾਦਰ: ਇਤਿਹਾਸ-ਬੋਧ




ਡਾ. ਸੁਖਦੇਵ ਸਿੰਘ ਸਿਰਸਾ

ਪੰਜਾਬੀ ਚਿੰਤਕ ਅਤੇ ਸਮੀਖਿਆਕਾਰ

98156-36565


ਤਿਲਕ-ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨ ਹੇਤਿ ਇਤੀ ਜਿਨਿ ਕਰੀ।
ਸੀਸੁ ਦੀਯਾ ਪਰ ਸੀ ਨ ਉਚਰੀ॥੧੩॥
ਧਰਮ ਹੇਤਿ ਸਾਕਾ ਜਿਨਿ ਕੀਆ।
ਸੀਸੁ ਦੀਆ ਪਰ ਸਿਰਰੁ ਨਾ ਦੀਯਾ।
ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ॥੧੪॥[1]

'ਬਿਚਿਤ੍ਰ ਨਾਟਕ' ਵਿਚਲੇ ਇਹ ਪਦੇ ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਪਣੇ ਪਿਤਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਅਕੀਦਤ ਦਾ ਪ੍ਰਗਟਾਵਾ ਹਨ, ਪਰ ਇਹ ਮਨੁੱਖੀ ਆਜ਼ਾਦੀ, ਬਰਾਬਰੀ ਤੇ ਸਮਾਜਿਕ ਨਿਆਂ ਦੀ ਹਮਾਇਤ ਕਰਨ ਵਾਲੇ ਲੋਕਾਂ ਦੀ ਭਾਵਨਾ ਦਾ ਵੀ ਇਜ਼ਹਾਰ ਹਨ। ਭਾਰਤੀ ਜਨ-ਮਾਨਸ ਦੇ ਅਵਚੇਤਨ ਵਿੱਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਬਿੰਬ 'ਤਿਲਕ-ਜੰਞੂ ਦੇ ਰਾਖੇ' ਅਤੇ 'ਹਿੰਦ ਦੀ ਚਾਦਰ' ਵਾਲਾ ਹੈ। ਨਿਰਸੰਦੇਹ, ਦੁਨੀਆਂ ਦੇ ਵੱਖ-ਵੱਖ ਧਾਰਮਿਕ ਰਹਿਬਰਾਂ ਨੇ ਆਪਣੀ ਆਪਣੀ ਸੰਪ੍ਰਦਾਇ ਲਈ ਅਦੁੱਤੀ ਕੁਰਬਾਨੀਆਂ ਦਿੱਤੀਆਂ ਹਨ, ਪਰ ਗੁਰੂ ਤੇਗ਼ ਬਹਾਦਰ ਜੀ ਨੇ ਆਪਣੇ ਤੋਂ ਵੱਖਰੇ ਧਾਰਮਿਕ ਅਕੀਦੇ ਵਾਲੇ ਸਮੁਦਾਇ ਦੇ ਮਾਨਵੀ ਹਕੂਕ ਲਈ ਆਪਣੇ ਵੇਲੇ ਦੀ ਦਮਨਕਾਰੀ ਸੱਤਾ ਨੂੰ ਵੰਗਾਰਿਆ। ਉਨ੍ਹਾਂ ਦੀ ਸ਼ਹਾਦਤ ਇਤਿਹਾਸਕ ਪੱਖੋਂ ਇਸ ਲਈ ਵੀ ਮਹੱਤਵਪੂਰਨ ਤੇ ਲਾਸਾਨੀ ਹੈ ਕਿ ਉਨ੍ਹਾਂ ਨੇ ਭਾਰਤ ਦੀ ਬਹੁ-ਕੌਮੀ, ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸੱਭਿਆਚਾਰੀ ਸਹਿ-ਹੋਂਦਵਾਦੀ ਸੰਸਕ੍ਰਿਤੀ ਨੂੰ ਮਜ਼ਬੂਤ ਵਿਚਾਰਧਾਰਾਈ ਆਧਾਰ ਪ੍ਰਦਾਨ ਕੀਤਾ। ਉਨ੍ਹਾਂ ਦੀ ਸ਼ਹਾਦਤ ਨੇ ਭਾਰਤ ਦੇ

ਵੱਖ-ਵੱਖ ਧਰਮਾਂ, ਸੰਪ੍ਰਦਾਵਾਂ ਅਤੇ ਨਸਲੀ ਸਮੂਹਾਂ ਅੰਦਰ ਸੰਵਾਦ ਤੇ ਸਹਿਹੋਂਦ ਦੀਆਂ ਸੰਭਾਵਨਾਵਾਂ ਦੇ ਸਮਾਜਿਕ ਤੇ ਰਾਜਸੀ ਪ੍ਰਸ਼ਨ ਨੂੰ ਵਿਚਾਰਾਂ ਦੇ ਕੇਂਦਰ ਵਿੱਚ ਲੈ ਆਂਦਾ। ਉਨ੍ਹਾਂ ਨੇ ਆਪਣੇ ਸਮੇਂ ਦੀ ਤੁਅੱਸਬੀ ਤੇ ਜਾਬਰ ਸਾਮੰਤੀ ਸੱਤਾ ਦੀ ਫ਼ਿਰਕੂ ਤੇ ਫ਼ਾਸ਼ੀਵਾਦੀ ਵਿਚਾਰਧਾਰਾ ਨੂੰ 'ਨਿਰਭਉ' ਤੇ 'ਨਿਰਵੈਰ' ਮਨੁੱਖ ਦੀ ਸਿਰਜਣਾ ਦੇ ਸੰਕਲਪ ਨਾਲ ਮੁੱਢੋਂ ਖ਼ਾਰਜ ਕਰ ਦਿੱਤਾ। ਸੂਫ਼ੀ, ਭਗਤੀ ਤੇ ਸਿੱਖ ਲਹਿਰ ਦਾ ਪ੍ਰੇਮਾ-ਭਗਤੀ ਦਾ ਅਧਿਆਤਮਿਕ ਮਾਰਗ ਸਾਮੰਤੀ ਆਤੰਕ ਤੇ ਹਿੰਸਾ ਦੇ ਵਿਰੋਧ ਵਿੱਚ ਕ੍ਰਾਂਤੀਕਾਰੀ ਵਿਚਾਰਧਾਰਕ ਬਦਲ ਸੀ, ਜਿਸ ਨੂੰ ਗੁਰੂ ਤੇਗ਼ ਬਹਾਦਰ ਜੀ ਦੇ ਬਲੀਦਾਨ ਨੇ ਹੋਰ ਮਜ਼ਬੂਤ ਕੀਤਾ।

ਸ੍ਰੀ ਗੁਰੂ ਤੇਗ਼ ਬਹਾਦਰ ਜੀ (1 ਅਪ੍ਰੈਲ 1621-11 ਨਵੰਬਰ 1675 ਈ.) ਦਾ ਸਮਾਂ ਇੱਕ-ਪੁਰਖੇ ਸਾਮੰਤੀ ਤੇ ਦਮਨਕਾਰੀ ਮੁਗ਼ਲ ਰਾਜ ਦੇ ਪਤਨ ਦਾ ਦੌਰ ਹੈ। ਮੁਗ਼ਲ ਸਲਤਨਤ ਆਪਣੇ ਅੰਦਰੂਨੀ ਤੇ ਬਾਹਰੀ ਵਿਰੋਧਾਂ ਅਤੇ ਹੋਰ ਕਈ ਇਤਿਹਾਸਕ ਕਾਰਨਾਂ ਕਰਕੇ ਕਮਜ਼ੋਰ ਪੈ ਰਹੀ ਸੀ ਤੇ ਆਪਣੇ ਖ਼ਿਲਾਫ਼ ਉੱਠ ਰਹੀਆਂ ਬਗ਼ਾਵਤਾਂ ਨੂੰ ਬੇਕਿਰਕੀ ਨਾਲ ਕੁਚਲ ਰਹੀ ਸੀ। ਫਿਰਕੂ ਕੱਟੜਤਾ, ਧਾਰਮਿਕ ਤੇ ਨਸਲੀ ਵਿਤਕਰੇ, ਗਹਿਰੇ ਹੋ ਰਹੇ ਆਰਥਿਕ ਸੰਕਟਾਂ ਅਤੇ ਵਿਲਾਸੀ ਪ੍ਰਸ਼ਾਸਕਾਂ ਦੀਆਂ ਅਣਮਨੁੱਖੀ ਅਤੇ ਹਿੰਸਕ ਕਾਰਵਾਈਆਂ ਕਰਕੇ ਔਰੰਗਜ਼ੇਬ ਦੀ ਸੱਤਾ ਨੂੰ ਕਈ ਪਾਸਿਉਂ ਚੁਣੌਤੀ ਮਿਲ ਰਹੀ ਸੀ। ਇਸ ਸਮੇਂ ਦਿੱਲੀ ਦੇ ਆਸ-ਪਾਸ ਤੇ ਦੱਖਣ ਦੇ ਕਿਸਾਨਾਂ ਦਾ ਵਿਦਰੋਹ, ਨਾਰਨੌਲ ਪਰਗਣੇ ਦੇ ਸਤਿਨਾਮੀਆਂ ਦਾ ਤਿੱਖਾ ਅੰਦੋਲਨ, ਖ਼ੁਸ਼ਹਾਲ ਖ਼ਾਨ ਖਟਕ ਦੀ ਅਗਵਾਈ 'ਚ ਪਖ਼ਤੂਨਾਂ ਦਾ ਸੰਘਰਸ਼, ਰਾਜਸਥਾਨ ਦੇ ਰਾਜਪੂਤਾਂ ਦੀ ਮੁਗ਼ਲਾਂ ਪ੍ਰਤੀ ਨਾਰਾਜ਼ਗੀ ਅਤੇ ਮਰਾਠਵਾੜਾ ਵਿੱਚ ਸ਼ਿਵਾਜੀ ਅਤੇ ਉਸ ਦਾ ਪੁੱਤਰ ਸ਼ੰਭਾਜੀ ਮੁਗ਼ਲ ਸਲਤਨਤ ਲਈ ਚੁਣੌਤੀ ਬਣੇ ਹੋਏ ਸਨ। ਔਰੰਗਜ਼ੇਬ ਦਾ ਆਪਣਾ ਪੁੱਤਰ ਮੁਹੰਮਦ ਅਕਬਰ (1657-1706) ਸੱਤਾ ਹਥਿਆਉਣ ਲਈ ਰਾਜਪੂਤਾਂ, ਮਰਾਠਿਆਂ, ਈਰਾਨ ਦੇ ਬਾਦਸ਼ਾਹ ਅਤੇ ਸ਼ੀਆ ਮੁਸਲਮਾਨਾਂ ਨਾਲ ਸਮਝੌਤੇ ਕਰ ਰਿਹਾ ਸੀ। ਅੱਬਲ ਫਤਹਿ ਜਲਾਲ-ਉਦ-ਦੀਨ ਮੁਹੰਮਦ ਅਕਬਰ (1542-1605 ਈ.) ਦੇ ਅਹਿਦ ਤੱਕ ਮੁਗ਼ਲ ਸਲਤਨਤ ਦੇ ਗੁਰੂ-ਘਰ (ਗੁਰੂ-ਦਰਬਾਰ) ਨਾਲ ਸੰਬੰਧ ਸੁਖਾਵੇਂ ਰਹੇ। ਅਕਬਰ 1598 ਈ. ਵਿੱਚ ਗੁਰੂ ਅਰਜਨ ਦੇਵ ਜੀ ਕੋਲ ਦਰਸ਼ਨਾ ਹਿਤ ਗੋਇੰਦਵਾਲ ਆਇਆ ਅਤੇ ਉਸ ਨੇ ਗੁਰੂ ਜੀ ਵੱਲੋਂ ਮਾਲੀਆ ਘਟਾਉਣ ਦੀ ਮੰਗ ਪ੍ਰਵਾਨ ਕੀਤੀ।[2] ਅਕਬਰ ਦੀ ਸੁਲਾਹਕੁੱਲ ਤੇ ਧਾਰਮਿਕ ਸਹਿਹੋਂਦ ਵਾਲੀ ਵਿਚਾਰਧਾਰਾ ਦੇ ਉਲਟ ਜਹਾਂਗੀਰ ਬਹੁਤ ਕੱਟੜ ਅਤੇ ਤੁਅੱਸਬੀ ਵਿਚਾਰਾਂ ਦਾ ਧਾਰਨੀ ਸੀ। ਉਸ ਦੇ ਅਹਿਦ ਵਿੱਚ ਹਿੰਦੂਆਂ ਤੇ ਸਿੱਖਾਂ ਨਾਲ ਧਾਰਮਿਕ ਤੇ ਨਸਲੀ ਵਿਤਕਰਾ ਅਤੇ ਅਕਹਿ ਜ਼ੁਲਮ ਹੋਇਆ। ਗੁਰੂ-ਦਰਬਾਰ ਪ੍ਰਤੀ ਉਸ ਦੇ ਤੁਅੱਸਬ, ਨਫ਼ਰਤ ਅਤੇ ਹਿੰਸਕ ਵਤੀਰੇ ਦਾ ਪਤਾ ਉਸ ਦੀ ਸਵੈ-ਜੀਵਨੀ 'ਤੁਜ਼ਕ-ਇ-ਜਹਾਂਗੀਰੀ' (1609 ਈ.) ਵਿਚਲੇ ਕਥਨਾਂ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸ ਦੇ ਹੁਕਮ ਨਾਲ ਹੋਈ ਸ਼ਹਾਦਤ ਤੋਂ ਲੱਗ ਜਾਂਦਾ ਹੈ। ਉਸ ਤੋਂ ਬਾਅਦ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਨੇ ਹਕੂਮਤ ਸੰਭਾਲਣ ਸਾਰ ਲੋਹਗੜ੍ਹ ਦੇ ਕਿਲ੍ਹੇ ਉੱਪਰ ਹਮਲਾ ਕਰਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਲੋਹਗੜ੍ਹ (ਅੰਮ੍ਰਿਤਸਰ) ਛੱਡ ਕੇ ਕਰਤਾਰਪੁਰ ਜਾਣ ਨੂੰ ਮਜਬੂਰ ਕੀਤਾ ਸੀ ।

ਦਰਅਸਲ ਮੁਗ਼ਲ ਸਲਤਨਤ ਸੰਗਠਿਤ ਹੋ ਰਹੀ ਸਿੱਖ ਲਹਿਰ ਅਤੇ ਉਸ ਦੇ ਜਨ-ਸਾਧਾਰਨ ਵਿੱਚ ਵੱਧ ਰਹੇ ਪ੍ਰਭਾਵ ਤੋਂ ਚਿੰਤਤ ਸੀ । ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਵਿੱਚ ਸਿੱਖਾਂ ਵਿੱਚ ਮਸੰਦ-ਪ੍ਰਥਾ ਸ਼ੁਰੂ ਹੋਈ। ਸ੍ਰੀ ਗੁਰੂ ਰਾਮਦਾਸ ਜੀ ਨੇ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਸਿੱਖ ਲਹਿਰ ਦੇ ਵਿਚਾਰਧਾਰਕ ਆਧਾਰ ਨੂੰ ਮਜ਼ਬੂਤ ਕੀਤਾ ਅਤੇ ਅੰਮ੍ਰਿਤਸਰ ਨੂੰ ਅਧਿਆਤਮਿਕ ਕੇਂਦਰ ਦੇ ਨਾਲ ਨਾਲ ਵਪਾਰਕ ਕੇਂਦਰ ਵਜੋਂ ਵਿਕਸਤ ਕਰਨਾ ਸ਼ੁਰੂ ਕੀਤਾ। ਇਉਂ ਸਿੱਖ ਲਹਿਰ ਦੇ ਵਿਕਸਤ ਹੋ ਰਹੇ ਸਮਾਨਾਂਤਰ ਪ੍ਰਸ਼ਾਸਨ ਅਤੇ ਸੰਗਠਨ ਤੋਂ ਭੈ-ਭੀਤ ਹੋਏ ਮੁਗ਼ਲ ਸ਼ਾਸਕਾਂ ਨੇ ਸਿੱਖ ਲਹਿਰ ਨੂੰ ਕੁਚਲਣ ਦਾ ਤਹੱਈਆ ਕੀਤਾ। ਸਿੱਖ ਲਹਿਰ ਨੂੰ ਅੰਦਰੋਂ ਢਾਹ ਲਾਉਣ ਲਈ ਮੁਗ਼ਲ ਹਾਕਮਾਂ ਨੇ ਗੁਰੂ-ਘਰ ਵਿਚਲੇ ਗੁਰਗੱਦੀ ਦੇ ਦਾਅਵੇਦਾਰਾਂ ਨੂੰ ਸਮੇਂ ਸਮੇਂ ਉਕਸਾਇਆ ਤੇ ਸਹੂਲਤਾਂ ਦਿੱਤੀਆਂ। ਹਰਿਮੰਦਰ ਸਾਹਿਬ 'ਤੇ ਕਾਬਜ਼ ਸੋਢੀ ਮਿਹਰਵਾਨ ਦੇ ਵੰਸ਼ਜ ਮੀਣੇ (ਹਰਿ ਜੀ), ਕਰਤਾਰਪੁਰ ਸਿੱਖ ਕੇਂਦਰ ਉੱਤੇ ਕਾਬਜ਼ ਧੀਰਮੱਲ ਅਤੇ ਡੇਹਰਾਦੂਨ ਵਿਖੇ ਔਰੰਗਜ਼ੇਬ ਦੀ ਦੇਖ-ਰੇਖ ਹੇਠ ਰਹਿ ਰਹੇ ਰਾਮ ਰਾਇ ਆਦਿ ਮੁਗ਼ਲ ਦਰਬਾਰ ਦੇ ਕਿਰਪਾ ਪਾਤਰ ਬਣੇ ਰਹੇ। ਸ੍ਰੀ ਗੁਰੂ ਹਰਿ ਰਾਏ ਜੀ ਨੂੰ ਗੁਰ-ਗੱਦੀ ਮਿਲਣ ਸਮੇਂ ਧੀਰ ਮੱਲ ਨੇ ਬਾਦਸ਼ਾਹ ਜਹਾਂਗੀਰ ਕੋਲ ਗੁਰ-ਗੱਦੀ ਲਈ ਆਪਣਾ ਦਾਅਵਾ ਪੇਸ਼ ਕੀਤਾ ਸੀ।

ਜਦੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਗੁਰ-ਗੱਦੀ (1664 ਈ.) ਸੰਭਾਲੀ, ਉਦੋਂ ਸਿੱਖ ਪੰਥ ਅੱਗੇ ਦੋ ਵੱਡੀਆਂ ਚੁਣੌਤੀਆਂ ਸਨ। ਪਹਿਲੀ, ਸਿੱਖ ਸਮਾਜ ਅੰਦਰਲੀ ਵੰਗਾਰਮਈ ਸਥਿਤੀ ਅਤੇ ਦੂਜੀ ਸੰਗਠਿਤ ਹੋ ਰਹੀ ਸਿੱਖ ਲਹਿਰ ਪ੍ਰਤੀ ਦਮਨਕਾਰੀ ਮੁਗ਼ਲ ਰਾਜ ਦੀ ਜ਼ਾਲਮਾਨਾ ਪਹੁੰਚ ਅਤੇ ਹਿੰਸਕ ਵਤੀਰਾ। ਸ੍ਰੀ ਗੁਰੂ ਤੇਗ਼ ਬਹਾਦਰ ਵੱਲੋਂ ਸਿੱਖ ਪੰਥ ਦੀ ਅਗਵਾਈ ਕਰਨ ਦੀ ਇਤਿਹਾਸਕ ਜ਼ਿੰਮੇਵਾਰੀ ਸੰਭਾਲਣ ਸਮੇਂ ਸਿੱਖ ਸਮਾਜ ਅੰਦਰ ਤਿੰਨ ਸਮਾਨਾਂਤਰ ਧਾਰਮਿਕ ਕੇਂਦਰ ਬਣ ਚੁੱਕੇ ਸਨ। ਗੁਰ-ਗੱਦੀ ਨੂੰ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ ਗੁਰੂ ਪਰਿਵਾਰ ਅੰਦਰ ਮਤਭੇਦ ਚੱਲ ਰਹੇ ਸਨ। ਧੀਰ ਮੱਲ (ਕਰਤਾਰਪੁਰ), ਰਾਮ ਰਾਇ (ਡੇਹਰਾਦੂਨ) ਅੰਮ੍ਰਿਤਸਰ ਦੇ ਮੀਣਿਆਂ ਅਤੇ ਲਾਹੌਰ ਤੇ ਆਨੰਦਪੁਰ ਦੇ ਸੋਢੀਆਂ ਸਮੇਤ 22 ਸਿੱਖ ਗੁਰ-ਗੱਦੀ ਦੇ ਦਾਅਵੇਦਾਰ ਸਨ।[3] ਮੁਗ਼ਲ ਦਰਬਾਰ ਗੁਰ-ਗੱਦੀ ਦੇ ਦਾਅਵੇਦਾਰਾਂ ਤੇ ਮਸੰਦਾਂ ਨੂੰ ਹੱਲਾਸ਼ੇਰੀ ਤੇ ਮਦਦ ਦਿੰਦਾ ਸੀ। ਧੀਰ ਮੱਲ ਨੇ ਬਾਦਸ਼ਾਹ ਸ਼ਾਹ ਜਹਾਨ ਦੀ ਸ਼ਰਨ ਲੈ ਕੇ ਮਾਮਲਾ ਮੁਕਤ ਇਲਾਕਾ ਕਰਤਾਰਪੁਰ ਮੱਲ ਲਿਆ ਸੀ।[4] ਰਾਮ ਰਾਇ ਨੂੰ ਔਰੰਗਜ਼ੇਬ ਨੇ ਪਹਿਲਾਂ ਬੰਦੀ ਬਣਾਇਆ ਤੇ ਪਿੱਛੋਂ ਡੇਹਰਾਦੂਨ ਵਿਖੇ ਜਾਗੀਰ ਦੇ ਦਿੱਤੀ ਸੀ। ਸਿੱਖ ਪੰਥ ਦੀ ਵਾਗਡੋਰ ਸੰਭਾਲਣ ਉਪਰੰਤ ਜਦੋਂ ਗੁਰੂ ਤੇਗ਼ ਬਹਾਦਰ ਜੀ ਸ੍ਰੀ ਹਰਿਮੰਦਰ ਸਾਹਿਬ ਅਕੀਦਤ ਭੇਟ ਕਰਨ ਗਏ, ਤਾਂ ਉੱਥੇ ਕਾਬਜ਼ ਹਰਿਜੀ ਤੇ ਉਹਦੇ ਹਮਾਇਤੀ ਪੁਜਾਰੀਆਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਕਰ ਦਿੱਤੇ। ਗੁਰੂ ਜੀ ਨੂੰ ਹਰਿਮੰਦਰ ਸਾਹਿਬ ਦੇ ਦਰਸ਼ਨ ਨਾ ਕਰਨ ਦਿੱਤੇ। ਹਰਿਜੀ ਅਤੇ ਪੁਜਾਰੀਆਂ ਦੇ ਦੁਰਵਿਵਹਾਰ ਦੀ ਖ਼ਬਰ ਮਿਲਣ 'ਤੇ ਵੱਲਾ ਪਿੰਡ ਦੀ ਸਿੱਖ ਸੰਗਤ ਨੇ ਗੁਰੂ ਸਾਹਿਬ ਦਾ ਸਤਿਕਾਰ ਕੀਤਾ ਅਤੇ ਲੰਗਰ ਦੀ ਸੇਵਾ ਕੀਤੀ। ਧੀਰ ਮੱਲ ਅਤੇ ਸੀਹਾਂ ਮਸੰਦ ਨੇ ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਉੱਪਰ ਹਮਲਾ ਕੀਤਾ ਅਤੇ ਉਨ੍ਹਾਂ ਦੇ ਘਰ ਦਾ ਸਾਮਾਨ ਲੁੱਟ ਲਿਆ। ਜਦੋਂ ਮੱਖਣ ਸ਼ਾਹ ਲੁਬਾਣਾ ਤੇ ਉਸ ਦੇ ਸਾਥੀਆਂ ਨੇ ਧੀਰ ਮੱਲ ਤੋਂ ਲੁੱਟ ਦਾ ਮਾਲ ਖੋਹ ਲਿਆ ਅਤੇ ਉਸ ਦੇ ਕਬਜ਼ੇ ਵਿਚਲੀ ਆਦਿ-ਗ੍ਰੰਥ ਦੀ ਬੀੜ ਕਾਬੂ ਕਰ ਲਈ, ਤਾਂ ਗੁਰੂ ਸਾਹਿਬ ਨੇ ਸਾਰਾ ਸਾਮਾਨ ਤੇ ਬੀੜ ਧੀਰ ਮੱਲ ਨੂੰ ਵਾਪਸ ਕਰਵਾ ਦਿੱਤੀ। ਇਤਿਹਾਸਕ ਪੱਖੋਂ ਇਸ ਦੂਹਰੇ ਸੰਕਟ ਦੇ ਸਮੇਂ ਗੁਰੂ ਤੇਗ਼ ਬਹਾਦਰ ਜੀ ਵੱਲੋਂ ਗੁਰਿਆਈ ਸਵੀਕਾਰ ਕਰਨੀ ਔਰੰਗਜ਼ੇਬ ਦੀ ਇੱਛਾ ਦੇ ਖ਼ਿਲਾਫ਼ ਜਾਣ ਵਾਲੀ ਗੱਲ ਸੀ। ਸੰਕਟ ਦੇ ਸਮੇਂ ਸਿੱਖ ਧਰਮ ਦੀ ਅਗਵਾਈ ਪ੍ਰਵਾਨ ਕਰਨ ਦੇ ਇਤਿਹਾਸਕ ਮਹੱਤਵ ਬਾਰੇ ਡਾ. ਜੇ. ਐਸ. ਗਰੇਵਾਲ ਲਿਖਦੇ ਹਨ:

ਗੁਰੂ ਤੇਗ਼ ਬਹਾਦਰ ਜੀ ਦੇ ਗੁਰੂਤੱਵ ਦੀ ਭਾਰੀ ਮਹੱਤਤਾ ਇਸ ਤੱਥ ਵਿੱਚ ਹੈ ਕਿ ਗੂੜ੍ਹ ਇਤਿਹਾਸਕ ਅਰਥਾਂ ਵਿੱਚ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਕੇਂਦਰੀ ਧਾਰੇ ਨੂੰ ਸੁਰਜੀਤ ਕੀਤਾ। ਉਹ ਆਪਣੇ ਪਿਤਾ ਅਤੇ ਆਪਣੇ ਪੁੱਤਰ ਵਿਚਕਾਰ ਨੈਤਿਕ ਅਤੇ ਇਤਿਹਾਸਕ ਕੜੀ ਬਣੇ। ਉਨ੍ਹਾਂ ਗੁਰੂ ਗੋਬਿੰਦ ਸਿੰਘ ਦੀ ਪ੍ਰਾਪਤੀ ਲਈ ਰਾਹ ਤਿਆਰ ਕੀਤਾ। ਸਿੱਖ ਪੰਥ ਨੂੰ ਨਵੀਂ ਏਕਤਾ ਦਿੱਤੀ ਅਤੇ ਇਸ ਨੂੰ ਇਸ ਯੋਗ ਬਣਾਇਆ ਕਿ ਉਹ ਵਕਤ ਦੀ ਹਕੂਮਤ ਵਿਰੁੱਧ ਜ਼ਮੀਰ ਦੀਆਂ ਮੰਗਾਂ ਦੀ ਰੱਖਿਆ ਕਰ ਸਕੇ। ਅਠਾਰਵੀਂ ਸਦੀ ਦੇ ਸਿੱਖਾਂ ਦੀ ਰਾਜਸੀ ਆਜ਼ਾਦੀ ਉਸ ਜ਼ਮੀਰ ਦੀ ਆਜ਼ਾਦੀ ਦਾ ਤਰਕਸੰਗਤ ਤੇ ਇਤਿਹਾਸਕ ਵਿਕਾਸ ਸੀ, ਜਿਸ ਦੀ ਗੁਰੂ ਤੇਗ਼ ਬਹਾਦਰ ਨੇ ਰੱਖਿਆ ਕੀਤੀ ਅਤੇ ਜਿਸ ਨੂੰ ਗੁਰੂ ਗੋਬਿੰਦ ਸਿੰਘ ਨੇ ਯਕੀਨੀ ਬਣਾਇਆ।[5]

ਸਿੱਖ ਪੰਥ ਦੀ ਗੁਰਿਆਈ ਪ੍ਰਵਾਨ ਕਰਨ ਬਾਅਦ ਗੁਰੂ ਤੇਗ਼ ਬਹਾਦਰ ਜੀ ਸਾਹਮਣੇ ਦੋ ਵੱਡੇ ਮਸਲੇ ਸਨ; ਪਹਿਲਾ, ਸਿੱਖ ਸਮਾਜ ਅੰਦਰਲੇ ਤਣਾਵਾਂ ਤੇ ਵਿਰੋਧਾਂ ਨੂੰ ਖ਼ਤਮ ਕਰਕੇ ਏਕਤਾ ਕਾਇਮ ਕਰਨੀ ਅਤੇ ਦੂਜਾ ਮੁਗ਼ਲ ਹਾਕਮਾਂ ਦੇ ਦਮਨ ਕਾਰਨ ਸਿੱਖ ਸਮਾਜ ਦੇ ਪਸਤ ਹੋਏ ਮਨੋਬਲ ਨੂੰ ਬਹਾਲ ਕਰਕੇ ਭੈ ਮੁਕਤ (ਨਿਰਭਉ) ਅਤੇ ਫ਼ਿਰਕੂ ਸੰਕੀਰਨਤਾ ਤੇ ਵੈਰ-ਵਿਰੋਧਾਂ ਤੋਂ ਨਿਰਲੇਪ (ਨਿਰਵੈਰ) ਸਮਾਜ ਦੀ ਉਸਾਰੀ ਕਰਨੀ। ਧੀਰ ਮੱਲ ਤੇ ਅੰਮ੍ਰਿਤਸਰ ਦੇ ਮੀਣਿਆਂ (ਹਰਿਜੀ) ਨਾਲ ਤਣਾਉ ਖ਼ਤਮ ਕਰਨ ਲਈ ਗੁਰੂ ਤੇਗ਼ ਬਹਾਦਰ ਬਾਬਾ ਬਕਾਲਾ ਛੱਡ ਕੇ ਕੀਰਤਪੁਰ ਆ ਗਏ। ਕੁਝ ਸਮਾਂ ਇੱਥੇ ਨਿਵਾਸ ਕਰਨ ਬਾਅਦ ਉਨ੍ਹਾਂ ਨੇ ਬਿਲਾਸਪੁਰ ਦੀ ਰਾਣੀ ਚੰਪਾ ਦੇਵੀ ਤੋਂ ਮਾਖੋਵਾਲ ਤੇ ਨਾਲ ਲਗਦੇ ਪਿੰਡਾਂ ਦੀ ਜ਼ਮੀਨ ਖ਼ਰੀਦ ਕੇ ਨਵਾਂ ਨਗਰ 'ਚੱਕ ਨਾਨਕੀ' (ਅਜੋਕਾ ਆਨੰਦਪੁਰ ਸਾਹਿਬ) ਵਸਾਇਆ ਅਤੇ 1664 ਈ. ਵਿੱਚ ਇੱਥੇ ਆ ਗਏ।''[6] ਸਿੱਖ ਪੰਥ ਨੂੰ ਨਵੀਂ ਊਰਜਾ ਦੇਣ ਤੇ ਸੰਗਠਿਤ ਕਰਨ ਲਈ ਗੁਰੂ ਸਾਹਿਬ ਨੇ ਸਿੱਖ ਕੇਂਦਰਾਂ ਤੇ ਨਗਰਾਂ ਦੀ ਯਾਤਰਾ ਕਰਨੀ ਸ਼ੁਰੂ ਕੀਤੀ। 1665 ਈ. ਤੋਂ 1670 ਈ. ਤੱਕ ਉਨ੍ਹਾਂ ਨੇ ਪੂਰਬੀ ਭਾਰਤ ਦੇ ਸਿੱਖ ਕੇਂਦਰਾਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ ਅਤੇ 1672 ਈ. ਦੀਆਂ ਬਰਸਾਤਾਂ ਤੋਂ ਬਾਅਦ ਮਾਲਵਾ ਅਤੇ ਬਾਂਗਰ ਦੇ ਖ਼ਿੱਤੇ ਦੀ

ਧਾਰਮਿਕ ਪ੍ਰਚਾਰ ਹਿਤ ਯਾਤਰਾ ਕੀਤੀ। ਮਾਲਵੇ ਦੇ ਪ੍ਰਚਾਰ ਦੌਰਿਆਂ ਸਮੇਂ ਕੁਝ ਨਗਰਾਂ ਵਿੱਚ ਸਰਕਾਰ ਦੇ ਹਮਾਇਤੀਆਂ ਵੱਲੋਂ ਉਨ੍ਹਾਂ ਦਾ ਵਿਰੋਧ ਕੀਤਾ ਗਿਆ ਅਤੇ ਸੂਹੀਆਂ ਵੱਲੋਂ ਮੁਗ਼ਲ ਹਾਕਮਾਂ ਨੂੰ ਵਧ ਰਹੀ ਸਿੱਖ ਲਹਿਰ ਅਤੇ ਸਿੱਖਾਂ ਦੀ ਰਾਜਸੀ ਇੱਛਾ ਸ਼ਕਤੀ ਬਾਰੇ ਸੁਚੇਤ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ-ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨ ਬਾਅਦ ਸਿੱਖ ਸੰਗਠਨ ਵਿੱਚ 'ਸ਼ਾਸਤਰ' ਤੇ 'ਸ਼ਸਤਰ' ਜਾਂ ਆਤਮਿਕ ਬਲ ਦੇ ਨਾਲ ਨਾਲ ਸੈਨਿਕ ਕੁਸ਼ਲਤਾ ਗ੍ਰਹਿਣ ਕਰਨ ਉੱਪਰ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਸੀ। ਸਿੱਖ ਲਹਿਰ ਦੇ ਸਮਾਨਾਂਤਰ ਪ੍ਰਸ਼ਾਸਨ ਅਤੇ ਵੱਧ ਰਹੀ ਸੈਨਿਕ ਸਰਗਰਮੀ ਕਰਕੇ ਮੁਗਲ ਸਲਤਨਤ ਉੱਭਰ ਰਹੀ ਸਿੱਖ ਲਹਿਰ ਨੂੰ ਹਿੰਸਾ ਦੁਆਰਾ ਕੁਚਲ ਦੇਣਾ ਚਾਹੁੰਦੀ ਸੀ। 1665 ਈ. ਤੋਂ 1675 ਈ. ਤੱਕ ਦਸ ਸਾਲਾਂ ਦੇ ਅਰਸੇ ਵਿੱਚ ਗੁਰੂ ਤੇਗ਼ ਬਹਾਦਰ ਜੀ ਨੂੰ ਤਿੰਨ ਵਾਰ ਗ੍ਰਿਫ਼ਤਾਰ ਕਰਕੇ ਤੇ ਨਜ਼ਰਬੰਦੀ 'ਚ ਰੱਖ ਕੇ ਮਾਨਸਿਕ ਯਾਤਨਾਵਾਂ ਦਿੱਤੀਆਂ ਗਈਆਂ। ਧਾਰਮਿਕ ਮੁਹਾਵਰੇ 'ਚ ਉਚੇਰੇ ਨੈਤਿਕ ਆਦਰਸ਼ਾਂ ਦੀ ਸਥਾਪਨਾ ਕਰਕੇ ਦਮਨਕਾਰੀ ਮੁਗ਼ਲ ਸਾਮੰਤੀ ਸੱਤਾ ਨੂੰ ਚੁਣੌਤੀ ਦੇ ਰਹੀ ਸਿੱਖ ਲਹਿਰ ਅਤੇ ਗੁਰੂ ਤੇਗ਼ ਬਹਾਦਰ ਜੀ ਦੇ ਅਕਸ ਨੂੰ ਵਿਗਾੜਨ ਲਈ ਖਾਫ਼ੀ ਖ਼ਾਨ ਅਤੇ 'ਸੀਅਰੁਲ ਮੁੱਤਾਖ਼ਰੀਨ' (1836) ਦੇ ਲੇਖਕ ਮੁਣਸ਼ੀ ਗੁਲਾਮ ਹੁਸੈਨ ਵਰਗੇ ਇਤਿਹਾਸਕਾਰਾਂ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਲੁਟੇਰਾ ਤੱਕ ਕਿਹਾ ਹੈ।[7]

ਗੁਰੂ ਤੇਗ਼ ਬਹਾਦਰ ਜੀ ਦੀ ਪਹਿਲੀ ਗ੍ਰਿਫ਼ਤਾਰੀ ਆਲਮ ਖ਼ਾਨ ਰੁਹੇਲਾ ਦੁਆਰਾ ਧਮਧਾਨ ਸਾਹਿਬ (ਨੇੜੇ ਟੋਹਾਣਾ, ਹਰਿਆਣਾ) ਵਿਖੇ 1665 ਈ. 'ਚ ਹੋਈ। ਉਸ ਸਮੇਂ ਉਨ੍ਹਾਂ ਨਾਲ ਭਾਈ ਮਤੀ ਦਾਸ, ਸਤੀ ਦਾਸ, ਭਾਈ ਗੁਪਾਲ ਦਾਸ, ਭਾਈ ਗੁਰਦਾਸ, ਭਾਈ ਸੰਗਤ, ਭਾਈ ਦੇਸਾ ਅਤੇ ਭਾਈ ਦਿਆਲਾ ਜੀ ਸਨ। ਗੁਰੂ ਸਾਹਿਬ ਇੱਕ ਮਹੀਨਾ ਤਿੰਨ ਦਿਨ ਬੰਦੀਖ਼ਾਨੇ ਵਿੱਚ ਰਹੇ। ਇਸ ਤੱਥ ਦੀ ਪੁਸ਼ਟੀ ਵੱਖ-ਵੱਖ ਭੱਟ ਵਹੀਆਂ, ਗਿਆਨੀ ਗਰਜਾ ਸਿੰਘ ਦੀਆਂ ਲਿਖਤਾਂ, ਫ਼ਾਰਸੀ ਇਤਿਹਾਸਾਂ ਅਤੇ ਸ੍ਵਰੂਪ ਸਿੰਘ ਕੌਸ਼ਿਸ਼ ਦੀ ਪੁਸਤਕ 'ਗੁਰੂ ਕੀਆਂ ਸਾਖੀਆਂ' ਵਿੱਚੋਂ ਹੋ ਜਾਂਦੀ ਹੈ। 'ਭੱਟ ਵਹੀ ਜਾਦੋ ਬੰਸੀ ਬਸਤੀਆਂ ਦੀ' ਦੇ ਹਵਾਲੇ ਨਾਲ ਸ੍ਵਰੂਪ ਸਿੰਘ ਕੌਸ਼ਿਸ਼ ਲਿਖਦਾ ਹੈ:

ਏਕ ਸਿੱਖ ਭੰਨਾ ਗੁਰੂ ਜੀ ਕੇ ਪਾਸ ਆਇਆ। ਇਸੇ ਹਾਥ ਬਾਂਧ ਬੇਨਤੀ ਕੀ, ਮਹਾਰਾਜ! ਤੁਰਕ ਚੌਂਕੀ ਜਹਾਂ ਸੇ ਨੇੜੇ ਹੈ। ਚਲੇ ਜਾਨਾ ਚਾਹੀਏ। ਗੁਰੂ ਜੀ ਨੇ ਕਹਾ, ਭਾਈ ਸਿੱਖਾ। ਕਰਤਾਰ ਕੋ ਜੋ ਭਾਵੇ ਸਭਕਿਛ ਉਸ ਰਾਜ਼ਕ ਕੀ ਰਜ਼ਾਇ ਮੇਂ ਹੋ ਰਹਾ ਹੈ। ਇਤਨੇ ਅਰਸਾ ਮੇਂ ਚੌਂਕੀ ਕਾ ਸਰਦਾਰ (ਪਰਗਨਾ ਬਾਂਗਰ ਵਿੱਚ ਆਲਮ ਖਾਨ ਰੁਹੇਲਾ) ਕੂਏਂ ਤੇ ਆਇ ਗਿਆ। ਗੁਰੂ ਜੀ ਕੋ ਦੇਖ ਕੇ ਬੋਲਾ, ਜਿਸੇ ਹਮ ਖੋਜਤੇ ਥੇ, ਉਸੇ ਪਾਇ ਲੀਆ ਹੈ। ਸਰਦਾਰ ਨੇ ਘੋੜੇ ਸੇ ਉਤਰ ਕਰ ਕਹਾ, ਪੀਰ ਜੀ! ਤੁਮਹੇ ਦਿਹਲੀ ਮੇਂ ਬਾਦਸ਼ਾਹ ਨੇ ਬੁਲਾਇਆ ਹੈ, ਤਿਆਰੀ ਕਰੀਏ।... ਇਹਨਾਂ ਕਹਿ ਕੇ ਘੋੜੀ ਤੇ ਅਸਵਾਰ ਹੋਇ ਚੌਂਕੀ ਸਰਦਾਰ ਕੇ ਗੈਲ ਦਿਹਲੀ ਕੇ ਆਇ।... ਸੰਮਤ ਸਤਾਰਾਂ ਸੈ ਬਾਈਸ ਕ੍ਰਿਸ਼ਨਾ ਪੱਖੋ ਪੋਸ ਮਾਸ ਕੀ ਪੰਚਮੀ ਕੋ ਗੁਰੂ ਜੀ ਮਾਸ ਤੀਨ ਦਿਹੁੰ ਬੰਦੀਵਾਨ ਰਹਿ ਕੇ ਬੰਦੀਖਾਨੇ ਸੇ ਬਾਹਰ ਰਾਣੀ ਪੁਸ਼ਪਾ ਦੇਵੀ ਕੇ ਗ੍ਰਹਿ ਮੇਂ ਆਇ ਗਏ।[8]

ਇਸੇ ਤੱਥ ਦੀ ਪੁਸ਼ਟੀ ਗਿਆਨੀ ਗਰਜਾ ਸਿੰਘ 'ਰਹਿਤਨਾਮਾ ਭਾਈ ਚਾਉਪਾ ਸਿੰਘ ਹਜ਼ੂਰੀ' ਅਤੇ 'ਬਾਦਸ਼ਾਹ ਬੁਰੰਜੀ' ਆਦਿ ਲਿਖਤਾਂ ਦੇ ਹਵਾਲੇ ਨਾਲ ਕਰਦਾ ਹੈ। "ਸੰਮਤ 1722 ਬਿ. ਮਾਂਹ ਕੱਤਕ (1665 ਈ.) ਰਾਜਾ ਜੈ ਸਿੰਘ ਮਿਰਜ਼ਾ ਦੇ ਪੁੱਤਰ ਕੰਵਰ ਰਾਮ ਸਿੰਘ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਜ਼ਮਾਨਤ ਉੱਤੇ ਰਿਹਾ (ਰਿਹਾਅ) ਕਰਵਾ ਕੇ ਦਿੱਲੀਓਂ ਭੇਜ ਦਿੱਤਾ, ਜਿਸ ਉੱਤੇ ਬਾਦਸ਼ਾਹ ਔਰੰਗਜ਼ੇਬ ਰਾਮ ਸਿੰਘ ਉੱਤੇ ਖ਼ਫ਼ਾ ਹੋਇਆ।"[9] ਗੁਰੂ ਤੇਗ਼ ਬਹਾਦਰ ਜੀ ਦੀ ਦੂਸਰੀ ਵਾਰ ਗ੍ਰਿਫ਼ਤਾਰੀ 1670 ਈ. 'ਚ ਹੋਈ, ਜਦੋਂ ਉਹ ਪੂਰਬ ਦੇ ਸਿੱਖ ਕੇਂਦਰਾਂ ਵਿੱਚ ਸਿੱਖੀ ਦਾ ਪ੍ਰਚਾਰ ਕਰਕੇ ਵਾਪਸ ਦਿੱਲੀ ਆਏ। ਪ੍ਰਯਾਗ, ਬਨਾਰਸ, ਬੋਧ ਗਯਾ, ਪਟਨਾ, ਮੋਂਘੇਰ, ਮਾਲਦਾ, ਢਾਕਾ, ਧਬੂਰੀ, ਕੂਚ-ਬਿਹਾਰ ਅਤੇ ਕਾਮਰੂਪ ਆਦਿ ਨਗਰਾਂ ਦੀ ਯਾਤਰਾ ਸਮੇਂ ਗੁਰੂ ਤੇਗ਼ ਬਹਾਦਰ ਜੀ ਨੇ ਰਾਜਾ ਰਾਮ ਸਿੰਘ ਦੀ ਅਸਾਮ ਦੇ ਅਹੰਮ ਰਾਜਿਆਂ (ਰਾਜਾ ਚੱਕਰਧਵਜ ਸਿੰਘ, ਰਾਜਾ ਉਦੇਦਿਤ ਸਿੰਘ) ਨਾਲ ਸੁਲਾਹ ਕਰਵਾਈ। ਅਸਾਮੀ ਇਤਿਹਾਸਕਾਰਾਂ- ਡਾ. ਐਸ.ਕੇ. ਭੁਈਆਂ ਅਤੇ ਡਾ. ਬਾਨੀਕਾਤ ਕਾਕਾਤੀ[10] ਆਦਿ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਗੁਰੂ ਤੇਗ਼ ਬਹਾਦਰ ਜੀ ਸ਼ਾਹੀ ਫ਼ੌਜ ਦੇ ਸਹਿਯੋਗੀ ਵਜੋਂ ਨਹੀਂ, ਸਗੋਂ ਸੁਲਾਹ ਕਰਵਾਉਣ ਵਾਲੇ ਰੂਹਾਨੀ ਆਗੂ ਵਜੋਂ ਗਏ ਸਨ। ਪੂਰਬ ਦੇ ਦੌਰੇ ਤੋਂ ਵਾਪਸੀ ਸਮੇਂ ਗੁਰੂ ਜੀ ਦੋ ਮਹੀਨੇ ਦਿੱਲੀ ਵਿੱਚ ਸਰਕਾਰ ਦੀ ਨਜ਼ਰਸਾਨੀ ਹੇਠ ਰਹੇ।

ਕਸ਼ਮੀਰੀ ਪੰਡਿਤਾਂ ਦਾ ਇੱਕ ਵਫ਼ਦ ਦੱਤ ਬ੍ਰਾਹਮਣ

ਕਿਰਪਾ ਰਾਮ (ਗੁਰੂ ਗੋਬਿੰਦ ਸਿੰਘ ਜੀ ਦਾ ਸੰਸਕ੍ਰਿਤ ਦਾ ਅਧਿਆਪਕ) ਦੀ ਅਗਵਾਈ ਵਿੱਚ 25 ਮਈ 1675 ਈ. ਨੂੰ ਨਾਨਕੀ ਚੱਕ ਆਇਆ। ਇਹ ਕਸ਼ਮੀਰ ਦੇ ਸੂਬੇਦਾਰ ਇਫ਼ਤਿਆਰ ਖ਼ਾਨ ਦੀਆਂ ਕੱਟੜ ਧਾਰਮਿਕ ਨੀਤੀਆਂ ਦੇ ਖ਼ਿਲਾਫ਼ ਗੁਰੂ ਤੇਗ਼ ਬਹਾਦਰ ਜੀ ਕੋਲ ਫ਼ਰਿਆਦ ਲੈ ਕੇ ਆਏ ਸਨ। ਉਨ੍ਹਾਂ ਦੇ ਧਾਰਮਿਕ ਅਕੀਦੇ ਤੇ ਮਾਨਵੀ ਅਧਿਕਾਰਾਂ ਦੀ ਰਾਖੀ ਲਈ ਗੁਰੂ ਤੇਗ਼ ਬਹਾਦਰ ਜੀ ਨੇ ਦਿੱਲੀ ਸਲਤਨਤ ਨਾਲ ਗੱਲਬਾਤ ਕਰਨ ਲਈ ਆਪਣੇ ਨਾਲ ਦੀਵਾਨ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਨੂੰ ਲੈ ਕੇ ਦਿੱਲੀ ਵੱਲ ਕੂਚ ਕੀਤਾ। ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਖ਼ਾਨ ਨੇ 11 ਜੁਲਾਈ 1675 ਈ. ਨੂੰ ਉਨ੍ਹਾਂ ਨੂੰ ਭਾਈ ਨਿਗਾਹੀਆ ਦੇ ਘਰੋਂ ਮਲਿਕਪੁਰ ਰੰਘੜਾਂ (ਪਰਗਨਾ ਘਨੌਲਾ) ਵਿਖੇ ਗ੍ਰਿਫ਼ਤਾਰ ਕੀਤਾ। ਭੱਟ ਵਹੀ ਮੁਲਤਾਨੀ ਸਿੰਧੀ ਦੇ ਹਵਾਲੇ ਨਾਲ ਗਿਆਨੀ ਗਰਜਾ ਸਿੰਘ ਲਿਖਦਾ ਹੈ: "ਸੰਮਤ 1732 ਬਿ., 12 ਸਾਵਣ (1675 ਈ.) ਗੁਰੂ ਤੇਗ਼ ਬਹਾਦਰ ਜੀ ਨੂੰ ਭਾਈ ਦਿਆਲ ਦਾਸ, ਸਤੀ ਦਾਸ, ਤੇ ਮਤੀ ਦਾਸ ਸਮੇਤ ਮਿਰਜ਼ਾ ਨੂਰ ਮੁਹੰਮਦ ਖ਼ਾਨ ਨੇ ਪਿੰਡ ਮਲਕਪੁਰ ਪਰਗਨਾ ਰੋਪੜ ਤੋਂ ਗ੍ਰਿਫ਼ਤਾਰ ਕਰਕੇ ਸਰਹੰਦ ਪਹੁੰਚਾਇਆ ਤੇ ਬਹੁਤ ਸਮਾਂ ਪਿੰਜਰੇ 'ਚ ਬੰਦ ਰਹੇ।"[11] ਸ੍ਰਰੂਪ ਸਿੰਘ ਕੌਸ਼ਿਸ਼ ਦੇ ਇਹ ਸ਼ਬਦ ਵੀ ਇਸੇ ਤੱਥ ਦੀ ਤਸਦੀਕ ਕਰਦੇ ਹਨ: "ਗੁਰੂ ਜੀ ਤੀਨ ਮਾਸ ਸੇ ਜ਼ਿਆਦਾ ਬਸੀ ਪਠਾਣਾ ਬੰਦੀਖਾਨੇ ਬੰਦ ਰਹੇ, ਦੁਸ਼ਟਾਂ ਨੇ ਸਰੀਰ ਕੋ ਘਣਾ ਕਸ਼ਟ ਦੀਆ। ਤੀਨ ਮਾਸ ਬਾਅਦ ਦਿਹਲੀ ਸੇ ਪ੍ਰਵਾਨਾ ਆਨੇ ਸੇ ਗੁਰੂ ਜੀ ਕੋ ਲੋਹੇ ਕੇ ਪਿੰਜਰੇ ਮੇਂ ਬੰਦ ਕਰਕੇ ਦਿਹਲੀ ਤਰਫ਼ ਰਵਾਨਾ ਕੀਆ ਗਿਆ। ਸੰਮਤ ਸਤਰਾਂ ਸੈ ਬਤੀਸ ਮੰਗਸਰ (ਮੱਘਰ) ਵਦੀ ਤਦਸੀ ਵੀਰਵਾਰ ਕੇ ਦਿਹੁੰ ਗੁਰੂ ਜੀ ਕੋ ਦਿਹਲੀ ਮੇਂ ਪੁਚਾਇ ਦੀਆ।"[12] ਇੱਥੇ ਹੀ 11 ਨਵੰਬਰ 1675 ਈ. ਨੂੰ ਚਾਂਦਨੀ ਚੌਂਕ ਵਿਖੇ ਗੁਰੂ ਤੇਗ਼ ਬਹਾਦਰ ਜੀ ਨੂੰ ਤਿੰਨ ਸਿੱਖ ਅਨੁਯਾਈਆਂ ਸਮੇਤ ਸ਼ਹੀਦ ਕਰ ਦਿੱਤਾ। ਔਰੰਗਜ਼ੇਬ ਦੇ ਸ਼ਾਸਨ ਕਾਲ ਦਾ ਇਤਿਹਾਸ ਲਿਖਣ ਵਾਲੇ ਮੁਸਲਮਾਨ ਇਤਿਹਾਸਕਾਰਾਂ - ਮਿਰਜ਼ਾ ਮੁਹੰਮਦ ਕਾਸਿਮ, ਖ਼ਾਫ਼ੀ ਖ਼ਾਨ (ਮੁੰਤਬ-ਉਲ-ਲੁਬਾਬ), ਮਸਤਅਦ ਖ਼ਾਨ ਸਾਕੀ (ਮੁਆਸ਼ਰੇ ਆਲਮਗੀਰੀ) ਅਤੇ ਮੁਣਸ਼ੀ ਗੁਲਾਮ ਹੁਸੈਨ ਖ਼ਾਨ (ਸੀਅਰੁਲ ਮੁੱਤਾਖ਼ਰੀਨ) ਆਦਿ ਨੇ ਗੁਰੂ ਤੇਗ਼ ਬਹਾਦਰ ਅਤੇ ਸੂਫ਼ੀ ਫ਼ਕੀਰ ਸਰਮਦ ਦੀਆਂ ਔਰੰਗਜ਼ੇਬ ਦੇ ਹੁਕਮ ਨਾਲ ਹੋਈਆਂ ਸ਼ਹੀਦੀਆਂ ਦਾ ਜ਼ਿਕਰ ਤੱਕ ਨਹੀਂ ਕੀਤਾ।[13] ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਦਾ ਫ਼ੌਰੀ ਕਾਰਨ ਭਾਵੇਂ ਕਸ਼ਮੀਰੀ ਪੰਡਿਤਾਂ ਦੀ ਫ਼ਰਿਆਦ ਵਾਲੀ ਘਟਨਾ ਬਣੀ, ਪਰ ਅਸਲ ਵਿੱਚ ਮੁਗ਼ਲ ਸਾਮਰਾਜ ਸਿੱਖ ਲਹਿਰ ਦੇ ਲੋਕ-ਪੱਖੀ, ਨਿਆਇਸ਼ੀਲ ਅਤੇ ਕ੍ਰਾਂਤੀਕਾਰੀ ਖ਼ਾਸੇ ਤੋਂ ਭੈ-ਭੀਤ ਸੀ, ਜੋ ਫ਼ਿਰਕੂ ਤੇ ਨਸਲੀ ਵਿਤਕਰੇ ਦੀ ਬੁਨਿਆਦ 'ਤੇ ਖੜ੍ਹੀ ਸਾਮੰਤਸ਼ਾਹੀ ਦੇ ਦਮਨਕਾਰੀ ਰਾਜ ਅਤੇ ਪ੍ਰੋਹਤੀ ਸੱਤਾ ਦੇ ਕਰਮ-ਕਾਂਡ ਤੇ ਪਾਖੰਡ ਤੋਂ ਨਾਬਰ ਸੀ। ਸੂਫ਼ੀਆਂ, ਭਗਤਾਂ ਅਤੇ ਸਿੱਖ ਗੁਰੂਆਂ ਦਾ ਸਾਂਝੀਵਾਲਤਾ, ਸਹਿਹੋਂਦ ਤੇ ਸਮਾਜਿਕ ਬਰਾਬਰੀ ਦਾ ਫ਼ਲਸਫ਼ਾ ਫ਼ਿਰਕੂ ਤੇ ਨਸਲਵਾਦੀ ਖ਼ਾਸੇ ਵਾਲੇ ਸਾਮੰਤੀ ਰਾਜ ਦੇ ਗ਼ਲਬੇ (hegemony) ਨੂੰ ਮੁੱਢੋਂ ਨਕਾਰ ਰਿਹਾ ਸੀ, ਇਸੇ ਲਈ ਸਰਮਦ ਵਰਗੇ ਸੂਫ਼ੀ ਅਤੇ ਸਿੱਖ ਗੁਰੂ ਮੁਗ਼ਲ ਸਲਤਨਤ ਨੂੰ ਚੁਭਦੇ ਸਨ।

ਤਿਆਗ, ਧੀਰਜ ਤੇ ਸ਼ਾਂਤੀ ਦੇ ਪੁੰਜ ਗੁਰੂ ਤੇਗ਼ ਬਹਾਦਰ ਜਿੱਥੇ ਇਕਾਗਰ ਚਿੱਤ ਸਾਧਕ ਤੇ ਗਹਿਰ ਗੰਭੀਰ ਚਿੰਤਕ ਸਨ, ਉੱਥੇ ਉਹ ਸੰਵੇਦਨਸ਼ੀਲ ਕਵੀ ਵੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦੀ ਬਾਣੀ 15 ਰਾਗਾਂ ਵਿੱਚ ਦਰਜ ਹੈ, ਜਿਸ ਵਿੱਚ 59 ਪਦੇ ਤੇ 57 ਸ਼ਲੋਕ ਉਨ੍ਹਾਂ ਦੇ ਨਾਮ ਦੀ ਛਾਪ ਵਾਲੇ ਹਨ। ਪਦਿਆਂ ਵਿੱਚੋਂ 40 ਦੁਪਦੇ ਹਨ ਅਤੇ 19 ਤਿਪਦੇ ਹਨ। ਉਨ੍ਹਾਂ ਦੇ ਸ਼ਲੋਕਾਂ ਦੀ ਸੰਖਿਆ ਨੂੰ ਲੈ ਕੇ ਸਿੱਖ ਵਿਦਵਾਨਾਂ ਵਿੱਚ ਦੋ ਮਤ ਪ੍ਰਚੱਲਿਤ ਹਨ। ਭਾਈ ਸੰਤੋਖ ਸਿੰਘ, ਦੇਵਿੰਦਰ ਸਿੰਘ ਵਿਦਿਆਰਥੀ, ਡਾ. ਬਲਵੀਰ ਸਿੰਘ ਦਿਲ, ਕੇਸਰ ਸਿੰਘ ਛਿੱਬਰ, ਜੀ.ਬੀ. ਸਿੰਘ ਆਦਿ ਵਿਦਵਾਨ ਸ਼ਲੋਕ ਨੰਬਰ 54 (ਬਲੁ ਹੋਆ ਬੰਧਨ ਛੁਟੇ) ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਦੇ ਹਨ। ਪ੍ਰਮਾਣ ਵਜੋਂ ਜੀ.ਬੀ. ਸਿੰਘ ਦਾ ਇਹ ਕਥਨ ਦੇਖਿਆ ਜਾ ਸਕਦਾ ਹੈ: "ਨੌਵੇਂ ਗੁਰੂ ਜੀ ਦੀ ਸ਼ਹੀਦੀ ਤੋਂ 13 ਦਿਨ ਪਹਿਲੋਂ ਸ੍ਰੀ ਦਸ਼ਮੇਸ਼ ਜੀ ਨੇ ਨੌਵੇਂ ਮਹਿਲ ਦੀ ਸਾਰੀ ਬਾਣੀ ਥਾਂ ਸਿਰ ਚਾੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਸੰਪੂਰਨ ਕੀਤੀ ਅਤੇ 'ਬਲੁ ਹੋਆ ਬੰਧਨ ਛੁਟੇ' ਦੋਹਰੇ 'ਤੇ ਮਹਲਾ ੧੦ ਅੰਕਿਤ ਕਰਕੇ ਆਪਣੀ ਸਹੀ ਪਾਈ।"[14] ਡਾ. ਰਤਨ ਸਿੰਘ ਜੱਗੀ ਉਪਰੋਕਤ ਵਿਦਵਾਨਾਂ ਤੇ ਸੰਪ੍ਰਦਾਈ ਗਿਆਨੀਆਂ ਦੀ ਇਸ ਧਾਰਨਾ ਦਾ ਖੰਡਨ ਕਰਦੇ ਹਨ ਕਿ 54ਵਾਂ ਸ਼ਲੋਕ ਗੁਰੂ ਗੋਬਿੰਦ ਸਿੰਘ ਜੀ ਦਾ ਹੈ।"[15] ਉਹ ਦੋਵਾਂ ਸਲੋਕਾਂ ਨੂੰ ਮਨੁੱਖੀ ਮਨ ਦੀਆਂ ਦੋ ਅਵਸਥਾਵਾਂ ਦਾ ਹੀ ਪ੍ਰਗਟਾਵਾ ਤੇ ਨੌਵੇਂ ਗੁਰੂ ਸਾਹਿਬ ਦੀ ਰਚਨਾ ਮੰਨਦੇ ਹਨ। ਬਾਣੀਕਾਰਾਂ ਨੇ ਮਨੁੱਖ ਦੀ ਜਗਿਆਸਾ ਦੀ ਤ੍ਰਿਪਤੀ ਲਈ ਪ੍ਰਸ਼ਨੋਤਰੀ ਸ਼ੈਲੀ ਨੂੰ ਕਾਵਿ-ਜੁਗਤ ਵਜੋਂ

ਅਕਸਰ ਵਰਤਿਆ ਹੈ ਤੇ ਇਨ੍ਹਾਂ ਸ਼ਲੋਕਾਂ ਨੂੰ ਉੱਤਰ-ਪ੍ਰਤਿ-ਉੱਤਰ ਵਜੋਂ ਹੀ ਸਮਝਣਾ ਚਾਹੀਦਾ ਹੈ:

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥੫੩॥
ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥੫੪॥

ਡਾ. ਦੇਵਿੰਦਰ ਸਿੰਘ ਵਿਦਿਆਰਥੀ ਅਨੁਸਾਰ ਕੁਝ ਪੁਰਾਤਨ ਬੀੜਾਂ ਵਿੱਚ ਗੁਰੂ ਤੇਗ਼ ਬਹਾਦਰ ਜੀ ਦੇ ਕੁਝ ਹੋਰ ਸ਼ਬਦ (ਪਦੇ) ਮਿਲ ਜਾਂਦੇ ਹਨ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਦੇ ਤੋਸ਼ੇਖ਼ਾਨੇ ਵਿੱਚੋਂ ਆਈ ਬੀੜ, ਜੋ ਇਸ ਸਮੇਂ ਸਿੱਖ ਰੈਫਰੈਂਸ ਲਾਇਬਰੇਰੀ 'ਚ ਮੌਜੂਦ ਹੈ, ਵਿਚਲੇ ਸ੍ਰੀ ਰਾਗ ਦੇ ਸ਼ਬਦਾਂ ਦਾ ਜ਼ਿਕਰ ਕੀਤਾ ਹੈ, ਪਰ ਇਸ ਬਾਣੀ ਦੀ ਪ੍ਰਮਾਣਿਕਤਾ ਬਾਰੇ ਸ਼ੱਕ ਹੈ। ਸਿੱਖ ਰਵਾਇਤਾਂ ਅਨੁਸਾਰ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੇ ਸਲੋਕਾਂ ਦੀ ਰਚਨਾ ਦਿੱਲੀ ਦੇ ਬੰਦੀਖ਼ਾਨੇ ਵਿੱਚ ਵੈਰਾਗ ਤੇ ਉਦਾਸੀ ਦੀ ਮਨੋ-ਅਵਸਥਾ ਸਮੇਂ ਕੀਤੀ। ਪਰ ਇਹ ਵੈਰਾਗ ਵਿਅਕਤੀਗਤ ਤੇ ਉਦਾਸੀ ਦੀ ਮਨੋ-ਅਵਸਥਾ ਵਾਲਾ ਨਹੀਂ, ਸਗੋਂ ਉਸ ਹਿੰਸਕ ਦੌਰ ਵਿੱਚੋਂ ਕਸ਼ੀਦਿਆ ਹੋਇਆ ਹੈ, ਜਿੱਥੇ ਜੀਵਨ ਤੇ ਮੌਤ ਵਿੱਚ ਕੋਈ ਫ਼ਰਕ ਨਹੀਂ ਸੀ ਰਹਿ ਗਿਆ।

ਸਿੱਖ ਸੰਪ੍ਰਦਾਵਾਂ ਦੇ ਟਕਸਾਲੀ ਵਿਆਖਿਆਕਾਰ ਤੇ ਸਨਾਤਨੀ ਬਿਰਤੀ ਵਾਲੇ ਪੰਜਾਬੀ ਆਲੋਚਕ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਕੇਂਦਰੀ ਥੀਮ ਵੈਰਾਗ ਤੇ ਉਦਾਸੀ ਦੀ ਭਾਵਨਾ ਨੂੰ ਮੰਨਦੇ ਹਨ। ਅਜਿਹੇ ਵਿਆਖਿਆਕਾਰ ਤੇ ਆਲੋਚਕ ਗੁਰਬਾਣੀ ਦੇ ਸਰਲ-ਅਰਥੀ ਸਾਰ ਤੇ ਬਾਹਰੀ ਮੁਹਾਵਰੇ ਤੱਕ ਸੀਮਿਤ ਰਹਿੰਦੇ ਹਨ। ਉਹ ਗੁਰਬਾਣੀ ਦੇ ਵਸਤੂ-ਸਾਰ (content) ਨੂੰ ਉਸ ਇਤਿਹਾਸਕ-ਸਮਾਜਿਕ ਸੰਦਰਭ ਤੋਂ ਤਰੁੰਡ ਕੇ ਸਮਝਣ ਦਾ ਯਤਨ ਕਰਦੇ ਹਨ, ਜਿਸ ਦੀ ਉਹ ਉਪਜ ਸੀ। ਧਾਰਮਿਕ ਮੁਹਾਵਰੇ ਦੇ ਬਾਵਜੂਦ ਗੁਰਬਾਣੀ ਆਪਣੇ ਦੌਰ ਦੇ ਸਮਾਜਿਕ, ਆਰਥਿਕ, ਰਾਜਸੀ ਅਤੇ ਨੈਤਿਕ ਮਸਲਿਆਂ ਨੂੰ ਮੁਖ਼ਾਤਿਬ ਸੀ ਅਤੇ ਉਹ ਸਾਮੰਤਸ਼ਾਹੀ ਦੇ ਵਿਚਾਰਧਾਰਕ ਪੈਂਤੜੇ/ਹਿਤ ਅਨੁਸਾਰ ਉਸਰੀਆਂ ਸਭ ਸੰਸਥਾਵਾਂ ਤੇ ਨੈਤਿਕ ਮੁੱਲਾਂ ਨੂੰ ਰੱਦ ਕਰਦੀ ਸੀ। ਗੁਰਬਾਣੀ, ਸੂਫ਼ੀ ਕਵਿਤਾ ਤੇ ਭਗਤੀ ਕਾਵਿ ਅਧਿਆਤਮਿਕ ਮੁਹਾਵਰੇ ਵਿੱਚ ਸਾਮੰਤਸ਼ਾਹੀ ਦੇ ਵਿਚਾਰਧਾਰਕ ਗਲਬੇ ਅਤੇ ਉਸ ਦੇ ਹਿਤਾਂ ਦੀਆਂ ਰਖਵਾਲ ਸੰਸਥਾਵਾਂ ਤੇ ਕਦਰਾਂ ਨੂੰ ਚੁਣੌਤੀ ਹੀ ਨਹੀਂ ਦਿੰਦਾ, ਸਗੋਂ ਉਨ੍ਹਾਂ ਦਾ ਵਿਚਾਰਧਾਰਕ ਬਦਲ ਵੀ ਸੁਝਾਉਂਦਾ ਸੀ। ਗੁਰੂ ਤੇਗ਼ ਬਹਾਦਰ ਨੇ ਇੱਕ ਪੁਰਖੇ ਸਾਮੰਤੀ ਦਮਨਕਾਰੀ ਮੁਗ਼ਲ ਰਾਜ ਅਤੇ ਪ੍ਰੋਹਤੀ ਸੱਤਾ (ਪੁਜਾਰੀਆਂ-ਮੁਲਾਣਿਆਂ) ਦੇ ਮਨੁੱਖ ਵਿਰੋਧੀ ਫ਼ਤਵਿਆਂ ਤੋਂ ਉਪਜੇ ਭੈਅ ਦੇ ਮਾਹੌਲ ਨੂੰ ਕੁਦਰਤ ਤੇ ਦੈਵੀ-ਸੱਤਾ ਦੀ ਰਜ਼ਾ ਦੇ ਵਿਰੁੱਧ ਮੰਨਿਆ। ਰਾਜ-ਦਰਬਾਰਾਂ ਦੇ ਫ਼ਰਮਾਨ ਤੇ ਪੁਜਾਰੀਆਂ ਦੇ ਫ਼ਤਵੇਂ ਮਨੁੱਖੀ ਅਧਿਕਾਰਾਂ ਦਾ ਘਾਣ ਕਰ ਰਹੇ ਸਨ। ਮਨੁੱਖੀ ਆਦਰਸ਼ਾਂ ਤੋਂ ਖਿੜਕੇ ਵਿਲਾਸੀ ਰਾਜੇ, ਦਰਬਾਰੀ ਅਤੇ ਰਾਜ-ਅਧਿਕਾਰੀ ਸੱਤਾ ਦੇ ਨਸ਼ੇ ਵਿੱਚ ਮਾਰ-ਖੋਰੇ ਦਰਿੰਦਿਆਂ ਵਾਂਗ ਲੋਕਾਂ ਨਾਲ ਵਰਤਾਉ ਕਰਦੇ ਸਨ। ਆਰਥਿਕ ਲੁੱਟ, ਸਮਾਜਿਕ ਅਨਿਆਂ ਤੇ ਤਰ੍ਹਾਂ ਤਰ੍ਹਾਂ ਦੀ ਜ਼ਲਾਲਤ ਭੋਗਦੇ ਭੈਅ ਮਾਰੇ ਲੋਕਾਂ ਦੀ ਕੋਈ ਢੋਈ ਨਹੀਂ ਸੀ ਬਣਦਾ। ਹਿੰਸਾ ਰਾਜ-ਦਰਬਾਰ ਦਾ ਚਲਣ ਤੇ ਮੁਹਾਵਰਾ ਬਣ ਚੁੱਕੀ ਸੀ। ਰਾਜ-ਗੱਦੀ ਤੱਕ ਰਸਾਈ ਪਰਿਵਾਰਕ ਜਨਾਂ (ਪਿਤਾ, ਭਰਾਵਾਂ ਆਦਿ) ਨੂੰ ਤਲਵਾਰ ਦੇ ਘਾਟ ਉਤਾਰ ਕੇ ਹੀ ਪ੍ਰਾਪਤ ਹੋ ਸਕਦੀ ਸੀ। ਰਾਜ-ਸੱਤਾ ਅਤੇ ਧਨ-ਦੌਲਤ ਦੀ ਪ੍ਰਾਪਤੀ ਲਈ ਭਰਾ ਮਾਰੂ ਜੰਗ ਵਿੱਚ ਮਨੁੱਖ, ਮਨੁੱਖ ਹੋਣ ਦੀ ਤਮੀਜ਼ ਭੁੱਲ ਚੁੱਕਾ ਸੀ ਅਤੇ ਉਹ ਕੁਦਰਤ ਜਾਂ ਰੱਬੀ ਵਿਧਾਨ ਦੇ ਉਲਟ ਭੁਗਤ ਰਿਹਾ ਸੀ। ਗੁਰੂ ਤੇਗ਼ ਬਹਾਦਰ ਜੀ ਨੇ ਭੈਅ ਤੇ ਹਿੰਸਾ ਦੇ ਇਸ ਗ਼ੈਰ-ਕੁਦਰਤੀ ਵਰਤਾਰੇ ਨੂੰ 'ਨਿਰਭਉ' ਮਨੁੱਖ ਦੀ ਸਿਰਜਣਾ ਦੇ ਸੰਕਲਪ ਰਾਹੀਂ ਵੰਗਾਰਿਆ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥16॥

ਮੱਧਕਾਲੀ ਭਾਰਤੀ ਸਮਾਜ ਦੀ ਸੰਰਚਨਾ ਸਮਾਜਿਕ ਦਰਜੇਬੰਦੀਆਂ ਤੇ ਕਈ ਤਰ੍ਹਾਂ ਦੇ ਜਾਤੀ-ਜਮਾਤੀ ਵਿਰੋਧਾਂ ਵਾਲੀ ਸੀ। ਭਾਰਤੀ ਹਿੰਦੂਆਂ ਤੇ ਬਾਹਰੋਂ ਆਏ ਮੁਗ਼ਲਾਂ, ਪਠਾਣਾਂ, ਤੁਰਕਾਂ, ਈਰਾਨੀਆਂ ਤੇ ਦੁਰਾਨੀਆਂ ਆਦਿ ਵਿੱਚ ਨਸਲੀ ਟਕਰਾਉ ਬਹੁਤ ਤਿੱਖਾ ਸੀ। ਹਿੰਦੂ ਤੇ ਇਸਲਾਮੀ ਸੱਭਿਆਚਾਰਾਂ ਵਿੱਚ ਸਥਿਤੀ ਸੰਵਾਦ ਨਾਲੋਂ ਵੱਧ ਬਖੇੜੇ ਜਾਂ ਟਕਰਾਉ ਵਾਲੀ ਸੀ। ਹਾਕਮ ਜਮਾਤਾਂ ਵਿੱਚ ਨਸਲੀ ਤੇ ਫ਼ਿਰਕੂ ਤੁਅੱਸਬ ਸਿਖਰ 'ਤੇ ਸੀ। ਭਾਰਤੀ ਵਸੋਂ ਵਿੱਚ ਵਰਣ ਵੰਡ ਨਫ਼ਰਤ ਦੀਆਂ ਸਭ ਹੱਦਾਂ ਪਾਰ ਕਰ ਚੁੱਕੀ ਸੀ । ਸਾਮੰਤੀ ਅਰਥ-ਵਿਵਸਥਾ ਤੇ ਉਪਜ-ਸੰਬੰਧਾਂ ਕਰਕੇ ਉਤਪਾਦਨ ਦੇ ਸਾਧਨਾਂ ਤੇ ਕੁਦਰਤੀ ਸਰੋਤਾਂ ਉੱਪਰ ਮਰਦਾਂ ਦਾ ਕਬਜ਼ਾ ਸੀ। ਪਿੱਤਰ-ਸੱਤਾ ਕੇਂਦਰਿਤ ਭਾਰਤੀ ਸਮਾਜ ਵਿੱਚ ਲਿੰਗ ਵਿਤਕਰਾ ਔਰਤ-ਮਰਦ ਦੇ ਕੁਦਰਤੀ ਭਾਵਨਾਤਮਿਕ ਸੰਬੰਧਾਂ ਨੂੰ ਘੁਣ ਵਾਂਗ ਚੰਬੜਿਆ ਹੋਇਆ ਸੀ। ਉਪਰੋਕਤ

ਨਫ਼ਰਤੀ ਵੰਡਾਂ ਨੇ ਭਾਰਤੀ ਸਮਾਜ ਅੰਦਰਲੇ ਮਾਨਵੀ-ਸਾਰ (human essence) ਅਤੇ ਇਨਸਾਨੀ ਸਾਂਝ ਨੂੰ ਮਾਰ ਕੇ ਇਸ ਖ਼ਿੱਤੇ ਨੂੰ ਭੂਤਵਾੜਾ ਬਣਾ ਦਿੱਤਾ ਸੀ। ਆਪਣੇ ਦੌਰ ਦੇ ਮਨੁੱਖ ਅਤੇ ਭਾਰਤੀ ਸਮਾਜ ਦੇ ਗੁਆਚੇ ਹੋਏ ਮਾਨਵੀ ਗੌਰਵ ਦੀ ਬਹਾਲੀ ਲਈ ਗੁਰੂ ਤੇਗ਼ ਬਹਾਦਰ ਜੀ ਨੇ ਆਦਰਸ਼ਕ ਮਨੁੱਖ ਦਾ ਜੋ ਸਰੂਪ ਕਲਪਿਆ, ਉਸ ਲਈ ਉਨ੍ਹਾਂ ਨੇ 'ਮੁਕਤ', 'ਜੀਵਨ ਮੁਕਤ', 'ਪਦ-ਨਿਰਬਾਣਾ', 'ਨਿਰਭੈ-ਪਦ', 'ਗਿਆਨੀ', 'ਭਗਵਾਨ ਮੂਰਤ' ਅਤੇ 'ਜੋਗੀ' ਆਦਿ ਪਦਾਂ ਦੀ ਵਰਤੋਂ ਕੀਤੀ ਹੈ। ਕੁਝ ਕੁ ਉਦਾਹਰਨ ਦੇਖੇ ਜਾ ਸਕਦੇ ਹਨ–

ਹਰਖੁ ਸੋਗੁ ਜਾ ਕੈ ਨਹੀ ਬੈਰੀ ਮੀਤ ਸਮਾਨਿ॥
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥੧੫॥
ਸੁਖੁ ਦੁਖੁ ਜਿਹ ਪਰਸੈ ਨਹੀ ਲੋਭੁ ਮੋਹੁ ਅਭਿਮਾਨੁ॥
ਕਹੁ ਨਾਨਕ ਸੁਨੁ ਰੇ ਮਨਾ ਸੋ ਮੂਰਤਿ ਭਗਵਾਨ॥੧੩॥

ਕੁਝ ਗੁਰਬਾਣੀ ਵਿਆਖਿਆਕਾਰ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਲੀ ਵੈਰਾਗ ਭਾਵਨਾ ਨੂੰ ਉਦਾਸੀ, ਨਿਰਾਸ਼ਾ ਜਾਂ ਸਮਾਜ ਤੋਂ ਉਦਾਸੀਨਤਾ ਦੇ ਅਰਥਾਂ ਵਿੱਚ ਲੈਂਦੇ ਹਨ। ਉਨ੍ਹਾਂ ਦੀ ਬਾਣੀ ਵਿੱਚ ਆਏ 'ਬੈਰਾਗ', 'ਉਦਾਸ', 'ਨਿਆਰਉ', 'ਨਿਰਾਸਾ' ਅਤੇ 'ਹਰਖ ਸੋਗ ਤੇ ਰਹੇ ਅਤੀਤਾ' ਜਿਹੇ ਸੰਕਲਪਕ ਪਦ ਓਪਰੀ ਨਜ਼ਰੇ ਇਹ ਭੁਲੇਖਾ ਪਾਉਂਦੇ ਹਨ। ਜਿਵੇਂ:

ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥੧੭॥
ਜਿਹਿ ਮਾਇਆ ਮਮਤਾ ਤਜੀ ਸਭ ਤੇ ਭਇਓ ਉਦਾਸੁ॥
ਕਹੁ ਨਾਨਕ ਸੁਨੁ ਰੇ ਮਨਾ ਤਿਹ ਘਟਿ ਬ੍ਰਹਮ ਨਿਵਾਸੁ॥੧੮॥
ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿਦੁਰਜਨ ਕੀ
ਤਾ ਤੇ ਅਹਿਨਿਸਿ ਭਾਗਉ॥੧॥ ਰਹਾਉ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥੨
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
(ਪਦਾ, ਰਾਗੁ ਗਉੜੀ)
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ
ਤਿਹ ਘਟਿ ਬ੍ਰਹਮੁ ਨਿਵਾਸਾ॥੨॥
ਗੁਰ ਕਿਰਪਾ ਜਿਹ ਨਰ ਕਉ
ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ॥੩॥
(ਪਦਾ ਰਾਗੁ ਸੋਰਠਿ)

ਧਿਆਨ ਰਹੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਤਿਆਗ ਮਨੁੱਖੀ ਜੀਵਨ, ਸਮਾਜਿਕ ਸੰਬੰਧਾਂ ਅਤੇ ਪਦਾਰਥਕ ਲੋੜਾਂ ਦਾ ਨਹੀਂ, ਸਗੋਂ ਸੱਤਾਧਾਰੀ ਤੇ ਸਾਧਨ ਸੰਪੰਨ ਜਮਾਤਾਂ ਦੇ ਉਸ ਸੱਭਿਆਚਾਰਕ ਕਦਰ ਪ੍ਰਬੰਧ ਦਾ ਹੈ, ਜੋ ਮਨੁੱਖ ਨੂੰ ਮਾਇਆ, ਪਦਾਰਥਾਂ ਤੇ ਸੱਤਾ ਦਾ ਗੁਲਾਮ ਬਣਾਉਂਦਾ ਹੈ। ਉਸ ਅੰਦਰੋਂ ਮਨੁੱਖੀ ਤੱਤ (essence) ਮਾਰ ਕੇ ਉਸ ਨੂੰ ਮਾਰ-ਖੋਰਾ ਤੇ ਖਾਣ-ਸੂਰਾ ਪਸ਼ੂ ਬਣਾਉਂਦਾ ਹੈ। ਪ੍ਰੋ. ਕਿਸ਼ਨ ਸਿੰਘ ਇਸ ਨੂੰ ਮਾਇਆ ਦੀ ਤਰਜ਼-ਇ-ਜ਼ਿੰਦਗੀ ਦੇ ਵਿਰੋਧ ਵਿੱਚ ਨਾਮ ਦੀ ਤਰਜ਼-ਇ-ਜ਼ਿੰਦਗੀ ਦਾ ਇਨਕਲਾਬੀ ਰਾਹ ਕਹਿੰਦੇ ਹਨ – "ਬਾਕੀ ਦੀ ਬਾਣੀ ਵਾਂਗ, ਜਦੋਂ ਗੁਰੂ ਤੇਗ ਬਹਾਦਰ ਦੀ ਬਾਣੀ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਵਾਲਾ ਮਨੁੱਖ ਪੈਦਾ ਕਰਦੀ ਹੈ, ਤਾਂ ਉਹ ਮਾਇਆ ਦੀ ਤਰਜ਼-ਇ-ਜ਼ਿੰਦਗੀ ਵਿਰੁੱਧ ਇਨਕਲਾਬ ਪੈਦਾ ਕਰਦੀ ਹੈ। ਗੁਰੂ ਤੇਗ ਬਹਾਦਰ ਦੀ ਬਾਣੀ ਤਿਆਗ ਸੰਸਾਰ ਦਾ ਨਹੀਂ ਮਾਇਆ ਦਾ ਕਰਵਾਉਂਦੀ ਹੈ। ਇਸ ਤਿਆਗ ਦੀ ਆਵਾਜ਼ ਬਹੁਤ ਤਿੱਖੀ ਹੈ। ਇਹ ਕਿਸੇ ਕੋਲੋਂ ਵੀ ਗੁੱਝੀ ਨਹੀਂ ਰਹਿ ਸਕਦੀ। ਇਸ ਦਾ ਕਾਰਨ ਸ਼ਾਇਦ ਇਤਿਹਾਸਕ ਹੈ, ਸਮਾਜ ਦੀ ਉਸ ਵੇਲੇ ਦੀ ਸਥਿਤੀ ਹੈ।[16]

ਆਪਣੇ ਰਚਨਾਤਮਿਕ ਵਿਵੇਕ ਤੇ ਸਹੀ ਇਤਿਹਾਸ-ਬੋਧ ਕਰਕੇ ਗੁਰੂ ਤੇਗ਼ ਬਹਾਦਰ ਆਪਣੇ ਸਮੇਂ ਦੀ ਸਾਮੰਤੀ ਮੁਗ਼ਲਈਆ ਸਟੇਟ ਫ਼ਾਰਮੇਸ਼ਨ ਅੰਦਰ ਹੋ ਰਹੀ ਟੁੱਟ-ਭੱਜ ਤੇ ਉਸ ਦੇ ਪਤਨਸ਼ੀਲ ਰੁਖ਼ ਨੂੰ ਸਹੀ ਕੋਣ ਤੋਂ ਦੇਖਦੇ ਤੇ ਰੂਪਮਾਨ ਕਰਦੇ ਹਨ। ਹਰ ਮੁਹਾਜ਼ 'ਤੇ ਨਿੱਘਰ ਰਹੀ ਸਾਮੰਤੀ ਵਿਵਸਥਾ ਕਰਕੇ ਉਨ੍ਹਾਂ ਨੂੰ ਸੰਸਾਰ ਪਾਣੀ ਦਾ ਬੁਦਬੁਦਾ, ਧੂੰਏਂ ਦਾ ਪਹਾੜ, ਸੁਪਨੇ ਦੀ ਨਿਆਈਂ, ਰੇਤ ਦੀ ਕੰਧ (ਬਾਲੂ ਕੀ ਭੀਤ), ਬੱਦਲ ਦੀ ਪਰਛਾਈਂ (ਬਾਦਰ ਕੀ ਛਾਈ), ਬਿਖ (ਜ਼ਹਿਰ) ਅਤੇ ਜੰਜਾਲ ਨਜ਼ਰ ਆਉਂਦਾ ਹੈ। ਦੂਜੇ ਪਾਸੇ ਉਨ੍ਹਾਂ ਨੂੰ ਇਹ ਸੰਸਾਰ ਕੁਦਰਤ ਦੀ ਖੇਡ ਵੀ ਨਜ਼ਰ ਆਉਂਦਾ ਹੈ, ਜੋ ਹਰ ਪਲ ਉਪਜਦਾ, ਬਿਨਸਦਾ ਤੇ ਬਦਲਦਾ ਬਟਦਾ ਹੈ। ਅਨੁਭਵੀ ਗਿਆਨ ਤੇ ਕੁਦਰਤੀ ਵਰਤਾਰਿਆਂ ਤੋਂ ਪ੍ਰਾਪਤ ਵਿਵੇਕ ਕਰਕੇ ਉਹ ਸਮਝਦੇ ਹਨ ਕਿ ਇਹ ਸੰਸਾਰ

ਪਰਿਵਰਤਨਸ਼ੀਲ ਹੈ। ਉਹ ਮਹਿਸੂਸ ਕਰਦੇ ਹਨ ਕਿ ਮੌਜੂਦਾ ਅਣਮਨੁੱਖੀ ਪ੍ਰਸਥਿਤੀਆਂ ਤੇ ਦਮਨਕਾਰੀ ਵਿਵਸਥਾ ਸਦਾ ਸਥਿਰ ਰਹਿਣ ਵਾਲੀ ਨਹੀਂ। ਇਹ ਇਤਿਹਾਸ-ਬੋਧ ਹੀ ਗੁਰੂ ਤੇਗ਼ ਬਹਾਦਰ ਜੀ ਦੀ ਕਵਿਤਾ ਦੀ ਤਾਕਤ ਹੈ। ਸੰਸਾਰ ਦੀ ਗਤਿ-ਮਿਤ ਬਾਰੇ ਉਨ੍ਹਾਂ ਦੇ ਦਾਰਸ਼ਨਿਕ ਵਿਚਾਰਾਂ ਦੇ ਨਾਲ ਹੀ ਸਮਾਜ ਤੇ ਪ੍ਰਕਿਰਤਕ ਵਰਤਾਰਿਆਂ ਦੀ ਡਾਇਲੈਕਟਿਕਸ ਬਾਰੇ ਉਨ੍ਹਾਂ ਦੇ ਚਿੰਤਨ ਦੀ ਟੋਹ ਇਨ੍ਹਾਂ ਸਤਰਾਂ 'ਚੋਂ ਮਿਲ ਜਾਂਦੀ ਹੈ:

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥<br>ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥੨੫॥<br>ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥<br>ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ॥੪੯॥<br>ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥<br>ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥੫੨॥

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ 'ਚੋਂ ਪ੍ਰਾਪਤ ਵਿਵੇਕ ਅਨੁਸਾਰ ਧਨ-ਦੌਲਤ, ਸੰਪਤੀ, ਜ਼ਰ-ਜ਼ਮੀਨ, ਸੰਸਾਰਕ ਮਨੁੱਖੀ ਰਿਸ਼ਤੇ ਅਤੇ ਮਨੁੱਖੀ ਦੇਹ ਸਭਮਿਥਿਆ ਹਨ, ਜੇਕਰ ਉਹ ਮਾਇਆ ਦੀ ਮਾਰ ਅਧੀਨ ਹਨ। ਇਹ ਮਾਇਆਵੀ ਸੰਸਾਰ ਤੇ ਮਨੁੱਖੀ ਦੇਹ ਝੂਠੇ ਹਨ, ਜੇ ਉਹ ਮਨੁੱਖ ਨੂੰ ਨਾਮ ਦੇ ਮਾਰਗ ਤੋਂ ਥਿੜਕਾ ਕੇ ਮਾਇਆ ਦਾ ਗ਼ੁਲਾਮ ਬਣਾਉਂਦੇ ਹਨ। ਯਾਦ ਰਹੇ ਜਗਤ ਤੇ ਜੀਵ ਜਾਂ ਸਮਾਜਿਕ ਜੀਵਨ ਤੇ ਮਨੁੱਖੀ ਦੇਹ ਨੂੰ ਲੈ ਕੇ ਗੁਰਬਾਣੀ ਵਾਂਗ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਕੋਈ ਆਪਾ ਵਿਰੋਧ ਨਹੀਂ, ਮਨੁੱਖੀ ਜਨਮ ਤੇ ਮਨੁੱਖੀ ਦੇਹ ਅਕਾਰਥ ਹਨ, ਜੇ ਉਹ ਮਹਾਨ ਆਦਰਸ਼ਾਂ ਤੋਂ ਸੱਖਣੇ ਹਨ, ਮਾਇਆ ਦੇ ਰਾਹ ਦੇ ਅਨੁਸਾਰੀ ਹਨ। ਮਨੁੱਖੀ ਜੀਵਨ ਤੇ ਦੇਹ ਸਕਾਰਥ ਹਨ, ਜੇ ਉਹ ਸਮਾਜਿਕ ਆਦਰਸ਼ਾਂ ਨੂੰ ਪ੍ਰਣਾਏ ਹੋਏ ਹਨ। ਉਨ੍ਹਾਂ ਨੇ ਮਨੁੱਖੀ ਦੇਹ ਨੂੰ ਰੱਬੀ ਨੂਰ ਦਾ ਜਲਵਾ ਕਿਹਾ ਹੈ ਅਤੇ 'ਮਾਨਸ ਜਨਮ ਅਮੋਲਕੁ ਪਾਇਓ' ਅਤੇ 'ਦੁਰਲਭ ਦੇਹ ਪਾਇ ਮਾਨਸ ਕੀ' ਜਿਹੇ ਬੋਲ ਵੀ ਉਚਾਰੇ ਹਨ। ਪਰ ਦੂਜੇ ਪਾਸੇ ਉਨ੍ਹਾਂ ਨੇ ਮਾਇਆ ਤੇ ਸੱਤਾ-ਲਾਲਸਾ ਦੀ ਰਾਮ-ਕਾਰ 'ਚ ਘਿਰੇ ਆਪਣੇ ਵੇਲੇ ਦੇ ਕੁਲੀਨ ਵਰਗਾਂ ਦੇ ਮਨੁੱਖ ਨੂੰ ਇਹ ਤਾੜਨਾ ਵੀ ਕੀਤੀ ਹੈ-

ਕਹਾ ਨਰ ਅਪਨੋ ਜਨਮੁ ਗਵਾਵੈ॥<br>ਮਾਇਆ ਮਦਿ ਬਿਖਿਆ ਰਸਿ ਰਚਿਓ<br>ਰਾਮ ਸਰਨਿ ਨਹੀ ਆਵੈ॥ ਰਹਾਉ॥<br>ਇਹੁ ਸੰਸਾਰੁ ਸਗਲ ਹੈ ਸੁਪਨੋ ਦੇਖਿ ਕਹਾ ਲੋਭਾਵੈ॥<br>ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ॥੧॥<br>ਮਿਥਿਆ ਤਨੁ ਸਾਚੋ ਕਰਿ ਮਾਨਿਓ<br>ਇਹ ਬਿਧਿ ਆਪੁ ਬੰਧਾਵੈ॥<br>ਜਨ ਨਾਨਕ ਸੋਊ ਜਨੁ ਮੁਕਤਾ<br>ਰਾਮ ਭਜਨ ਚਿਤੁ ਲਾਵੈ॥੨॥੩॥

(ਪਦਾ, ਰਾਗੁ ਸਾਰੰਗ)

ਬਾਹਰਮੁਖੀ ਗੋਚਰ ਜਗਤ, ਮਾਨਸ ਜਨਮ ਅਤੇ ਮਨੁੱਖੀ ਹੋਂਦ (ਦੇਹ) ਬਾਰੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੀ ਪੁਜ਼ੀਸ਼ਨ ਉਹੀ ਹੈ, ਜੋ ਮੱਧਕਾਲੀ ਭਾਰਤੀ ਅਧਿਆਤਮਵਾਦੀ ਦਰਸ਼ਨ ਦੀ ਹੈ, ਭਾਵ ਇਹ ਸੰਸਾਰ ਜਾਂ ਦਿਸਦਾ ਪਾਸਾਰਾ ਕਿਸੇ ਅਣਦਿਸਦੀ ਦੈਵੀ ਸੱਤਾ ਦਾ ਹੀ ਬਾਹਰਮੁਖੀ ਰੂਪ ਹੈ, ਉਸ ਦੁਆਰਾ ਸੰਚਾਲਿਤ ਹੈ, ਉਸ ਦੇ ਹੁਕਮ ਜਾਂ ਵਿਧਾਨ ਵਿੱਚ ਹੈ। ਉਹ ਦੈਵੀ ਸੱਤਾ ਜਾਂ ਜੀਵਨ ਦਾ ਮੂਲ-ਤੱਤ (essence) ਸਰਬ-ਵਿਆਪੀ ਹੈ, ਸਭ ਵਿੱਚ ਸਮਾਨ ਰੂਪ ਵਿੱਚ ਵਿਦਮਾਨ ਹੈ। ਇਸੇ ਲਈ ਸਰਬ-ਸਾਂਝਾ ਹੈ, ਦੁਈ ਦਵੈਤ ਜਾਂ ਊਚ-ਨੀਚ ਦੀ ਕੋਈ ਗੁੰਜਾਇਸ਼ ਹੀ ਨਹੀਂ: ਦੈਵੀ ਤੱਤ ਮਨੁੱਖ ਦੇ ਅੰਦਰ ਹੋਣ ਕਰਕੇ ਮਨੁੱਖ ਤੇ ਪ੍ਰਮਾਤਮਾ ਦੋ ਨਹੀਂ, ਇੱਕੋ ਹਨ।

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥<br>ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥੨॥

(ਪਦਾ ਰਾਗ ਬਿਹਾਗੜਾ)

ਕਾਹੇ ਰੇ ਬਨ ਖੋਜਨ ਜਾਈ॥<br>ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ ਰਹਾਉ॥<br>ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥<br>ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥<br>ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥<br>ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥੨॥

(ਪਦਾ ਰਾਗੁ ਧਨਾਸਰੀ)

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੀ ਇਸ ਦਾਰਸ਼ਨਿਕ ਪੁਜ਼ੀਸ਼ਨ ਵਿੱਚ ਉਸ ਦਾ ਸਮਤਾਮੂਲਕ, ਬਰਾਬਰੀ ਤੇ ਸਮਾਜਿਕ ਨਿਆਂ ਵਾਲਾ ਸਮਾਜਿਕ ਚਿੰਤਨ ਸਮਾਇਆ ਹੋਇਆ ਹੈ। ਇਜ ਉਹ ਆਪਣੇ ਅਧਿਆਤਮਿਕ ਦਰਸ਼ਨ ਵਿੱਚ ਸਮਾਜਿਕਤਾ ਦਾ ਵਧੇਰੇ ਮਾਨਵਵਾਦੀ ਪਾਸਾਰ ਸਿਰਜ ਲੈਂਦੇ ਹਨ, ਜਿਸ ਕਰਕੇ ਉਨ੍ਹਾਂ ਨੂੰ 'ਮਾਨਸ ਜਨਮ ਅਮੋਲਕ' ਤੇ ਮਨੁੱਖੀ ਦੇਹ 'ਦੁਰਲੱਭ' ਜਾਪਦੇ ਹਨ। ਇਉਂ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੇ ਕੇਂਦਰ ਵਿੱਚ ਮਨੁੱਖੀ ਜੀਵਨ ਤੇ ਮਨੁੱਖੀ ਦੇਹ ਆਪਣੇ ਅਨੇਕਾਂ

ਪਾਸਾਰਾਂ ਸਮੇਤ ਹਾਜ਼ਰ ਰਹਿੰਦੇ ਹਨ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਤੇ ਸਮਾਜਿਕ ਚਿੰਤਨ ਬਾਰੇ ਡਾ. ਰਮੇਸ਼ ਕੁੰਤਲ ਮੇਘ ਦਾ ਇਹ ਕਥਨ ਬਹੁਤ ਮੁੱਲਵਾਨ ਹੈ:

ਗੁਰੂ ਤੇਗ਼ ਬਹਾਦਰ 'ਮੁਕਤੀ ਪੰਧ' ਦੇ ਨਾਲ ਮੁੱਲ-ਨਿਰਣੇ ਦੇ ਸੰਜੋਗ ਦੀ ਚਰਚਾ ਮਨੁੱਖੀ-ਜਨਮ ਤੇ ਮਨੁੱਖੀ-ਦੇਹ ਦੇ ਪ੍ਰਸੰਗ ਵਿੱਚ ਕਰਦੇ ਹਨ ਅਤੇ ਦਸਦੇ ਹਨ ਕਿ ਮਨੁੱਖੀ ਦੇਹ ਵੀ ਨਾਸ਼ਵਾਨ ਹੈ ਅਤੇ ਮਨੁੱਖੀ ਜਨਮ ਬਿਰਥਾ ਅਤੇ ਅਕਾਰਥ ਵੀ ਹੋ ਜਾਂਦਾ ਹੈ, ਜੇ ਉਹ ਮੁਕਤੀ ਅਤੇ ਮੁੱਲ (value) ਨਾਲ ਸਾਂਝ ਨਾ ਪਾ ਲਵੇ। ਪਰ ਗੁਰੂ ਜੀ ਨੇ ਕਿਸੇ ਵੀ ਰੰਗ ਜਾਂ ਰੂਪ ਵਿੱਚ ਮਨੁੱਖੀ ਦੇਹ ਨੂੰ ਅਪਵਿੱਤਰ ਜਾਂ ਮਾਨਸ-ਜਾਤ ਦੇ ਕੁਝ ਹਿੱਸਿਆਂ ਨੂੰ ਅਛੂਤ ਨਹੀਂ ਮੰਨਿਆ। ਇਹ ਉਨ੍ਹਾਂ ਦੀ ਸਮਾਜਕ ਨੈਤਿਕਤਾ ਦਾ ਸਬੂਤ ਹੈ।"[17]

ਗੁਰੂ ਤੇਗ਼ ਬਹਾਦਰ ਜਦੋਂ ਮਾਇਆਵੀ ਸੰਸਾਰ, ਪਦਾਰਥਕ ਪ੍ਰਪੰਚ, ਸੰਸਾਰਕ ਅਮੀਰੀ, ਤਾਕਤ ਅਤੇ ਸੱਤਾ ਦੇ ਗਲਬੇ (hegemony) ਨੂੰ ਨਕਾਰਦੇ ਹਨ ਅਤੇ 'ਹਰਿ ਨਾਮ' ਨੂੰ ਅਸਲੀ ਦੌਲਤ ਕਹਿੰਦੇ ਹਨ, ਤਾਂ ਉਹ ਆਪਣੇ ਵੇਲੇ ਦੇ ਹਾਕਮਾਂ, ਦਰਬਾਰੀਆਂ, ਅਮੀਰਾਂ-ਵਜ਼ੀਰਾਂ ਅਤੇ ਸੱਤਾ ਸਿਆਸਤ ਉੱਪਰ ਕਾਬਜ਼ ਲੋਕਾਂ ਦੇ ਵਿਚਾਰਧਾਰਕ ਨਜ਼ਰੀਏ ਤੇ ਸੱਭਿਆਚਾਰਕ ਕਦਰ-ਪ੍ਰਬੰਧ ਨੂੰ ਕਾਟੇ ਹੇਠ ਰਖਦੇ ਹਨ। ਉਨ੍ਹਾਂ ਨੇ 'ਮੁਕਤ ਨਰ', 'ਨਿਰਭੈ ਪਦ' ਅਤੇ 'ਨਿਰਬਾਨ-ਪਦ' ਦੇ ਧਾਰਨੀ ਮਨੁੱਖ ਦਾ ਸੰਕਲਪ ਦੇ ਕੇ ਸੱਤਾ ਤੇ ਉਸ ਦੇ ਹਿਤ ਦੀ ਵਿਚਾਰਧਾਰਾ ਨੂੰ ਸੁਰਜੀਤ ਰੱਖਣ ਵਾਲੀਆਂ ਸੰਸਥਾਵਾਂ (ਧਰਮ, ਸਿੱਖਿਆ ਤੇ ਕਾਨੂੰਨ ਆਦਿ) ਦੀ ਸਾਰਥਕਤਾ ਉੱਪਰ ਸਵਾਲ ਖੜ੍ਹੇ ਕੀਤੇ। ਲੋਕਾਂ ਦੇ ਮਨਾਂ ਉੱਤੋਂ ਮੁਗ਼ਲ ਦਰਬਾਰ ਦੀ ਹਿੰਸਾ ਦਾ ਡਰ ਲਾਹੁਣ ਲਈ ਉਨ੍ਹਾਂ ਨੇ ਆਪੇ ਦਾ ਬਲੀਦਾਨ ਦਿੱਤਾ। ਰੱਬ ਨੂੰ ਪ੍ਰਿਤਪਾਲਕ ਅਤੇ ਭੈ ਭੰਜਕ ਰੂਪ ਵਿੱਚ ਚਿਤਵ ਤੇ ਚਿਤਰ ਕੇ ਉਨ੍ਹਾਂ ਨੇ ਲੋਕਾਂ ਦੇ ਮਨਾਂ ਉੱਤੋਂ ਹੰਕਾਰੇ ਹੋਏ ਹਾਕਮਾਂ ਦੇ ਜਬਰ ਦੀ ਛੱਟ ਲਾਹੁਣ ਲਈ ਆਪਣਾ ਪ੍ਰਤਿਰੋਧੀ ਦਰਸ਼ਨ ਦਿੱਤਾ। ਅਜੋਕੇ ਲਿਸ਼ਕ ਪੁਸ਼ਕ ਵਾਲੇ ਬਾਜ਼ਾਰ ਦੇ ਖਪਤ ਸੱਭਿਆਚਾਰ ਅਤੇ ਸੰਪ੍ਰਦਾਇਕ ਹਿੰਸਾ ਵਾਲੀ ਸਿਆਸਤ ਦੇ ਚਲਣ ਦੇ ਦੌਰ ਵਿੱਚ ਗੁਰੂ ਤੇਗ ਬਹਾਦਰ ਦੀ ਲਾਸਾਨੀ ਸ਼ਹਾਦਤ ਅਤੇ ਉਨ੍ਹਾਂ ਦਾ ਤਿਆਗ ਤੇ ਭੇ-ਮੁਕਤੀ ਦਾ ਫ਼ਲਸਫ਼ਾ ਹੋਰ ਵੀ ਪ੍ਰਸੰਗਕ ਹੋ ਗਏ ਹਨ।

**ਹਵਾਲੇ:**


1. ਬਿਚਿਤ੍ਰ ਨਾਟਕ, ਦਸਮ ਗ੍ਰੰਥ ਦੀ ਚੋਣਵੀਂ ਬਾਣੀ, (ਸੰਪਾ) ਸੇਵਾ ਸਿੰਘ, ਪੰਨੇ 90-91

2. Grewal, J.S.. Sikhs of the Punjab (1975) PP 54-55.

3. ਡਾ. ਧਰਮ ਸਿੰਘ, 'ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਗੁਰੂ ਤੇਗ ਬਹਾਦਰ: ਚਿੰਤਨ, ਕਲਾ ਤੇ ਬਾਣੀ, (1976), (ਸੰਪਾ) ਦੀਵਾਨ ਸਿੰਘ, ਸਤਿੰਦਰ ਸਿੰਘ, ਪੰਨਾ 38

4. ਰਾਜ ਮੋਹਨ ਗਾਂਧੀ, ਪੰਜਾਬ ਔਰਗਜ਼ੇਬ ਤੋਂ ਮਾਊਂਟਬੈਟਨ ਤਕ ਦਾ ਇਤਿਹਾਸ, (2015), ਪੰਨਾ 33

5. ਡਾ. ਜੇ.ਐਸ. ਗਰੇਵਾਲ, 'ਗੁਰੂ ਤੇਗ ਬਹਾਦਰ ਭਰੋਸੇ ਦਾ ਪੈਗੰਬਰ', ਗੁਰੂ ਤੇਗ਼ ਬਹਾਦਰ: ਚਿੰਤਨ, ਕਲਾ ਤੇ ਬਾਣੀ, ਪੰਨੇ 14-15

6. ਡਾ. ਬਲਵੀਰ ਸਿੰਘ ਦਿਲ, ਗੁਰੂ ਤੇਗ਼ ਬਹਾਦਰ ਜੀਵਨ ਤੇ ਰਚਨਾ (2009), ਪੰਨਾ 45

7. ਉਹੀ, ਪੰਨਾ 33, ਹੋਰ ਵਿਸਥਾਰ ਲਈ ਦੇਖੋ - ਮੁੰਤਖ਼ਬ-ਉਲ-ਲਬਾਬ (ਕ੍ਰਿਤ ਖ਼ਾਫ਼ੀ ਖ਼ਾਨ), ਹਿਸਟਰੀ ਆਫ਼ ਪੰਜਾਬ (ਮੁਹੰਮਦ ਲਤੀਫ਼), ਸੀਅਰੁਲ ਮੁੱਤਾਖ਼ਰੀਨ (ਮੁਣਸ਼ੀ, ਗੁਲਾਮ ਹੁਸੈਨ)

8. ਭਾਈ ਸ੍ਵਰੂਪ ਸਿੰਘ ਕੋਸ਼ਿਸ਼, ਗੁਰੂ ਕੀਆਂ ਸਾਖੀਆਂ (ਸੰਪਾ. ਪਿਆਰਾ ਸਿੰਘ ਪਦਮ), ਪੰਨੇ 73-74

9. ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, (ਸੰਪਾ) ਗੁਰਮੁਖ ਸਿੰਘ (2010). ਪੰਨੇ 96-97

10. ਡਾ. ਬਲਵੀਰ ਸਿੰਘ ਦਿਲ, ਉਹੀ, ਪੰਨਾ 25

11. ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ, ਪੰਨਾ 100

12. ਡਾ. ਸਰਬਜੀਤ ਸਿੰਘ, 'ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਾਰਧਾਰਕ ਪ੍ਰਸੰਗ', ਵਾਹਗਾ-ਅੰਕ-3, ਪੰਨਾ-144

13. ਸਿਰਦਾਰ ਕਪੂਰ ਸਿੰਘ, 'ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਪਾਪ ਕਿਸ ਦੇ ਸਿਰ ?' ਗੁਰੂ ਤੇਗ ਬਹਾਦੁਰ ਜੀਵਨ, ਸਮਾਂ ਅਤੇ ਰਚਨਾ, (1976), ਸੰਪਾ. ਸੁਰਿੰਦਰ ਸਿੰਘ ਕੋਹਲੀ, ਪੰਨਾ 76

14. ਮੀ.ਵੀ. ਮਿਥ, ਪ੍ਰਚਤ ਘੋੜੇ, ਪੈਠਾ ੧੩੩

15. ਡਾ. ਰਤਨ ਸਿੰਘ ਜੱਗੀ, ਗੁਰੂ ਤੇਗ ਬਹਾਦੁਰ ਜੀਵਨ, ਸਮਾਂ ਤੇ ਰਚਨਾ, ਪੰਨਾ.99

16. ਪੇ. ਵਿਪਲ ਮਿਧ, ਗੁਰਘਾਟੀ ਰਮਾਚ (1976), ਪੰਨਾ 189-90

17. ਡਾ. ਰਮੇਸ਼ ਕੁੰਤਲ ਮੇਘ, 'ਗੁਰੂ ਤੇਗ ਬਹਾਦਰ ਦੇ ਦਰਸ਼ਨ ਦੀ ਸਮਾਜਿਕ ਸਾਰਬਕਤਾ', ਗੁਰੂ ਤੇਗ਼ ਬਹਾਦਰ: ਚਿੰਤਨ, ਕਲਾ ਤੇ ਬਾਣੀ, ਪੰਨਾ. 54

# ਸਰਣਿ ਦੇ ਦਾਤੇ, ਬਚਨ ਕੇ ਸੂਰੇ॥



ਹਰਪਾਲ ਸਿੰਘ ਸੇਵਕ

ਪ੍ਰਸਿੱਧ ਨਾਮਧਾਰੀ ਲੇਖਕ

94176-01321

ਸਾਲ 2025 ਈ. ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਦਾ 350 ਵਾਂ ਵਰ੍ਹਾ ਵਿਸ਼ਵ ਭਰ ਵਿਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਹੈ। ਗੁਰੂ ਸਾਹਿਬ ਦੇ ਜੀਵਨ, ਗੁਰਬਾਣੀ ਅਤੇ ਸ਼ਹਾਦਤ ਦੇ ਸੰਕਲਪ ਨੂੰ ਗੁਰਬਾਣੀ ਅਤੇ ਗੁਰ ਇਤਿਹਾਸ ਦੀ ਕਸਵੱਟੀ ਤੇ ਹੀ ਸਮਝਿਆ ਅਤੇ ਵਿਚਾਰਿਆ ਜਾ ਸਕਦਾ ਹੈ।

ਰਾਗ ਮਾਰੂ ਵਿਚ ਪੰਚਮ ਪਾਤਸ਼ਾਹ ਸਤਿਗੁਰੂ ਅਰਜਨ ਦੇਵ ਜੀ ਪੂਰੇ ਗੁਰੂ ਦੀ ਸੋਭਾ ਕਰਦਿਆਂ ਲਿਖਦੇ ਹਨ:

ਹਉ ਬਲਿਹਾਰੀ ਸਤਿਗੁਰ ਪੂਰੇ॥
ਸਰਣਿ ਕੇ ਦਾਤੇ, ਬਚਨ ਕੇ ਸੂਰੇ॥

ਸਾਹਿਬ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੇ ਅਨੇਕਾਂ ਪਹਿਲੂ ਹਨ। ਇਸ ਲੇਖ ਵਿਚ ਉਪਰੋਕਤ ਗੁਰਵਾਕ ਵਿਚ ਆਏ ਕੇਵਲ ਤਿੰਨ ਪਹਿਲੂਆਂ ਤੇ ਸੰਖੇਪ ਚਰਚਾ ਹੈ- 1. ਪੂਰਾ ਸਤਿਗੁਰੂ, 2. ਸਰਣਿ ਆਏ ਦੀ ਲਾਜ ਰੱਖਣ ਵਾਲਾ, 3. ਬਚਨ ਦੇ ਬਲੀ।

ਪੂਰੇ ਸਤਿਗੁਰੂ ਤੋਂ ਇਸ ਕਰਕੇ ਬਲਿਹਾਰ ਜਾਂਦੇ ਹਾਂ, ਵਾਰੇ-ਵਾਰੇ ਜਾਂਦੇ ਹਾਂ ਕਿ ਉਹ ਸਰਣ ਆਏ ਦੀ ਲਾਜ ਰੱਖਦਾ ਹੈ। ਦੁੱਖ ਦੂਰ ਕਰਕੇ ਸਦੀਵੀ ਸੁਖ ਬਖਸ਼ਦਾ ਹੈ। ਬੰਧਨ ਮੁਕਤਿ ਕਰਦਾ ਹੈ। ਮੁਕਤੀ ਕੇਵਲ ਮਾਨਸਿਕ ਜਾਂ ਆਤਮਿਕ ਮੁਕਤੀ ਨਹੀਂ ਸਗੋਂ ਪੂਰਾ ਗੁਰੂ ਲੋਕਾਈ ਨੂੰ ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਕਰਦਾ ਹੈ, ਉਹ ਬੰਧਨ ਭਾਂਵੇ ਵਹਿਮਾਂ ਭਰਮਾਂ ਦੇ ਹੋਣ, ਸਮਾਜਿਕ ਕੁਰੀਤੀਆਂ ਦੇ ਜਾਂ ਕੋਝੀ ਰਾਜਨੀਤੀ ਦੇ ਮਸਲੇ ਹੋਣ, ਸਤਿਗੁਰੂ, ਸਮਾਜ ਨੂੰ ਹਰ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਕਰਕੇ ਇਕ ਸੁਖੀ ਤੇ ਆਦਰਸ਼ ਸਮਾਜ ਸਿਰਜਨ ਲਈ ਮਾਨਵਤਾ ਦਾ ਮਾਰਗ ਦਰਸ਼ਨ ਕਰਦਾ ਹੈ। ਸਤਿਗੁਰੂ ਸਰਣਾਗਤਿ ਅਤੇ ਬਚਨ

ਦਾ ਬਲੀ ਹੁੰਦਾ ਹੈ। ਇਹ ਹੋਰ ਜਗ੍ਹਾ ਰਾਗ ਮਾਝ ਵਿਚ ਪੰਚਮ ਪਾਤਸ਼ਾਹ ਉਚਾਰਨ ਕਰਦੇ ਹਨ-

ਹਉ ਬਲਿਹਾਰੀ ਸਤਿਗੁਰ ਪੂਰੇ॥
ਜਿਨਿ ਬੰਧਨ ਕਾਟੇ ਸਗਲੇ ਮੇਰੇ॥

ਸਤਿਗੁਰੂ ਦਾ ਪ੍ਰਕਾਸ਼ ਹੀ ਸਮਾਜ ਨੂੰ ਬੰਧਨ ਮੁਕਤ ਕਰਨ ਲਈ ਹੁੰਦਾ ਹੈ। ਸਿੱਖ ਸਤਿਗੁਰੂ ਸਾਹਿਬਾਨ ਨੇ ਸਮਾਜ ਨੂੰ ਹਰ ਤਰ੍ਹਾਂ ਦੇ ਬੰਧਨਾ ਤੋਂ ਮੁਕਤ ਕਰਨ ਲਈ ਕੇਵਲ ਉਪਦੇਸ਼ ਹੀ ਨਹੀਂ ਦਿੱਤੇ ਸਗੋਂ ਦਰਪੇਸ਼ ਚੁਣੌਤੀਆਂ ਦਾ ਸਾਮ੍ਹਣਾ ਕਰਦਿਆਂ ਵੱਡੀਆਂ ਤੋਂ ਵੱਡੀਆਂ ਕੁਰਬਾਨੀਆਂ ਵੀ ਦਿੱਤੀਆਂ। ਗੁਰਬਾਣੀ ਵਿਚ ਪੂਰੇ ਸਤਿਗੁਰੂ ਦੀ ਤਾਰੀਫ ਦੇ ਅਨੇਕਾਂ ਗੁਰਵਾਕ ਹਨ:

- ਸੋ ਸਤਿਗੁਰੁ ਜਿਸੈ ਰਿਦੈ ਹਰਿ ਨਾਉ॥
- ਸੋਈ ਸਤਿਗੁਰੁ ਪੁਰਖੁ ਹੈ
ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥
- ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ
ਜਿਤੁ ਨਾਤੈ ਕਊਆ ਹੰਸੁ ਹੋਹੈ॥
- ਸਤਿ ਪੁਰਖੁ ਜਿਨਿ ਜਾਨਿਆ
ਸਤਿਗੁਰ ਤਿਸਕਾ ਨਾਉ॥
- ਜਿਸਦੈ ਅੰਦਰਿ ਸਚੁ ਹੈ
ਸੋ ਸਚਾ ਨਾਮੁ ਮੁਖਿ ਸਚੁ ਅਲਾਏ॥
ਓਹੁ ਹਰਿ ਮਾਰਗਿ ਆਪਿ ਚਲਦਾ
ਹੋਰਨਾ ਨੋ ਹਰਿ ਮਾਰਗਿ ਪਾਏ॥

ਪੂਰਾ ਸਤਿਗੁਰੂ: - ਜਿਸਦੇ ਹਿਰਦੇ ਵਿਚ ਪ੍ਰਮੇਸ਼ਰ ਦਾ ਨਾਮ ਹੈ ਉਹ ਨਾਮ ਦਾ ਹੀ ਸਰੂਪ ਹੈ। - ਜਿਸਨੇ ਪੰਜੇ ਦੂਤ: ਕਾਮ, ਕ੍ਰੋਧ, ਲੋਭ, ਮੋਹੁ ਹੰਕਾਰ ਆਦਿ ਵਿਕਾਰਾਂ ਨੂੰ ਵੱਸ ਕੀਤਾ ਹੋਇਆ ਹੈ। - ਸਤਿ ਸਰੂਪ ਸਤਿਗੁਰੂ ਅੰਮ੍ਰਿਤ ਦਾ ਐਸਾ ਸਰੋਵਰ ਹੈ ਜਿਸ ਵਿਚ ਨ੍ਹਾਤਿਆਂ ਭਾਵ ਜਿਸਦੀ ਸੰਗਤ ਕੀਤਿਆਂ ਕਾਵਾਂ ਵਰਗੀ ਮਲੀਨ ਬੁੱਧੀ ਵਾਲਾ ਮਨੁੱਖ ਵੀ ਹੰਸਾਂ ਵਰਗੀ ਸਾਤਵਿਕ ਬਿਰਤੀ ਵਾਲਾ ਦੇਵਤਾ ਬਣ ਜਾਂਦਾ ਹੈ। - ਜੋ ਬ੍ਰਹਮ ਦਾ ਗਿਆਤਾ ਹੈ, ਜਿਸ ਆਦਿ ਜੁਗਾਦੀ ਸਤਿ ਪੁਰਖੁ ਪ੍ਰਮੇਸ਼ਰ ਨੂੰ ਜਾਣ ਲਿਆ ਉਹ ਸਤਿਗੁਰੂ ਹੈ। ਜਿਸਦੇ ਹਿਰਦੇ ਵਿਚ ਸੱਚ ਹੈ, ਉਹ ਸੱਚੇ ਪ੍ਰਮੇਸ਼ਰ ਦਾ ਨਾਮੁ ਹੀ ਮੁੱਖ ਤੋਂ ਉਚਰਦਾ ਹੈ ਉਹ ਸਤਿਗੁਰੂ ਆਪ ਹਰੀ ਦੇ ਮਾਰਗ ਤੇ ਚੱਲਕੇ ਹੋਰਨਾਂ ਨੂੰ ਹਰੀ ਦੇ ਮਾਰਗ ਤੇ ਤੋਰਦਾ ਹੈ। ਐਸੀਆਂ ਹੋਰ ਵੀ ਅਨੇਕਾਂ ਤਾਰੀਫਾਂ ਹਨ ਪੂਰੇ ਸਤਿਗੁਰੂ ਦੀਆਂ ਜੋ

ਪਸੂ ਪਰੇਤਹੁੰ ਦੇਵ ਕਰਿ ਪੂਰੇ ਸਤਿਗੁਰੁ ਕੀ ਵਡਿਆਈ॥

ਪਸ਼ੂ ਪ੍ਰੇਤਾਂ ਦੀ ਬਿਰਤੀ ਵਾਲੇ ਮਨੁੱਖਾਂ ਨੂੰ ਗਿਆਨਵਾਨ ਦੇਵਤੇ ਬਣਾ ਦੇਂਦਾ ਹੈ ਪੂਰਾ ਸਤਿਗੁਰੂ।

ਪੰਦਰਵੀਂ ਸਦੀ ਵਿਚ ਪੰਜਾਬ ਦੇ ਪੱਛਮ ਵਾਲੇ ਪਾਸੇ ਐਸੀਆਂ ਤਾਰੀਫਾਂ ਵਾਲਾ ਹੀ ਇਕ ਗਿਆਨ ਦਾ ਸੂਰਜ ਪ੍ਰਗਟ ਹੋਇਆ-

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ
ਤਾਰੇ ਛਪੇ ਅੰਧੇਰੁ ਪਲੋਆ॥

ਸਤਿਗੁਰੂ ਨਾਨਕ ਦੇਵ ਗਿਆਨ ਦੇ ਐਸੇ ਸੂਰਜ ਉਦੈ ਹੋਏ ਜਿਸਦੇ ਪ੍ਰਗਟ ਹੋਣ ਨਾਲ ਅਗਿਆਨ ਦਾ ਅੰਧਕਾਰ ਅਤੇ ਵਹਿਮਾਂ ਭਰਮਾਂ ਦੀ ਧੁੰਧੁ ਮਿਟ ਗਈ। ਗਿਆਨ ਦੇ ਅਧੂਰੇ ਅਤੇ ਛੋਟੇ ਸ੍ਰੋਤ ਤਾਰੇ ਭਾਵ ਸਿਧ ਮੁਨੀ ਆਦਿ ਵੀ ਨਾਨਕ ਦੇ ਤੇਜੱਸਵੀ ਗਿਆਨ ਪ੍ਰਕਾਸ਼ ਵਿਚ ਛਿਪ ਗਏ। ਸਤਿਗੁਰੂ ਨਾਨਕ ਦੇਵ ਨੇ ਧਰਮ ਦੀ ਬੜੀ ਸਰਲ ਤੇ ਸਪਸ਼ਟ ਵਿਆਖਿਆ ਕੀਤੀ:

ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਅਤੇ

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥

ਦਸਾਂ ਨਹੁੰਆਂ ਦੀ ਸੱਚੀ ਸੁੱਚੀ ਕਿਰਤ ਕਰਨੀ ਅਤੇ ਉਸ ਸੁੱਚੀ ਕਮਾਈ ਵਿਚੋਂ ਜਥਾ ਸ਼ਕਤਿ ਲੋੜਵੰਦ ਨੂੰ ਦਾਨ ਕਰਨਾ ਹੀ ਪ੍ਰਮੇਸ਼ਰ ਦੇ ਰਾਹ ਨੂੰ ਪਛਾਨਣਾ ਹੈ ਅਤੇ ਪਰਾਇਆ ਹਕੁ ਤੁਹਾਡੇ ਵਾਸਤੇ ਸਹੁੰ ਵਾਂਗ ਹੈ। ਇਹੋ ਹੀ ਸਿੱਖ ਮਤ ਦਾ ਮੁੱਢਲਾ ਸਿਧਾਂਤ ਬਣ ਗਿਆ: ਕਿਰਤ ਕਰੋ! ਨਾਮ ਜੱਪੋ!! ਵੰਡ ਛਕੋ!!! ਕਿਹੜਾ ਲੈਨਿਨਵਾਦ ਮਾਰਕਸਵਾਦ ਜਾਂ ਸਮਾਜਵਾਦ, ਇਸ ਨਾਨਕਵਾਦ ਨਾਲੋਂ ਵੱਡਾ ਹੋ ਸੱਕਦਾ ਹੈ। ਪੂਰੇ ਗੁਰੂ ਦਾ ਇਕ ਹੋਰ ਲੱਛਣ ਹੈ:

ਨਾਨਕ ਸਤਿਗੁਰੁ ਐਸਾ ਜਾਣੀਐ
ਜੋ ਸਭਸੈ ਲਏ ਮਿਲਾਇ ਜੀਉ॥

ਪੂਰਾ ਸਤਿਗੁਰੂ ਉਹ ਹੈ ਜੋ ਸਭ ਦਾ ਹੈ, ਜਿਸਦੇ ਸਾਰੇ ਹਨ। ਜਿਸ ਵਿਚ ਦਵੈਤ ਨਹੀਂ ਜੋ ਦੂਸਰਿਆਂ ਦੀ ਦੁਬਿਧਾ ਵੀ ਮਿਟਾ ਦੇਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ:

ਨਾਨਕ ਨਾਮ ਚੜ੍ਹਦੀ ਕਲਾ
ਤੇਰੇ ਭਾਣੇ ਸਰਬੱਤ ਦਾ ਭਲਾ॥

ਚੜ੍ਹਦੀ ਕਾਲ ਵਿਚ ਰਹਿਣਾ ਅਤੇ ਸਰਬੱਤ ਦਾ ਭਲਾ ਲੋਚਨਾ, ਸਰਬੱਤ ਦਾ ਭਲਾ ਕੇਵਲ ਸਾਰੇ ਮਨੁੱਖਾਂ ਦਾ ਹੀ ਨਹੀਂ,

ਰੁੱਖਾਂ ਬਿਰਖਾਂ, ਜੀਵ-ਜੰਤੂਆਂ, ਪਸ਼ੂਆਂ-ਪੰਛੀਆਂ ਪ੍ਰਤੀ ਵੀ ਦਇਆਵਾਨ ਤੇ ਸੰਵੇਦਨਸ਼ੀਲ ਹੋਣਾ, ਸਮੁੱਚੀ ਕਾਇਨਾਤ ਦਾ ਭਲਾ ਲੋਚਣਾ ਗੁਰੂ ਨਾਨਕ ਦਾ ਉਪਦੇਸ਼ ਸੀ। ਆਪਦੇ ਪ੍ਰਕਾਸ਼ ਸਮੇਂ ਭਾਰਤਵਰਸ਼ ਵਿਚ ਓਹ ਸਮਾਂ ਸੀ ਜਦੋਂ ਹਿੰਦੂ ਤੇ ਮੁਸਲਮਾਨ ਇਕ ਦੂਸਰੇ ਨੂੰ ਮਲੇਛ ਅਤੇ ਕਾਫਰ ਕਹਿ ਕੇ ਦੁਰਕਾਰਦੇ ਸਨ ਅਤੇ ਇਕ ਦੂਸਰੇ ਦੇ ਖੂਨ ਦੇ ਪਿਆਸੇ ਸਨ। ਉਸ ਸਮੇਂ ਜਦੋਂ ਗੁਰੂ ਸਾਹਿਬ-

ਬਾਬਾ ਦੇਖੈ ਧਿਆਨ ਧਰਿ
ਜਲਤੀ ਸਭਿ ਪ੍ਰਿਥਵੀ ਦਿਸਿ ਆਈ॥
ਬਾਝਹੁ ਗੁਰੂ ਗੁਬਾਰ ਹੈ, ਹੈ-ਹੈ ਕਰਦੀ ਸੁਣੀ ਲੁਕਾਈ॥
ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤਿ ਚਲਾਈ॥
ਚੜ੍ਹਿਆ ਸੋਧਣਿ ਧਰਤਿ ਲੁਕਾਈ॥

ਸ੍ਰਿਸ਼ਟੀ ਦੇ ਕਲਿਆਣ ਹਿਤ ਆਪ ਨੇ ਚੌਹਾਂ ਦਿਸ਼ਾਵਾਂ ਵਿਚ ਉਦਾਸੀਆਂ (ਯਾਤਰਾਵਾਂ) ਕੀਤੀਆਂ। ਉਦਾਸੀਆਂ ਸਮੇਂ ਸਤਿਗੁਰੂ ਜੀ ਦੇ ਇਕ ਪਾਸੇ ਹਿੰਦੂ ਭਾਈ ਬਾਲਾ ਅਤੇ ਦੂਸਰੇ ਪਾਸੇ ਭਾਈ ਮਰਦਾਨਾ ਜੀ (ਮੁਸਲਮਾਨ) ਨਾਲ ਰਹੇ। ਜਦੋਂ ਮੱਕੇ ਮਦੀਨੇ ਦੀ ਯਾਤਰਾ ਸਮੇਂ ਮੌਲਵੀਆਂ ਨੇ ਆਪ ਨੂੰ ਪੁੱਛਿਆ:

ਪੁੱਛਣ ਫੋਲ ਕਿਤਾਬ ਨੋ, ਹਿੰਦੂ ਵੱਡਾ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜ਼ੀਆਂ ਸ਼ੁਭ ਅਮਲਾਂ ਬਾਝੋਂ ਦੋਵੇਂ ਰੋਈ॥

ਆਪ ਨੇ ਸ਼ੁਭ ਕਰਮਨ ਦਾ ਸਰਬ ਸਾਂਝਾਂ ਉਪਦੇਸ਼ ਦਿੱਤਾ। ਇਸ ਲਈ ਇਹ ਕਹਾਵਤ ਪ੍ਰਸਿੱਧ ਹੋ ਗਈ:

ਨਾਨਕ ਸ਼ਾਹ ਫਕੀਰ,
ਹਿੰਦੂਓ ਕੇ ਗੁਰੂ, ਮੁਸਲਮਾਨੋਂ ਕੇ ਪੀਰ॥

ਸਤਿਗੁਰੂ ਨਾਨਕ ਦੇਵ ਜੀ ਨੇ ਧਰਮ ਨੂੰ ਅਧਿਆਤਮ ਨੂੰ ਜੰਗਲਾਂ ਬੇਲਿਆਂ ਤੇ ਪਹਾੜਾਂ ਦੀਆਂ ਖੁੰਦਰਾਂ ਚੋਂ ਕੱਢ ਕੇ ਗ੍ਰਿਹਸਤ ਜੀਵਨ ਵਿਚ ਲਿਆਂਦਾ। ਘਰ, ਪਰਿਵਾਰ ਅਤੇ ਸਮਾਜ ਦੀਆਂ ਜ਼ਿੰਮੇਵਾਰੀਆਂ ਨਿਭਾਉਂਦਿਆਂ ਹੋਇਆ, ਪ੍ਰਭੂ ਭਗਤੀ ਕਰਨ ਦਾ ਉਪਦੇਸ਼ ਦਿੱਤਾ। ਧਾੜਵੀਆਂ, ਜ਼ਾਲਮਾਂ ਅਤੇ ਜਰਵਾਣਿਆਂ ਅੱਗੇ ਹਿੱਕ ਤਾਣ ਕੇ- 'ਰਾਜੇ ਸ਼ੀਂਹ ਮੁਕੱਦਮ ਕੁੱਤੇ' ਆਖਣ ਦੀ ਜ਼ੁਰਅਤ ਦਿੱਤੀ। ਆਪ ਨੇ ਧਰਮ ਦੇ ਸ਼ੁਧ ਸਰੂਪ ਨੂੰ ਕਾਇਮ ਰੱਖਣ ਲਈ ਰਾਜ ਅਤੇ ਜੋਗ ਦਾ, ਮੀਰੀ ਅਤੇ ਪੀਰੀ ਦਾ, ਭਗਤੀ ਅਤੇ ਸ਼ਕਤੀ ਦਾ ਸੁਮੇਲ ਕਰਕੇ-

ਅਬਿਚਲ ਨੀਵ ਧਰੀ ਗੁਰ ਨਾਨਕ
ਨਿਤ ਨਿਤ ਚੜ੍ਹੈ ਸਵਾਈ॥

ਆਪਣੇ ਇਕ ਯੋਗ ਸੇਵਕ ਭਾਈ ਲਹਿਣਾ ਜੀ ਨੂੰ ਆਪਣਾ ਹੀ ਅੰਗ, ਅੰਗਦ ਬਣਾ ਕੇ ਗੁਰ ਪੀੜ੍ਹੀ ਦੀ ਅਰੰਭਤਾ ਕੀਤੀ ਅਤੇ ਨਾਲ ਹੀ ਇਕ ਇਕਰਾਰ ਕੀਤਾ- 'ਸਾਰਾ ਕਲਿਜੁਗ ਭੋਗਸੀ ਨਾਨਕ ਧਰਿ ਅਵਤਾਰ॥' ਸਤਿਗੁਰੂ ਨਾਨਕ ਦੇਵ ਜੀ ਦੇ ਜ਼ਾ-ਨਸ਼ੀਨ ਸਾਰੇ ਹੀ ਸਤਿਗੁਰੂ ਸਾਹਿਬਾਨ ਨੇ ਆਪ ਦੇ ਸਰਬ ਸਾਂਝੇ ਧਰਮ ਦਾ ਪ੍ਰਚਾਰ ਪ੍ਰਸਾਰ ਕਰਦਿਆਂ ਵਿਪਰੀਤ ਪ੍ਰਸਥਿਤੀਆਂ ਵਿਚ ਦਰਪੇਸ਼ ਚੁਣੌਤੀਆਂ ਦਾ ਹਿੱਕ ਤਾਣ ਕੇ ਸਾਮਹਣਾ ਕਰਨਾ ਸਿਖਾਇਆ। ਸੱਚ ਅਤੇ ਸਵੈਮਾਨ ਤੇ ਪਹਿਰਾ ਦੇਂਦਿਆਂ ਵੱਡੀਆਂ ਤੋਂ ਵੱਡੀਆਂ ਕੁਰਬਾਨੀਆਂ ਦਿੱਤੀਆਂ। ਜ਼ਬਰ ਦਾ ਸਬਰ ਨਾਲ ਮੁਕਾਬਲਾ ਕਰਦਿਆਂ ਸ਼ਹਾਦਤ ਦੇ ਕੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਸਿਖਾਇਆ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇ ਪੰਜ ਜਾਮਿਆਂ ਦੀ ਭਗਤੀ ਜਦੋਂ ਜ਼ੁਲਮ ਦਾ ਸਾਹਮਣਾ ਕਰਨ ਲਈ ਸ਼ਕਤੀ ਦੇ ਰੂਪ ਵਿਚ ਪ੍ਰਗਟ ਹੋਈ ਤਾਂ ਰਬਾਬ ਦੀ ਤਾਰ, ਤੇਗ ਦੀ ਧਾਰ ਵਿਚ ਤਬਦੀਲ ਹੋ ਗਈ। ਅਨਹਦ-ਨਾਦ, ਯੁੱਧ-ਨਾਦ ਹੋ ਗੂੰਜਿਆ। ਮੀਰੀ ਪੀਰੀ ਦੇ ਮਾਲਕ, ਬੰਦੀ ਛੋਡ ਸਤਿਗੁਰੂ, ਗੁਰੂ ਹਰਿ ਗੋਬਿੰਦ ਜੀ ਨੇ ਧਰਮ ਯੁੱਧ ਕੀਤੇ। ਆਪ ਜੀ ਨੇ ਚਾਰ ਯੁੱਧ ਕੀਤੇ ਅਤੇ ਚਾਰੇ ਹੀ ਜਿੱਤੇ। ਕਰਤਾਰਪੁਰ ਦੇ ਯੁੱਧ ਵਿਚ ਚੌਧਾਂ ਕੁ ਵਰਿਆਂ ਦੇ ਆਪ ਦੇ ਛੋਟੇ ਸਾਹਿਬਜ਼ਾਦੇ ਤਿਆਗਮੱਲ ਨੇ ਯੁੱਧ ਵਿਚ ਤੇਗ ਦੇ ਅਜੇਹੇ ਜ਼ੌਹਰ ਵਿਖਾਏ ਕਿ ਪਿਤਾ ਸਤਿਗੁਰੂ ਨੇ ਖੁਸ਼ ਹੋ ਕੇ ਆਪ ਦਾ ਨਾਮ ਤਿਆਗ ਮਲ ਤੋਂ ਤੇਗ ਬਹਾਦਰ ਰੱਖ ਦਿੱਤਾ। ਸਾਹਿਬ ਗੁਰੂ ਹਰਿ ਗੋਬਿੰਦ ਜੀ ਤੋਂ ਬਾਅਦ ਆਪ ਦੇ ਪੋਤਰੇ ਗੁਰੂ ਹਰਿ ਰਾਇ ਜੀ ਨਾਨਕ ਤਖਤ ਤੇ ਬਿਰਾਜਮਾਨ ਹੋਏ ਅਤੇ ਅੱਠਵੇਂ ਜਾਂਮੇਂ ਵਿਚ ਕੇਵਲ ਪੰਜ ਵਰਿਆਂ ਦੇ ਛੇਵੇਂ ਪਾਤਸ਼ਾਹ ਦੇ ਪੜਪੋਤੇ ਸਾਹਿਬ ਗੁਰੂ ਹਰਿ ਕ੍ਰਿਸ਼ਨ ਜੀ ਗੁਰਗੱਦੀ ਤੇ ਸੁਭਾਇਮਾਨ ਹੁੰਦੇ ਹਨ। ਬਾਲ ਗੁਰੂ ਹਰਿ ਕ੍ਰਿਸ਼ਨ ਜੀ ਦੇ ਕੌਤਕ ਸਿੱਧ ਕਰਦੇ ਹਨ ਕਿ ਇਹ ਨਾਨਕ ਦੀ ਜੋਤ ਹੈ, ਭਾਵੇਂ ਉਹ ਬਿਰਧ ਸਰੂਪ ਗੁਰੂ ਅਮਰਦਾਸ ਜੀ ਦੇ ਰੂਪ ਵਿਚ ਪ੍ਰਗਟ ਹੋਵੇ, ਭਾਵੇਂ ਪੰਜ ਵਰ੍ਹਿਆਂ ਦੇ ਗੁਰੂ ਹਰਿ ਕ੍ਰਿਸ਼ਨ ਜੀ ਦੇ ਰੂਪ ਵਿਚ ਉਹ ਸਰਬ ਕਲਾ ਸਮਰੱਥ ਪ੍ਰਮੇਸ਼ਰ ਦੀ ਉਹੀ ਜੋਤ ਹੈ ਜੋ 'ਨਾ ਘਾਟ ਹੈ ਨਾ ਬਾਢ ਹੈ ਨਾ ਘਾਟ ਬਾਢ ਹੋਤ ਹੈ॥' ਏਨਾਂ ਲੰਮਾਂ ਸਮਾਂ ਤੇਗ ਬਹਾਦਰ ਜੀ ਬਾਬੇ ਬਕਾਲੇ ਵਿਖੇ ਭੋਰੇ ਵਿਚ ਤੱਪਸਿਆ ਕਰਦੇ ਹਨ।

ਭਾਰੀ ਕਰੀ ਤੱਪਸਿਆ, ਵਡੇ ਭਾਗ ਹਰਿ ਸਿਉ ਬਨਿ ਆਈ॥

ਆਦਿ ਗੁਰੂ ਸਤਿਗੁਰੂ ਨਾਨਕ ਦੇਵ ਵਾਂਗ ਤਪ ਕਰਕੇ 'ਦ੍ਵੈ ਤੇ ਏਕ' ਰੂਪ ਹੋ ਜਾਂਦੇ ਹਨ। ਤਪ ਕਰਦਿਆਂ, ਤੇਗ ਬਹਾਦਰ ਜੀ ਦੀ ਸੂਰਬੀਰਤਾ, ਧੀਰਜ, ਨਿਰਭਉ ਅਤੇ

ਨਿਰਵੈਰਤਾ ਵਿਚ ਰੂਪਾਂਤਰਿਤ ਹੋ ਜਾਂਦੀ ਹੈ। ਤਿਆਗ, ਵੈਰਾਗ ਅਤੇ ਬ੍ਰਹਮ ਗਿਆਨ ਉਜਾਗਰ ਹੁੰਦਾ ਹੈ। ਇਹ ਵੀ ਇਕ ਅਦਭੁੱਤ ਸੰਜੋਗ ਹੈ ਕਿ ਫੇਰ ਪੋਤਰਾ, ਦਾਦੇ ਨੂੰ ਗੁਰਤਾ ਗੱਦੀ ਅਰਪਨ ਕਰਦਾ ਹੈ। ਬਕਾਲੇ ਵਿਚ ਬਾਈ ਮੰਜੀਆਂ ਬਣ ਜਾਂਦੀਆਂ ਹਨ, ਦੰਭੀ ਗੁਰੂਆਂ ਦੀਆਂ। ਜਿਨ੍ਹਾਂ ਦੇ ਚੇਲੇ ਬਾਹਾਂ ਉਲਾਰ-ਉਲਾਰ ਆਖਦੇ ਹਨ ਕਿ ਐਹ ਅਸਲੀ ਗੁਰੂ ਹੈ ਪਰ ਗੁਰੂ ਤਾਂ ਭੋਰੇ ਵਿਚ ਸਮਾਧੀਲੀਨ ਸੀ। ਨਾਨਕ ਦੀ ਜੋਤ ਸੂਰਜ ਵਾਂਗ ਨੌਵੇਂ ਪਾਤਸ਼ਾਹ ਸਾਹਿਬ ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿਚ ਪ੍ਰਗਟ ਹੁੰਦੀ ਹੈ ਫੇਰ 'ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥' ਬਾਈ ਮੰਜੀਆਂ ਛਿਪ ਗਈਆਂ। ਉਸ ਨੌਵੇਂ ਜਾਮੇਂ ਵਿਚ ਸਾਹਿਬ ਗੁਰੂ ਤੇਗ ਬਾਹਦਰ ਜੀ ਨੇ ਧਰਮ ਦੀ ਰੱਖਿਆ ਵਾਸਤੇ ਐਸੀ ਸ਼ਹਾਦਤ ਦਿੱਤੀ ਜਿਸ ਬਾਰੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਆਪਣੀ ਕਲਮ ਨਾਲ ਬਚਿਤ੍ਰ ਨਾਟਕ ਵਿਚ ਲਿਖਦੇ ਹਨ-

ਧਰਮ ਹੇਤਿ ਸਾਕਾ ਜਿਨਿ ਕੀਆ॥
ਸੀਸ ਦੀਆ ਪਰ ਸਿਰਰ ਨਾ ਦੀਆ॥
ਸਾਧਨ ਹੇਤਿ ਇਤੀ ਜਿਨਿ ਕਰੀ॥
ਸੀਸ ਦੀਆ ਪਰ ਸੀ ਨ ਉਚਰੀ॥

ਸਾਲ 2025 ਈ. ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ 350 ਵਾਂ ਵਰ੍ਹਾਂ ਹੈ ਜੋ ਵਿਸ਼ਵ ਭਰ ਵਿਚ ਬੜੀ ਸ਼ਰਧਾ ਤੇ ਆਸਥਾ ਨਾਲ ਮਨਾਇਆ ਗਿਆ ਹੈ। ਗੁਰੂ ਸਾਹਿਬ ਦੇ ਜੀਵਨ, ਗੁਰਬਾਣੀ ਅਤੇ ਸ਼ਹਾਦਤ ਦੇ ਸਬੰਧ ਵਿਚ ਬਹੁਤ ਪੁਸਤਕਾਂ, ਮੈਗਜ਼ੀਨ, ਵਿਸ਼ੇਸ਼ ਅੰਕ ਆਦਿ ਪ੍ਰਕਾਸ਼ਿਤ ਹੋਏ ਹਨ। ਗੁਰੂ ਸਾਹਿਬ ਦੀ ਲੀਲ੍ਹਾ ਅਗਾਧ ਬੋਧ ਹੁੰਦੀ ਹੈ, ਉਸਦਾ ਪਾਰਾਵਾਰ ਪਾ ਸੱਕਣਾ ਮਨੁੱਖੀ ਬੁੱਧੀ ਵਾਸਤੇ ਏਸੇ ਤਰ੍ਹਾਂ ਹੈ ਜਿਵੇਂ ਕੀੜੀ ਕਿਸੇ ਮਿਸ਼ਰੀ ਦੇ ਪਹਾੜ ਦਾ ਪਾਰਾਵਾਰ ਤਾਂ ਨਹੀਂ ਪਾ ਸਕਦੀ ਪਰ ਉਹ ਰੱਜ ਸਕਦੀ ਹੈ, ਸਵਾਦ ਸਵਾਦ ਹੋ ਸਕਦੀ ਹੈ। ਗੁਰੂ ਸਾਹਿਬ ਦੀ ਉਪਮਾ ਕਰਨੀ ਸਾਡੇ ਸਭ ਵਾਸਤੇ ਏਸੇ ਤਰ੍ਹਾਂ ਹੀ ਹੈ-

ਗੁਰ ਕੋ ਜੱਸ ਹੈ ਸਿੰਧ ਮਹਾਨੇ॥
ਮੀਨ ਹੀਨ ਮਤ ਕਿਆ ਗਤਿ ਜਾਨੇ॥

ਜਿਵੇਂ ਮਛਲੀ ਵਿਸ਼ਾਲ ਸਾਗਰ ਦਾ ਪਾਰਾਵਾਰ ਤਾਂ ਨਹੀਂ ਪਾ ਸਕਦੀ ਪਰ ਸਾਗਰ ਮੱਛਲੀ ਦਾ ਜੀਵਨ ਆਧਾਰ ਹੈ। ਸਾਹਿਬ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਸੰਕਲਪ ਦੀ ਚਰਚਾ ਪੰਚਮ ਪਾਤਸ਼ਾਹ ਦੇ ਪੂਰੇ ਗੁਰੂ ਦੀ ਉਸਤਤ ਵਿਚ ਉਚਾਰਨ ਕੀਤੇ ਮਹਾਂਵਾਕ ਅਨੁਸਾਰ ਕਰਨ ਦਾ ਨਿਮਾਣਾ ਜਿਹਾ ਯਤਨ ਕਰਦਾ ਹਾਂ। ਗੁਰਵਾਕ ਹੈ-

ਹਉ ਬਲਿਹਾਰੀ ਸਤਿਗੁਰ ਪੂਰੇ॥
ਸਰਣਿ ਕੇ ਦਾਤੇ, ਬਚਨ ਕੇ ਸੂਰੇ॥

ਇਨ੍ਹਾਂ ਦੋ ਤੁਕਾਂ ਵਿਚ ਤਿੰਨ ਬਚਨ ਹਨ- ਪਹਿਲਾ ਹੈ ਕਿ ਪੂਰੇ ਸਤਿਗੁਰੂ ਤੋਂ ਵਾਰੇ-ਵਾਰੇ ਜਾਂਦੇ ਹਾਂ, ਬਲਿਹਾਰ ਜਾਂਦੇ ਹਾਂ। ਦੂਸਰਾ ਬਚਨ ਹੈ- ਉਹ ਸਤਿਗੁਰੂ ਜੋ ਸਰਣਿ ਆਏ ਦੀ ਲਾਜ ਰੱਖਦਾ ਹੈ, ਉਸਨੂੰ ਅਭੈਦਾਨ ਦੇਂਦਾ ਹੈ। ਏਸੇ ਤਰ੍ਹਾਂ ਜਿਵੇਂ ਪਿਤਾ ਆਪਣੇ ਛੋਟੇ ਜਹੇ ਬਾਲ ਨੂੰ ਆਖੇ ਹੁਣ ਤੈਨੂੰ ਘਬਰਾਉਣ ਦੀ ਲੋੜ ਨਹੀਂ ਮੈ ਜੁ ਤੇਰੇ ਨਾਲ ਹਾਂ। ਗੁਰਵਾਕ ਦਾ ਤੀਸਰਾ ਭਾਗ ਹੈ- ਬਚਨ ਕੇ ਸੂਰੇ, ਬਚਨ ਦੇ ਬਲੀ: ਦਿੱਤੇ ਬਚਨ ਨੂੰ ਨਿਭਾਉਣ ਲਈ ਬੇਸ਼ੱਕ 'ਪ੍ਰਾਣ ਜਾਏ ਪਰ ਵਚਨ ਨਾ ਜਾਏ।'

ਗੁਰੂ ਸੋਭਾ ਦੇ ਤਿੰਨਾਂ ਪਹਿਲੂਆਂ ਦੀ ਥੋੜੀ ਜਿਹੀ ਵਿਆਖਿਆ ਕਰਦੇ ਹਾਂ। 'ਹਉ ਬਲਿਹਾਰੀ ਸਤਿਗੁਰ ਪੂਰੇ'- ਪੂਰਾ ਸਤਿਗੁਰੂ ਜੋ ਨਿਰਭਉ ਤੇ ਨਿਰਵੈਰ ਹੈ ਜੋ ਭਗਤੀ ਤੇ ਸ਼ਕਤੀ ਦਾ ਸੰਗਮ ਹੈ, ਜਿਸਦੇ ਵਾਸਤੇ ਸੋਨਾ ਤੇ ਮਿੱਟੀ ਇਕ ਸਮਾਨ ਹੈ, ਜਿਸਤੇ ਸੁੱਖ ਅਤੇ ਦੁੱਖ ਦਾ ਕੋਈ ਅਸਰ ਨਹੀਂ, ਜਿਸਨੂੰ ਨਾ ਕੋਈ ਆਸ ਹੈ ਨਾ ਨਿਰਾਸ਼ਾ ਹੀ ਹੋਵੇ, ਖੁਸ਼ੀ ਅਤੇ ਗਮੀ, ਮਾਨ ਤੇ ਅਪਮਾਨ ਜਿਸਦੇ ਵਾਸਤੇ ਇਕ ਸਮਾਨ ਹਨ ਜੋ ਵਿਸ਼ਿਆਂ ਵਿਕਾਰਾਂ ਤੋਂ ਮੁਕਤ ਹੈ ਅਤੇ ਜਿਸਦੇ ਹਿਰਦੇ ਵਿਚ ਬ੍ਰਹਮ ਦਾ ਵਾਸਾ ਹੈ ਜੋ ਪ੍ਰਮੇਸ਼ਰ ਨਾਲ ਇਸ ਤਰ੍ਹਾਂ ਅਭੇਦ ਹੈ, ਇਕ ਰੂਪ ਹੈ ਜਿਵੇਂ ਪਾਣੀ ਵਿਚ ਮਿਲ ਜਾਵੇ ਤਾਂ ਉਸਦਾ ਕੋਈ ਭੇਦ ਨਹੀਂ ਰਹਿ ਜਾਂਦਾ। ਭੋਰੇ ਵਿਚ ਤਪ ਕਰਦਿਆਂ ਇਹੋ ਅਵਸਥਾ ਹੋ ਗਈ ਸੀ ਗੁਰੂ ਤੇਗ ਬਹਾਦਰ ਜੀ ਦੀ। ਏਸ ਅਵਸਥਾ ਬਾਰੇ ਆਪ ਰਾਗ ਸੋਰਠਿ ਵਿਚ ਲਿਖਦੇ ਹਨ-

ਜੋ ਨਰੁ ਦੁਖੁ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮ ਕ੍ਰੋਧ ਜਿਹ ਪਰਸੈ ਨਾਹਿਨ ਤਿਹ ਘਟਿ ਬ੍ਰਹਮੁ ਨਿਵਾਸਾ॥
ਗੁਰ ਕਿਰਪਾ ਜਿਹ ਨਰ ਕਉ ਕੀਨੀ
ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ
ਜਿਉ ਪਾਨੀ ਸੰਗਿ ਪਾਨੀ॥

ਰਾਜਨੀਤੀ ਦੇ ਦਾਅ ਪੇਚ: ਸਾਮ, ਦਾਮ, ਦੰਡ ਜਿਨ੍ਹਾਂ ਨਾਲ ਤਦਵਰਤੀ ਬਾਦਸ਼ਾਹ ਔਰੰਗਜ਼ੇਬ ਗੁਰੂ ਸਾਹਿਬ ਨੂੰ ਪੈਸੇ ਦਾ, ਪਦਵੀ ਦਾ ਲਾਲਚ ਦੇ ਕੇ ਜਾਂ ਡਰਾ ਧਮਕਾ ਕੇ ਈਨ ਮੰਨਵਾਉਣਾ ਚਾਹੁੰਦਾ ਸੀ ਪਰ ਜਿਸਦੇ ਵਾਸਤੇ ਮਾਨ-

ਅਪਮਾਨ, ਸੋਨਾ-ਮਿਟੀ ਅਤੇ ਖੁਸ਼ੀ ਗਮੀ ਇਕ ਸਮਾਨ ਹੋਵੇ। ਉਸਨੂੰ ਕਿਸ ਚੀਜ ਨਾਲ ਖ੍ਰੀਦਿਆ ਜਾਂ ਡਰਾਇਆ ਜਾ ਸਕਦਾ ਹੈ। ਆਮ ਵਿਅਕਤੀ ਇਕ ਡਰ ਵਿਚ ਜਿਊਂਦਾ ਹੈ, ਜੋ ਕੁਝ ਭੌਤਿਕ ਪਦਾਰਥ ਉਸ ਪਾਸ ਹੈ, ਉਸਦੇ ਖੁੱਸ ਜਾਣ ਦਾ ਡਰ, ਮੋਹ ਵੱਸ ਵਿਅਕਤੀ ਆਪਣੀ ਹਰ ਵਸਤੂ ਜੜ੍ਹ ਅਤੇ ਚੇਤਨ ਵਸਤੂਆਂ ਤੇ ਕਬਜਾ ਕਰ ਕੇ ਰੱਖਦਾ ਹੈ ਜੋ ਆਖਰ ਉਸ ਤੋਂ ਖੁਸਣਾ ਹੀ ਹੁੰਦਾ ਹੈ ਅਤੇ ਸਭ ਤੋਂ ਵੱਧ ਮੋਹ ਹੁੰਦਾ ਹੈ, ਆਪਣੇ ਸਰੀਰ ਦਾ, ਸਭ ਤੋਂ ਵੱਧ ਡਰ ਵੀ ਇਸ ਦੇਹ ਦੇ ਖਤਮ ਹੋਣ ਦਾ ਹੀ ਹੁੰਦਾ ਹੈ ਅਤਿ ਮੁਸੀਬਤ ਵੇਲੇ ਵਿਅਕਤੀ ਆਪਣੇ ਆਪ ਨੂੰ ਬਚਾਉਣ ਲਈ ਧਨ- ਪਦਾਰਥ ਜਾਂ ਏਥੋਂ ਤੱਕ ਕਿ ਆਪਣੇ ਪਰਿਵਾਰ ਦੇ ਜੀਆਂ, ਬੱਚਿਆਂ ਤੱਕ ਨੂੰ ਛੱਡ ਕੇ ਭੱਜ ਸਕਦਾ ਹੈ। ਸਭ ਤੋਂ ਵੱਡਾ ਡਰ ਹੀ ਮੌਤ ਦਾ ਡਰ ਹੈ। ਪਰ ਗੁਰਮਤਿ ਵਿਚ ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਨੇ ਗੁੜ੍ਹਤੀ ਹੀ ਪ੍ਰਭੂ ਪ੍ਰੇਮ ਦੀ ਅਤੇ ਨਿਰਭਉ ਹੋਣ ਦੀ ਦਿੱਤੀ-

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥

ਅਤੇ

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣਕਾ ਤਉ ਆਉ ਹਮਾਰੈ ਪਾਸਿ॥

ਉਸ ਗੁਰੂ ਤੇਗ ਬਹਾਦਰ ਨੂੰ ਮੌਤ ਦਾ ਡਰ ਕੀ ਹੋ ਸਕਦਾ ਹੈ ਜੋ ਲਿਖਦੇ ਹਨ-

ਚਿੰਤਾ ਤਾ ਕੀ ਕੀਜੀਐ
ਜੋ ਅਨਹੋਨੀ ਹੋਇ॥
ਇਹ ਮਾਰਗੁ ਸੰਸਾਰ ਕੋ
ਨਾਨਕ ਥਿਰੁ ਨਹੀ ਕੋਇ॥

ਗੁਰੂ ਸਾਹਿਬ, ਔਰੰਗਜ਼ੇਬ ਨੂੰ ਆਖਦੇ ਹਨ: ਬਾਦਸ਼ਾਹ ਇਹ ਸੰਸਾਰ ਤੇ ਪ੍ਰਭੂ ਦੀ ਰਚਨਾ ਹੀ ਐਸੀ ਹੈ-

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨ ਮੀਤ॥

ਇਸ ਸਾਰੇ ਸੰਸਾਰ ਵਿਚ ਜੋ ਵੀ ਜੀਵ-ਜੰਤੂ ਪੈਦਾ ਹੁੰਦੇ ਹਨ ਇਹ ਸਭ ਪਾਣੀ ਵਿਚ ਪੈਦਾ ਹੁੰਦੇ ਬੁਲ-ਬਲਿਆਂ ਵਾਂਗ ਹੀ ਹਨ ਅਤੇ ਮੌਤ ਜੋ ਹਰ ਕਿਸੇ ਦੀ ਹੋਣੀ ਹੀ ਹੋਣੀ ਹੈ ਉਸਦਾ ਡਰ ਕਾਹਦਾ? ਗੁਰੂ ਸਾਹਿਬ ਆਪ ਤਾਂ ਬ੍ਰਹਮ ਸਰੂਪ ਹੋਣ ਕਰਕੇ ਨਿਰਭਉ, ਨਿਰਮੋਹ ਅਤੇ ਨਿਰਵੈਰ ਹੋ ਹੀ ਚੁੱਕੇ ਸਨ, ਸਗੋਂ ਉਨ੍ਹਾਂ ਦੇ ਸਿੱਖ ਵੀ ਗੁਰੂ ਕਿਰਪਾ ਦੁਆਰਾ ਇਸ ਉੱਚ ਅਧਿਆਤਮਕ ਅਵਸਥਾ ਦੇ ਮਾਲਕ ਸਨ ਜਿਸ ਬਾਰੇ ਕਬੀਰ ਜੀ ਲਿਖਦੇ ਹਨ:

ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥
ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪਿ॥

ਉਨ੍ਹਾਂ ਸਿੱਖਾਂ ਵਾਸਤੇ ਵੀ ਖੁਸ਼ੀ ਅਤੇ ਗਮੀ ਇਕ ਸਮਾਨ ਹੋ ਗਏ ਸਨ। ਉਨ੍ਹਾਂ ਨੂੰ ਆਪਣੇ ਸਰੀਰ ਤੱਕ ਦਾ ਵੀ ਮੋਹ ਨਹੀਂ ਸੀ ਰਿਹਾ। ਸੰਸਾਰ ਵਲੋਂ ਨਿਰਲੋਭ ਅਤੇ ਨਿਰਮੋਹ ਹੋਣ ਕਰਕੇ ਗੁਰੂ ਕਿਰਪਾ ਦੁਆਰਾ ਆਪ ਦੇ ਸਾਥੀ ਤਿੰਨੇ ਸਿੱਖ ਵੀ ਹਰੀ ਦਾ ਰੂਪ ਹੋ ਚੁੱਕੇ ਸਨ ਜਿਨ੍ਹਾਂ ਨੂੰ ਗੁਰੂ ਸਾਹਿਬ ਦੇ ਸਾਹਮਣੇ ਹੀ ਭਿਆਨਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰ ਕੇ, ਭਾਈ ਸਤੀ ਦਾਸ ਜੀ ਨੂੰ ਰੂੰ ਵਿਚ ਲਪੇਟ ਕੇ ਜਿਊਂਦਿਆਂ ਅਗਨ ਭੇਂਟ ਕਰਕੇ ਅਤੇ ਭਾਈ ਦਿਆਲਾ ਜੀ ਉਬਲਦੀ ਦੇਗ ਵਿਚ ਸ਼ਹੀਦ ਕੀਤਾ। ਉਦੇਸ਼ ਸੀ ਕਿ ਇਸ ਭਿਆਨਕ ਮੌਤ ਨੂੰ ਵੇਖ ਕੇ ਗੁਰੂ ਸਾਹਿਬ ਹਾਕਮਾਂ ਦੀ ਈਨ ਮੰਨ ਲੈਣ ਪਰ ਸਿੱਖਾਂ ਨੇ ਵੀ ਜ਼ਬਰ ਦਾ ਮੁਕਾਬਲਾ ਸਬਰ ਨਾਲ ਕੀਤਾ, ਅਡੋਲ ਰਹੇ। ਜਦੋਂ ਇਕ ਸਿੱਖ ਸ਼ਹੀਦ ਹੁੰਦਾ ਤਾਂ ਪਿੰਜਰੇ ਵਿਚ ਬੈਠੇ ਗੁਰੂ ਸਾਹਿਬ ਏਨਾਂ ਹੀ ਬੋਲਾ ਕਰਦੇ- ਧੰਨ ਸਿੱਖੀ।

ਗੁਰੂ ਤੇਗ ਬਾਹਦਰ ਜਿਹੜੇ ਮਾਤ੍ਰ ਚੌਦਾਂ ਕੁ ਵਰ੍ਹਿਆਂ ਦੀ ਉਮਰ ਵਿਚ ਕੀਰਤਪੁਰ ਵਿਖੇ ਯੁੱਧ ਵਿਚ ਭਾਗ ਲੈਂਦੇ ਹਨ ਉਹੋ ਗੁਰੂ ਸਾਹਿਬ ਯੁੱਧ ਕਰਨ ਦੀ ਜਗ੍ਹਾ ਸ਼ਹਾਦਤ ਦਾ ਰਾਹ ਕਿਉਂ ਚੁਣਦੇ ਹਨ। ਗੁਰੂ ਸਾਹਿਬ ਦਾ ਮਨੋਰਥ ਜ਼ੁਲਮ ਨੂੰ ਜੜੋਂ ਪੁੱਟਣ ਵਾਸਤੇ ਵੱਡੇ ਸੰਘਰਸ਼ ਦੀ ਤਿਆਰੀ ਕਰਨਾ ਸੀ ਜਿਸ ਵਾਸਤੇ ਜਨ ਸਮੂਹ ਨੂੰ ਹਿੱਕ ਤਾਣ ਕੇ ਜ਼ੁਲਮ ਵਿਰੁੱਧ ਡਟਣ ਦਾ ਸੰਦੇਸ਼ ਦੇਣਾ ਸੀ। ਇਸ ਮਨੋਰਥ ਵਾਸਤੇ ਸਭ ਤੋਂ ਪਹਿਲਾਂ ਮੌਤ ਦਾ ਡਰ ਦੂਰ ਕਰਨਾ ਸੀ 'ਪਹਿਲਾਂ ਮਰਣਿ ਕਬੂਲਿ' ਕਰਨਾ ਅਤੇ ਫੇਰ ਨਿਰਭੈ ਹੋ ਕੇ ਮੈਦਾਨ-ਏ-ਜ਼ੰਗ ਵਿਚ ਜੂਝਣਾ। ਸਿੱਖ ਗੁਰੂ ਸਾਹਿਬਾਨ ਦੀ ਵਿਸ਼ੇਸ਼ਤਾ ਹੈ ਕਿ ਆਪ ਨੇ ਜੋ ਵੀ ਉਪਦੇਸ਼ ਦਿੱਤੇ, ਪਹਿਲਾਂ ਉਸ ਤੇ ਆਪ ਚੱਲ ਕੇ ਪੂਰਨੇ ਪਾਏ ਅਤੇ ਪ੍ਰੇਰਣਾ ਸ੍ਰੋਤ ਬਣੇ ਫੇਰ ਸਿੱਖਾਂ ਨੂੰ ਉਸ ਮਾਰਗ ਤੇ ਤੋਰਿਆ। ਜਦੋਂ ਔਰੰਗਜ਼ੇਬ ਦੀ ਕਚਿਹਰੀ ਵਿਚ ਪੁੱਛਿਆ ਗਿਆ ਕਿ ਤੁਹਾਡਾ ਨਾਮ ਤੇਗ ਬਹਾਦੁਰ ਕਿਉਂ ਹੈ? ਗੁਰੂ ਸਾਹਿਬ ਦਾ ਉੱਤਰ ਸੀ: ਤੇਗ ਮੇਰੇ ਤੇ ਬਹਾਦਰ ਨਹੀਂ, ਮੈਂ ਤੇਗ ਤੇ ਬਹਾਦਰ ਹਾਂ। ਔਰੰਗਜ਼ੇਬ ਨੂੰ ਗੁਰੂ ਸਾਹਿਬ ਦਾ ਜੁਆਬ ਕਿਸੇ ਕਵੀ ਨੇ ਬਹੁਤ ਸੁੰਦਰ ਬਿਆਨ ਕੀਤਾ ਹੈ-

ਮੈਂ ਹਾਂ ਤੇਗ ਤੇ ਪਰਖ ਲਈਂ ਤੇਗ ਤੂੰ ਵੀ,
ਇਕ ਦੋ ਨਹੀਂ ਪਰਖ ਲੈ ਸੌ ਤੇਗਾਂ।
ਮੈਂ ਤਾਂ ਜੰਮਦਿਆਂ ਤੇਗਾਂ ਦੀ ਛਾਂ ਮਾਣੀ,
ਮੇਰਾ ਕੁਝ ਨਹੀਂ ਸੱਕਦੀਆਂ ਖੋਹ ਤੇਗਾਂ।

ਮੈਨੂੰ ਤੇਗ ਬਹਾਦਰ ਦਾ ਲਕਬ ਮਿਲਿਆ,
ਮੇਰੇ ਗੁਰੂ ਨੇ ਪਹਿਨੀਆਂ ਦੋ ਤੇਗਾਂ।
ਮੇਰੇ ਪਿਤਾ ਦੀ ਤੇਗ ਬਾਹਦਰੀ ਤੇ
ਰਿਹਾ ਪਰਖਦਾ ਤੇਰਾ ਪਿਉ ਤੇਗਾਂ।
ਹੁਣ ਵੇਖੀਂ ਤੂੰ ਆਉਂਦੇ ਭਵਿੱਖ ਅੰਦਰ,
ਮੇਰੇ ਪੁੱਤ ਨੇ ਵ੍ਹਾਉਣੀਆਂ ਓਹ ਤੇਗਾਂ।
ਉਹਦੇ ਤੇਜ਼ ਚੋਂ ਜਿਹੜੀ ਤੇਗ ਨਿਕਲੂ,
ਲੱਖਾਂ ਲਊਗੀ ਤੇਰੀਆਂ ਖੋਹ ਤੇਗਾਂ।

ਇਹ ਪੂਰੇ ਸਤਿਗੁਰੂ ਦੀ ਕਰਣੀ ਦੀ ਕਰਾਮਾਤ ਹੀ ਹੈ ਕਿ ਉਸ ਵੇਲੇ ਦੀ ਏਸ਼ੀਆ ਦੀ ਸ਼ਕਤੀਸ਼ਾਲੀ ਮੁਗਲੀਆ ਹਕੂਮਤ ਦਾ ਜ਼ਾਲਮ ਬਾਦਸ਼ਾਹ ਔਰੰਗਜ਼ੇਬ, ਜੋ ਜ਼ਾਲਮ ਵੀ ਏਨਾ ਕਿ ਜਿਸਨੇ ਆਪਣੇ ਭੈਣਾਂ ਭਰਾਵਾਂ ਦੇ ਕਤਲ ਕੀਤੇ, ਪਿਤਾ ਨੂੰ ਕੈਦ ਕੀਤਾ, ਪੀਰਾਂ ਫਕੀਰਾਂ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਧਰਮ ਦੇ ਨਾਮ ਤੇ ਹਜ਼ਾਰਾਂ ਲੱਖਾਂ ਕਤਲ ਕੀਤੇ। ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲੇ ਬਾਦਸ਼ਾਹ ਔਰੰਗਜ਼ੇਬ ਦੀ ਅੰਸ-ਬੰਸ ਦੀ ਕਿਤੇ ਨਿਸ਼ਾਨੀ ਵੀ ਨਹੀਂ ਲੱਭਦੀ। ਉਸਦੀ ਕਬਰ ਦੇ ਰਾਹ ਤੇ ਮੰਗਤੇ ਬੈਠੇ ਹੁੰਦੇ ਹਨ ਜੋ ਯਾਤਰੂਆਂ ਤੋਂ ਪੈਸੇ ਮੰਗ ਕੇ ਪੇਟ ਪਾਲਦੇ ਹਨ ਪਰ ਉਹ ਗੁਰੂ ਸਾਹਿਬ ਜਿਨ੍ਹਾਂ ਨੂੰ ਉਨ੍ਹਾਂ ਦੇ ਸਾਥੀਆਂ ਸਹਿਤ ਬੇਰਹਿਮੀ ਨਾਲ ਸ਼ਹੀਦ ਕੀਤਾ ਗਿਆ, ਕੇਡੀ ਤ੍ਰਾਸਦੀ ਹੈ ਕਿ ਹਕੂਮਤ ਤੋਂ ਚੋਰੀ ਗੁਰੂ ਸਾਹਿਬ ਦੇ ਧੜ ਦਾ ਸਸਕਾਰ ਦਿੱਲੀ ਵਿਖੇ ਕੀਤਾ ਗਿਆ ਅਤੇ ਸੀਸ ਦਾ ਸਸਕਾਰ ਅਨੰਦਪੁਰ (ਪੰਜਾਬ) ਵਿੱਚ ਹੋਇਆ। ਓਸ ਗੁਰੂ ਤੇਗ ਬਹਾਦਰ ਜੀ ਦੇ ਨਾਮ ਤੇ ਦੁਨੀਆਂ ਭਰ ਵਿਚ ਸੈਂਕੜੇ ਲੰਗਰ ਚਲਦੇ ਹਨ। ਜਿਥੇ ਸ਼ਹੀਦ ਕੀਤਾ ਗਿਆ ਅਤੇ ਜਿਥੇ ਜਿਥੇ ਸਸਕਾਰ ਹੋਇਆ ਉਥੇ ਸ਼ਾਨਦਾਰ ਗੁਰਦੁਆਰੇ ਹਨ। ਉਥੇ ਇਲਾਹੀ ਬਾਣੀ ਦਾ ਅਖੰਡ ਕੀਰਤਨ ਹੁੰਦਾ ਹੈ, ਰੋਜਾਨਾਂ ਹਜ਼ਾਰਾਂ ਸ਼ਰਧਾਲੂ ਆ ਕੇ ਸੀਸ ਝੁਕਾਉਂਦੇ ਤੇ ਗੁਰੂ ਸਾਹਿਬ ਦਾ ਜੱਸ ਗਾਉਂਦੇ ਹਨ। ਪੂਰੇ ਸਿੱਖ ਸਮਾਜ ਵਿਚ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗਾਂ ਸਮੇਂ ਅਤੇ ਹਰ ਸਿੱਖ ਦੀ ਅੰਤਮ ਅਰਦਾਸ ਸਮੇਂ ਗੁਰੂ ਤੇਗ ਬਹਾਦਰ ਜੀ ਦੇ ਉਚਾਰਨ ਕੀਤੇ ਸਲੋਕ ਪੜ੍ਹ ਕੇ ਮਰਿਯਾਦਾ ਪੂਰੀ ਹੁੰਦੀ ਹੈ। ਤਿਆਗ, ਵੈਰਾਗ ਅਤੇ ਬ੍ਰਹਮ ਗਿਆਨ ਦਾ ਅਦੁੱਤੀ ਭੰਡਾਰ ਹੈ ਗੁਰੂ ਸਾਹਿਬ ਦੀ ਬਾਣੀ। ਆਤਮਿਕ ਸ਼ਾਂਤੀ ਅਤੇ ਜੀਵਨ ਮੁਕਤੀ ਦਾ ਸ੍ਰੋਤ ਹੈ। ਹਉ ਬਲਿਹਾਰੀ ਸਤਿਗੁਰ ਪੂਰੇ॥ ਗੁਰਵਾਕ ਅਨਸੁਾਰ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਫਲਸਫੇ ਬਾਰੇ ਬਹੁਤ ਵਿਸਤ੍ਰਿਤ ਚਰਚਾ ਹੋ ਸਕਦੀ ਹੈ ਕਿ ਗੁਰੂ ਸਾਹਿਬ ਬ੍ਰਹਮ ਸਰੂਪ, ਸਰਬ ਕਲਾ ਸਮਰੱਥ ਪੂਰੇ ਸਤਿਗੁਰੂ ਸਨ, ਜਿਨ੍ਹਾਂ ਦਾ ਜੱਸ ਯੁੱਗਾਂ ਤੱਕ ਅਨੰਤ ਕਾਲ ਤੱਕ ਗਾਇਆ ਜਾਵੇਗਾ ਅਤੇ ਜਿਨ੍ਹਾਂ ਦੇ ਉਪਦੇਸ਼ ਅਤੇ ਉਚਾਰਨ ਕੀਤੀ ਬਾਣੀ ਸਦਾ ਵਾਸਤੇ ਮਾਨਵਤਾ ਦਾ ਰਾਹ ਰੁਸ਼ਨਾਏਗੀ।

ਸਰਣਿ ਕੇ ਦਾਤੇ, ਬਚਨ ਕੇ ਸੂਰੇ॥ ਇਸ ਤੁਕ ਦਾ ਪਹਿਲਾ ਭਾਗ ਹੈ; ਸਰਣਿ ਕੇ ਦਾਤੇ- ਸਰਣਿ ਆਏ ਨੂੰ ਅਭੈਦਾਨ ਦੇਣਾ, ਪ੍ਰਮੇਸ਼ਰ ਦਾ ਬਿਰਦ ਹੈ, ਉਸ ਪ੍ਰਭੂ ਦਾ ਸੁਭਾਅ ਹੈ, ਗੁਣ ਹੈ: 'ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥'

ਪ੍ਰਮੇਸ਼ਰ ਦਾ ਮੁੱਢ ਕਦੀਮੀ ਸੁਭਾਉ ਹੈ ਕਿ ਜੋ ਵੀ ਜੀਵ ਉਸਦੀ ਸਰਣਿ ਆਉਂਦਾ ਹੈ, ਉਹ ਦੀਨ ਬੰਧੁ ਉਸ ਨੂੰ ਗਲ ਨਾਲ ਲਾ ਕੇ 'ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥' ਆਏ ਸਰਣਾਗਤਿ ਦੇ ਸਾਰੇ ਦੁਖ ਆਪਣੇ ਤੇ ਲੈ ਕੇ ਉਸਨੂੰ ਨਿਰਭੈ ਪਦ ਅਤੇ ਸਦੀਵੀ ਸੁਖ ਬਖਸ਼ਦਾ ਹੈ। ਨਿਰਭੈ ਪਦ ਉਹੀ ਦੇ ਸਕਦਾ ਹੈ ਜੋ ਆਪ ਨਿਰਭਉ ਹੋਵੇ। ਮਨੁੱਖ ਵਾਸਤੇ ਸਭ ਤੋਂ ਵੱਡਾ ਭੈਅ ਮੌਤ ਦਾ ਹੀ ਹੈ। ਮੌਤ ਦੇ ਡਰ ਤੋਂ ਮੁਕਤ ਹੋ ਕੇ ਕਿਸੇ ਦੂਸਰੇ ਦਾ ਡਰ ਦੂਰ ਕਰਨ ਲਈ ਦਿੱਤੀ ਕੁਰਬਾਨੀ ਸ਼ਹਾਦਤ ਅਖਵਾਉਂਦੀ ਹੈ। ਸ਼ਹਾਦਤ ਬਹਾਦਰ ਵਿਅਕਤੀ ਹੀ ਦੇ ਸਕਦਾ ਹੈ। ਲੋਭ ਅਤੇ ਸਵਾਰਥ ਵਾਸਤੇ ਲੜ ਮਰਨ ਵਾਲੇ ਨੂੰ ਨਾ ਸੂਰਬੀਰ ਆਖ ਸਕਦੇ ਹਾਂ, ਨਾ ਹੀ ਉਹ ਸ਼ਹੀਦ ਕਹਿ ਕੇ ਸਤਿਕਾਰਿਆਂ ਜਾਂਦਾ ਹੈ। ਅਜੇਹੇ ਵਿਅਕਤੀ ਨੂੰ ਲੋਕ ਲੁਟੇਰਾ, ਧਾੜਵੀ ਜਾਂ ਡਾਕੂ ਕਹਿ ਕੇ ਦੁਰਕਾਰਦੇ ਹਨ। ਗੁਰਮਤਿ ਫਲਸਫੇ ਅਨੁਸਾਰ-

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥

ਜੋ ਦੀਨ ਵਾਸਤੇ, ਮਜ਼ਲੂਮ ਵਾਸਤੇ, ਨਿਮਾਣੇ ਨਿਤਾਣੇ ਵਾਸਤੇ ਅਤੇ ਈਮਾਨ ਵਾਸਤੇ ਜੂਝਦਾ ਹੈ, ਉਹੀ ਸੂਰਮਾ ਅਖਵਾਉਣ ਦਾ ਹਕਦਾਰ ਹੈ। ਲੋਕਾਈ ਤੇ ਤਸ਼ੱਦਦ ਕਰਨ ਵਾਲੀ ਅਤਿਆਚਾਰੀ ਜੇਡਾ ਮਰਜ਼ੀ ਸ਼ਕਤੀਸ਼ਾਲੀ ਹੋਵੇ, ਉਸਦੇ ਸਾਮਹਣੇ ਹਿੱਕ ਤਾਣ ਕੇ ਖਲੋਣ ਅਤੇ ਜੂਝ ਮਰਣ ਵਾਲਾ ਸ਼ਹੀਦ ਕਹਿ ਕੇ ਸਤਿਕਾਰਿਆ ਜਾਂਦਾ ਹੈ- ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਾਨਵਤਾ ਨੂੰ ਜ਼ਬਰ, ਅਨਿਆਂ ਤੇ ਜ਼ੁਲਮ ਦੇ ਵਿਰੁੱਧ ਨਿਰਭਉ ਅਤੇ ਨਿਰਵੈਰ ਰਹਿ ਕੇ ਧੀਰਜ, ਸੰਜਮ ਅਤੇ ਦ੍ਰਿੜਤਾ ਦੇ ਧਾਰਣੀ ਬਣ ਕੇ ਆਪਾ ਕੁਰਬਾਨ ਕਰਨ ਦਾ ਸਬਕ ਸਿਖਾਉਂਦੀ ਹੈ। ਸਭ ਧਰਮ ਅਤੇ ਸੁਤੰਤਰਤਾ ਦੀ ਸਥਾਪਤੀ ਲਈ ਸਿੱਖ ਪ੍ਰੰਪਰਾਂ ਵਿੱਚ ਹੋਈਆਂ ਸ਼ਹੀਦੀਆਂ ਨੇ ਸ਼ਹਾਦਤ ਦੇ ਸੰਕਲਪ ਨੂੰ ਬੁਲੰਦੀਆਂ ਤੱਕ ਪੁਚਾ

ਦਿੱਤਾ ਹੈ।

ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਵਿਚ ਗੁਰਦੁਆਰਾ ਸ਼ਬਦ ਦੀ ਵਿਆਖਿਆ ਲਿਖਦੇ ਹਨ- 'ਗੁਰੂ ਦੀ ਮਾਰਫਤ , ਗੁਰੂ ਦੇ ਜਰੀਏ, ਸੰਗਯਾ- ਗੁਰੂ ਦਾ ਘਰ, ਸਿੱਖਾਂ ਦਾ ਧਰਮ ਮੰਦਿਰ.... ਸਿੱਖਾਂ ਦਾ ਗੁਰਦੁਆਰਾ, ਵਿਦਿਆਰਥੀਆਂ ਲਈ ਵਿਦਿਆਲਾ, ਆਤਮ ਜਗਿਆਸਾ ਵਾਲਿਆਂ ਲਈ ਗਿਆਨ ਉਪਦੇਸ਼ਕ ਆਚਰਣ, ਰੋਗੀਆਂ ਲਈ ਸ਼ਫ਼ਾਖਾਨਾ, ਭੁੱਖਿਆ ਲਈ ਅੰਨਪੂਰਨਾ, ਇਸਤਰੀ ਜਾਤੀ ਦੀ ਅਤੇ ਮਜ਼ਲੂਮਾਂ ਦੀ ਪਤ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼ਰਾਮ ਅਸਥਾਨ ਹੈ।

ਸਿੱਖ ਗੁਰਦੁਆਰੇ ਦੀ ਇਹ ਪਰਿਭਾਸ਼ਾ ਸਿੱਖ ਗੁਰੂ ਸਾਹਿਬਾਨ ਦੇ ਕਲਿਆਣਕਾਰੀ, ਸਰਬੱਤ ਦੇ ਭਲੇ ਅਤੇ ਸਾਂਝੀਵਾਲਤਾ ਦੇ ਉੱਚ ਕਿਰਦਾਰ ਚੋਂ ਰੂਪਮਾਨ ਹੁੰਦੀ ਹੈ। ਸਿੱਖੀ-ਸਭਿਆਚਾਰ ਵਿਚ ਵੀ ਇਹ ਸਾਰੇ ਗੁਣ ਗੁਰੂ ਸਾਹਿਬ ਦੇ ਜੀਵਨ ਚਰਿੱਤਰ ਵਿਚੋਂ ਹੀ ਆਉਂਦੇ ਹਨ। ਗੁਰੂ ਸਾਹਿਬ ਆਪਣੀ ਸਰਣ ਆਏ ਦੀ ਹਰ ਇਕ ਸਮਸਿਆ ਦਾ ਹੱਲ ਕਰਦੇ ਹਨ ਅਤੇ ਹਰ ਲੋੜ ਦੀ ਪੂਰਤੀ ਕਰਦੇ ਹਨ ਕਿਸੇ ਵੀ ਜਾਤ, ਕੌਮ ਨਸਲ ਦਾ ਵਿਅਕਤੀ ਹੋਵੇ ਜੇ ਉਹ ਆਤਮਿਕ ਸ਼ਾਤੀ ਤੇ ਅਧਿਆਤਮਕ ਜਗਿਆਸਾ ਲਈ ਆਉਂਦਾ ਹੈ ਤਾਂ ਬਿਨਾਂ ਕਿਸੇ ਭੇਦ ਭਾਵ ਦੇ ਗੁਰੂ ਸਾਹਿਬ ਉਸਨੂੰ ਗਿਆਨ ਉਪਦੇਸ਼ ਅਤੇ ਗੁਰਮੰਤ੍ਰ ਬਖਸ਼ਦੇ ਹਨ ਜੇ ਰੋਗੀ ਹੈ ਤਾਂ ਦਵਾ ਅਤੇ ਦੁਆ ਕਰਦੇ ਹਨ ਜੇ ਭੁੱਖਾ ਹੈ ਤਾਂ ਸਦਾ ਵਰਤ ਲੰਗਰ ਚੋਂ ਪ੍ਰਸ਼ਾਦ ਮਿਲਦਾ ਹੈ ਅਤੇ ਜੇ ਜਰਵਾਣਿਆ ਦਾ ਸਤਾਇਆ ਹੈ ਤਾਂ ਸੁਰੱਖਿਆ ਪ੍ਰਦਾਨ ਕਰਦੇ ਹਨ। ਗੁਰੂ ਤੇਗ ਬਹਾਦਰ ਸਾਹਿਬ ਦੀ ਸਰਣ ਕਸ਼ਮੀਰ ਤੋਂ ਪੰਡਿਤ ਆਉਂਦੇ ਹਨ ਕਿ ਸਾਡਾ ਧਰਮ ਖਤਰੇ ਵਿਚ ਹੈ ਸਾਡੀ ਰੱਖਿਆ ਕਰੋ ਤਾਂ ਗੁਰੂ ਸਾਹਿਬ ਉਨ੍ਹਾਂ ਨੂੰ ਵਚਨ ਦੇਂਦੇ ਹਨ ਕਿ ਬਾਦਸ਼ਾਹ ਨੂੰ ਕਹਿ ਦਿਉ ਜੇ ਤੇਗ ਬਹਾਦਰ ਇਸਲਾਮ ਗ੍ਰਹਿਣ ਕਰ ਲੈਣ ਤਾਂ ਅਸੀਂ ਸਾਰੇ ਹਿੰਦੂ ਆਪ ਹੀ ਮੁਸਲਮਾਨ ਬਣ ਜਾਵਾਂਗੇ। ਫੇਰ ਏਸੇ ਵਚਨ ਨੂੰ ਪੁਗਾਉਣ ਲਈ ਆਪ ਦਿੱਲੀ ਜਾ ਕੇ ਸ਼ਹਾਦਤ ਦੇਂਦੇ ਹਨ ਪਰ ਜੇ ਗੁਰੂ ਸਾਹਿਬ ਦੀ ਸਰਨਿ ਕਿਸੇ ਵੀ ਹੋਰ ਧਰਮ ਦੇ ਜਾਂ ਮੁਸਲਮਾਨ ਵੀ ਆਉਂਦੇ ਤਾਂ ਗੁਰੂ ਸਾਹਿਬ ਉਨ੍ਹਾਂ ਵਾਸਤੇ ਵੀ ਆਪਾ ਕੁਰਬਾਨ ਕਰਦੇ। ਗੁਰੂ ਸਾਹਿਬ ਦਾ ਬਿਰਦ ਆਏ ਸਰਣਾਗਤਿ ਦੀ ਲਾਜ ਰੱਖਣਾ ਹੈ- ਗੁਰੂ ਤੇਗ ਬਹਾਦਰ ਜੀ ਦੀ ਉਸਤਤਿ ਕਰਦਿਆਂ ਚਾਂਦ ਭੱਟ ਦੀਆਂ ਬਹੁਤ ਸੁੰਦਰ ਕਾਵਿ ਸਤਰਾ ਹਨ-

ਚਿੱਤ ਚਰਨ ਕੰਵਲ ਦਾ ਆਸਰਾ
ਚਿੱਤ ਚਰਨ ਕਵਲ ਸੰਗ ਜੋੜੀਏ।
ਮਨ ਲੋਚੈ ਬੁਰਿਆਈਆਂ,
ਗੁਰ ਸਬਦੀ ਇਹ ਮਨ ਹੋੜੀਏ।
ਗੁਰੂ ਤੇਗ ਬਹਾਦਰ ਬੋਲਿਆ,
ਧਰ ਪਈਐ ਧਰਮ ਨ ਛੋਡੀਏ।
ਬਾਹਿ ਜਿਨ੍ਹਾਂ ਦੀ ਪਕੜੀਏ,
ਸਿਰ ਦੀਜੈ ਬਾਹਿ ਨ ਛੋਡੀਏ।

**ਬਚਨ ਕੇ ਸੂਰੇ:** ਗੁਰੂ ਤੇਗ ਬਹਾਦਰ ਜੀ ਦੇ ਵਿਅਕਤੀਤਵ ਵਿਚ ਸਾਗਰ ਜਹੀ ਗੰਭੀਰਤਾ, ਧਰਤੀ ਜੇਹਾ ਧੀਰਜ, ਗਗਨ ਦੀਆ ਉਚਾਈਆਂ ਜੇਡੇ ਉੱਚ-ਸੁੱਚੇ ਵੀਚਾਰ, ਸੁਮੇਰ ਜੇਹਾ ਦ੍ਰਿੜ ਕਿਰਦਾਰ, ਤਿਆਗ ਅਤੇ ਵੈਰਾਗ ਦੀ ਮੂਰਤ, ਤੇਗ ਦੇ ਧਨੀ ਅਤੇ ਬਚਨ ਦੇ ਬਲੀ ਸਨ। ਮਨ ਬਚਨ ਅਤੇ ਕਰਮ ਕਰਕੇ ਜੋ ਵਿਅਕਤੀ ਇਕ ਸੁਰ ਹੋਵੇ ਉਹੋ ਹੀ ਸੰਸਾਰ ਵਿਚ ਮਹਾਂਪੁਰਖ ਵਜੋਂ ਸਤਿਕਾਰਿਆ ਜਾਂਦਾ ਹੈ। ਜਿਸਦੇ ਮਨ ਵਿਚ ਹੋਰ ਅਤੇ ਜਬਾਨ ਤੇ ਹੋਰ ਹੋਵੇ ਉਸ ਵਾਸਤੇ ਗੁਰਬਾਣੀ ਆਖਦੀ ਹੈ-

ਜਿਨੁ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥

ਉਨ੍ਹਾਂ ਨੂੰ ਕੱਚੇ ਮਨੁੱਖ ਆਖਿਆ ਹੈ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਜ਼ਫਰਨਾਮੇਂ ਵਿਚ ਔਰੰਗਜ਼ੇਬ ਨੂੰ ਲਿਖਦੇ ਹਨ:

ਹਮੂੰ ਮਰਦ ਬਾਯਦ ਸ਼ਵਦ ਸੁਖਨਵਰ॥
ਨਾ ਸ਼ਿਕਮੇਂ ਦਿਗਰ ਦਰ ਦਹਾਨੇ ਦਿਗਰ॥

ਮਰਦ ਉਹੋ ਹੈ ਜੋ ਬਚਨ ਦਾ ਪੱਕਾ ਹੈ, ਉਹ ਮਰਦ ਨਹੀਂ ਜਿਸਦੇ ਦਿਲ ਵਿਚ ਹੋਰ ਹੋਵੇ ਤੇ ਜਬਾਨ ਤੇ ਹੋਰ। ਅਜੇਹਾ ਮਨੁੱਖ ਬੇਇਤਬਾਰਾ ਹੋ ਜਾਂਦਾ ਹੈ। ਤੁਲਸੀ ਦਾਸ ਜੀ ਭਗਵਾਨ ਰਾਮ ਬਾਰੇ ਲਿਖਦੇ ਹਨ-

ਰਘੁਕੁਲ ਰੀਤ ਇਹੈ ਚਲ ਆਈ॥
ਪ੍ਰਾਣ ਜਾਏ ਪਰ ਵਚਨ ਨਾ ਜਾਈ॥

ਸਾਹਿਬ ਗੁਰੂ ਤੇਗ ਬਹਾਦਰ ਜੀ ਜਿਥੇ ਤੇਗ ਦੇ ਧਨੀ ਸਨ ਉਥੇ ਬਚਨ ਦੇ ਐਸੇ ਬਲੀ ਸਨ ਕਿ ਕਸ਼ਮੀਰ ਦੇ ਪੰਡਤਾਂ ਨੂੰ ਜੋ ਬਚਨ ਦਿੱਤਾ ਸੀ ਉਸ ਬਚਨ ਨੂੰ ਪੁਗਾਉਣ ਆਪ ਚੱਲ ਕੇ ਦਿੱਲੀ ਗਏ। ਏਸੇ ਲਈ ਦਸਮ ਪਾਤਸ਼ਾਹ ਲਿਖਦੇ ਹਨ-

ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ॥

**ਸ਼ਹਾਦਤ ਦਾ ਪ੍ਰਤੀਕਰਮ:** ਆਦਿ ਗੁਰੂ ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਹੀ ਬਾਬਰ ਦਾ ਹਿੰਦੁਸਤਾਨ ਤੇ ਹਮਲਾ ਹੁੰਦਾ ਹੈ। ਇਸ ਜ਼ਾਬਰ ਦੇ ਜ਼ੁਲਮ ਦਾ ਵਿਰੋਧ ਗੁਰੂ

ਸਾਹਿਬ ਇਨ੍ਹਾਂ ਸ਼ਬਦਾਂ ਨਾਲ ਕਰਦੇ ਹਨ- 'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ।' ਬਾਬਰਕਿਆਂ ਨਾਲ ਬਾਬੇਕਿਆਂ ਦਾ, ਮੁਗਲੀਆ ਹਕੂਮਤ ਨਾਲ ਗੁਰੂ ਸਾਹਿਬਾਨ ਦਾ ਸ਼ੁਰੂ ਤੋਂ ਹੀ ਵਿਰੋਧ ਬਣਿਆ ਰਿਹਾ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਗੁਰੂ ਹਰਿ ਗੋਬਿੰਦ ਜੀ ਵਲੋਂ ਮੁਗਲੀਆ ਹਕੂਮਤ ਨਾਲ ਯੁੱਧ, ਵਧ ਰਹੇ ਵਿਰੋਧ ਦੇ ਸਪਸ਼ਟ ਉਦਾਹਰਣ ਹਨ। ਸਾਮੂਹਿਕ ਤੌਰ ਤੇ ਔਰੰਗਜ਼ੇਬ ਵਲੋਂ ਹਿੰਦੂਆਂ ਤੇ ਜ਼ੁਲਮ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਜਨ-ਸਮੂਹ ਵਿਚ ਹਕੂਮਤ ਵਿਰੁੱਧ ਬਗਾਵਤ ਦਾ ਕਾਰਣ ਬਣਦੀ ਹੈ। ਜਿਥੇ ਔਰੰਗਜ਼ੇਬ ਹਿੰਦੁਸਤਾਨ ਵਿਚ ਦੋ ਤੋਂ ਇਕ ਭਾਵ ਹਿੰਦੂਆਂ ਤੇ ਮੁਸਲਮਾਨਾਂ ਵਿਚੋਂ ਹਿੰਦੂਆਂ ਨੂੰ ਮੁਸਲਮਾਨ ਬਣਾ ਕੇ ਜਾਂ ਖਤਮ ਕਰਕੇ ਕੇਵਲ ਇਸਲਾਮੀ ਦੇਸ਼ ਬਣਾਉਣਾ ਚਾਹੁੰਦਾ ਸੀ। ਉਸ ਸਮੇਂ ਹੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੂਸਰੇ ਪੰਥ (ਹਿੰਦੂਆਂ) ਦੀ ਰੱਖਿਆ ਕਰਦਿਆਂ ਤੀਸਰੇ (ਖਾਲਸਾ) ਪੰਥ ਦੇ ਪ੍ਰਗਟ ਹੋਣ ਦਾ ਕਾਰਨ ਬਣਦੀ ਹੈ। ਔਰੰਗਜ਼ੇਬ ਕੇਵਲ ਹਿੰਦੂਆਂ ਦਾ ਹੀ ਦੁਸ਼ਮਣ ਨਹੀਂ ਸੀ ਉਹ ਸਭ ਨੂੰ ਸੁੰਨੀ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਸ਼ੀਆ ਮੁਸਲਮਾਨ ਵੀ ਉਸਦੇ ਹੱਥੋਂ ਦੁਖੀ ਸਨ। ਸਰਮਦ ਵਰਗੇ ਸੂਫੀ ਫਕੀਰਾਂ ਨੂੰ ਉਸਨੇ ਕਤਲ ਕਰਵਾ ਦਿੱਤਾ।

ਗੁਰੂ ਸਾਹਿਬ ਦੀ ਸ਼ਹੀਦੀ ਸਿੱਖ ਸ਼ਕਤੀ ਦੇ ਉਥਾਨ ਅਤੇ ਮੁਗਲੀਆ ਹਕੂਮਤ ਦੇ ਪਤਨ ਦੀ ਅਰੰਭਤਾ ਸੀ। ਆਮ ਲੋਕਾਂ ਵਿਚ, ਹਿੰਦੂਆਂ ਵਿਚ, ਅਤੇ ਵਿਸ਼ੇਸ਼ ਕਰਕੇ ਸਿੱਖਾਂ ਵਿਚ ਜ਼ਾਲਮ ਹਕੂਮਤ ਵਿਰੁੱਧ ਵਿਦਰੋਹ ਪੈਦਾ ਹੋ ਰਿਹਾ ਸੀ। ਸਾਕੀ ਮੁਸਤਾਅਦ ਖਾਂ 'ਮੁਆਸਿਰਿ ਆਲਮਗੀਰੀ' ਵਿਚ 27 ਅਕਤੂਬਰ 1676 ਈ. ਦੀ ਇਕ ਘਟਨਾ ਦਰਜ ਕਰਦਾ ਹੈ- "ਸਹਿਨਸ਼ਾਹ (ਔਰੰਗਜ਼ੇਬ) ਦੀ ਸਵਾਰੀ ਜਾਮਾ ਮਸਜਿਦ ਤੋਂ ਵਾਪਸ ਆ ਰਹੀ ਸੀ। ਜਦ ਸ਼ਹਿਨਸ਼ਾਹ ਕਿਸ਼ਤੀ ਤੋਂ ਉੱਤਰ ਕੇ ਤਖਤਿ ਰਵਾਂ ਤੇ ਸਵਾਰ ਹੋ ਰਹੇ ਸਨ ਤਾਂ ਇਕ ਬਦਕਿਸਮਤ ਸਿਰਫਿਰੇ ਨੇ ਜੋ ਗੁਰੂ ਤੇਗ ਦਾ ਚੇਲਾ ਸੀ, ਦੋ ਇੱਟਾਂ ਸੁਟੀਆਂ ਜਿਨ੍ਹਾਂ ਵਿਚੋਂ ਇਕ ਤਖਤ ਤੇ ਡਿੱਗੀ। ਜਲੌ ਦੇ ਪਿਆਦਿਆਂ ਨੇ ਉਸਨੂੰ ਫੜ ਕੇ ਕੋਤਵਾਲ ਦੇ ਹਵਾਲੇ ਕਰ ਦਿੱਤਾ।" ਇਸ ਘਟਨਾ ਤੋਂ ਸਪਸ਼ਟ ਹੁੰਦਾ ਹੈ ਕਿ ਸਿੱਖਾਂ ਵਿਚ ਬਾਦਸ਼ਾਹ ਵਿਰੁੱਧ ਕਿੰਨਾ ਰੋਹ ਸੀ। ਗੁਰੂ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਇਕ ਸਾਲ ਵਿਚ ਹੀ ਕਿਸੇ ਆਮ ਇਕੱਲੇ ਸਿੱਖ ਨੇ ਔਰੰਗਜ਼ੇਬ ਨੂੰ ਮਾਰਚ ਦੀ ਕੋਸ਼ਿਸ਼ ਕੀਤੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਤੋਂ ਬਾਅਦ ਦਸਮ ਪਾਤਸ਼ਾਹ ਬਾਲ ਗੁਰੂ ਗੋਬਿੰਦ ਰਾਇ ਨੇ ਜੰਗੀ ਤਿਆਰੀਆਂ ਕਰਨ ਵਾਸਤੇ ਹਥਿਆਰ, ਚਲਾਉਣ ਦਾ ਅਭਿਆਸ ਸ਼ੁਰੂ ਕਰਵਾਇਆ। 1699 ਈ. ਵਿਚ ਸਿੱਖਾਂ ਨੂੰ ਸਿੰਘ ਅਤੇ ਦਾਸਾਂ ਨੂੰ ਸਰਦਾਰ ਬਣਾਉਣ ਵਾਸਤੇ ਖਾਲਸਾ ਪੰਥ ਸਾਜਿਆ। ਗੁਰੂ ਸਾਹਿਬ ਆਪ ਗੁਰੂ ਗੋਬਿੰਦ ਰਾਇ ਤੋਂ ਗੁਰੂ ਗੋਬਿੰਦ ਸਿੰਘ ਬਣ ਗਏ। ਭਗਤੀ ਤੇ ਸ਼ਕਤੀ ਦਾ ਸੁਮੇਲ, ਅਜਿਹੀ ਅੰਮ੍ਰਿਤ ਦੀ ਦਾਤ ਬਖਸ਼ੀ ਕਿ ਚਿੜ੍ਹੀਆਂ ਤੋਂ ਬਾਜ ਤੁੜਵਾ ਦਿੱਤੇ। 18 ਵੀਂ ਸਦੀ ਵਿਚ ਸਿੱਖਾਂ ਵਲੋਂ ਕਰੀਬ ਸੱਤ ਦਹਾਕੇ ਅਸਹਿ ਤੇ ਅਕਹਿ ਕਸ਼ਟ ਸਹਾਰਦਿਆਂ ਅਜੇਹੀ ਸੂਰਬੀਰਤਾ ਨਾਲ ਸੰਘਰਸ਼ ਜਾਰੀ ਰੱਖਿਆ ਕਿ ਮੁਗਲੀਆ ਹਕੂਮਤ ਦੀਆਂ ਜੜ੍ਹਾਂ ਖੋਖਲੀਆਂ ਕਰ ਦਿੱਤੀਆਂ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਸਿੱਖਾਂ ਨੂੰ ਏਨੇ ਮਜਬੂਤ ਕਰ ਦਿੱਤਾ ਕਿ ਆਪ ਦੇ ਪੋਤਰੇ ਸਾਹਿਬ ਕਲਗੀਧਰ ਦੇ ਛੋਟੇ ਸਾਹਿਬਜ਼ਾਦੇ ਕੇਵਲ ਸੱਤ ਤੇ ਨੌ ਸਾਲ ਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਨੇ ਹਾਕਮਾਂ ਦੀ ਈਨ ਨਾ ਮੰਨੀ। ਖਿੜੇ ਮੱਥੇ ਤਸੀਹੇ ਸਹਿਨ ਕਰਦਿਆਂ ਸ਼ਹਾਦਤ ਦਾ ਜਾਮ ਪੀ ਗਏ। ਉਹਨਾਂ ਬਾਲ ਸ਼ਹੀਦਾਂ ਨੇ ਵੀ ਸੂਬਾ ਸਰਹੰਦ ਨੂੰ ਕਚਿਹਰੀ ਵਿਚ ਬੁਲੰਦ ਹੌਂਸਲੇ ਨਾਲ ਇਹੀ ਆਖਿਆ-

ਹਮਰੇ ਬੰਸ ਰੀਤ ਇਹ ਆਈ॥
ਪ੍ਰਾਣ ਜਾਇ ਪਰ ਧਰਮ ਨਾ ਜਾਈ॥

ਜਦੋਂ ਬੰਦੇ ਬਹਾਦਰ ਦੇ ਨਾਲ ਕਰੀਬ ਸੱਤ ਸੌ ਸਿੰਘਾਂ ਨੂੰ ਦਿੱਲੀ ਵਿਖੇ ਸ਼ਹੀਦ ਕਰਨ ਤੋਂ ਪਹਿਲਾਂ ਸ਼ਹਿਰ ਵਿਚ ਉਨ੍ਹਾਂ ਦਾ ਜਲੂਸ ਕੱਢਿਆ ਗਿਆ ਤਾਂ ਉਹ ਸਿੱਖ ਖੁਸ਼ੀ ਵਿਚ ਗੁਰਬਾਣੀ ਦੇ ਸ਼ਬਦ ਗਾ ਰਹੇ ਸਨ ਅਤੇ ਆਖਦੇ ਸਨ ਸਾਡੇ ਧੰਨ ਭਾਗ ਹਨ, ਅਸੀਂ ਉਥੇ ਸ਼ਹੀਦ ਹੋਣ ਆਏ ਹਾਂ ਜਿਥੇ ਸਾਡੇ ਗੁਰੂ, ਸਤਿਗੁਰੂ ਤੇਗ ਬਹਾਦਰ ਸ਼ਹੀਦ ਹੋਏ ਸਨ। 'ਸੀਸ ਦੀਆ ਪਰ ਸਿਰਰ ਨਾ ਦੀਆ' ਦੀ ਦ੍ਰਿੜ ਭਾਵਨਾ ਸਮੁਚੇ ਸਿੱਖ ਪੰਥ ਦਾ ਕਿਰਦਾਰ ਬਣ ਗਈ। ਅਠਾਰਵੀਂ ਸਦੀ ਵਿਚ ਦੋ ਘੱਲੂਘਾਰੇ ਹੋਏ ਜਿਨਾਂ ਵਿਚ ਕਰੀਬ ਚਾਲੀ ਪੰਜਾਹ ਹਜ਼ਾਰ ਸਿੱਖ ਸ਼ਹੀਦ ਹੋ ਗਏ, ਸਿੱਖਾਂ ਦੇ ਸਿਰਾਂ ਦੇ ਮੁੱਲ ਪਏ। ਸਿੱਖ ਜੰਗਲਾਂ ਵਿਚ ਲੁਕ ਕੇ ਰਹਿੰਦੇ ਰਹੇ, ਸੰਘਰਸ਼ ਕਰਦੇ ਰਹੇ ਪਰ 'ਸਿਰਰ ਨਾ ਦੀਆ' ਦਿੱਲੀ ਵਿਚ ਮੁਗਲੀਆ ਹਕੂਮਤ ਵੀ ਕਮਜ਼ੋਰ ਹੋ ਗਈ। ਏਸੇ ਅਠਾਰਵੀਂ ਸਦੀ ਵਿਚ ਹੀ ਅਹਿਮਦਸ਼ਾਹ ਅਬਦਾਲੀ ਨੇ ਕਾਬਲ ਤੋਂ ਆ ਕੇ ਹਿੰਦੁਸਤਾਨ ਤੇ ਕਰੀਬ 10 ਹਮਲੇ ਕੀਤੇ। ਜਿਸ ਅਬਦਾਲੀ ਅੱਗੇ ਮੁਗਲੀਆ ਹਕੂਮਤ ਵੀ ਸਿਰ ਸੁੱਟ ਬੈਠੀ, ਜਿਸ ਤੋਂ

ਮਰਹੱਟੇ ਵੀ ਹਾਰ ਖਾ ਬੈਠੇ ਪਰ ਉਸੇ ਅਬਦਾਲੀ ਦਾ ਰਾਹ ਬੰਦ ਕੀਤਾ ਤਾਂ ਉਨ੍ਹਾਂ ਸਿੱਖਾਂ ਨੇ ਕੀਤਾ ਜੋ ਜੰਗਲਾਂ ਵਿਚ ਲੁੱਕ ਕੇ ਲੜ ਰਹੇ ਸਨ। ਐਸੇ ਸਿਰੜ ਅਤੇ ਸੂਰਬੀਰਤਾ ਦੀ ਪ੍ਰੇਰਣਾ ਸਰੋਤ ਬਣੀ ਗੁਰੂ ਸਾਹਿਬ ਦੀ ਸ਼ਹਾਦਤ। ਕੇਵਲ ਸੂਰਬੀਰਤਾ ਹੀ ਨਹੀਂ, ਉੱਚ ਕਿਰਦਾਰ ਵੀ ਸਿੱਖਾਂ ਵਿਚ ਰੂਪਮਾਨ ਹੋਇਆ 'ਸਰਣਿ ਕੇ ਦਾਤੇ ਬਚਨ ਕੇ ਸੂਰੇ॥' ਗੁਰੂ ਸਾਹਿਬ ਦੇ ਉੱਚ ਜੀਵਨ ਚਰਿੱਤਰ ਵਿਚੋਂ। ਅਠਾਰਵੀਂ ਸਦੀ ਦੇ ਕਰੀਬ ਸੱਤਵੇਂ ਦਹਾਕੇ ਵਿਚ ਸਿੱਖਾਂ ਦੇ ਉੱਚ ਕਿਰਦਾਰ ਦੀ ਇਕ ਵਾਰਦਾਤ ਇਤਿਹਾਸ ਵਿਚ ਦਰਜ ਹੈ। ਸਿੱਖ ਮਿਸਲਾਂ ਵੇਲੇ ਭੰਗੀ ਮਿਸਲ ਦੇ ਮੁਖੀ ਸਰਦਾਰ ਹਰੀ ਸਿੰਘ ਪਾਸ ਇਕ ਪੰਡਤ ਆ ਕੇ ਫਰਿਆਦ ਕਰਦਾ ਹੈ ਕਿ ਮੇਰੀ ਘਰਵਾਲੀ ਕਸੂਰ ਦੇ ਪਠਾਣ ਖੋਹ ਕੇ ਲੈ ਗਏ ਹਨ ਮੇਰੀ ਸਹਾਇਤਾ ਕਰੋ। ਸਰਦਾਰ ਹਰੀ ਸਿੰਘ ਨੇ ਕਿਹਾ ਜਾਵਾਂਗੇ, ਪਠਾਣਾਂ ਨੂੰ ਉਨ੍ਹਾਂ ਦੀ ਕਰਨੀ ਦੀ ਸਜਾ ਦਿਆਂਗੇ ਤੇ ਤੇਰੀ ਘਰਵਾਲੀ ਲਿਆਕੇ ਤੈਨੂੰ ਦੇਵਾਂਗੇ। ਸਾਰੇ ਸਰਦਾਰ ਇਕੱਠੇ ਹੋ, ਆਖਣ ਲੱਗੇ। ਹਰੀ ਸਿਆਂ ਤੈਨੂੰ ਪਤੈ ਪਠਾਣ ਕਿੰਨੇ ਤਾਕਤਵਾਰ ਹਨ। ਸ. ਹਰੀ ਸਿੰਘ ਨੇ ਆਖਿਆ: 'ਅਬ ਤੋ ਹਮ ਮਰ ਜੈ ਹੈਂ, ਲੈ ਹੈਂ ਨਾਹਿ ਕਸੂਰੇ॥' ਸਿੰਘ ਨੇ ਬਚਨ ਕਰ ਦਿੱਤਾ ਹੈ, ਮੈਂ ਮਰ ਜਾਵਾਂਗਾ ਪਰ ਪਠਾਣਾਂ ਤੇ ਹਮਲਾ ਜ਼ਰੂਰ ਕਰਾਂਗਾ। ਉਸ ਦੀ ਭਾਵਨਾ ਤੇ ਜੋਸ਼ ਵੇਖਕੇ ਸਾਰਾ ਖਾਲਸਾ ਨਾਲ ਹੋ ਤੁਰਿਆ ਪਠਾਣਾਂ ਦੇ ਕਿਲੇ ਤੇ ਹਮਲਾ ਕਰਕੇ ਉਨ੍ਹਾਂ ਨੂੰ ਸਜਾ ਦਿੱਤੀ, ਪੰਡਤ ਦੀ ਘਰਵਾਲੀ ਲਿਆ ਕੇ ਬਾ-ਇੱਜਤ ਪੰਡਤ ਦੇ ਘਰ ਪੁਚਾਈ। ਇਹ ਸੀ 'ਸਰਣਿ ਕੇ ਦਾਤੇ ਬਚਨ ਕੇ ਸੂਰੇ॥' ਗੁਰੂ ਤੇਗ ਬਹਾਦਰ ਦਾ ਉੱਚ ਕਿਰਦਾਰ ਜੋ ਸਿੱਖੀ ਸਭਿਆਚਾਰ ਦਾ ਅਨਿੱਖੜਵਾਂ ਅੰਗ ਬਣ ਗਿਆ। ਜਨਵਰੀ 1872 ਈ. ਸ੍ਰੀ ਭੈਣੀ ਸਾਹਿਬ ਤੋਂ ਜਦੋਂ ਨਾਮਧਾਰੀ ਸਿੰਘਾਂ ਦਾ ਜਥਾ ਮਲੇਰਕੋਟਲੇ ਵੱਲ ਧਾਵਾ ਕਰਨ ਦੀ ਤਿਆਰੀ ਕਰ ਰਿਹੇ ਸੀ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਸਿੰਘਾ ਨੂੰ ਆਖਿਆ ਅਜੇ ਪਨੀਰੀ ਛੋਟੀ ਹੈ, ਕੁਝ ਸਮਾਂ ਰੁਕੋ ਤਾਂ ਸਰਦਾਰ ਹੀਰਾ ਸਿੰਘ ਆਖਦੇ ਹਨ ਸਾਨੂੰ ਸਤਿਗੁਰੂ ਤੇਗ ਬਹਾਦੁਰ ਦਾ ਦਰਸ਼ਨ ਹੁੰਦਾ ਹੈ, ਹੁਕਮ ਕਰਦੇ ਹਨ। ਮਲੇਰਕੋਟਲੇ ਤੇ ਧਾਵਾ ਕਰੋ, ਜਾਲਮਾਂ ਨੂੰ ਸਜਾ ਦਿਉ, ਤੇ ਸ਼ਹੀਦੀਆਂ ਪਾਉ। ਸਤਿਗੁਰੂ ਰਾਮ ਸਿੰਘ ਬਚਨ ਕਰਦੇ ਹਨ ਜੇ ਸਤਿਗੁਰੂ ਤੇਗ ਬਹਾਦਰ ਹੁਕਮ ਕਰਦੇ ਹਨ ਤਾਂ ਜਾਉ। ਫਰੰਗੀ ਦੀ ਝੱਲ ਲਵਾਂਗੇ, ਅਕਾਲ ਪੁਰਖੁ ਦੀ ਨਹੀਂ ਝੱਲ ਹੁੰਦੀ। ਉਨ੍ਹਾਂ ਸਿੰਘਾਂ ਦੇ ਸ਼ਹੀਦੀ ਜਥੇ ਨੂੰ ਕੜਾਹ ਪ੍ਰਸ਼ਾਦ ਛਕਾ ਕੇ ਤੋਰਦੇ ਹਨ। ਆਖਰ 17-18 ਜਨਵਰੀ 1872 ਮਲੇਰਕੋਟਲੇ ਦੇ ਰੱਕੜ ਵਿਚ 66 ਸਿੰਘ ਤੋਪਾਂ ਸਾਹਮਣੇ ਸ਼ਹੀਦ ਹੁੰਦੇ ਹਨ, ਏਨੀ ਸੂਰਬੀਰਤਾ ਨਾਲ ਕਿ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ-

ਦੀਵੇਂ ਪਰ ਜਿਉਂ ਆਇ ਪਤੰਗੇ।
ਤਿਉਂ ਤੋਪਨ ਦਿਸ ਜਾਇ ਨਿਸੰਗੇ।
ਇਹ ਸਿੰਘਨ ਕੀ ਰੀਤੀ ਵਰ ਹੈ।
ਸਸਤ੍ਰਨ ਕੀ ਮ੍ਰਿਤ ਤੇ ਨਹਿ ਡਰਿ ਹੈ।

ਸਾਹਿਬ ਸਤਿਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਿੰਘਾਂ ਦੀ ਰੀਤੀ ਅਤੇ ਸ਼ਹਾਦਤ ਦੀ ਪ੍ਰੰਪਰਾ ਬਣ ਗਈ। ਗੁਰੂ ਸਾਹਿਬ ਕੇਵਲ ਹਿੰਦ ਦੀ ਚਾਦਰ ਨਹੀਂ। ਉਹ ਤਾਂ ਸਮੁੱਚੀ ਮਾਨਵਤਾ ਦੀ ਆਜ਼ਾਦੀ ਲਈ ਕੀਰਤੀਮਾਨ ਸਥਾਪਿਤ ਕਰਦੇ ਹਨ। ਸ੍ਰੀ ਦਸਮੇਸ਼ ਜੀ ਦਾ ਦਰਬਾਰੀ ਕਵੀ- ਕਵੀ ਸੈਨਾਪਤੀ ਜੀ ਲਿਖਦੇ ਹਨ: ਪ੍ਰਗਟ ਭਏ ਗੁਰ ਤੇਗ ਬਹਾਦਰ॥ ਸਗਲ ਸ੍ਰਿਸਟਿ ਪੈ ਢਾਪੀ ਚਾਦਰ॥

ਗੁਰੂ ਸਾਹਿਬ ਦਾ ਉਚਾਰਨ ਕੀਤਾ ਪੂਰਨ ਸੁਤੰਤਰਤਾ ਦਾ ਮੂਲ ਮੰਤਰ: 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥' ਸਮੁੱਚੇ ਸੰਸਾਰ ਲਈ ਆਜ਼ਾਦੀ ਦਾ ਮਹਾਂ ਵਾਕ ਹੈ। ਨਾ ਕਿਸੇ ਨੂੰ ਡਰਾਉਣਾ ਅਤੇ ਨਾ ਕਿਸੇ ਤੋਂ ਡਰਨਾ। ਦੂਸਰੇ ਸ਼ਬਦਾਂ ਵਿਚ ਨਾ ਜ਼ੁਲਮ ਕਰਨਾ ਤੇ ਨਾ ਹੀ ਜ਼ੁਲਮ ਸਹਿਣਾ। ਨਾ ਕਿਸੇ ਨੂੰ ਗੁਲਾਮ ਰੱਖਣਾ ਅਤੇ ਨਾ ਹੀ ਕਿਸੇ ਦੇ ਅਧੀਨ ਰਹਿਣਾ।

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ, ਗਿਆਨੀ ਤਾਹਿ ਬਖਾਨ॥

ਇਹੋ ਮਹਾਂਵਾਕ ਹੈ, ਜੇ ਸਾਰੇ ਸੰਸਾਰ ਦੇ ਧਰਮ ਅਤੇ ਸਾਰੇ ਦੇਸ਼ਾਂ ਦੀ ਰਾਜਨੀਤੀ ਇਹ ਜੀਵਨ ਜਾਂਚ ਨੂੰ ਅਪਨਾ ਲੈਣ ਤਾਂ ਸਾਰੇ ਸੰਸਾਰ ਦੇ ਝਗੜੇ ਖਤਮ ਹੋ ਸਕਦੇ ਹਨ। ਇਸੇ ਗੁਰਵਾਕ ਦਾ ਵਰਤਮਾਨ ਸਮੇਂ ਦੇ ਸੰਧਰਭ ਵਿਚ ਅਨੁਵਾਦ ਹੀ ਹੈ, ਵਿਸ਼ਵ ਸ਼ਾਂਤੀ ਦਾ ਮੂਲ ਮੰਤਰ, ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਵਚਨ:

"ਆਪਣੇ ਹੱਕ ਦਾ ਦਾਨ ਕਰੋ, ਦੂਸਰੇ ਦੇ ਹੱਕ ਦੀ ਰਾਖੀ ਕਰੋ, ਸਾਰੇ ਝਗੜੇ ਮੁੱਕ ਜਾਣਗੇ।"

ਅੱਜ ਭਾਰਤ ਵਿਚ ਜੇ ਸਨਾਤਨ ਧਰਮ ਜਿਉਂਦਾ ਹੈ, ਵਿਸ਼ਵ ਭਰ ਵਿਚ ਸਿੱਖਾਂ ਦੇ ਸਿਰ ਤੇ ਦਸਤਾਰਾਂ ਸੋਭਦੀਆਂ ਹਨ ਤਾਂ ਇਹ ਸਤਿਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ ਸਦਕਾ ਹੀ ਹੈ-

ਉਸ ਅਨੋਖੇ ਸੀਸ ਦੀ ਆਸੀਸ ਹੈ,
ਕਿ ਅਸਾਡੇ ਸਿਰ ਸਲਾਮਤ ਰਹਿ ਗਏ॥

# ਗੁਰੂ ਤੇਗ ਬਹਾਦਰ: ਜੀਵਨ ਪ੍ਰਸੰਗ ਤੇ ਰਚਨਾ ਸੰਦਰਭ



ਡਾ. ਹਰਮਹਿੰਦਰ ਸਿੰਘ ਬੇਦੀ
ਵਾਇਸ ਚਾਂਸਲਰ ਸੈਂਟਰਲ ਯੂਨੀ. ਹਿਮ.
9256133665

ਗੁਰੂ ਤੇਗ ਬਹਾਦਰ ਸਿੱਖ ਧਰਮ ਦੇ ਨੌਵੇਂ ਗੁਰੂ ਦੇ ਰੂਪ ਵਿਚ ਉਪਸਥਿਤ ਹਨ। ਇਨ੍ਹਾਂ ਦਾ ਆਦਿ ਗੁਰੂ ਨਾਨਕ ਦੇਵ ਦੁਆਰਾ ਸਥਾਪਿਤ ਗੁਰੂ ਪਰੰਪਰਾ ਵਿਚ ਵਿਸ਼ੇਸ਼ ਤੇ ਮਹੱਤਵਪੂਰਨ ਸਥਾਨ ਹੈ। ਇਹ ਸਿੱਖ ਧਰਮ ਦੇ ਲਈ "ਨਵੇਂ ਨਾਨਕ" ਦਾ ਰੂਪ ਹਨ।

ਗੁਰੂ ਤੇਗ ਬਹਾਦਰ ਜੀ ਦਾ ਵਿਅਕਤੀਤਵ ਬਹੁਮੁੱਖੀ ਅਤੇ ਵਿਲੱਖਣ ਸੀ। ਇਨ੍ਹਾਂ ਦੀ ਸ਼ਖਸੀਅਤ ਵਿਚ ਪੂਰਨ ਗੁਰੂ, ਵਿਸ਼ਿਸ਼ਟ ਕਵੀ ਅਤੇ ਮਹਾਨ ਧਰਮ ਰੱਖਿਅਕ ਦੇ ਸਾਰੇ ਲੱਛਣ ਮੌਜੂਦ ਹਨ। ਇਨ੍ਹਾਂ ਨੇ ਪੂਰਨ ਗੁਰੂ ਦੇ ਰੂਪ ਵਿਚ ਸਿੱਖਾਂ ਨੂੰ ਸੰਗਠਿਤ ਅਤੇ ਸ਼ਕਤੀਸ਼ਾਲੀ ਬਣਾਇਆ। ਇਕ ਮਹਾਂਮਾਨਵ ਦੇ ਰੂਪ ਵਿਚ ਆਪ ਨੇ ਕੇਵਲ ਸਿੱਖ ਧਰਮ ਹੀ ਨਹੀਂ, ਬਲਕਿ ਹਿੰਦੂ ਧਰਮ ਦੀ ਵੀ ਰੱਖਿਆ ਕੀਤੀ। ਗੁਰੂ ਜੀ ਦੀ ਬਾਣੀ ਦਾ ਜਾਪ ਕਰਨ ਨਾਲ ਮਨ ਦਾ ਡਰ, ਨਿੱਡਰਤਾ ਅਤੇ ਆਤਮ-ਵਿਸ਼ਵਾਸ ਵਰਗੇ ਗੁਣ ਵਿਕਸਿਤ ਹੁੰਦੇ ਹਨ। ਕਿਹਾ ਜਾਏ ਕਿ ਨੌਵੇ ਗੁਰੂ ਜੀ ਦੀ ਬਾਣੀ ਸਾਨੂੰ ਵਾਸਤਵਿਕ ਮਾਨਵਤਾ ਦਾ ਪਾਠ ਪੜ੍ਹਾਉਂਦੀ ਹੋਈ ਧਰਮ-ਹਿਤ ਸ਼ੁਭ ਕਰਮ ਕਰਨ ਦੇ ਲਈ ਉਤਸ਼ਾਹਿਤ ਕਰਦੀ ਹੈ ਤਾਂ ਇਹ ਠੀਕ ਹੋਵੇਗਾ। ਸੰਖੇਪ ਵਿਚ ਗੁਰੂ ਤੇਗ ਬਹਾਦਰ ਸੰਪੂਰਨ ਵਿਅਕਤੀਤਵ ਦੇ ਸੁਆਮੀ ਹਨ।

ਵੈਰਾਗਮਈ ਮੂਰਤੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਵੈਸਾਖ ਸੁਦੀ ਸੰਮਤ 1678 ਬਿਕਰਮੀ (1 ਅਪ੍ਰੈਲ 1621 ਈ.) ਨੂੰ ਮਾਤਾ ਨਾਨਕੀ ਜੀ ਦੇ ਗਰਭ ਤੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਗੁਰੂ ਦੇ ਮਹਲ (ਅੰਮ੍ਰਿਤਸਰ) ਵਿਚ ਐਤਵਾਰ ਵਾਲੇ ਦਿਨ ਪਹਰ ਰਾਤ ਵਿੱਚ ਹੋਇਆ ਸੀ। ਇਸ ਮਿਤੀ ਨਾਲ ਡਾ. ਤਾਰਨ ਸਿੰਘ, ਪ੍ਰੋ. ਕਰਤਾਰ ਸਿੰਘ, ਪ੍ਰਿ. ਸਤਿਵੀਰ ਸਿੰਘ, ਗਿਆਨੀ ਸਿੰਘ, ਪ੍ਰੋ. ਸਾਹਿਬ ਸਿੰਘ ਆਦਿ

ਸਹਿਮਤ ਹਨ। ਡਾ. ਕੇਸਰ ਸਿੰਘ ਛਿੱਬਰ 19 ਮੱਘਰ ਸੰਮਤ 1678 ਦਿੰਦੇ ਹਨ। ਗੁਲਾਬ ਸਿੰਘ (ਗੁਰ ਪ੍ਰਣਾਲੀ) ਮੱਘਰ ਸੁਦੀ 2, 1678 ਬਿਕਰਮੀ ਦਿੰਦੇ ਹਨ। ਸ੍ਰੀ ਪਿਆਰਾ ਸਿੰਘ ਪਦਮ ਅਨੁਸਾਰ "ਬਾਣੀ ਗੁਰੂ ਤੇਗ ਬਹਾਦੁਰ" ਨਾਮੀ ਹਿੰਦੀ ਰਚਨਾ ਵਿਚ 18 ਨਵੰਬਰ 1621 ਈ. (1678 ਬਿ: ਸੰਘਰ) ਮਿਤੀ ਦਿੰਦੇ ਹਨ। ਪਰੰਤੂ ਇਸ ਨਵੀਂ ਮਿਤੀ ਦਾ ਉਨ੍ਹਾਂ ਨੇ ਕੋਈ ਸ੍ਰੋਤ ਨਹੀਂ ਦਿਤਾ। ਇਨ੍ਹਾਂ ਦੀ ਹੀ ਇੱਕ ਪੁਸਤਕ "ਸਾਡੇ ਗੁਰਦੇਵ" ਵਿਚ 1621 ਈ. 1 ਅਪ੍ਰੈਲ ਮਿਤੀ ਹੀ ਦਿੱਤੀ ਗਈ ਹੈ। ਨਾਰੰਗ ਗੁਪਤਾ ਆਦਿ ਆਪਣੇ ਪੰਜਾਬ ਦੇ ਇਤਿਹਾਸ ਵਿਚ 1622 ਈ. ਦਸਦੇ ਹਨ, ਪਰ ਨਾ ਹੀ ਸੰਮਤ ਦਿੱਤਾ ਗਿਆ ਹੈ ਤੇ ਨਾ ਹੀ ਇਸ ਮਿਤੀ ਦਾ ਕੋਈ ਸ੍ਰੋਤ, ਇਸ ਲਈ 1622 ਈ. ਠੀਕ ਨਹੀਂ ਹੋ ਸਕਦਾ।

ਇਨ੍ਹਾਂ ਦੇ ਜਨਮ ਦੇ ਅਵਸਰ ਉੱਤੇ ਇਨ੍ਹਾਂ ਦੇ ਪਿਤਾ ਜੀ ਨੇ ਇਨ੍ਹਾਂ ਨੂੰ ਤੇਗ਼ ਅਤੇ ਤੇਗ ਦਾ ਧਨੀ ਮੰਨਦੇ ਹੋਏ ਇਨ੍ਹਾਂ ਦਾ ਨਾਂ ਤੇਗ ਬਹਾਦਰ ਰੱਖਿਆ ਹੈ ਅਤੇ ਇਨ੍ਹਾਂ ਦੇ ਭਵਿੱਖ ਵਿਚ ਇਹ ਮਹਾਨ "ਗੁਰੂ ਵਿਅਕਤੀ" ਹੋਣਗੇ। ਮਾਤਾ ਨਾਨਕੀ ਦੀ ਇਸ ਭਵਿਖਬਾਣੀ ਨੂੰ ਸੁਣ ਕੇ ਬਹੁਤ ਪ੍ਰਸੰਨ ਹੋਈ। ਤੇਗ਼ ਬਹਾਦਰ, ਗੁਰੂ ਜੀ ਦੇ ਸਭ ਤੋਂ ਛੋਟੇ ਅਤੇ ਪੰਜਵੇਂ ਸਪੁੱਤਰ ਸਨ। ਇਨ੍ਹਾਂ ਦੇ ਦੂਸਰੇ ਚਾਰ ਭਰਾਵਾਂ ਦੇ ਨਾਮ ਸਨ, ਬਾਬਾ ਸੂਰਜ ਮਲ, ਬਾਬਾ ਗੁਰਦਿੱਤਾ, ਬਾਬਾ ਅਣੀ ਰਾਏ, ਬਾਬਾ ਅਟੱਲ। ਇਨ੍ਹਾਂ ਦੀ ਭੈਣ ਵੀ ਸੀ ਜਿਸ ਦਾ ਨਾਮ ਬੀਬੀ ਵੀਰੋ ਸੀ। ਇਨ੍ਹਾਂ ਸਭ ਦੇ ਬਾਰੇ ਵਿਚ "ਗੁਰ ਪ੍ਰਤਾਪ ਸੂਰਜ' ਵਿਚ ਪ੍ਰਾਪਤ ਉਲੇਖ ਮਿਲਦਾ ਹੈ।

ਗੁਰੂ ਤੇਗ਼ ਬਹਾਦਰ ਜੀ ਦਾ ਬਚਪਨ ਅੰਮ੍ਰਿਤਸਰ ਵਿਚ ਬਤੀਤ ਹੋਇਆ। ਇਨ੍ਹਾਂ ਦਾ ਪਾਲਣ-ਪੋਸ਼ਣ ਬੜੇ ਲਾਡ-ਪਿਆਰ ਨਾਲ ਕੀਤਾ ਗਿਆ। ਇਨ੍ਹਾਂ ਦੀ ਮਾਤਾ ਇਨ੍ਹਾਂ ਨੂੰ ਧਾਰਮਿਕ ਸਿੱਖਿਆ ਦਿਆ ਕਰਦੇ ਸਨ। ਇਸ ਦਾ ਪ੍ਰਭਾਵ ਬਾਲਕ ਉੱਤੇ ਵਿਸ਼ੇਸ਼ ਪਿਆ। ਬਾਲਕ ਤੇਗ਼ ਬਹਾਦਰ ਛੋਟੀ ਉਮਰ ਵਿਚ ਪ੍ਰਮਾਤਮਾ-ਚਿੰਤਨ ਵਿਚ ਸਮਾਂ ਬਤੀਤ ਕਰਨ ਲੱਗਾ। ਉਹ ਸਮੇਂ-ਸਮੇਂ ਤੇ ਲੋਕਾਂ ਨੂੰ ਮਿਲਦਾ ਰਹਿੰਦਾ ਸੀ। ਉਹ ਛੋਟੀ ਉਮਰ ਵਿਚ ਹੀ ਬਹੁਤ ਹੋਣਹਾਰ ਸੀ। ਬਚਪਨ ਦੀਆਂ ਅਨੇਕ ਘਟਨਾਵਾਂ ਤੋਂ ਇਨ੍ਹਾਂ ਦੀ ਅਲੋਕਿਕ ਪ੍ਰਤਿਭਾ ਦੇ ਦਰਸ਼ਨ ਹੁੰਦੇ ਹਨ। ਮਹਾਂਕਵੀ ਸੰਤੋਖ ਸਿੰਘ ਆਪਣੇ ਪ੍ਰਸਿੱਧ ਗ੍ਰੰਥ "ਸੂਰਜ ਪ੍ਰਕਾਸ" ਵਿਚ ਬਾਲਕ ਤੇਗ਼ ਬਹਾਦਰ ਦੇ ਬਚਪਨ ਦੀ ਇਕ ਘਟਨਾ ਦਾ ਵਰਨਣ ਕਰਦੇ ਹਨ, ਜੋ ਇਸ ਤਰ੍ਹਾਂ ਹੈ- ਇੱਕ ਵਾਰ ਇੱਕ ਮਾਂ ਆਪਣੇ ਬੱਚੇ ਨੂੰ ਲੈ ਕੇ ਬਾਲਕ ਤੇਗ਼ ਬਹਾਦਰ ਦੇ ਕੋਲ ਗਈ, ਉਸ ਨੂੰ ਕਹਿਣ ਲੱਗੀ ਕਿ ਮੇਰਾ ਪੁੱਤਰ ਬੀਮਾਰ ਰਹਿੰਦਾ ਹੈ, ਉਸ ਦੇ ਨਿਰੋਗ ਹੋਣ ਦੇ ਉਪਾਅ ਦੱਸੋ, ਉਸ ਨੂੰ ਅਰੋਗ ਜੀਵਨ ਦਾ ਆਸ਼ੀਰਵਾਦ ਦਿਉ। ਬਾਲਕ ਤੇਗ਼ ਬਹਾਦਰ ਨੇ ਕੁਝ ਹੋਰ ਜਾਣਕਾਰੀ ਪ੍ਰਾਪਤ ਕਰ ਕੇ ਉਸ ਇਸਤਰੀ ਨੂੰ ਕੁਝ ਦਿਨਾਂ ਤੋਂ ਬਾਅਦ ਆਉਣ ਲਈ ਕਿਹਾ। ਕੁੱਝ ਦਿਨਾਂ ਤੋਂ ਬਾਅਦ ਉਹ ਇਸਤਰੀ ਆਪਣੇ ਬੱਚੇ ਨੂੰ ਲੈ ਕੇ ਦੁਬਾਰਾ ਬਾਲਕ ਤੇਗ ਬਹਾਦਰ ਕੋਲ ਆਈ। ਬਾਲਕ ਨੇ ਕਿਹਾ," ਤੇਰਾ ਬੱਚਾ ਗੁੜ ਆਦਿ ਮਿੱਠੀਆਂ ਚੀਜ਼ਾਂ ਖਾਣੀਆਂ ਛੱਡ ਦੇਵੇ, ਉਹ ਬਹੁਤ ਜਲਦੀ ਠੀਕ ਹੋ ਜਾਵੇਗਾ। "ਬਾਲਕ ਦੀ ਇਹ ਸਾਧਾਰਣ ਜਿਹੀ ਗੱਲ ਸੁਣ ਕੇ ਇਸਤਰੀ ਹੈਰਾਨ ਹੋਈ ਅਤੇ ਕੁਝ ਕਹਿਣ ਲੱਗੀ "ਬਾਬਾ ਜੀ, ਇਹ ਗੱਲ ਤਾਂ ਤੁਸੀਂ ਪਹਿਲੇ ਦਿਨ ਹੀ ਦੱਸ ਸਕਦੇ ਸੀ।" ਇਸ ਤੇ ਬਾਲਕ ਨੇ ਕਿਹਾ, "ਅੱਜ ਤੋਂ ਕੁਝ ਦਿਨ ਪਹਿਲਾਂ ਮੈਂ ਆਪ ਗੁੜ ਖਾਂਦਾ ਹੁੰਦਾ ਸੀ। ਮੈਂ ਹੁਣ ਗੁੜ ਖਾਣਾ ਛੱਡ ਦਿੱਤਾ ਹੈ। ਹੁਣ ਮੈਂ ਇਸ ਯੋਗ ਬਣ ਚੁੱਕਿਆ ਹਾਂ ਕਿ ਇਸ ਗੱਲ ਦਾ ਤੁਹਾਨੂੰ ਸੁਬਾ ਦੇ ਸਕਾ।" ਇਹ ਸੁਣ ਕੇ ਉਹ ਇਸਤਰੀ ਚਲੀ ਗਈ। ਇਸ ਤਰ੍ਹਾਂ ਦੇ ਅਨੇਕ ਪ੍ਰਸੰਗ ਬਾਲਕ ਤੇਗ ਬਹਾਦਰ ਦੇ ਬਚਪਨ ਦੇ ਮਿਲਦੇ ਹਨ ਜਿਸ ਤੋਂ ਇਹ ਪਤਾ ਲਗਦਾ ਹੈ ਕਿ (ਗੁਰੂ) ਤੇਗ਼ ਬਹਾਦਰ ਕਥਨੀ ਅਤੇ ਕਰਨੀ ਵਿਚ ਪੂਰਣ ਵਿਸ਼ਵਾਸ ਰੱਖਦੇ ਸਨ। ਉਹ ਬਾਲ ਅਵਸਥਾ ਵਿਚ ਵੀ ਉਹੀ ਉਪਦੇਸ਼ ਦਿੰਦੇ ਸਨ ਜਿਸ ਨੂੰ ਉਨ੍ਹਾਂ ਨੇ ਆਪਣੇ ਜੀਵਨ ਵਿਚ ਵੀ ਗ੍ਰਹਿਣ ਕੀਤਾ ਹੁੰਦਾ ਸੀ।

ਬਚਪਨ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਸ਼ਸਤਰ ਵਿਦਿਆ, ਸੰਗੀਤ, ਧਰਮ ਅਤੇ ਰਾਜਨੀਤੀ ਦੀ ਪ੍ਰਚਲਿਤ ਵਿਦਿਆ ਪ੍ਰਧਾਨ ਕੀਤੀ ਗਈ। ਇਨ੍ਹਾਂ ਨੂੰ ਸਿੱਖਿਆ ਵਿਦਵਾਨ ਭਾਈ ਬੁੱਢਾ ਤੋਂ ਪ੍ਰਾਪਤ ਹੋਈ। ਤੇਗ਼ ਬਹਾਦਰ ਨੂੰ ਪੰਜਾਬੀ ਦੇ ਨਾਲ-ਨਾਲ ਬ੍ਰਿਜ (ਹਿੰਦੀ) ਭਾਸ਼ਾ ਦੀ ਸਿੱਖਿਆ ਵੀ ਦਿੱਤੀ ਗਈ। ਸਿੱਖ ਧਰਮ-ਦਰਸ਼ਨ ਦੇ ਅਧਿਕਾਰੀ ਵਿਦਵਾਨ ਭਾਈ ਗੁਰਦਾਸ ਨੇ ਬਾਲਕ ਨੂੰ ਦਰਸ਼ਨ, ਸਾਹਿਤ ਆਦਿ ਵਿਸ਼ਿਆਂ ਵਿਚ ਪਰਵੀਨ ਬਣਾਇਆ।

ਬਾਲਕ ਤੇਗ ਬਹਾਦਰ ਆਪਣੇ ਪਿਤਾ ਗੁਰੂ ਹਰਿਗੋਬਿੰਦ ਜੀ ਦੇ ਨਾਲ ਕੁਝ ਸਾਲਾਂ ਤਕ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਵਿਚ ਰਹੇ। ਉਥੇ ਉਨ੍ਹਾਂ ਦਾ ਸ਼ੁਭ ਵਿਆਹ ਲਾਲ ਚੰਦ ਜੀ ਦੀ ਸਪੁੱਤਰੀ ਗੁਜਰੀ ਜੀ ਦੇ ਨਾਲ ਹੋਇਆ।

ਗੁਰੂ ਹਰਿਗੋਬਿੰਦ ਨੇ ਕਰਤਾਰਪੁਰ ਵਿਚ ਸਿੱਖ-ਧਰਮ ਦਾ ਪ੍ਰਚਾਰ ਹੋਰ ਅਧਿਕ ਜ਼ੋਰਾਂ ਨਾਲ ਕਰਨਾ

ਆਰੰਭ ਕਰ ਦਿੱਤਾ। ਉਨ੍ਹਾਂ ਨੇ ਸਿੱਖ-ਸੰਗਠਨ ਨੂੰ ਸੈਨਿਕ ਰੂਪ ਵਿਚ ਪਰਿਵਰਤਿਤ ਕਰ ਕੇ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ।

ਗੁਰੂ ਸਾਹਿਬ ਦੀਆਂ ਇਨ੍ਹਾਂ ਗਤੀਵਿਧੀਆਂ ਦੀ ਗੱਲ ਮੁਗਲ-ਸ਼ਾਸਕਾਂ ਤੱਕ ਲਾਹੌਰ ਪਹੁੰਚੀ ਅਤੇ ਮੁਗਲਾਂ ਦੀ ਸਹਾਇਤਾ ਨਾਲ ਗੁਰੂ ਹਰਿਗੋਬਿੰਦ ਜੀ ਉੱਪਰ ਆਕਰਮਨ ਕਰ ਦਿੱਤਾ। ਗੁਰੂ ਦੇਵ ਇਸ ਸਮੇਂ ਸੈਨਿਕ-ਸੰਗਠਨ ਵਿਚ ਲੱਗੇ ਹੋਏ ਸਨ। ਪਰੰਤੂ ਫਿਰ ਵੀ ਉਨ੍ਹਾਂ ਨੇ ਹਮਲੇ ਦਾ ਮੂੰਹ ਤੋੜ ਜਵਾਬ ਦਿੱਤਾ। ਖੂਬ ਘਮਸਾਨ ਯੁੱਧ ਹੋਇਆ। ਇਸ ਯੁੱਧ ਵਿਚ ਬਾਲਕ ਤੇਗ਼ ਬਹਾਦਰ ਨੇ ਆਪਣੀ ਸੂਰਬੀਰਤਾ ਦੇ ਅਨੇਕ ਚਮਤਕਾਰ ਦਿਖਾਏ। ਅੰਤ ਵਿਚ ਜਿੱਤ ਸ੍ਰੀ ਗੁਰੂ ਹਰਿਗੋਬਿੰਦ ਨੂੰ ਪ੍ਰਾਪਤ ਹੋਈ। ਇਸ ਯੁੱਧ ਵਿਚ ਵਿਰੁੱਧੀ ਸੈਨਾ ਦਾ ਪ੍ਰਸਿੱਧ ਯੋਧਾ ਪੈਦੇ ਖਾਂ ਮਾਰਿਆ ਗਿਆ।

ਬਾਲਕ ਤੇਗ ਬਹਾਦਰ ਉੱਪਰ ਇਸ ਯੁੱਧ ਦਾ ਪ੍ਰਭਾਵ ਪਿਆ, ਉਸ ਨੇ ਆਪਣੇ ਸਾਹਮਣੇ ਸੈਨਿਕਾਂ ਨੂੰ ਮਰਦੇ ਦੇਖਿਆ। ਮਨੁੱਖ ਜੀਵਨ ਦੀ ਛਿੰਨ-ਭੰਗਰਤਾ ਬਾਲਕ ਤੇਗ਼ ਬਹਾਦਰ ਦੇ ਦਿਮਾਗ ਉਪਰ ਆਪਣਾ ਅਸਰ ਕਰ ਗਈ। ਇਸ ਸਮੇਂ ਯੁਵਕ ਤੇਗ਼ ਬਹਾਦਰ ਦੇ ਕੁਝ ਰਿਸ਼ਤੇਦਾਰਾਂ ਦੀ ਮੌਤ ਵੀ ਹੋਈ। ਇਸ ਯੁੱਧ ਦੇ ਉਪਰੰਤ ਯੁਵਕ ਦਾ ਮਨ ਅਧਿਆਤਮਕ ਚਿੰਤਨ ਵੱਲ ਹੋਰ ਅਧਿਕ ਹੋ ਗਿਆ।

ਕੁੱਝ ਸਾਲਾਂ ਤੋਂ ਬਾਅਦ ਗੁਰੂ ਹਰਿਗੋਬਿੰਦ ਨੇ ਸਿੱਖ-ਸ਼ਕਤੀ ਨੂੰ ਸੰਗਠਨ ਕਰਨ ਲਈ ਯੁੱਧ ਸਥਾਨ ਤੋਂ ਦੂਰ ਰਹਿਣ ਦਾ ਇਰਾਦਾ ਕੀਤਾ। ਉਸ ਸਮੇਂ ਉਨ੍ਹਾਂ ਨੂੰ ਬਿਲਾਸਪੁਰ ਰਿਆਸਤ ਦੇ ਰਾਜਾ ਕਲਿਆਣ ਚੰਦਰ ਦਾ ਨਿਮੰਤਰਣ ਪੱਤਰ ਪ੍ਰਾਪਤ ਹੋਇਆ। ਉਹ ਆਪਣੇ ਪਰਿਵਾਰ-ਸਹਿਤ ਬਿਲਾਸਪੁਰ ਚਲ ਪਏ। ਉਥੇ ਕੁਝ ਇਕ ਨਵੇਂ ਨਗਰ-ਕੀਰਤਪੁਰ ਦੀ ਨੀਂਹ ਰੱਖੀ, ਜੋ ਕਿ ਸਿੱਖ ਧਰਮ ਦਾ ਪ੍ਰਧਾਨ ਕੇਂਦਰ ਦੇ ਰੂਪ ਵਿਚ ਵਿਕਸਿਤ ਹੋਣ ਲੱਗਾ। ਬਾਲਕ ਤੇਗ਼ ਬਹਾਦਰ ਵੀ ਗੁਰੂ ਹਰਿਗੋਬਿੰਦ ਦੇ ਨਾਲ ਕੀਰਤਪੁਰ ਚਲੇ ਗਏ। ਬਾਲਕ ਤੇਗ਼ ਬਹਾਦਰ ਕਰੀਬ ਦਸ ਸਾਲ ਕੀਰਤਪੁਰ ਵਿਚ ਰਹੇ। ਇਸ ਸਮੇਂ ਇਨ੍ਹਾਂ ਦੇ ਸਿੱਖਿਅਕ ਬਾਬਕ ਅਤੇ ਜੋਧਾਮਲ ਜੀ ਦਾ ਦੇਹਾਂਤ ਹੋਇਆ। ਇਨ੍ਹਾਂ ਦੁਖਦਾਈ ਘਟਨਾਵਾਂ ਨੇ ਬਾਲਕ ਤੇਗ਼ ਬਹਾਦਰ ਨੂੰ ਅਧਿਆਤਮਕਤਾ ਵੱਲ ਪ੍ਰੇਰਿਤ ਕੀਤਾ। ਇਨ੍ਹਾਂ ਦਾ ਜੀਵਨ ਵੈਰਾਗਮਈ ਹੋ ਗਿਆ। ਬਾਲਕ ਤੇਗ਼ ਬਹਾਦਰ ਦੀ ਅਜਿਹੀ ਮਾਨਸਿਕ ਸਥਿਤੀ ਦੇਖ ਕੇ ਗੁਰੂ ਹਰਿਗੋਬਿੰਦ ਨੇ ਆਪਣੇ ਪੋਤਰੇ ਹਰਿਰਾਇ ਨੂੰ ਗੁਰੂ-ਗੱਦੀ ਦੇ ਯੋਗ ਸਮਝਿਆ। ਬਾਲਕ ਹਰਿਰਾਇ ਵਿਚ ਲੋਕਾਂ ਨੂੰ ਸੰਗਠਨ ਕਰਨ ਅਤੇ ਸੈਨਿਕ ਰੂਪ ਵਿਚ ਸ਼ਕਤੀਸ਼ਾਲੀ ਬਨਾਉਣ ਦੀ ਯੋਗਤਾ ਨੂੰ ਦੇਖ ਕੇ ਉਨ੍ਹਾਂ ਨੂੰ ਗੁਰੂ-ਗੱਦੀ ਤੇ ਬਿਠਾਇਆ। ਗੁਰੂ ਦੇਵ ਨੇ ਹਰਿਰਾਇ ਨੂੰ ਗੁਰ-ਗੱਦੀ ਤੇ ਬਿਰਜਮਾਨ ਕਰਦੇ ਸਮੇਂ ਉਸ ਨੂੰ ਸ਼ਸਤਰ, ਘੋੜੇ ਆਦਿ ਰੱਖਣ ਦਾ ਉਪਦੇਸ਼ ਦਿੱਤਾ।

ਸੈਨਾ ਦੇ ਸੋ ਦੋ ਹਜ਼ਾਰ
ਰਾਖੋ ਸੰਗ ਸੁਚੇਤ ਧਾਰ॥

ਬਾਲਕ ਤੇਗ਼ ਬਹਾਦਰ ਨੇ ਗੁਰ-ਗੱਦੀ ਨਾ ਮਿਲਣ ਤੇ ਕੋਈ ਗੁੱਸਾ ਨਾ ਕੀਤਾ ਬਲਕਿ ਆਪਣਾ ਬਹੁਤਾ ਸਮਾਂ ਅਕਾਲ ਪੁਰਖ ਦੀ ਅਰਾਧਨਾ ਵਿਚ ਬਿਤਾਉਣ ਲੱਗ ਪਏ। ਪਰੰਤੂ ਤੇਗ ਬਹਾਦਰ ਨੂੰ ਗੁਰ-ਗੱਦੀ ਨਾ ਦਿੱਤੇ ਜਾਣ ਤੇ ਉਨ੍ਹਾਂ ਦੀ ਮਾਤਾ ਨੇ ਬਹੁਤ ਰੋਸ ਪ੍ਰਗਟ ਕੀਤਾ। ਇਸ ਰੋਸ ਨੂੰ ਸੁਣ ਕੇ ਛੇਵੇਂ ਪਾਤਸ਼ਾਹ ਨੇ ਇਨ੍ਹਾਂ ਦੀ ਮਾਤਾ ਜੀ ਨੂੰ ਸੰਭਾਵਨਾ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਨੂੰ ਗੁਰ-ਗੱਦੀ ਮਿਲਣ ਦਾ ਸਮਾਂ ਅਜੇ ਆਉਣਾ ਹੈ।

ਗੁਰੂ ਹਰਿਗੋਬਿੰਦ ਨੇ ਮਹਾਂ ਪ੍ਰਸਥਾਨ ਕਰਨ ਤੋਂ ਪਹਿਲਾਂ ਬਾਲਕ ਤੇਗ਼ ਬਹਾਦਰ ਅਤੇ ਮਾਤਾ ਨੂੰ ਬਾਬਾ ਬਕਾਲਾ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਰਹਿਣ ਦਾ ਆਦੇਸ਼ ਦਿੱਤਾ। ਇਸ ਸਮੇ ਤੇਗ਼ ਬਹਾਦਰ ਦੀ ਉਮਰ 23 ਸਾਲ ਦੀ ਸੀ।

ਤੇਗ਼ ਬਹਾਦਰ ਪਰਿਵਾਰ ਸਮੇਤ ਬਾਬਾ ਬਕਾਲਾ ਸੰਨ 1644 ਵਿਚ ਪਹੁੰਚੇ। ਇਥੇ ਇਨ੍ਹਾਂ ਨੇ ਲਗਭਗ ਵੀਹ ਸਾਲ ਅਕਾਲ ਪੁਰਖ ਦੇ ਨਾਮ ਸਿਮਰਨ ਅਤੇ ਕੀਰਤਨ ਵਿਚ ਲਗਾਏ ਸਨ। ਇਨ੍ਹਾਂ ਦੀ ਪਵਿੱਤਰ ਹਿਰਦੇ ਨਾਲ ਕੀਤੀ ਗਈ ਉਪਾਸਨਾ ਤੋਂ ਪਰਮਾਤਮਾ ਬਹੁਤ ਪ੍ਰਸੰਨ ਹੋਏ। ਇਸ ਸਮੇਂ ਤੇਗ ਬਹਾਦਰ ਜੀ ਦੀ ਆਤਮਾ ਪਰਮਾਤਮਾ ਨਾਲ ਮਿਲਾਪ ਕਰ ਚੁੱਕੀ ਸੀ। ਬਾਬਾ ਬਕਾਲਾ ਵਿੱਚ ਰਹਿੰਦੇ ਸਮੇਂ ਤੇਗ ਬਹਾਦਰ ਸਮਾਂ ਮਿਲਣ ਤੇ ਲੋਕਾਂ ਨੂੰ ਮਿਲਦੇ ਅਤੇ ਕਦੀ-ਕਦੀ ਸ਼ਿਕਾਰ ਖੇਡਣ ਲਈ ਵੀ ਜਾਇਆ ਕਰਦੇ ਸਨ। ਇਸ ਪ੍ਰਕਾਰ ਇਨ੍ਹਾਂ ਦਾ ਜੀਵਨ ਮੁੱਖ ਰੂਪ ਵਿਚ ਪਰਮਾਤਮਾ ਦੀ ਭਗਤੀ ਵਿਚ ਹੀ ਬਤੀਤ ਹੁੰਦਾ ਸੀ।

ਇਸੀ ਸਮੇਂ ਗੁਰੂ ਹਰਿਰਾਏ ਆਪਣੇ ਛੋਟੇ ਸਾਹਿਬਜ਼ਾਦੇ ਹਰਿਕ੍ਰਿਸ਼ਨ ਨੂੰ ਗੁਰਗੱਦੀ ਤੇ ਬਿਰਾਜਮਾਨ ਕਰਕੇ 6 ਅਕਤੂਬਰ ਸੰਨ 1661 ਈ. ਵਿਚ ਜੋਤੀ ਜੋਤ ਵਿਚ ਲੀਨ ਹੋ ਗਏ। ਹਰਿਕ੍ਰਿਸ਼ਨ ਜੀ ਸਿੱਖਾਂ ਦੇ ਅੱਠਵੇਂ ਗੁਰੂ ਸਨ। ਇਨ੍ਹਾਂ ਨੇ ਗੁਰੂ ਨਾਨਕ ਦੇ ਅਧਿਆਤਮਕ ਸਿਧਾਤਾਂ ਨੂੰ

ਵਿਵਹਾਰਿਕ ਬਣਾਉਣ ਵਿਚ ਪੂਰਨ ਸਫਲਤਾ ਪ੍ਰਾਪਤ ਕੀਤੀ। ਇਨ੍ਹਾਂ ਦੇ ਸੇਵਾ ਆਦਿ ਗੁਣਾਂ ਤੋਂ ਸਾਧਾਰਨ ਵਿਅਕਤੀ ਤੋਂ ਲੈ ਕੇ ਰਾਜਾ ਜੈ ਸਿੰਘ ਤੱਕ ਬਹੁਤ ਪ੍ਰਭਾਵਿਤ ਹੋਏ ਅਤੇ ਇਨ੍ਹਾਂ ਦੇ ਪ੍ਰਸ਼ੰਸਕ ਬਣੇ। ਗੁਰੂ ਹਰਿਕ੍ਰਿਸ਼ਨ ਨੇ ਮਹਾਂ ਪ੍ਰਸਥਾਨ ਤੋਂ ਪਹਿਲਾਂ ਸਿੱਖਾਂ ਨੂੰ ਇੱਕਠਿਆਂ ਕੀਤਾ ਅਤੇ ਉਨ੍ਹਾਂ ਨੂੰ ਆਦੇਸ਼ ਦਿੱਤਾ ਕਿ "ਬਾਬਾ ਬਕਾਲਾ" ਵਿਚ ਤਪੱਸਿਆ ਵਿਚ ਲੀਨ ਤੇਗ ਬਹਾਦਰ ਜੀ ਗੁਰੂ ਨਾਨਕ ਦੀ ਅਧਿਆਤਮਕ-ਗੱਦੀ ਦੇ ਭਾਵੀ ਸੁਆਮੀ ਹੋਣਗੇ।

ਗੁਰੂ ਹਰਿਕ੍ਰਿਸ਼ਨ ਦੇ 'ਬਾਬਾ ਬਕਾਲਾ" ਦੇ ਸੰਕੇਤ ਨੂੰ ਪ੍ਰਾਪਤ ਕਰਕੇ ਸਿੱਖ ਸੰਗਤ ਬਾਬਾ ਬਕਾਲਾ ਨਵੇਂ ਗੁਰੂ ਨੂੰ ਗੁਰੂ-ਗੱਦੀ ਤੇ ਬਿਰਾਜਮਾਨ ਕਰਨ ਲਈ ਪਹੁੰਚੀ। ਇੱਧਰ ਇਹ ਸੂਚਨਾ ਮਿਲਦੇ ਹੀ ਗੁਰੂ ਪਰਿਵਾਰ ਨਾਲ ਸੰਬੰਧਤ ਧੀਰਮਲ ਅਤੇ 22 ਹੋਰ ਸੋਢੀ ਵੰਸ਼ ਦੇ ਸਾਧ ਆਪਣੇ-ਆਪ ਨੂੰ ਗੁਰੂ ਘਰ ਦਾ ਉਤਰਾਧਿਕਾਰੀ ਘੋਸ਼ਿਤ ਕਰਕੇ ਆਪਣੇ ਗੱਦੀ ਜਮਾ ਕੇ ਬੈਠ ਗਏ। ਇਹ ਹਰਿਕ੍ਰਿਸ਼ਨ ਨੇ ਸੰਕੇਤ ਦਿੱਤਾ ਸੀ।

ਸਾਰੀ ਸਿੱਖ ਸੰਗਤ ਨੂੰ ਇਹਨਾਂ 22 ਸਾਧੂਆਂ ਵਿਚ ਹੰਕਾਰ ਦੀ ਭਾਵਨਾ ਦਿਖਾਈ ਦਿੱਤੀ। ਇਨ੍ਹਾਂ ਵਿਚੋਂ ਕਿਸੀ ਵਿਚ ਵੀ ਗੁਰੂ ਨਾਨਕ ਦੀ ਜੋਤੀ ਨਜਰ ਨਹੀਂ ਸੀ ਆਉਂਦੀ। ਉਨ੍ਹਾਂ ਨੇ ਕੁਝ ਸੋਚ-ਵਿਚਾਰ ਕਰਨ ਤੋਂ ਬਾਅਦ ਬਾਬਾ ਬਕਾਲਾ ਦੇ ਨਿਵਾਸੀਆਂ ਤੋਂ ਕਿਸੇ ਹੋਰ ਸੰਤ ਮਹਾਤਮਾ ਬਾਰੇ ਵਿਚ ਪੁੱਛਿਆ। ਲੋਕਾਂ ਨੇ ਇਕ ਅਜਿਹੇ ਸੰਤ ਮਹਾਤਮਾ ਦੇ ਸੰਬੰਧ ਵਿਚ ਦੱਸਿਆ ਜੋ ਗੁਰੂ ਨਾਨਕ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਦਾ ਹੈ ਅਤੇ ਆਪਣਾ ਅਧਿਕ ਸਮਾਂ ਇਕਾਂਤ ਵਿਚ ਬਤੀਤ ਕਰਦਾ ਹੈ। ਮੱਖਣ ਸ਼ਾਹ ਦੇ ਨਾਲ ਸਿੱਖ-ਸੰਗਤ ਉਨ੍ਹਾਂ ਦੇ ਕੋਲ ਪਹੁੰਚੀ। ਮੱਖਣ ਸ਼ਾਹ ਉਨ੍ਹਾਂ ਦੇ ਚਿਹਰੇ ਦੀ ਅਲੋਕਿਕ ਆਭਾ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸਨੂੰ ਸੰਤ ਮਹਾਤਮਾ ਨਾਲ ਵਾਰਤਾਲਾਪ ਕਰਨ ਤੋਂ ਪਤਾ ਲਗਦਾ ਹੈ ਕਿ ਉਹੀ ਮਹਾਂਪੁਰਸ਼ ਹਨ ਜਿਸ ਵੱਲ ਗੁਰੂ ਹਰਿਕ੍ਰਿਸ਼ਨ ਨੇ ਸੰਕੇਤ ਕੀਤਾ ਸੀ। ਮੱਖਣ ਸਾਹ ਲੁਭਾਣੇ ਨੇ ਸੱਚੇ ਤੇ ਵਾਸਤਵਿਕ ਵਿਅਕਤੀ ਨੂੰ ਲੱਭ ਲਿਆ। ਉਹ ਖੁਸ਼ੀ ਨਾਲ ਬੋਲ ਉਠਿਆ-

ਉਥੇ ਚੜ ਮੰਦਰ ਫੇਰ ਸੁਨਾਇਆ।
ਆਵੋ ਸਿੱਖੋ ਮੈਂ ਸਤਿਗੁਰ ਲੱਧਾ।
ਜਾਕੀ ਮਹਿਮਾ ਅਗਮ ਅਗਾਧਾ।

ਇਸ ਸਮੇਂ ਗਿਆਨੀ ਦਰਗਾਹ ਮੱਲ ਅਤੇ ਮਾਤਾ ਸੁਲੱਖਣੀ ਗੁਰੂ ਹਰਿਕ੍ਰਿਸ਼ਨ ਦੇ ਸੰਕੇਤ ਨੂੰ ਪ੍ਰਾਪਤ ਕਰਕੇ ਬਾਬਾ ਬਕਾਲਾ ਪਹੁੰਚ ਗਏ। ਉਹ ਮਾਤਾ ਨਾਨਕੀ ਜੀ ਨੂੰ ਮਿਲੇ। ਮਾਤਾ ਨਾਨਕੀ ਜੀ ਨੇ ਦੱਸਿਆ ਕਿ ਇਥੇ ਕੁਝ ਦਿਨਾਂ ਤੋਂ ਧੀਰਮਲ, ਹਰਿ ਜੀ ਮੀਨਾ ਆਦਿ ਆਪਣੇ ਆਪ ਨੂੰ ਗੁਰ-ਗੱਦੀ ਦੇ ਉਤਰਾਧਿਕਾਰੀ ਘੋਸ਼ਿਤ ਕਰ ਰਹੇ ਹਨ। ਦਰਗਾਹ ਮੱਲ ਨੇ ਇਸ ਤੋਂ ਸੰਕੇਤ ਪ੍ਰਾਪਤ ਕਰਕੇ ਅੰਮ੍ਰਿਤਸਰ ਆਦਿ ਸ਼ਹਿਰਾਂ ਦੇ ਪ੍ਰਸਿੱਧ ਸਿੱਖਾਂ ਨੂੰ ਪੱਤਰ ਲਿਖਿਆ। ਮਾਤਾ ਨਾਨਕੀ ਦੇ ਆਦੇਸ਼ ਦੁਆਰਕਾ ਦਾਸ ਅੰਮ੍ਰਿਤਸਰ ਦੇ ਮਹਾਨ ਗਿਆਨੀ ਗੜਿਆ ਜੀ ਨੂੰ ਲੈ ਕੇ ਬਾਬਾ ਬਕਾਲਾ ਪਹੁੰਚਿਆ। ਇਨ੍ਹਾਂ ਲੋਕਾਂ ਨੇ ਵਿਰਾਟ ਸਭਾ ਦਾ ਆਯੋਜਨ ਕਰਕੇ ਸਾਰੇ ਜਨ-ਸਾਧਾਰਣ ਨੂੰ ਤੇਗ਼ ਬਹਾਦਰ ਨੂੰ ਗੁਰੂ ਬਣਾਉਣ ਦੀ ਸੂਚਨਾ ਦਿੱਤੀ। ਪ੍ਰੋ. ਸਾਹਿਬ ਸਿੰਘ ਅਨੁਸਾਰ ਗੁਰੂ ਜੀ ਅਗਸਤ 1644 ਈ. ਵਿਚ ਗੁਰੂ ਪਦ ਉੱਤੇ ਬਿਰਾਜਮਾਨ ਹੋਏ। ਸੋਹਣ ਸਿੰਘ ਸ਼ੀਤਲ ਅਨੁਸਾਰ ਇਹ ਮਿਤੀ 20 ਮਾਰਚ ਸੰਨ 1664 ਹੈ। ਪ੍ਰਸਿੱਧ ਇਤਿਹਾਸਕਾਰ ਗੋਕਲ ਚੰਦ ਨਾਰੰਗ ਨਾਰੰਗ ਅਗਸਤ ਸੰਨ 1644 ਈ. ਹੀ ਮੰਨਦੇ ਹਨ। ਪਰੰਤੂ ਸਰੂਪ ਦਾਸ ਭੱਲਾ ਦੇ ਅਨੁਸਾਰ ਗੁਰੂ ਵਾਂਗ ਦੇ ਅਧਿਕਾਰੀ ਦੁਆਰਕਾ ਦਾਸ ਨੇ ਗੋਇੰਦਵਾਲ ਨਗਰ ਤੋਂ ਬਹੁਤ ਵੱਡੀ ਸੰਗਤ ਲੈ ਕੇ ਅਤੇ ਮਾਤਾ ਨਾਨਕੀ ਅਤੇ ਭਾਈ ਗੜੀਆ ਜੀ ਦੀ ਮੌਜੂਦਗੀ ਵਿਚ ਬਕਾਲਾ ਨਗਰ ਵਿਚ ਆ ਕੇ ਗੁਰੂ ਤੇਗ਼ ਬਹਾਦਰ ਜੀ ਦੀ ਝੋਲੀ ਵਿਚ ਨਾਰੀਅਲ ਅਤੇ ਮੱਥੇ ਉੱਤੇ ਗੁਰ-ਗੱਦੀ ਦਾ ਤਿਲਕ ਲਗਾਇਆ। ਸ੍ਰੀ ਗੁਲਾਬ ਸਿੰਘ ਨੇ ਆਪਣੀ ਪ੍ਰਸਿੱਧ ਕਿਰਤ "ਸ਼ਹੀਦੀ ਪ੍ਰਸੰਥ" ਵਿਚ ਤੇਗ਼ ਬਹਾਦਰ ਦੇ ਗੁਰੂ-ਪਦ ਉਪਰ ਬਿਰਾਜਮਾਨ ਹੋਣ ਦੇ ਸੰਬੰਧ ਵਿਚ ਲਿਖਿਆ ਹੈ-

ਤਬ ਮੰਜੀ ਸਭ ਹੀ ਛਿਪ ਗਈ,
ਤੇਜ ਤਰਨ ਤੇ ਜਿਉਂ ਨਸ ਗਈ।
ਯੋਗ ਪ੍ਰਗਟੇ ਗੁਰ ਤੇਗ ਬਹਾਦਰ,
ਜਨ ਆਪਣੇ ਦੀ ਰਾਖੀ ਚਾਦਰ।

ਗੁਰੂ ਤੇਗ ਬਹਾਦਰ ਗੁਰ-ਗੱਦੀ ਉੱਤੇ ਬਿਰਾਜਮਾਨ ਹੋਣ ਤੋਂ ਬਾਦ ਸਿੱਖ-ਧਰਮ ਸਥਾਨਾਂ ਨੂੰ ਦੇਖਣ ਲਈ ਚੱਲ ਪਏ। ਪਹਿਲਾਂ ਗੁਰੂ ਸਾਹਿਬ ਅੰਮ੍ਰਿਤਸਰ ਗਏ ਜਿਵੇ ਹੀ ਹਰਿਮੰਦਰ ਦੇ ਪੁਜਾਰੀਆਂ ਨੂੰ ਪਤਾ ਲੱਗਾ ਕਿ ਗੁਰੂ ਦੇਵ ਗੁਰਦੁਆਰਾ ਦੇ ਦਰਸ਼ਨ ਕਰਨ ਆ ਰਹੇ ਹਨ, ਉਨ੍ਹਾਂ ਦੇ ਗੁਰੂ ਸਾਹਿਬ ਦੇ ਆਉਣ ਤੋਂ ਪਹਿਲਾਂ ਹੀ ਗੁਰਦੁਆਰੇ ਦੇ ਦਰਵਾਜੇ ਬੰਦ ਕਰ ਦਿੱਤੇ। ਪੁਜਾਰੀਆਂ ਦੇ ਮਨ ਵਿਚ ਇਹ ਡਰ ਬੈਠ ਗਿਆ ਕਿ ਜੇਕਰ ਗੁਰੂ ਦੇਵ ਗੁਰਦੁਆਰੇ ਵਿਚ ਪ੍ਰਵੇਸ਼ ਕਰ ਗਏ ਤਾਂ ਉਨ੍ਹਾਂ ਦੇ ਹੱਥਾਂ ਵਿਚੋਂ ਸਾਰੀ ਦੌਲਤ ਚਲੀ ਜਾਵੇਗੀ। ਉਨ੍ਹਾਂ ਨੂੰ ਆਪਣਾ ਸਨਮਾਨ ਘੱਟ ਜਾਣ ਦਾ ਸ਼ੱਕ ਹੋਣ ਲੱਗਾ।

ਗੁਰੂ ਦੇਵ ਨੇ ਮਸੰਦਾਂ ਦੇ ਬੁਰੇ ਵਿਹਾਰ ਪ੍ਰਤੀ ਗੁੱਸਾ

ਪ੍ਰਗਟ ਨਹੀਂ ਕੀਤਾ ਅਤੇ ਨਾ ਹੀ ਇਸ ਨੂੰ ਕੋਈ ਮਹੱਤਵ ਦਿੱਤਾ। ਉਹ ਦਰਬਾਰ ਸਾਹਿਬ (ਹਰਿਮੰਦਰ) ਨਜਦੀਕੀ ਸਥਾਨ ਉੱਪਰ ਰਹਿ ਕੇ ਗੁਰੂ ਨਾਨਕ ਦੇ ਉਪਦੇਸ਼ ਦਾ ਪ੍ਰਚਾਰ ਕਰਨ ਲੱਗੇ। ਉੱਥੇ ਹੀ ਅੱਜ ਕੱਲ "ਥੜ੍ਹਾ ਸਾਹਿਬ" ਨਾਮਕ ਗੁਰਦੁਆਰਾ ਸਥਿਤ ਹੈ। ਉਥੇ ਲੋਕ ਇੱਕਠੇ ਹੋ ਕੇ ਗੁਰੂ ਜੀ ਦੇ ਉਪਦੇਸ਼ ਸੁਨਣ ਲੱਗੇ ਅਤੇ ਆਪਣੇ ਜੀਵਨ ਨੂੰ ਸਫਲ ਬਨਾਉਣ ਲੱਗੇ। ਗੁਰੂ ਜੀ ਦੇ ਕ੍ਰਾਂਤੀਕਾਰੀ ਵਿਚਾਰਾਂ ਦਾ ਅਮ੍ਰਿਤਸਰ ਦੇ ਨਿਕਟਵਰਤੀ ਸਥਾਨਾਂ ਦੇ ਲੋਕਾਂ ਉੱਪਰ ਬਹੁਤ ਪ੍ਰਭਾਵ ਪਿਆ। ਸਿੱਖਾਂ ਨੇ ਇਹ ਅਨੁਭਵ ਕੀਤਾ ਕਿ ਗੁਰੂ ਜੀ ਦੇ ਨਾਲ ਪੂਰਨ ਆਦਰ-ਸਤਿਕਾਰ ਨਹੀਂ ਦਿਖਾਇਆ। ਮਸੰਦਾਂ ਵਿਚੋਂ ਵੀ ਅਧਿਕ ਨੇ ਗੁਰੂ ਜੀ ਦੇ ਪ੍ਰਤੀ ਕੀਤੇ ਅਨਿਆਇ ਦੇ ਪ੍ਰਤੀ ਪਸ਼ਚਾਤਾਪ ਕੀਤਾ। ਹਰੀਆ ਜੀ ਦੇ ਅਨੁਰੋਧ ਉੱਪਰ ਅੰਮ੍ਰਿਤਸਰ ਤੋਂ ਗੁਰੂ ਜੀ ਵੱਲਾ ਨਾਮਕ ਪਿੰਡ ਵਿਚ ਧਾਰਮਿਕ ਉਪਦੇਸ਼ ਦੇਣ ਗਏ। ਇਨ੍ਹਾਂ ਦੇ ਉਪਦੇਸ਼ਾਂ ਤੋਂ ਲੋਕ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੇ ਸੇਵਕ ਬਣਦੇ ਗਏ।

ਅੰਮ੍ਰਿਤਸਰ ਤੋਂ ਗੁਰੂ ਜੀ ਗੋਇੰਦਵਾਲ ਸਾਹਿਬ ਹੁੰਦੇ ਹੋਏ ਬਿਆਸ ਪਹੁੰਚੇ। ਇਨ੍ਹਾਂ ਸਭ ਸਥਾਨਾਂ ਤੇ ਸਰਧਾਲੂਆਂ ਨੇ ਇਨ੍ਹਾਂ ਨੇ ਪੂਰਨ ਸਨਮਾਨ ਦਿੱਤਾ। ਇਨ੍ਹਾਂ ਦੇ ਦਰਸ਼ਨਾਂ ਲਈ ਲੋਕਾਂ ਦੀ ਭੀੜ ਵੱਧਣ ਲੱਗੀ। ਇਨ੍ਹਾਂ ਨੂੰ ਕਈ ਪ੍ਰਕਾਰ ਦੀਆਂ ਕੀਮਤੀ ਵਸਤੂਆਂ ਭੇਂਟਾਂ ਦੇ ਰੂਪ ਵਿਚ ਮਿਲਣ ਲੱਗੀਆਂ। ਕੁਝ ਸਮੇਂ ਤੋਂ ਬਾਅਦ ਇਹ ਕੀਰਤਪੁਰ ਸਾਹਿਬ ਗਏ। ਪਰੰਤੂ ਉਥੇ ਉਹ ਅਧਿਕ ਸਮਾਂ ਨਾ ਰਹਿ ਸਕੇ। ਇਸ ਦੇ ਮੁੱਖ ਕਾਰਨ ਸਨ-ਪਹਿਲਾਂ ਗੁਰੂ ਜੀ ਦੇ ਨਿਕਟਵਰਤੀ ਲੋਕ ਇਨ੍ਹਾਂ ਦੀ ਵੱਧਦੀ ਸ਼ਾਖ ਦੇਖ ਕੇ ਈਰਖਾ ਕਰਨ ਲੱਗੇ ਸਨ। ਦੂਸਰੀ ਗੁਰੂ ਜੀ ਸਿੱਖ ਧਰਮ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ ਜੋ ਕਿ ਉੱਥੇ ਰਹਿ ਕੇ ਭਲੀ-ਭਾਂਤ ਨਹੀਂ ਹੋ ਸਕਦਾ ਸੀ। ਕਨਿੰਘਮ ਆਪਣੇ ਪ੍ਰਸਿੱਧ ਗ੍ਰੰਥ "ਸਿੱਖਾਂ ਦਾ ਇਤਿਹਾਸ" ਵਿਚ ਲਿਖਦੇ ਹਨ ਕਿ ਗੁਰੂ ਤੇਗ਼ ਬਹਾਦਰ ਨੇ ਇਹ ਅਨੁਭਵ ਕਰ ਲਿਆ ਸੀ ਕਿ ਮੁਗਲ ਸ਼ਾਸਤਕ ਦੀ ਸੰਪਰਦਾਇਕ ਹਿੰਸਕ ਨੀਤੀ ਦੇ ਕਾਰਣ ਸਿੱਖ ਧਰਮ ਦੇ ਪ੍ਰਚਾਰ ਲਈ ਕੋਈ ਸੁਰੱਖਿਆਤ ਸਥਾਨ ਨੂੰ ਕੇਂਦਰ ਬਣਾਇਆ ਜਾਣਾ ਚਾਹੀਦਾ ਹੈ ਜਿਸ ਨਾਲ ਸਿੱਖ ਧਰਮ ਅੱਗੇ ਵੱਧ ਸਕੇ।" ਇਸ ਦ੍ਰਿਸ਼ਟੀਕੋਣ ਨੂੰ ਮੁੱਖ ਰੱਖ ਕੇ ਗੁਰੂ ਦੇਵ ਨੇ ਕੀਰਤਪੁਰ ਤੋਂ ਕੁਝ ਦੂਰ ਮਾਖੋਵਾਲ ਕਸਬੇ ਵਿਚ ਜ਼ਮੀਨ ਖ਼ਰੀਦ ਕੇ ਇਕ ਨਵੇਂ ਨਗਰ ਦੀ ਨੀਂਹ ਰੱਖੀ ਜਿਸਦਾ ਨਾਮ ਆਪਣੀ ਮਾਤਾ ਜੀ ਦੇ ਨਾਮ ਉੱਪਰ "ਨਾਨਕੀ ਚੱਕ" ਰੱਖਿਆ, ਜੋ ਕਿ ਬਾਅਦ ਵਿਚ ਆਨੰਦਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ। ਇਹ ਉਹੀ ਨਗਰ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਨੇ ਸੰਨ 1699 ਈ. ਵਿਚ ਨਿਰਾਲੇ ਖਾਲਸੇ ਦਾ ਨਿਰਮਾਣ ਕੀਤਾ। "ਨਾਨਕੀ ਚੱਕ" ਵਿਚ ਗੁਰੂ ਤੇਗ ਬਹਾਦਰ "ਸੱਚੇ ਪਾਤਸ਼ਾਹ" ਦੇ ਨਾਮ ਨਾਲ ਪ੍ਰਸਿੱਧ ਹੋਏ। ਇਨ੍ਹਾਂ ਦੇ ਦਰਬਾਰ ਵਿਚ ਦਰਗਾਹ ਮੱਲ ਦੇ ਸਪੁੱਤਰ ਮਤੀਦਾਸ ਦੀਵਾਨ ਦੇ ਪਦ ਉੱਪਰ ਪਦ ਦਿੱਤਾ ਗਿਆ। ਭਾਈ ਮਤੀਦਾਸ "ਗੁਰ ਦਰਬਾਰ" ਵਿਚ ਲੇਖਕ ਦੇ ਰੂਪ ਵਿਚ ਕੰਮ ਕਰਦੇ ਗਏ। ਗੁਰੂ ਜੀ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦੇ ਸਿੱਖ ਬਣਦੇ ਗਏ। ਇਸ ਪ੍ਰਕਾਰ ਕੁੱਝ ਹੀ ਸਾਲਾਂ ਵਿਚ ਸੰਖਿਆ ਬਹੁਤ ਵੱਧ ਗਈ। ਇਨ੍ਹਾਂ ਦੇ ਉਪਦੇਸ਼ਾਂ ਦਾ ਪ੍ਰਭਾਵ ਹਿੰਦੂਆਂ ਅਤੇ ਮੁਸਲਮਾਨਾਂ ਉੱਪਰ ਵੀ ਪਿਆ ਅਤੇ ਉਹ ਉਨ੍ਹਾਂ ਨੂੰ ਅਵਤਾਰ ਅਤੇ ਪੈਗੰਬਰ ਦੇ ਰੂਪ ਵਿਚ ਸਨਮਾਨਿਤ ਕਰਨ ਲੱਗੇ। ਇਸ ਸਮੇਂ ਤੱਕ ਆਨੰਦਪੁਰ ਵਿਚ ਹੀ ਗੁਰੂ ਸਾਹਿਬ ਨੇ ਸਿੱਖ ਧਰਮ ਦੇ ਸੰਦੇਸ਼ ਨੂੰ ਸਾਰੇ ਭਾਰਤ ਵਿਚ ਫੈਲਾਉਣ ਦਾ ਨਿਸ਼ਚਾ ਕੀਤਾ।

ਤੇਗ਼ ਬਹਾਦਰ ਜੀ ਦੇ ਗੁਰੂ ਬਨਣ ਦੀਆਂ ਸ਼ੁਭ ਸੂਚਨਾਵਾਂ ਇਕਦਮ ਹੀ ਸਾਰੇ ਭਾਰਤ ਵਿਚ ਫੈਲ ਗਈਆਂ। ਗੁਰੂ ਜੀ ਤੋਂ ਪਹਿਲਾਂ ਅਨੇਕ ਸਿੱਖ ਸੰਗਤਾਂ ਉੱਤਰ ਭਾਰਤ ਦੇ ਅਨੇਕ ਪ੍ਰਦੇਸ਼ਾਂ ਵਿਚ ਬਣ ਚੁੱਕੀਆਂ ਸਨ। ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਦੇ ਸਿੱਖਾਂ ਨੇ ਗੁਰੂ ਦਰਸ਼ਨ ਦੀ ਇੱਛਾ ਅਨੇਕਾ ਵਾਰ ਪ੍ਰਗਟ ਕੀਤੀ। ਇਨ੍ਹਾਂ ਪ੍ਰਦੇਸ਼ਾਂ ਦੇ ਸਿੱਖ ਜਦੋਂ ਵੀ ਪੰਜਾਬ ਆਉਂਦੇ, ਉਹ ਗੁਰੂ ਜੀ ਨੂੰ ਆਪਣੇ ਕੋਲ ਆਉਣ ਦਾ ਨਿਮੰਤਰਣ ਦਿੰਦੇ ਸਨ। ਗੁਰੂ ਜੀ ਨੇ ਅਨੁਭਵ ਕੀਤਾ ਕਿ ਗੁਰੂ ਨਾਨਕ ਦੇ ਮਾਰਗ ਨੂੰ ਹੋਰ ਅਧਿਕ ਪ੍ਰਚਾਰਤ ਕਰਨ ਚਾਹੀਦਾ ਹੈ। ਇਸ ਸਮੇਂ ਉਨ੍ਹਾਂ ਦੇ ਮਨ ਵਿਚ ਵਿਚਾਰ ਉਤਪੰਨ ਹੋਇਆ ਕਿ ਗੁਰੂ ਨਾਨਕ ਦੁਆਰਾ ਸੰਸਥਾਪਿਤ ਸੰਗਤਾਂ ਨੂੰ ਸੰਗਠਿਤ ਤੇ ਦ੍ਰਿੜ੍ਹ ਬਨਾਉਣਾ ਚਾਹੀਦਾ ਹੈ। ਇਸੀ ਉਦੇਸ਼ ਦੀ ਪੂਰਤੀ ਦੇ ਲਈ ਗੁਰੂ ਸਾਹਿਬ ਨੇ ਮਾਤਾ ਨਾਨਕੀ ਜੀ, ਪਤਨੀ ਗੁਜਰੀ ਜੀ ਅਤੇ ਮਾਮਾ ਕ੍ਰਿਪਾਲ ਚੰਦ ਜੀ ਨਾਲ ਪਹਿਲਾ ਪੜਾਉ ਸੈਫ਼ਾਬਾਦ ਦੇ ਨਵਾਬ ਸੈਫਦੀਨ ਦੇ ਘਰ ਕੀਤਾ। ਨਵਾਬ ਸੈਫਦੀਨ ਗੁਰੂ ਘਰ ਦਾ ਸ਼ਰਧਾਲੂ ਸੀ। ਇਸਨੇ ਆਪਣੀ ਬੇਗਮ ਸਹਿਤ ਗੁਰੂ ਪਰਿਵਾਰ ਦੀ ਬਹੁਤ ਸੇਵਾ ਕੀਤੀ। ਉਨ੍ਹਾਂ ਨੇ ਸ਼ਰਧਾਵਸ਼ ਹੋ ਕੇ ਗੁਰੂ ਜੀ ਨੇ ਤੰਬੂ, ਘੋੜੇ ਆਦਿ ਦੀ ਭੇਂਟ ਦਿੱਤੀ ਜਿਸ ਨੂੰ ਗੁਰੂ ਜੀ ਨੇ ਸਵੀਕਾਰ ਕਰਦੇ ਹੋਏ ਉਪਦੇਸ਼ ਦਿੱਤਾ, ਪਰਮਾਤਮਾ ਨੂੰ ਹਮੇਸ਼ਾਂ ਯਾਦ ਕਰਨਾ, ਲੋਕਾਂ ਦੀ ਤਨ-ਮਨ-ਧਨ ਨਾਲ ਸੇਵਾ ਕਰਨਾ ਅਤੇ ਸ਼ੁਭ ਕਰਮਾਂ ਨੂੰ ਜੀਵਨ ਵਿਚ ਮਹੱਤਵਪੂਰਨ ਸਥਾਨ ਦੇਣਾ।

ਉਥੋਂ ਗੁਰੂ ਦੇਵ ਕੈਥਲ, ਪੇਹੇਵਾ ਆਦਿ ਸਥਾਨਾਂ ਉਪਰ ਲੋਕਾਂ ਨੂੰ ਸੱਚ ਅਤੇ ਧਰਮ ਦਾ ਉਪਦੇਸ਼ ਦੇਂਦੇ ਹੋਏ ਕੁਰੁਕਸ਼ੇਤਰ ਵਿਚ ਪਹੁੰਚੇ। ਗੁਰੂ ਜੀ ਦੀ ਨਗਰ ਵਿਚ ਪਹੁੰਚਣ ਦੀ ਖ਼ਬਰ ਸੁਣਦੇ ਹੀ ਸਿੱਖ, ਹਿੰਦੂ ਆਦਿ ਇਨ੍ਹਾਂ ਦੇ ਦਰਸ਼ਨ ਕਰਨ ਲਈ ਆਉਣ ਲੱਗੇ। ਉੱਥੇ ਉਨ੍ਹਾਂ ਨੇ ਲੋਕਾਂ ਨੂੰ ਮਾਨਵਤਾ ਦਾ ਪਾਠ ਸਿਖਾਇਆ। ਦਿੱਲੀ ਜਾਂਦੇ ਹੋਏ ਗੁਰੂ ਜੀ ਨੇ ਸਾਤਵਿਕ ਉਦਾਸੀ ਵੈਸ਼ਨਵ ਸਾਧੂ ਭਾਈ ਮਲੂਕ ਦਾਸ ਦਾ ਉੱਧਾਰ ਕੀਤਾ। ਜੋ ਪਹਿਲਾਂ ਉਨ੍ਹਾਂ ਨੇ ਵੀਰ-ਭੇਸ ਨੂੰ ਦੇਖ ਕੇ ਉਨ੍ਹਾਂ ਦੀ ਅਧਿਆਤਮਕ ਸ਼ਕਤੀ ਨੂੰ ਨਾ ਪਹਿਚਾਣ ਸਕਿਆ, ਲੇਕਿਨ ਬਾਅਦ ਵਿਚ ਉਸ ਤੋਂ ਜਾਣੂ ਹੋ ਗਿਆ ਸੀ। ਇਸ ਤੋਂ ਬਾਅਦ ਭਾਈ ਮਲੂਕ ਦਾਸ ਨੇ ਗੁਰੂ ਜੀ ਦੇ ਚਰਨ ਛੂਹੇ ਅਤੇ ਇਕ ਗੁਰਬਾਣੀ ਸੰਬੰਧੀ ਪੁਸਤਕ ਦਿਤੀ, ਜੋ ਅੱਜ ਵੀ ਉਥੋਂ ਦੇ ਇਤਿਹਾਸਕ-ਸਮਾਰਗ ਵਿਚ ਸੁਰੱਖਿਆਤ ਹੈ।

ਇਸ ਤੋਂ ਬਾਅਦ ਗੁਰੂ ਜੀ ਸੱਚ ਧਰਮ ਦਾ ਪ੍ਰਚਾਰ ਕਰਦੇ ਹੋਏ ਦਿੱਲੀ ਪਹੁੰਚੇ। ਡਾ. ਤ੍ਰਿਲੋਚਨ ਸਿੰਘ, ਪ੍ਰੋ. ਪ੍ਰੀਤਮ ਸਿੰਘ ਗਿੱਲ ਆਦਿ ਵਿਦਵਾਨਾਂ ਦਾ ਇਹ ਮੱਤ ਹੈ। ਪਰੰਤੂ ਕਈ ਸਿੱਖ ਇਤਿਹਾਸਕਾਰ ਠਾਕਰ ਦੇਸਰਾਜ, ਗਿਆਨੀ ਗਿਆਨ ਸਿੰਘ, ਭਾਈ ਅਵਤਾਰ ਸਿੰਘ ਆਦਿ ਇਸ ਪੱਖ ਵਿਚ ਨਹੀਂ ਹਨ। ਰਾਜਾ ਜੈ ਸਿੰਘ ਖ਼ਬਰ ਮਿਲਦੇ ਹੀ ਗੁਰੂ ਜੀ ਦੇ ਕੋਲ ਗਏ ਅਤੇ ਉਨ੍ਹਾਂ ਨੂੰ ਆਪਣੇ ਮਹਿਲਾਂ ਵਿਚ ਲੈ ਆਏ। ਰਾਜਾ ਜੈ ਸਿੰਘ ਦੀ ਰਾਣੀ ਨੇ ਗੁਰ-ਪਰਿਵਾਰ ਦਾ ਹਾਰਦਿਕ ਸਵਾਗਤ ਕੀਤਾ। ਇਸ ਸਮੇਂ ਦਿੱਲੀ ਦੇ ਮਸ਼ਹੂਰ ਸਿੱਖ ਵਿਉਪਾਰੀ ਲੱਖੀ ਰਾਇ ਆਪਣੇ ਪਰਿਵਾਰ-ਸਹਿਤ ਗੁਰੂ ਦੇਵ ਦੇ ਦਰਸ਼ਨ ਕਰਨ ਲਈ ਹਾਜ਼ਰ ਹੋਇਆ। ਗੁਰੂ ਜੀ ਨੇ ਉਨ੍ਹਾਂ ਦੇ ਸੱਚੇ ਆਚਰਨ ਅਤੇ ਪਰਉਪਕਾਰ ਕਰਨ ਦੇ ਉਪਦੇਸ਼ ਦਿੱਤੇ। ਦਿੱਲੀ ਵਿਚ ਕੁਝ ਸਪਤਾਹ ਰਹਿਣ ਤੋਂ ਬਾਅਦ ਗੁਰੂ ਜੀ ਹਿੰਦੂਆਂ ਦੇ ਪ੍ਰਸਿੱਧ ਸਥਾਨ ਮਥੁਰਾ ਗਏ। ਉਥੇ ਆਪ ਨੇ ਕੰਮ ਟਿੱਲੇ ਉੱਪਰ ਨਿਵਾਸ ਕੀਤਾ। ਉੱਥੋਂ ਗੁਰੂ ਜੀ ਬਿਰੰਦਾਵਨ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਦੇ ਲੀਲਾ ਸਥਾਨਾਂ ਦੇ ਦਰਸ਼ਨ ਕਰਕੇ ਆਗਰਾ ਨਗਰ ਵਿਚ ਠਹਿਰੇ। ਆਗਰਾ ਨਗਰ ਵਿਚ ਨੌਵੇਂ ਗੁਰੂ ਜੀ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਗੁਰੂ ਰਾਮਦਾਸ ਅਤੇ ਭਾਈ ਗੁਰਦਾਸ ਜੀ ਸਿੱਖ ਧਰਮ ਦੇ ਪ੍ਰਤੀਨਿਧ ਦੇ ਰੂਪ ਵਿਚ ਠਹਿਰ ਚੁੱਕੇ ਸਨ। ਇਕ ਧਰਮ ਸ਼ਰਧਾਲੂ ਸੇਵਕਾ ਮਾਈ ਜੱਸੀ ਨੇ ਗੁਰੂ ਜੀ ਨੂੰ ਦੋ ਦਿਨ ਲਈ ਉੱਥੇ ਠਹਿਰਾਇਆ। ਇਹ ਸਥਾਨ ਹੁਣ ਵੀ "ਮਾਈਖਾਨ ਗੁਰੂ ਸਿਆਰਥ" ਦੇ ਨਾਮ ਨਾਲ ਪ੍ਰਸਿੱਧ ਹੈ। ਉਥੋਂ ਗੁਰੂ ਜੀ ਅਟਾਵਾ, ਕਾਨ੍ਹਪੁਰ, ਫਤਿਹਪੁਰ ਹੁੰਦੇ ਹੋਏ ਪ੍ਰਯਾਗ (ਇਲਾਹਾਬਾਦ) ਪਹੁੰਚੇ। ਪ੍ਰਯਾਗ ਰਾਜ ਹਿੰਦੂਆਂ ਦਾ ਪ੍ਰਸਿੱਧ ਤੀਰਥ ਅਸਥਾਨ ਹੈ। ਇਹ ਨਗਰ ਤਿੰਨ ਨਦੀਆਂ-ਗੰਗਾ, ਜਮਨਾ ਅਤੇ ਸਰਸਵਤੀ ਦੇ ਸੰਗਮ ਦੇ ਕਾਰਣ ਤ੍ਰਿਵੇਣੀ ਦੇ ਨਾਮ ਨਾਲ ਪ੍ਰਸਿੱਧ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਜੀ ਦੀ ਪ੍ਰਯਾਗ ਤੀਰਥ-ਯਾਤਰਾ ਦਾ ਉਲੇਖ ਕੀਤਾ ਹੈ:-

ਮੁਰ ਪਿਤਾ ਪੂਰਬ ਕੀਅਸ ਧਿਆਨਾ।
ਭਾਂਤ-ਭਾਂਤ ਕੇ ਤੀਰਥ ਨਾਨਾ।
ਜ਼ਬ ਹੀ ਜਾਤ ਤ੍ਰਿਬੇਣੀ ਭਏ।
ਪੁੰਨ ਦਾਨ ਦਿਨ ਕਰਤ ਬੀਤਏ।
ਤਹੀ ਪ੍ਰਕਾਸ਼ ਹਮਾਰਾ ਭਈਉ।
ਪਟਨਾ ਸ਼ਹਿਰ ਬਿਖੈ ਭਵ ਲਈਉ।

ਇਲਾਹਬਾਦ ਵਿਚ ਹੀ ਗੁਰੂ ਜੀ ਨੇ ਪਾਖੰਡੀ ਸਾਧੂਆਂ ਨੂੰ ਸੱਚ-ਧਰਮ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੂੰ ਆਡੰਬਰ ਵਾਲਾ ਜੀਵਨ ਤਿਆਗਣ ਲਈ ਕਿਹਾ ਅਤੇ ਪਵਿੱਤਰ ਹਿਰਦੇ ਨਾਲ ਪਰਮਾਤਮਾ-ਭਗਤੀ ਕਰਨ ਦਾ ਉਪਦੇਸ਼ ਦਿੱਤਾ। ਇਲਾਹਾਬਾਦ ਵਿਚ ਗੁਰੂ ਜੀ ਕਰੀਬ ਪੰਜ ਮਹੀਨੇ ਰਹੇ।

ਪ੍ਰਯਾਗ ਤੋਂ ਮਿਰਜਾਪੁਰ ਹੁੰਦੇ ਹੋਏ ਗੁਰੂ ਤੇਗ ਵਾਰਾਨਸੀ ਗਏ ਜੋ ਕਿ ਗੁਰੂ ਨਾਨਕ ਮਿਸ਼ਨ ਦਾ ਪ੍ਰਸਿੱਧ ਕੇਂਦਰ ਸੀ। ਉਥੇ ਗੁਰੂ ਜੀ ਦੀ ਵੈਸ਼ਨਵ-ਚਿੰਤਕਾਂ ਨਾਲ ਗੱਲਬਾਤ ਹੋਈ। ਇਨ੍ਹਾਂ ਦੇ ਅਧਿਆਤਮਕ ਗਿਆਨ ਤੋਂ ਸਾਧੂ-ਮਹਾਤਮਾ ਬਹੁਤ ਪ੍ਰਭਾਵਿਤ ਹੋਏ। ਗੁਰੂ ਜੀ ਨੇ ਪ੍ਰਭੂ ਭਗਤੀ ਦੁਆਰਾ ਮੁਕਤੀ ਪ੍ਰਾਪਤ ਕਰਨ ਦਾ ਉਪਦੇਸ਼ ਲੋਕਾਂ ਨੂੰ ਦਿੱਤਾ-

ਜਾ ਮਹਿ ਭਜਨੁ ਰਾਮ ਕੋ ਨਾਂਹੀ,
ਤਿਹ ਨਹਿ ਜਨਮੁ ਅਕਾਰਥੁ ਖੋਇਆ
ਯਹ ਰਾਖਹੁ ਮਨ ਮਾਹੀ॥ ਰਹਾਉ॥
ਤੀਰਖ ਕਰੈ ਸੁਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੇ
ਨਿਹਫਲ ਧਰਮ ਤਾਹਿ ਤੁਮ ਮਾਨੋ ਸਾਜੁ ਕਹਤ ਮੈ ਯਾ ਕਉ।
ਜੈਸੋ ਪਾਹਨੁ ਜਲ ਮਹਿ ਰਾਖਿਉ ਭੇਟੇ ਨਾਹਿ ਤਿਹ ਪਾਨੀ।
ਤੈਸੇ ਹੀ ਤੁਮ ਤਾਹਿ ਪਛਾਨੋ ਭਗਤਿ ਹੀਨ ਜੋ ਪ੍ਰਾਨੀ।
ਕਲਿ ਮਹਿ ਮੁਕਤਿ ਨਾਮ ਤੇ ਪਾਵਤ ਗੁਰ ਯਹ ਭੇਦੁ ਬਤਾਏ॥
ਕਹੁ ਨਾਨਕ ਸੋਈ ਨਹੁ ਗੁਰਆਂ ਜੋ ਪ੍ਰਭ ਤੇ ਗੁਨ ਗਾਵੇ।

ਇਸ ਤਰ੍ਹਾਂ ਗੁਰੂ ਜੀ ਨੇ ਦਿਖਾਵੇ ਦੇ ਤੀਰਥ-ਵਰਤ ਰੱਖਣ ਨੂੰ ਵਿਅਰਥ ਕਿਹਾ ਹੈ। ਉਨ੍ਹਾਂ ਨੇ ਪ੍ਰਭੂ ਭਗਤੀ ਦੇ ਮਹੱਤਵ ਨੂੰ ਦਰਸਾਉਂਦੇ ਹੋਏ ਪ੍ਰਭੂ ਨਾਮ ਸਿਮਰਨ ਦੁਆਰਾ

ਮੁਕਤੀ-ਪ੍ਰਾਪਤ ਦਾ ਉਪਦੇਸ਼ ਦਿੱਤਾ। ਇਨ੍ਹਾਂ ਨੇ ਸਿੱਧੇ ਸਾਦੇ ਉਪਦੇਸ਼ ਤੋਂ ਲੋਕ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੇ ਚੇਲੇ ਬਣ ਗਏ।

ਗੁਰੂ ਤੇਗ ਬਹਾਦਰ ਬਨਾਰਸ ਤੋਂ ਸੰਗਮ, ਗੋਆ ਹੁੰਦੇ ਹੋਏ ਪਟਨਾ ਪਹੁੰਚੇ। ਇਨ੍ਹਾਂ ਤੋਂ ਪਹਿਲਾਂ ਗੁਰੂ ਨਾਨਕ ਪਟਨਾ ਆ ਚੁੱਕੇ ਸਨ। ਉਥੇ ਗੁਰੂ ਨਾਨਕ ਦੇ ਚੇਲਿਆਂ ਦੀ ਸੰਖਿਆ ਹਜ਼ਾਰਾਂ ਵਿਚ ਸੀ। ਗੁਰੂ ਨਾਨਕ ਦੇ ਆਗਮਨ ਦੀ ਯਾਦ ਵਿਚ ਗੁਰਦੁਆਰਾ ਵੀ ਬਣਿਆ ਹੋਇਆ ਹੈ। ਗੁਰ ਤੇਗ ਬਹਾਦਰ ਪਟਨਾ ਵਿਚ ਕਰੀਬ ਤਿੰਨ ਮਹੀਨੇ ਠਹਿਰੇ। ਇਨ੍ਹਾਂ ਨੇ ਲੋਕਾਂ ਵਿਚ ਧਰਮ ਦਾ ਪ੍ਰਚਾਰ ਕੀਤਾ। ਲੋਕਾਂ ਨੂੰ ਸੁੱਖ ਅਤੇ ਸ਼ਾਂਤਮਈ ਜੀਵਨ ਬਤੀਤ ਕਰਨ ਦੇ ਲਈ ਅਕਾਲ ਪੁਰਖ ਦੀ ਉਪਾਸਨਾ ਕਰਨ ਉੱਪਰ ਜ਼ੋਰ ਦਿੱਤਾ। ਇਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਉਪਦੇਸ਼ ਦਿੰਦੇ ਹੋਏ ਕਿਹਾ- "ਮਾਇਆ ਬਹੁਤ ਬੁਰੀ ਹੈ, ਇਸ ਦੇ ਪ੍ਰਭਾਵ ਤੋਂ ਬਚਣਾ ਚਾਹੀਦਾ ਹੈ ਅਤੇ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਨਾ ਚਾਹੀਦਾ ਹੈ। ਇਹ ਦ੍ਰਿਸ਼ਟਮਾਨ ਜਗਤ ਨਾਸ਼ਮਾਨ ਹੈ। ਇਸ ਦੇ ਸੁਖ ਇਕ ਛਿਣ ਲਈ ਹਨ ਅਤੇ ਸੰਸਾਰਿਕ ਸੁੱਖਾਂ ਨੂੰ ਅੰਤਿਮ ਅਨੰਦ ਨਹੀਂ ਸਮਝਣਾ ਚਾਹੀਦਾ।" ਅੰਤ ਵਿਚ ਗੁਰੂ ਜੀ ਨੇ ਕਿਹਾ ਕਿ ਉਹੀ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ ਜੋ ਕਿ ਅਕਾਲ ਪੁਰਖ ਦੀ ਉਪਾਸਨਾ ਕਰਦਾ ਹੈ। ਇਸ ਤਰ੍ਹਾਂ ਗੁਰੂ ਜੀ ਨੇ ਪਟਨਾ ਨਿਵਾਸੀਆਂ ਨੂੰ ਭੌਤਿਕ ਸੁੱਖਾਂ ਨੂੰ ਅੰਤਿਮ ਮੰਜ਼ਿਲ ਨਾ ਮੰਨ ਕੇ ਪਰਮਾਤਮਾ-ਚਿੰਤਨ ਵੱਲ ਪ੍ਰੇਰਿਤ ਕੀਤਾ।

ਗੁਰੂ ਤੇਗ਼ ਬਹਾਦਰ ਦਾ ਪਟਨਾ ਵਿਚ ਹਿੰਦੂਆਂ, ਮੁਸਲਮਾਨਾਂ ਅਤੇ ਨਾਥਾਂ ਨਾਲ ਧਰਮ, ਦਰਸ਼ਨ ਆਦਿ ਵਿਸ਼ਿਆਂ ਉੱਪਰ ਅਨੇਕ ਵਾਰ ਗੱਲਬਾਤ ਹੋਈ। ਗੁਰੂ ਜੀ ਦੇ ਵਿਚਾਰਾਂ ਤੋਂ ਸਿੱਖ ਹੀ ਨਹੀਂ ਬਲਕਿ ਦੂਸਰੇ ਧਰਮਾਂ ਵਾਲੇ ਵੀ ਪ੍ਰਭਾਵਿਤ ਹੁੰਦੇ ਹਨ। ਇਕ ਵਾਰ ਨਾਥ-ਜੋਗੀ ਗੁਰੂ ਦੇਵ ਦੇ ਕੋਲ ਆਏ ਅਤੇ ਉਨ੍ਹਾਂ ਤੋਂ ਸੱਚੇ ਜੋਗੀ ਦੇ ਸਰੂਪ ਬਾਰੇ ਵਿਚ ਪੁੱਛਿਆ, ਗੁਰੂ ਜੀ ਨੇ ਉਨ੍ਹਾਂ ਨੂੰ ਸੱਚੇ ਜੋਗੀ ਦੇ ਗੁਣਾਂ ਦੀ ਚਰਚਾ ਕਰਦੇ ਹੋਏ ਨਿਮਨਲਿਖਿਤ ਸ਼ਬਦ ਦਾ ਉਚਾਰਨ ਕੀਤਾ-

ਤਹ ਜੋਗੀ ਕਉ ਜੁਗਤਿ ਨ ਜਾਨਉ।<br>
ਲੋਭੁ ਮੋਹੁ ਮਾਇਆ ਮਮਤਾ ਫੁਨਿ।<br>
ਜਿਹ ਘਟ ਮਾਹਿ ਪਛਾਨਉ॥ ਰਹਾਉ॥<br>
ਪਰ ਨਿੰਦਾ ਉਸਤਤਿ ਨਹ ਜਾ ਕੇ।<br>
ਕੰਚਨ ਲੋਹ ਸਮਾਨੋ।<br>
ਹਰਖ ਸੋਗ ਤੇ ਰਹੇ ਅਤੀਤਾ।<br>
ਜੋਗੀ ਤਾਹਿ ਬਖਾਨੋ।

ਅਰਥਾਤ ਉਸ ਜੋਗੀ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਜਿਸ ਦੇ ਹਿਰਦੇ ਵਿਚ ਹਮੇਸ਼ਾਂ ਸੰਸਾਰਕ ਸੁੱਖਾਂ ਦੀ ਮੋਹ ਮਮਤਾ ਰਹਿੰਦੀ ਹੈ। ਜੋ ਯੋਗੀ ਲੋਕਾਂ ਦੀ ਨਿੰਦਾ ਨਹੀਂ ਕਰਦਾ, ਆਪਣੇ ਸੁਆਰਥ ਦੇ ਲਈ ਲੋਕਾਂ ਦੀ ਪ੍ਰਸ਼ੰਸਾ ਨਹੀਂ ਕਰਦਾ, ਜੋ ਸੰਪਤੀ ਨੂੰ ਕੋਈ ਮਹੱਤਵ ਨਹੀਂ ਦਿੰਦਾ ਅਤੇ ਜੋ ਪ੍ਰਸੰਨਤਾ-ਅਪ੍ਰਸੰਨਤਾ ਨੂੰ ਇੱਕ ਸਮਾਨ ਸਮਝਦਾ ਹੈ, ਉਸ ਯੋਗੀ ਨੂੰ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਕਹਿਣ ਦਾ ਭਾਵ ਹੈ ਕਿ ਅਜਿਹਾ ਯੋਗੀ ਹੀ ਪਰਮਾਤਮਾ ਨਾਲ ਏਕਤਾ ਸਥਾਪਿਤ ਕਰਦਾ ਹੈ।

ਗੁਰੂ ਦੇਵ ਨੂੰ ਪਟਨਾ ਵਿਚ ਪਤਾ ਲੱਗਿਆ ਕਿ ਸ਼ਿਵਾ ਜੀ ਅਰੰਗਜ਼ੇਬ ਦੀ ਕੈਦ ਵਿਚੋਂ ਭੱਜ ਗਿਆ ਹੈ ਅਤੇ ਔਰੰਗਜ਼ੇਬ ਨੇ ਰਾਜਾ ਰਾਮ ਸਿੰਘ ਜੋ ਕਿ ਸ਼ਿਵਾ ਜੀ ਦੀ ਦੇਖ-ਰੇਖ ਕਰਨ ਵਾਲਾ ਸੀ, ਨਜ਼ਰਬੰਦ ਕਰ ਦਿੱਤਾ ਹੈ।

ਗੁਰੂ ਤੇਗ ਬਹਾਦਰ ਨੇ ਬੰਗਾਲ ਆਦਿ ਪ੍ਰਦੇਸ਼ਾਂ ਲਈ ਪ੍ਰਸਥਾਨ ਕੀਤਾ ਕਿਉਂਕਿ ਇਨ੍ਹਾਂ ਦੀ ਪਤਨੀ ਗੁਜਰੀ ਜੀ ਗਰਭਵਤੀ ਸੀ। ਇਨ੍ਹਾਂ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਪਟਨਾ ਵਿਚ ਹੀ ਰਹਿਣ ਦਾ ਆਦੇਸ਼ ਦਿੱਤਾ। ਮਾਤਾ ਨਾਨਕੀ ਜੀ ਦੀ ਸਹਾਇਤਾ ਲਈ ਭਾਈ ਦਿਆਲ ਦਾਸ ਜੀ ਵੀ ਉਥੇ ਰੁਕ ਗਏ ਸਨ। ਰਾਜਾ ਫਤਿਹ ਚੰਦ ਅਤੇ ਉਨ੍ਹਾਂ ਦੀ ਰਾਣੀ ਨੇ ਗੁਰ ਪਰਿਵਾਰ ਦੀ ਪੂਰੀ ਸੇਵਾ ਕਰਨ ਦਾ ਯਕੀਨ ਦਿਵਾਇਆ। ਗੁਰੂ ਦੇਵ ਪੂਰਾ ਪ੍ਰਬੰਧ ਕਰ ਕੇ ਢਾਕਾ ਵੱਲ ਚੱਲ ਪਏ, ਗੁਰੂ ਜੀ ਦੇ ਨਾਲ ਉਨ੍ਹਾਂ ਦੇ ਸੇਵਕ ਕਵੀ ਚੱਲ ਪਏ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਜੀ ਰਾਜਾ ਰਾਮ ਸਿੰਘ ਦੇ ਨਾਲ ਢਾਕਾ ਵੱਲ ਚੱਲ ਪਏ। ਪਰੰਤੂ ਡਾ. ਤ੍ਰਿਲੋਚਨ ਸਿੰਘ ਨੇ ਅਨੇਕਾਂ ਦਲੀਲਾਂ ਦੇ ਆਧਾਰ ਉਪਰ ਸਿੱਧ ਕੀਤਾ ਹੈ ਕਿ ਰਾਜਾ ਰਾਮ ਸਿੰਘ ਗੁਰੂ ਜੀ ਨੂੰ ਸਭ ਤੋਂ ਪਹਿਲਾਂ ਢਾਕਾ ਵਿਚ ਹੀ ਮਿਲਦੇ ਹਨ।

ਗੁਰੂ ਤੇਗ ਬਹਾਦਰ ਪਟਨਾ ਤੋਂ ਚੱਲ ਕੇ ਜਿਸ ਸਥਾਨ ਤੇ ਰੁਕੇ, ਉਹ ਮੁਘੇਰ ਨਾਮ ਨਾਲ ਪ੍ਰਸਿੱਧ ਹੈ। ਆਪ ਇਸ ਨਗਰ ਵਿਚ ਲੱਗਭਗ ਇਕ ਮਹੀਨੇ ਲਈ ਰੁਕੇ। ਰਸਤੇ ਵਿਚ ਗੁਰੂ ਜੀ ਜਿਸ ਸਥਾਨ ਤੇ ਰੁਕਦੇ, ਕੀਰਤਨ ਹੁੰਦਾ ਅਤੇ ਗਿਆਨ ਚਰਚਾ ਹੁੰਦੀ। ਗੁਰੂ ਦੇਵ ਆਪ ਨਿਵਾਰਣ ਸੰਬੰਧੀ ਸੰਗੀਤ ਦਾ ਉਚਾਰਨ ਕਰਦੇ ਅਤੇ ਭਾਈ ਸਤੀਦਾਸ ਇਸ ਨੂੰ ਲਿਖਦੇ ਜਾਂਦੇ।

ਮੁਘੇਰ ਤੋਂ ਗੁਰੂ ਤੇਗ ਬਹਾਦਰ ਜੀ ਭਾਗਲਪੁਰ, ਕੋਂਗੋਗ, ਸਾਹਿਬ ਗੰਜ ਹੁੰਦੇ ਹੋਏ ਕਾਂਤ ਨਗਰ ਪਹੁੰਚੇ। ਬਿਹਾਰ

ਪ੍ਰਦੇਸ਼ ਦੇ ਇਸ ਖੇਤਰ ਦੇ ਲੋਕ ਅੱਜ ਵੀ ਸਿੱਖ ਧਰਮ ਦੇ ਉਪਾਸਕ ਹਨ ਭਾਵੇਂ ਉਨ੍ਹਾਂ ਦੀ ਭਾਸ਼ਾ ਮੈਥਲੀ ਹੈ। ਉਥੇ ਚੱਲ ਕੇ ਗੁਰੂ ਜੀ ਨੇ ਅਗਲਾ ਪੜਾਉ ਸੂਫ਼ੀਮਤ ਦੇ ਪ੍ਰਸਿੱਦ ਕੇਂਦਰ ਮਾਲਦਾ ਵਿਚ ਕੀਤਾ। ਇਸ ਨਗਰ ਦੇ ਸੂਫ਼ੀ ਪੀਰ ਅਤੇ ਫਕੀਰ ਗੁਰੂ ਜੀ ਨਾਲ ਗਿਆਨ ਸੰਬੰਧੀ ਚਰਚਾ ਕਰ ਕੇ ਬਹੁਤ ਪ੍ਰਭਾਵਿਤ ਹੋਏ। ਇਸ ਤੋਂ ਬਾਅਤ ਗੁਰੂ ਜੀ ਗੋਦਾਵਰ, ਗੋਪਾਲਪੁਰ, ਪਾਬਲਾ ਆਦਿ ਸਥਾਨਾਂ ਉਪਰ ਧਰਮ ਪ੍ਰਚਾਰ ਦਾ ਕੰਮ ਕਰਦੇ ਹੋਏ ਸੰਨ 1666 ਈ. ਵਿਚ ਅਕਤੂਬਰ ਮਹੀਨੇ ਦੇ ਅੰਤ ਵਿਚ ਢਾਕਾ ਪਹੁੰਚੇ, ਜੋ ਕਿ ਸਿੱਖ ਧਰਮ ਦਾ ਇਕ ਪ੍ਰਮੁੱਖ ਕੇਂਦਰ ਸੀ। ਉਨ੍ਹਾਂ ਦਿਨਾਂ ਵਿਚ ਗੁਰੂਆਂ ਦਾ ਸੰਦੇਸ਼ ਬੰਗਾਲ ਆਦਿ ਪੂਰਬੀ ਪ੍ਰਦੇਸ਼ਾਂ ਵਿਚ ਪਹੁੰਚ ਚੁੱਕਿਆ ਸੀ। ਸਰਦਾਰ ਜੀ.ਬੀ. ਸਿੰਘ ਨੇ ਆਪਣੇ ਇਕ ਲੇਖ ਰੇਲਿਕਮ ਇਨ ਈਸਟਰਨ ਬੰਗਾਲ" ਵਿਚ ਲਿਖਿਆ ਹੈ, ਉਥੇ (ਪੂਰਬੀ ਬੰਗਾਲ) ਸਭ ਪਾਸੇ ਸਿੱਖ ਸੰਗਤਾਂ ਅਤੇ ਮੱਠਾਂ ਦਾ ਚੰਗਾ ਜਾਲ ਫੈਲ ਗਿਆ ਸੀ। ਪੱਛਮ ਵਿਚ ਰਾਜਮਹਿਲ ਤੋਂ ਲੈ ਕੇ ਪੂਰਬ ਤੋਂ ਸਿਲਹਟ ਤੱਕ ਅਤੇ ਉੱਤਰ ਵਿਚ ਪੂਰਬ ਤੋਂ ਲੈ ਕੇ ਦੱਖਣ ਵਿਚ ਬੰਸਖਾਲੀ ਅਤੇ ਫਤੇਕਚਿਹਰੀ ਤੱਕ ਮੁਗਲਾਂ ਦੇ ਸ਼ਾਸਨ ਕਾਲ ਵਿਚ ਕੋਈ ਅਜਿਹਾ ਪ੍ਰਮੁੱਖ ਸਥਾਨ ਹੋਵੇਗਾ ਜਿੱਥੇ ਕੋਈ ਸਿੱਖ ਗੁਰਦੁਆਰਾ ਨਾ ਹੋਵੇ ਜਾਂ ਕਿਸੇ ਸਿੱਖ-ਸੰਨਿਆਸੀ ਨੇ ਆਪਣੇ ਆਪ ਨੂੰ ਵਸਾ ਨਾ ਲਿਆ ਹੋਵੇ ਅਤੇ ਆਪਣੇ ਚਾਰੇ ਪਾਸੇ ਸਰਧਾਲੂਆਂ ਦੀ ਇਕ ਚੰਗੀ ਸੰਖਿਆ ਇਕੱਤਰ ਨਾ ਕਰ ਲਈ ਹੋਵੇ। ਇਹ ਅੰਦੋਲਨ ਸ਼ਾਹਜਹਾਂ ਦੇ ਸਮੇਂ ਵਿਚ ਕੁਝ ਦੀਪਾਂ ਵਿਚ ਵੀ ਫੈਲ ਗਿਆ ਸੀ। ਇਹ ਸੰਗਤ ਅਲਮਸਤ ਅਤੇ ਨਾਥੇ ਸਾਹਿਬ ਦੁਆਰਾ ਭਲੀ ਪ੍ਰਕਾਰ ਸੰਗਠਿਤ ਕੀਤੀ ਗਈ ਸੀ। ਢਾਕਾ ਇਸ ਭਾਗ ਦੀ "ਹਜ਼ੂਰੀ ਸੰਗਤ" ਜਾਂ ਪ੍ਰਧਾਨ ਸੰਗਤ ਸੀ, ਜਿਸ ਦੇ ਅਧੀਨ ਹੋਰ ਸੰਗਤਾਂ ਸਨ। ਇਨ੍ਹਾਂ ਸਥਾਨਕ ਸੰਗਤਾਂ ਵਿਚ ਸਥਾਨਕ ਲੋਕਾਂ ਦੇ ਅਤਿਰਿਕਤ ਪੰਜਾਬ ਅਤੇ ਸਿੰਧ ਦੇ ਸਿੱਖ ਵਿਉਪਾਰੀਆਂ ਦੀ ਇਕ ਚੰਗੀ ਸੰਖਿਆ ਸਦਾ ਉਪਸਥਿਤ ਰਹਿੰਦੀ ਸੀ। ਜਿਹਾ ਕਿ ਉਨ੍ਹਾਂ ਨੂੰ ਗੁਰੂ ਤੇਗ ਬਹਾਦਰ ਦੁਆਰਾ ਲਿਖੇ ਗਏ ਪੱਤਰਾਂ ਤੋਂ ਇਹ ਸਪੱਸ਼ਟ ਹੈ ਕਿ ਉਹ ਆਪਣੇ ਅਧਿਆਤਮਿਕ ਮਾਰਗ ਦਰਸ਼ਕ ਨਾਲ ਸੰਬੰਧ ਰੱਖਣ ਲਈ ਹਮੇਸ਼ਾਂ ਉਤਸੁਕ ਰਿਹਾ ਕਰਦੇ ਸਨ ਅਤੇ ਸਮੇਂ-ਸਮੇਂ ਉੱਪਰ ਆਪਣੀ ਭੇਂਟ ਭੇਜਿਆ ਕਰਦੇ ਸਨ।

ਗੁਰੂ ਸਾਹਿਬ ਢਾਕਾ ਵਿਚ ਉੱਥੋਂ ਦੇ ਪ੍ਰਸਿੱਧ ਮਹਾਪੁਰਸ਼ ਬੁਲਾਕੀ ਦਾਸ ਦੇ ਕੋਲ ਠਹਿਰੇ। ਬੁਲਾਕੀ ਦਾਸ ਦੀ ਮਾਤਾ ਗੁਰੂ ਜੀ ਦੀ ਅਨਿੰਨ ਭਗਤ ਸੀ। ਉੱਥੇ ਗੁਰੂ ਜੀ ਨੇ ਲੋਕਾਂ ਨੂੰ ਸੱਚ ਅਤੇ ਧਰਮ ਦੀ ਸਿੱਖਿਆ ਦਿੱਤੀ। ਇਨ੍ਹਾਂ ਨੇ ਉਪਦੇਸ਼ਾਂ ਨੂੰ ਸਭ ਧਰਮਾਂ ਦੇ ਲੋਕ ਬੜੇ ਆਦਰ ਦੇ ਨਾਲ ਸ੍ਰਵਣ ਕਰਦੇ ਸਨ। ਉਨ੍ਹਾਂ ਨੇ ਜੋ ਉਪਦੇਸ਼ਾਂ ਨੂੰ ਸਭ ਧਰਮਾਂ ਦੇ ਲੋਕਾਂ ਨੂੰ ਦਿੱਤੇ ਉਨ੍ਹਾਂ ਲੋਕਾਂ ਨੂੰ ਦਿੱਤੇ ਉਨ੍ਹਾਂ ਇਕ "ਸ਼ਬਦ" ਦੀ ਉਦਾਹਰਣ ਪੇਸ਼ ਹੈ-

ਕੋਊ ਮਾਈ ਭੂਲਿਉ ਮਨੁ ਸਮਝਾਵੈ।  
ਬੇਦ ਪੁਰਾਨ ਸਾਧ ਮਗ ਸੁਨਿ ਕਰਿ  
ਨਿਮਖ ਨ ਹਰਿ ਗੁਨ ਗਾਵੈ॥ ਰਹਾਉ॥  
ਦੁਰਲਭ ਦੇਹ ਪਾਇ ਮਾਨਸ ਕੀ  
ਬਿਰਖਾ ਜਨਮੁ ਸਿਰਾਵੈ।  
ਮਾਇਆ ਮੋਹ ਮਗ ਸੰਕਟ ਬਨ  
ਤਾ ਸਿਉ ਰੁਚ ਉਪਜਾਵੈ।  
ਅੰਤਰਿ ਬਾਹਹਿ ਸਦਾ ਸੰਗਿ ਪ੍ਰਭੂ  
ਤਾ ਸਿਉ ਨੇਹ ਨਾ ਲਾਵੈ।  
ਨਾਨਕ ਮੁਕਤਿ ਤਾਹਿ ਤੁਮ ਮਾਨਹੁ  
ਜਿਹ ਘਟਿ ਰਾਮ ਸਮਾਵੈ।

ਗੁਰੂ ਦੇਵ ਜਦੋਂ ਢਾਕਾ ਵਿਚ ਸੱਚੇ ਧਰਮ ਦਾ ਪ੍ਰਚਾਰ ਕਰ ਰਹੇ ਸਨ, ਉਸੇ ਸਮੇਂ ਉਨ੍ਹਾਂ ਨੂੰ ਪਟਨਾ ਵਿਚ ਆਪਣੇ ਪੁੱਤਰ ਦੇ ਜਨਮ ਦਾ ਸ਼ੁਭ ਸਮਾਚਾਰ ਮਿਲਿਆ। ਇਨ੍ਹਾਂ ਨੇ ਆਪਣੇ ਇਕਲੌਤੇ ਪੁੱਤਰ ਦਾ ਨਾਮ ਗੋਬਿੰਦ ਦਾਸ ਰੱਖਿਆ। ਗੋਬਿੰਦ ਦਾਸ ਦਾ ਜਨਮ 22 ਦਿਸੰਬਰ 1666ਈ. ਵਿਚ ਹੋਇਆ। ਇਕ ਹੋਰ ਇਤਿਹਾਸਕਾਰ ਗੋਬਿੰਦ ਰਾਇ' ਨਾਮ ਲਿਖਦਾ ਹੈ। ਆਪ ਨੇ ਪਟਨਾ ਨਗਰ ਵਿਚ ਸੰਗਤਾਂ ਨੂੰ ਬਾਲਕ "ਗੋਬਿਦ ਦਾਸ" ਦੀ ਦੇਖ-ਰੇਖ ਕਰਨ ਅਤੇ "ਵਾਹਿਗੁਰੂ" ਦੇ ਨਾਮ ਦਾ ਜਾਪ ਕਰਨ ਦਾ ਸੰਦੇਸ਼ ਪੱਤਰ ਦੁਆਰਾ ਭੇਜਿਆ। ਇਸ ਤੋਂ ਬਾਅਦ ਬੰਗਾਲ ਦੇ ਹੋਰ ਸਥਾਨਾਂ ਦੀ ਯਾਤਰਾ ਦੇ ਲਈ ਨਿਕਲੇ। ਢਾਕਾ ਵਿਚ ਰਹਿ ਕੇ ਗੁਰੂ ਜੀ ਨੇ ਗੁਰੂ ਨਾਨਕ ਦੇ ਧਰਮ ਦਾ ਵਿਆਪਕ ਰੂਪ ਵਿਚ ਪ੍ਰਚਾਰ ਕੀਤਾ। ਚਟਗਾਂਵ, ਸਿਲਹਟ ਆਦਿ ਨਗਰਾਂ ਦੇ ਲੋਕਾਂ ਉੱਤੇ ਇਨ੍ਹਾਂ ਦੇ ਉਪਦੇਸ਼ਾਂ ਦਾ ਬਹੁਤ ਪ੍ਰਭਾਵ ਪਿਆ। ਇਸ ਸਮੇਂ ਕਾਮਰੂਪ ਦੀ ਇਕ ਰਿਆਸਤ ਦਾ ਰਾਜਾ ਰਾਮਰਾਇ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਅਤੇ ਇਨ੍ਹਾਂ ਦੇ ਤੇਜੱਸਵੀ ਵਿਅਕਤਿਤਵ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦਾ ਸੇਵਕ ਬਣ ਗਿਆ। ਉਸ ਨੂੰ ਗੁਰੂ ਦੇਵ ਆਸ਼ੀਰਵਾਦ ਦਿੱਤਾ। ਆਸਾਮ ਪ੍ਰਦੇਸ਼ ਦੇ ਅਰੋਮ ਜਾਤੀ ਦੇ ਲੋਕਾਂ ਨੇ ਦਿੱਲੀ ਸਾਮਰਾਜ ਦੇ ਵਿਰੁੱਧ ਸੰਨ 1667 ਈ. ਵਿਚ ਵਿਦਰੋਹ ਆਰੰਭ ਕਰ ਦਿੱਤਾ ਸੀ। ਇਨ੍ਹਾਂ ਦੇ ਰਾਜਾ ਚਕਰਧਵਜ ਸਿੰਘ ਨੇ ਗੋਹਾਟੀ ਉੱਪਰ ਅਧਿਕਾਰ ਕਰ ਲਿਆ

ਸੀ। ਜਿਵੇਂ ਹੀ ਔਰੰਗਜ਼ੇਬ ਨੂੰ ਇਸ ਦੀ ਸੂਚਨਾ ਮਿਲੀ, ਉਸ ਨੂੰ ਬਹੁਤ ਚਿੰਤਾ ਹੋਈ ਉਸ ਨੇ ਕਾਫੀ ਸੋਚ-ਵਿਚਾਰ ਤੋਂ ਬਾਅਦ ਰਾਜਾ ਰਾਮ ਸਿੰਘ ਨੂੰ ਵਿਦਰੋਹ ਦਬਾਉਣ ਦੇ ਲਈ ਆਸਾਮ ਭੇਜਣ ਦਾ ਨਿਸ਼ਚਾ ਕੀਤਾ। ਔਰੰਗਜ਼ੇਬ ਨੇ ਅਜਿਹਾ ਕੁਝ ਵਿਸਿਸ਼ਟ ਉਦੇਸ਼ਾਂ ਦੀ ਪੂਰਤੀ ਦੇ ਲਈ ਕੀਤਾ ਸੀ। ਪਹਿਲਾਂ ਬਾਦਸ਼ਾਹ ਨੇ ਸੋਚਿਆ ਜੇ ਰਾਮ ਸਿੰਘ ਯੁੱਧ ਵਿਚ ਮਾਰਿਆ ਗਿਆ ਤਾਂ ਸ਼ਾਹੀ ਸੈਨਾ ਦਾ ਇਕ ਵਿਸ਼ਵਾਸਘਾਤੀ ਵਿਅਕਤੀ ਸਮਾਪਤ ਹੋ ਜਾਵੇਗਾ, ਕਿਉਂਕਿ ਬਾਦਸ਼ਾਹ ਰਾਜਾ ਰਾਮ ਸਿੰਘ ਨੂੰ ਹੀ ਸ਼ਿਵਾ ਜੀ ਦੇ ਕੈਦ ਵਿਚ ਭੱਜ ਜਾਣ ਦਾ ਕਾਰਨ ਮੰਨਦਾ ਸੀ। ਦੂਸਰਾ ਜੇ ਰਾਜਾ ਰਾਮ ਸਿੰਘ ਯੁੱਧ ਵਿਚ ਜਿੱਤ ਗਿਆ ਤਾਂ ਦਿੱਲੀ ਸਾਮਰਾਜ ਦਾ ਵਿਸਥਾਰ ਹੋਵੇਗਾ। ਇਸ ਦ੍ਰਿਸ਼ਟੀਕੋਣ ਨੂੰ ਦਿਮਾਗ ਵਿਚ ਰੱਖ ਕੇ ਬਾਦਸ਼ਾਹ ਔਰੰਗਜੇਬ ਨੇ ਰਾਜਾ ਰਾਮ ਸਿੰਘ ਨੂੰ ਰਸਤੇ ਵਿਚ ਜ਼ਰੂਰਤ ਅਨੁਸਾਰ ਹੋਰ ਅਧਿਕ ਫੌਜ ਨਾਲ ਲੈ ਜਾਣ ਦਾ ਵੀ ਹੁਕਮ ਦਿੱਤਾ।

ਰਾਜਾ ਰਾਮ ਸਿੰਘ ਸੰਨ 1668ਈ. ਦੇ ਆਸ-ਪਾਸ ਢਾਕਾ ਪਹੁੰਚਿਆ। ਉਥੇ ਉਸ ਨੂੰ ਪਤਾ ਲਗਾ ਕਿ ਗੁਰੂ ਤੇਗ਼ ਬਹਾਦਰ ਧਰਮ-ਪ੍ਰਚਾਰ ਲਈ ਯਾਤਰਾ ਕਰ ਰਹੇ ਹਨ। ਉਹ ਢਾਕਾ ਵਿਚ ਗੁਰੂ ਜੀ ਨੂੰ ਮਿਲਿਆ ਅਤੇ ਉਨ੍ਹਾਂ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕੀਤੀ। ਰਾਜਾ ਰਾਮ ਸਿੰਘ ਨੇ ਆਪਣੇ ਆਉਣ ਦਾ ਕਾਰਨ ਦੱਸਿਆ ਅਤੇ ਉਨ੍ਹਾਂ ਕੋਲੋਂ ਸਹਾਇਤਾ ਮੰਗੀ। ਗੁਰੂ ਜੀ ਕੁਝ ਸੋਚ-ਵਿਚਾਰ ਕਰਨ ਤੋਂ ਬਾਅਦ ਉਸ ਨਾਲ ਜਾਣ ਲਈ ਤਿਆਰ ਹੋ ਗਏ। ਉਨ੍ਹਾਂ ਨੇ ਆਸਾਮ ਜਾਣ ਦੀ ਸੂਚਨਾ ਪੂਰਬ ਦੀ ਸਿੱਖ-ਸੰਗਤ ਨੂੰ ਪਹਿਲਾਂ ਹੀ ਪਹੁੰਚਾ ਦਿੱਤੀ। ਇਹ ਰਾਜਾ ਰਾਮ ਸਿੰਘ ਦੇ ਨਾਲ ਦਸੰਬਰ, 1668ਈ. ਵਿਚ ਢਾਕਾ ਤੋਂ ਆਸਾਮ ਜਾਣ ਲਈ ਰਵਾਨਾ ਹੋ ਗਏ। ਆਸਾਮ ਵਿਚ ਗੁਰੂ ਜੀ ਅਤੇ ਉਨ੍ਹਾਂ ਦੇ ਸ਼ਿਸ਼ ਧੂਰਬੀ ਵਿਚ ਰਹਿ ਕੇ ਧਰਮ ਪ੍ਰਚਾਰ ਕਰਨ ਲੱਗੇ। ਰਾਜਾ ਰਾਮ ਸਿੰਘ ਦੀ ਫੌਜ ਦਾ ਪੜਾਉ ਵੀਹ ਮੀਲ ਦੀ ਦੂਰੀ ਉਪਰ ਰੰਗਮਾਈ ਨਾਮਕ ਸਥਾਨ ਤੇ ਰਿਹਾ। ਮਾਰਚ 1669 ਈ. ਵਿਚ ਆਸਾਮ ਦੇ ਰਾਜਾ ਚਕਰਧਵਜ ਅਤੇ ਰਾਜਾ ਰਾਮ ਸਿੰਘ ਦੀਆਂ ਵਿਚ ਘਮਾਸਾਨ ਯੁੱਧ ਹੋਇਆ। ਦੋਨਾਂ ਫੌਜਾਂ ਦੀ ਜਾਨ ਅਤੇ ਧਨ ਦੀ ਹਾਨੀ ਹੋਈ। ਕੁਝ ਮਹੀਨੇ ਲੜਨ ਤੋਂ ਬਾਅਦ ਦੋਨੋ ਪਾਸਿਆਂ ਤੋਂ ਹੀ ਯੁੱਧ ਸਮਾਪਤ ਕਰਨ ਦੇ ਉਪਾਅ ਸੋਚੇ ਜਾਣ ਲੱਗੇ। ਆਸਾਮ ਨਿਵਾਸੀਆਂ ਨੇ ਗੁਰੂ ਤੇਗ ਬਹਾਦਰ ਦੇ ਅਲੋਕਿਕ ਗੁਣਾਂ ਦੀ ਪ੍ਰਸ਼ੰਸਾ ਪਹਿਲਾਂ ਹੀ ਸੁਣ ਰੱਖੀ ਸੀ। ਉਨ੍ਹਾਂ ਵਿਚੋਂ ਅਧਿਕ ਗੁਰੂ ਜੀ ਨੂੰ ਪਰਮਾਤਮਾ ਦਾ ਅਵਤਾਰ ਮੰਨਦੇ ਸਨ। ਜਦੋਂ ਉਨ੍ਹਾਂ ਨੂੰ ਪਤਾ ਲਗਾ ਕਿ ਗੁਰੂ ਦੇਵ ਦੋਨਾਂ ਫੌਜਾਂ ਵਿਚ ਯੁੱਧ ਰੋਕਣ ਦਾ ਇਕ ਪ੍ਰਸਤਾਵ ਰੱਖਣਾ ਚਾਹੁੰਦੇ ਹਨ ਤਾਂ ਉਹ ਤੁਰੰਤ ਸਹਿਮਤ ਹੋ ਗਏ। ਗੁਰੂ ਤੇਗ਼ ਬਹਾਦਰ ਦੇ ਦੋਨਾਂ ਰਾਜਿਆਂ ਦੇ ਸਾਹਮਣੇ ਇਹ ਪ੍ਰਸਤਾਵ ਰੱਖਿਆ ਕਿ ਜਿਥੋਂ ਤੱਕ ਮੁਗਲ ਮੁਗਲ ਫੌਜ ਨੇ ਅਧਿਕਾਰ ਕਰ ਲਿਆ ਹੈ, ਉਹ ਮੁਗਲ ਸਾਮਰਾਜ ਦਾ ਹਿੱਸਾ ਮੰਨਿਆ ਜਾਏ। ਗੋਹਾਟੀ ਆਦਿ ਪ੍ਰਦੇਸ਼ ਜੋ ਕਿ ਰਾਜਾ ਚਕਰਵਧ ਦੇ ਅਧੀਨ ਹੈ, ਉਸ ਉਪਰ ਆਸਾਮੀਆਂ ਦਾ ਹੀ ਅਧਿਕਾਰ ਬਣਿਆ ਰਹੇ। ਗੁਰੂ ਦੇਵ ਦੇ ਇਸ ਪ੍ਰਸਤਾਵ ਨੂੰ ਦੋਨਾਂ ਰਾਜਿਆਂ ਨੇ ਸਵੀਕਾਰ ਕਰ ਲਿਆ। ਦੋਨਾਂ ਰਾਜਾਂ ਵਿਚ ਸਮਝੌਤਾ ਹੋ ਜਾਣ ਤੇ ਚਾਰਾਂ ਪਾਸਿਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਸਾਰੇ ਪਾਸੇ ਸ਼ਾਂਤੀ ਦਾ ਵਾਤਾਵਰਣ ਛਾ ਗਿਆ। ਇਸ ਸੰਧੀ ਨੂੰ ਸਵੀਕ੍ਰਿਤੀ ਪ੍ਰਦਾਨ ਕਰਨ ਦੇ ਲਈ ਦੋਨਾਂ ਫੌਜਾਂ ਨੇ ਰੰਗਾ ਘਾਟੀ ਤੋਂ ਮਿੱਟੀ ਲਿਆ ਕੇ ਚਿੰਨਾਤਮਕ ਰੂਪ ਵਿਚ ਗੁਰਦੁਆਰਾ ਦਾ ਨਿਰਮਾਣ ਕੀਤਾ ਗਿਆ ਜੋ ਅੱਜ ਵੀ "ਸ਼ਾਂਤੀ ਦੇ ਅਵਤਾਰ" ਦੇ ਮਹਾਨ ਚਮਤਕਾਰ ਦੀ ਯਾਦ ਦਿਵਾਉਂਦਾ ਹੈ। ਇਸ ਪ੍ਰਸਿੱਧ ਘਟਨਾ ਦਾ ਵਰਨਣ ਆਸਾਮ ਦੇ ਇਤਿਹਾਸਕ ਲੇਖਾਂ ਵਿਚ ਮਿਲਦਾ ਹੈ-

ਆਸਾਮ ਪ੍ਰਦੇਸ਼ ਵਿਚ ਗੁਰੂ ਤੇਗ਼ ਬਹਾਦਰ ਪਰਮਾਤਮਾ ਦੇ ਅਵਤਾਰ ਰੂਪ ਵਿਚ ਪੂਜੇ ਜਾਣ ਲੱਗੇ। ਸਿੱਖ, ਹਿੰਦੂ ਅਤੇ ਮੁਸਲਮਾਨ ਇਨ੍ਹਾਂ ਨੂੰ ਗੁਰੂ, ਅਵਤਾਰ ਅਤੇ ਪੀਰ ਦੇ ਰੂਪ ਵਿਚ ਸਨਮਾਨਿਤ ਕਰਨ ਲੱਗੇ। ਆਸਾਮ ਪ੍ਰਦੇਸ਼ ਵਿਚ ਸ਼ਾਂਤੀ ਦਾ ਵਾਤਾਵਰਣ ਦੇਖ ਕੇ ਇਨ੍ਹਾਂ ਦੀ ਅਭਿਲਾਸਾ ਪਟਨਾ ਜਾ ਕੇ ਸਾਹਿਬਜ਼ਾਦੇ ਗੋਬਿੰਦ ਨੂੰ ਦੇਖਣ ਲਈ ਹੋਈ। ਪਟਨਾ ਮੁੜਦੇ ਸਮੇਂ ਗੁਰੂ ਜੀ ਕੁਝ ਦਿਨਾਂ ਦੇ ਲਈ ਜਗਨਨਾਥ ਪੁਰੀ ਪਹੁੰਚੇ। ਉਥੇ ਉਨ੍ਹਾਂ ਦਾ ਹਿੰਦੂ-ਵੈਸ਼ਨਾਵਾਂ ਨਾਲ ਅਧਿਆਤਮਕ ਵਿਸ਼ਿਆਂ ਉਪਰ ਗੋਲਬਾਤ ਹੋਈ। ਵੈਸ਼ਨਵ ਭਗਤ ਗੁਰੂ ਜੀ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ। ਜਗਨ ਨਾਥ ਪੁਰੀ ਵਿਚ ਗੁਰੂ ਜੀ ਨੂੰ ਸੂਚਨਾ ਮਿਲੀ ਕਿ ਔਰੰਗਜ਼ੇਬ ਨੇ ਗੈਰ-ਮੁਸਲਮਾਨਾਂ ਉੱਪਰ ਅਤਿਆਚਾਰ ਕਰਨੇ ਆਰੰਭ ਕਰ ਦਿੱਤੇ ਹਨ। ਉਹ ਸਾਰੇ ਭਾਰਤ ਵਿਚ ਕੇਵਲ ਮੁਸਲਮਾਨ ਹੀ ਦੇਖਣਾ ਚਾਹੁੰਦਾ ਹੈ। ਦੇਸ਼ ਦੀ ਅਜਿਹੀ ਅਵਸਥਾ ਵਿਚ ਗੁਰੂ ਜੀ ਨੇ ਜਲਦੀ ਪਟਨਾ ਜਾਣਾ ਹੀ ਜ਼ਰੂਰੀ ਸਮਝਿਆ।

ਗੁਰੂ ਤੇਗ ਬਹਾਦਰ ਜੀ ਦੇ ਪਟਨਾ ਪਹੁੰਚਣ ਦੀ ਸੂਚਨਾ ਪਹਿਲਾਂ ਹੀ ਪਟਨਾ-ਸੰਗਤ ਨੂੰ ਭੇਜ ਦਿੱਤੀ ਸੀ। ਪਟਨਾ ਵਿਚ ਪਰਿਵਾਰ ਦੇ ਸਾਰੇ ਮੈਂਬਰ ਗੁਰੂ ਜੀ ਦੇ ਦਰਸ਼ਨਾਂ ਦੇ ਲਈ ਉਤਾਵਲੇ ਹੋ ਗਏ। ਪਟਨਾ ਨਗਰ ਦੇ ਨਿਵਾਸੀਆਂ

ਵਿਚ ਇਕ ਅਜੀਬ ਕਿਸਮ ਦੀ ਖੁਸ਼ੀ ਨਜ਼ਰ ਆਉਣ ਲੱਗੀ। ਪਟਨਾ ਦੇ ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਨੇ ਆਪਣਾ ਬਾਗ਼ ਗੁਰੂ-ਪਰਿਵਾਰ ਨੂੰ ਭੇਂਟ ਕੀਤਾ ਸੀ। ਇਸ ਬਾਗ ਵਿਚ ਗੁਰੂ ਜੀ ਨੇ ਸਭ ਤੋਂ ਪਹਿਲਾਂ ਆਪਣੇ ਪਿਤਾ ਦੇ ਚਰਨ ਸਪਰਸ਼ ਕੀਤੇ ਅਤੇ ਉਨ੍ਹਾਂ ਤੋਂ ਅਸ਼ੀਰਵਾਦ ਲਿਆ। ਬਾਲਕ ਦੇ ਸੁੰਦਰ ਪਾਲਣ-ਪੋਸ਼ਣ ਤੋਂ ਗੁਰੂ ਜੀ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਮਾਮਾ ਕ੍ਰਿਪਾਲ ਚੰਦ ਅਤੇ ਹੋਰ ਲੋਕਾਂ ਦਾ ਧੰਨਵਾਦ ਕੀਤਾ।

ਮਾਤਾ ਨਾਨਕੀ ਆਪਣੇ ਪੁੱਤਰ ਨੂੰ ਦੇਖ ਕੇ ਬਹੁਤ ਖੁਸ਼ ਹੋਈ। ਗੁਜਰੀ ਵੀ ਪਤੀ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਈ। ਗੁਰੂ ਘਰ ਦੇ ਹੋਰ ਸ਼ਿਸ਼ ਦਿਆਲ ਦਾਸ ਨੂੰ ਗੁਰੂ ਜੀ ਨੇ ਗਲੇ ਨਾਲ ਲਗਾ ਕੇ ਹਮੇਸ਼ਾਂ ਸੁਖੀ ਰਹਿਣ ਦਾ ਆਸ਼ੀਰਵਾਦ ਦਿੱਤਾ। ਸਾਰੇ ਪਟਨਾ ਨਗਰ ਵਿਚ ਖੁਸ਼ੀ ਦਾ ਵਾਤਾਵਰਣ ਛਾ ਗਿਆ। ਗੁਰੂ ਦੇਵ ਨੇ ਗੁਰੂ ਨਾਨਕ ਦੇ ਮੱਤ ਨੂੰ ਅਧਿਕ ਫੈਲਾਉਣ ਦੇ ਲਈ ਪ੍ਰਚਾਰ ਦਾ ਕੰਮ ਜਾਰੀ ਰੱਖਿਆ। ਇਨ੍ਹਾਂ ਨੇ ਬਿਨਾਂ ਕਿਸੇ ਭੇਦ-ਭਾਵ ਲੋਕਾਂ ਨੂੰ ਉਤਮ ਅਤੇ ਸੁਖੀ ਜੀਵਨ ਬਿਤਾਉਣ ਦੀ ਉਪਦੇਸ਼ ਦਿੱਤਾ। ਇਹੀ ਕਾਰਨ ਹੈ ਕਿ ਥੋੜ੍ਹੇ ਹੀ ਦਿਨਾਂ ਵਿਚ ਸਿੱਖਾਂ ਦੇ ਅਤਿਰਿਕਤ ਹਿੰਦੂ ਅਤੇ ਮੁਸਲਮਾਨ ਇਨ੍ਹਾਂ ਨੂੰ ਮਹਾਂਪੁਰਸ਼ ਦੇ ਰੂਪ ਵਿਚ ਪੂਜਣ ਲੱਗੇ। ਇਨ੍ਹਾਂ ਦੇ ਸਮੇਂ ਵਿਚ ਪਟਨਾ ਸਿੱਖ ਧਰਮ ਦਾ ਇਕ ਪ੍ਰਸਿੱਧ ਕੇਂਦਰ ਬਣ ਗਿਆ।

ਗੁਰੂ ਤੇਗ ਬਹਾਦਰ ਦੇਸ਼ ਦੀ ਸਮਾਜਿਕ ਅਤੇ ਰਾਜਨੀਤਿਕ ਅਵਸਥਾ ਤੇ ਹਮੇਸ਼ਾਂ ਜਾਣੂ ਰਹਿੰਦੇ ਸਨ। ਪਟਨਾ ਵਿਚ ਇਨ੍ਹਾਂ ਨੂੰ ਪਤਾ ਲੱਗਾ ਕਿ ਔਰੰਗਜੇਬ ਨੇ ਉਤਰ ਭਾਰਤ ਵਿਚ ਗੈਰ-ਮੁਸਲਮਾਨਾਂ ਦੇ ਪ੍ਰਤੀ ਆਪਣੀ ਆਧਾਰਮਿਕ ਅਤੇ ਹਿੰਸਕ ਨੀਤੀ ਨੂੰ ਤੇਜ਼ ਕਰ ਦਿੱਤਾ ਹੈ। ਹਿੰਦੂਆਂ ਦੇ ਮੰਦਰ ਡੇਗੇ ਜਾ ਰਹੇ ਹਨ, ਉਨ੍ਹਾਂ ਉਤੇ ਤਰ੍ਹਾਂ-ਤਰ੍ਹਾਂ ਦੇ ਕਰ ਲਗਾਏ ਜਾ ਰਹੇ ਹਨ। ਤਲਵਾਰ ਦੇ ਜ਼ੋਰ ਨਾਲ ਸ਼ਰਾ ਦਾ ਪ੍ਰਚਾਰ ਹੋਣ ਲੱਗਾ। ਸਿੱਖਾਂ ਨਾਲ ਵੀ ਅਜਿਹਾ ਹੀ ਵਰਤਾਉ ਹੋ ਰਿਹਾ ਸੀ। ਅਜਿਹੇ ਅਨੇਕ ਜ਼ੁਲਮਾਂ ਤੋਂ ਹਿੰਦੂ ਜਨਤਾ ਕੁਰਲਾ ਉਠੀ। ਹਿੰਦੂਆਂ ਉੱਪਰ ਹੀ ਨਹੀਂ ਬਲਕਿ ਮੁਸਲਮਾਨਾਂ ਅਤੇ ਸੂਫ਼ੀ ਫ਼ਕੀਰਾਂ ਉੱਪਰ ਵੀ ਔਰੰਗਜੇਬ ਨੇ ਅਨੇਕ ਅਤਿਆਚਾਰ ਤੋਂ ਪੰਜਾਬ ਅਤੇ ਕਸ਼ਮੀਰ ਵਿਚ ਹਾਹਾਕਾਰ ਮਚ ਗਈ। ਇਨ੍ਹਾਂ ਸਭ ਗੱਲਾਂ ਨੂੰ ਸੁਣ ਕੇ ਗੁਰੂ ਜੀ ਬਹੁਤ ਦੁਖੀ ਹੋਏ ਅਤੇ ਉਨ੍ਹਾਂ ਨੇ ਪੰਜਾਬ ਵੱਲ ਮੁੜਨ ਦਾ ਫੈਸਲਾ ਕੀਤਾ। ਗੁਰੂ ਜੀ ਨੇ ਅਨੁਭਵ ਕੀਤਾ ਕਿ ਸਿੱਖਾਂ ਵਿਚ ਆਤਮ-ਵਿਸ਼ਵਾਸ ਨੂੰ ਪੈਦਾ ਕਰਨ ਦੀ ਬਹੁਤ ਜ਼ਰੂਰਤ ਸੀ। ਇਸ ਤਰ੍ਹਾਂ ਪੰਜਾਬ ਦੇ ਹਿੰਦੂ ਵੀ ਹੁਣ ਮੁਸਲਮਾਨ ਅਧਿਕਾਰੀਆਂ ਤੇ ਅਤਿਆਚਾਰ ਤੋਂ ਬਚਣ ਲਈ ਗੁਰੂ ਦੇਵ ਦੀ ਸ਼ਰਨ ਲੱਗ ਗਏ ਸਨ।

ਗੁਰੂ ਤੇਗ਼ ਬਹਾਦਰ ਨੇ ਪੰਜਾਬ ਦੀ ਸਥਿਤੀ ਨੂੰ ਦੇਖਣ ਲਈ ਪਟਨਾ ਦੀ ਨਿਵਾਸੀਆਂ ਤੋਂ ਵਿਦਾ ਲਈ। ਡਾ. ਤ੍ਰਿਲੋਚਨ ਸਿੰਘ ਅਨੁਸਾਰ ਗੁਰੂ ਜੀ ਨੇ ਪਹਿਲਾਂ ਇੱਕਲੇ ਹੀ ਪੰਜਾਬ ਜਾਣ ਦਾ ਫੈਸਲਾ ਕੀਤਾ। ਪਰੰਤੂ ਕੁਝ ਦਿਨਾਂ ਤੋਂ ਬਾਅਦ ਪਰਿਵਾਰ ਨੂੰ ਨਾਲ ਲੈ ਕੇ ਜਾਣ ਦਾ ਫੈਸਲਾ ਕੀਤਾ ਅਤੇ ਉਹ ਸੰਨ 1671 ਈ. ਨੂੰ ਵਿਸਾਖੀ ਤੋਂ ਪਹਿਲਾਂ ਅਨੰਦਪੁਰ ਪਹੁੰਚ ਗਏ।

ਅਨੰਦਪੁਰ ਵਿਚ ਗੁਰੂ ਜੀ ਦੇ ਸਾਹਮਣੇ ਦੋ ਕੰਮ ਸਨ-ਪਹਿਲਾ ਬਾਲਕ ਗੋਬਿੰਦ ਦੀ ਸਿਖਿਆ ਅਤੇ ਦੂਸਰਾ ਸਿੱਖਾਂ ਨੂੰ ਸੰਗਠਿਤ ਕਰ ਕੇ ਸ਼ਕਤੀਸ਼ਾਲੀ ਬਨਾਉਣਾ। ਉਹ ਸਿੱਖਾਂ ਨੂੰ ਨਿਡਰ ਬਣਾ ਕੇ ਅਨਿਆਇ ਦੇ ਵਿਰੁੱਧ ਲੜਨ ਦੇ ਲਈ ਤਿਆਰ ਕਰਨਾ ਚਾਹੁੰਦੇ ਸਨ।

ਗੁਰੂ ਦੇਵ ਨੇ ਬਾਲਕ ਗੋਬਿੰਦ ਦੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ । ਬਾਲਕ ਗੋਬਿੰਦ ਦੇ ਲਈ ਪੰਜਾਬੀ ਅਤੇ ਫ਼ਾਰਸੀ ਦਾ ਅਧਿਐਨ ਜ਼ਰੂਰੀ ਸੀ ਅਤੇ ਪੰਜਾਬੀ ਦੇ ਲਈ ਸਾਹਿਬ ਚੰਦ ਜੀ ਅਤੇ ਫ਼ਾਰਸੀ ਦੇ ਲਈ ਪੀਰ ਮੁਹੰਮਦ ਨਾਂਅ ਨਾਲ ਪ੍ਰਸਿੱਧ ਵਿਦਵਾਨਾਂ ਨੂੰ ਨਿਯੁਕਤ ਕੀਤਾ ਗਿਆ। ਇਨ੍ਹਾਂ ਦੋਨਾਂ ਵਿਦਵਾਨਾਂ ਨੇ ਬਾਲਕ ਨੂੰ ਇਨ੍ਹਾਂ ਭਾਸ਼ਾਵਾਂ ਸਬੰਧੀ ਪੂਰੀ ਜਾਣਕਾਰੀ ਦਿੱਤੀ। ਬਾਲਕ ਨੂੰ ਸੰਸਕ੍ਰਿਤ ਦੀ ਸਿੱਖਿਆ ਵੀ ਦਿੱਤੀ ਗਈ। ਸ਼ਾਸਤਰ ਵਿੱਦਿਆ ਅਤੇ ਘੋੜ ਸਵਾਰੀ ਆਦਿ ਦੇ ਲਈ ਆਪਣੇ ਸਮੇਂ ਦੇ ਪ੍ਰਸਿੱਧ ਅਤੇ ਅਨੁਭਵੀ ਬਹਾਦਰ ਬੱਜਰ ਨਾਮਕ ਰਾਜਪੂਤ ਨੂੰ ਨਿਯੁਕਤ ਕੀਤਾ ਗਿਆ। ਇਸ ਪ੍ਰਕਾਰ ਗੁਰੂ ਜੀ ਨੇ ਗੋਬਿੰਦ ਦੀ ਸਿਖਿਆ ਆਦਿ ਦਾ ਚੰਗਾ ਪ੍ਰਬੰਧ ਕੀਤਾ। ਇਸ ਦੇ ਸੰਬੰਧ ਵਿਚ ਗੁਰੂ ਗੋਬਿੰਦ ਸਿੰਘ ਦੀ ਆਪਣੀ ਕਥਾ ਬਚਿੱਤਰ ਨਾਟਕ ਦੀ ਨਿਮਨਲਿਖਿਤ ਪੰਕਤੀਆਂ ਇਸ ਤਰ੍ਹਾਂ ਹਨ-

ਮਦਰ ਦੇਸ਼ ਹਮਕੋ ਲੇ ਆਏ।
ਭਾਂਤ-ਭਾਂਤ ਦਾਈਅਨ ਦੁਲਰਾਏ॥
ਕੀਨੀ ਅਨਿਕ ਭਾਂਤ ਤਨ ਰੱਛਾ।
ਦੀਨੀ ਭਾਂਤ-ਭਾਂਤ ਕੀ ਸਿੱਚਾ॥

ਇਸ ਤਰ੍ਹਾਂ ਗੁਰੂ ਜੀ ਨੇ ਬਾਲਕ ਗੋਬਿੰਦ ਸਿੰਘ ਦੀ ਸਿੱਖਿਆ ਅਤੇ ਪਾਲਣ-ਪੋਸ਼ਣ ਦਾ ਉਚਿਤ ਪ੍ਰਬੰਧ ਕੀਤਾ ਸੀ।

ਆਨੰਦਪੁਰ ਵਿਚ ਸਿੱਖ-ਕੇਂਦਰ ਨੂੰ ਸੰਗਠਿਤ ਕਰ ਕੇ ਗੁਰੂ ਤੇਗ਼ ਬਹਾਦਰ ਪੰਜਾਬ ਅਤੇ ਮਾਲਵਾ ਆਦਿ ਪ੍ਰਦੇਸ਼ ਦੇ

ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਨ ਦੇ ਲਈ ਤਿਆਰ ਹੋਏ। ਇਨ੍ਹਾਂ ਦੇ ਪੰਜਾਬ ਦੀ ਇਹ ਯਾਤਰਾ ਸੰਨ 1672 ਈ. ਵਿਚ ਆਰੰਭ ਕੀਤੀ।

ਗੁਰੂ ਤੇਗ ਬਹਾਦਰ ਨੇ ਪਟਿਆਲਾ, ਸਰਹੰਦ, ਮਾਨਸਾ, ਬਠਿੰਡਾ, ਸੰਗਰੂਰ, ਬਰਨਾਲਾ ਆਦਿ ਸਥਾਨਾਂ ਵਿਚ ਸਿੱਖ ਮੱਤ ਦਾ ਪ੍ਰਚਾਰ ਕੀਤਾ। ਸਿੱਖਾਂ ਵਿਚ ਜਾਗਰਿਤੀ ਲਿਆਉਣ ਦੇ ਲਈ ਪਿੰਡ-ਪਿੰਡ ਵਿਚ ਪ੍ਰਚਾਰ ਕੀਤਾ। ਇਨ੍ਹਾਂ ਦੇ ਵਿਚਾਰਾਂ ਤੋਂ ਸਿੱਖਾਂ ਤੋਂ ਇਲਾਵਾ ਹਿੰਦੂ ਅਤੇ ਮੁਸਲਮਾਨ ਵੀ ਪ੍ਰਭਾਵਿਤ ਹੁੰਦੇ ਸਨ। ਇਨ੍ਹਾਂ ਨੇ ਸਿੱਖਾਂ ਵਿਚ ਆਤਮ-ਵਿਸ਼ਵਾਸ ਪੈਦਾ ਕਰਨ ਦੇ ਲਈ ਨਿਮਨ ਪ੍ਰਕਾਰ ਦੇ ਪਦਾਂ ਦੀ ਰਚਨਾ ਕੀਤੀ-

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

ਗੁਰੂ ਦੇਵ ਵਾਸਤਵ ਵਿਚ ਅਜਿਹੇ ਆਦਰਸ਼ ਮਨੁੱਖਾਂ ਨੂੰ ਸੰਗਠਿਤ ਕਰਦੇ ਸਨ ਜੋ ਕਿ ਧਰਮ ਅਤੇ ਨਿਆਂ ਦੀ ਰਖਿਆ ਕਰ ਸਕੇ। ਅਜਿਹੇ ਮਨੁੱਖਾਂ ਵਿਚ ਦੁੱਖ-ਸੁੱਖ, ਲੋਭ-ਮੋਹ, ਨਿੰਦਾ-ਉਸਤਤੀ ਅਤੇ ਖੁਸ਼ੀ-ਗਮੀ ਦਾ ਕੋਈ ਭੇਦ ਨਹੀਂ ਰਹਿੰਦਾ ਹੈ। ਗੁਰੂ ਜੀ ਦਾ ਨਿਮਨ ਲਿਖਤ ਸ਼ਬਦ ਅਜਿਹੇ ਹੀ ਆਦਰਸ਼ ਮਨੁੱਖਾਂ ਦੇ ਲਈ ਉਚਾਰਨ ਕੀਤਾ ਗਿਆ ਸੀ-

ਜੁ ਨਰੁ ਦੁਖ ਮਹਿ ਦੁਖੁ ਨਹੀ ਮਾਨੈ।
ਸੁਖ ਸਨੇਹੁ ਅਰੁ ਭੈ ਨਹੀਂ ਜਾ ਕੇ
ਕੰਚਨ ਮਾਟੀ ਮਾਨ॥ ਰਹਾਉ॥
ਹਰਖ ਸੋਗ ਤੇ ਰਹੇ ਨਿਆਰਉ।
ਨਾਹਿ ਮਾਨੁ ਅਭਿਮਾਨਾ॥
ਨਹ ਨਿੰਦਿਆ ਨਹ ਉਸਤਤਿ ਜਾ ਕੇ।
ਗੁਰਿ ਕਿਰਪਾ ਜਿਹ ਨਰ ਕਉ ਕੀਨੀ।
ਆਸਾ ਮਨਸਾ ਸਗਲ ਤਿਆਗੈ।
ਕਾਮ ਕ੍ਰੋਧ ਜਿਹ ਪਰਸੈ ਨਾਹਿਨ।
ਤਿਹ ਘਟਿ ਬ੍ਰਹਮ ਨਿਵਾਸਾ।
ਤਿਹ ਇਹ ਜੁਗਤਿ ਪਛਾਨਿ॥
ਨਾਨਕ ਲੀਨ ਭਇਓ ਗੋਬਿੰਦ ਸਿਉ।
ਜਿਉ ਪਾਨੀ ਸੰਗਿ ਪਾਨੀ।

ਗੁਰੂ ਤੇਗ਼ ਬਹਾਦਰ ਦੇ ਸੇਵਕਾਂ ਦੀ ਸੰਖਿਆ ਦਿਨ ਦੁਗਣੀ ਅਤੇ ਰਾਤ ਚੌਗੁਣੀ ਵੱਧਣ ਲੱਗੀ । ਗੁਰੂ ਜੀ ਜਿੱਥੇ ਵੀ ਪ੍ਰਚਾਰ ਦੇ ਲਈ ਜਾਂਦੇ, ਹਜ਼ਾਰਾਂ ਦੀ ਸੰਖਿਆ ਵਿਚ ਸਿੱਖ ਇਕਠੇ ਹੋ ਜਾਂਦੇ ਅਤੇ ਇਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੀ ਭੇਟ ਚੜ੍ਹਾਉਂਦੇ ਸਨ। ਇਸ ਸਮੇਂ ਤੱਕ ਸਿੱਖ ਸ਼ਕਤੀ ਬਹੁਤ ਮਜ਼ਬੂਤ ਹੋ ਗਈ ਸੀ। ਇੰਨਾ ਹੀ ਨਹੀਂ ਗੁਰੂ ਤੇਗ ਬਹਾਦਰ ਦੇ ਧਾਰਮਿਕ ਅਤੇ ਕ੍ਰਾਂਤੀਕਾਰੀ ਵਿਅਕਤੀਤਵ ਦਾ ਪ੍ਰਭਾਵ ਹਿੰਦੂਆਂ ਅਤੇ ਮੁਸਲਮਾਨਾਂ ਉੱਪਰ ਵੀ ਪਿਆ। ਅਨੇਕ ਮੁਸਲਮਾਨ ਫ਼ਕੀਰ ਇਨ੍ਹਾਂ ਦੇ ਸ਼ਰਧਾਲੂ ਬਣ ਗਏ। ਮਾਲਵਾ ਦੇ ਸੈਂਕੜੇ ਪਠਾਨਾਂ ਨੇ ਸਿੱਖ ਮਤ ਨੂੰ ਧਾਰਣ ਕੀਤਾ। ਸਿੱਖ, ਹਿੰਦੂ ਉੱਤੇ ਮੁਸਲਮਾਨ ਗੁਰੂ ਜੀ ਨੂੰ "ਸੱਚੇ ਪਾਤਸ਼ਾਹ" ਦੇ ਨਾਮ ਨਾਲ ਸੱਦਣ ਲੱਗੇ। ਗੁਰੂ ਦੇਵ ਜੀ ਇਨ੍ਹਾਂ ਗਤੀਵਿਧੀਆਂ ਦੀ ਸੂਚਨਾ ਦਿੱਲੀ ਦਰਬਾਰ ਨੂੰ ਪਹੁੰਚਣ ਲੱਗੀ। ਔਰੰਗਜ਼ੇਬ ਨੂੰ ਸਿੱਖਾਂ ਦੀ ਵੱਧਦੀ ਹੋਈ ਸ਼ਕਤੀ ਨੂੰ ਦੇਖ ਕੇ ਬਹੁਤ ਚਿੰਤਾ ਹੋਈ। ਉਹ ਸੰਗਠਿਤ ਸਿੱਖ ਸ਼ਕਤੀ ਨੂੰ ਆਪਣੇ ਰਾਜ ਦੇ ਲਈ ਖ਼ਤਰਾ ਸਮਝਣ ਲੱਗਾ।

ਇਸ ਸਮੇਂ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫ਼ਗਾਨ ਦੇ ਬਾਦਸ਼ਾਹ ਔਰੰਗਜ਼ੇਬ ਦੀ ਨਵੀਂ ਧਰਮ ਪਰਿਵਰਤਨ ਦੀ ਨੀਤੀ ਦੇ ਅਨੁਸਾਰ ਹਿੰਦੂਆਂ ਉਤੇ ਅਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ। ਹਿੰਦੂਆਂ ਦੀ ਤਰਸਯੋਗ ਹਾਲਤ ਦੇਖ ਕੇ ਮਟਨ-ਨਿਵਾਸੀ ਕ੍ਰਿਪਾ ਰਾਮ ਕਰੀਬ 500 ਹਿੰਦੂ ਬ੍ਰਾਹਮਣਾਂ ਨੂੰ ਲੈ ਕੇ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਅਤੇ ਗੁਰੂ ਤੇਗ਼ ਬਹਾਦਰ ਜੀ ਨੂੰ ਹਿੰਦੂਆਂ ਉਪਰ ਹੋ ਰਹੇ ਅੱਤਿਆਚਾਰ ਦੀ ਕਹਾਣੀ ਸੁਣਾਈ। ਗੁਰੂ ਜੀ ਕਸ਼ਮੀਰ ਸਮਾਚਾਰਾਂ ਨੂੰ ਸੁਣਕੇ ਹੈਰਾਨ ਹੋਏ, ਉਨ੍ਹਾਂ ਨੇ ਕਸ਼ਮੀਰ ਦੇ ਹਿੰਦੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਦੀ ਸਹਾਇਤਾ ਕਰਨਗੇ। ਇਸ ਸਮੇਂ ਤੱਕ ਗੁਰੂ ਜੀ ਨੇ ਮਨ ਵਿਚ ਫੈਸਲਾ ਕਰ ਲਿਆ ਕਿ ਹਿੰਦੂਆਂ ਉੱਪਰ ਅਨਿਆਇ ਹੋ ਰਿਹਾ ਹੈ ਅਤੇ ਇਸ ਅਨਿਆਇ ਨੂੰ ਦੂਰ ਕਰਨਾ ਹੋਵੇਗਾ।

ਗੁਰੂ ਤੇਗ ਬਹਾਦਰ ਨੇ ਹਿੰਦੂਆਂ ਨੂੰ ਮੁਗ਼ਲ-ਸ਼ਾਸਕਾਂ ਦਾ ਵਿਰੋਧ ਕਰਨ ਦੇ ਲਈ ਵੀ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਪੂਰਾ ਪੂਰਾ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਦਾ ਇਸ ਧਰਮ-ਪਰਿਵਰਤਨ ਦੇ ਸਮੇਂ ਸਾਥ ਦੇਣਗੇ। ਅੰਤ ਵਿਚ ਉਨ੍ਹਾਂ ਨੂੰ ਕਿਹਾ ਕਿ ਉਹ ਕਸ਼ਮੀਰ ਜਾ ਕੇ ਸੂਬੇਦਾਰ ਨੂੰ ਕਹਿ ਦੇਣ ਕਿ ਸਾਡੇ ਅਧਿਆਪਕ ਗੁਰੂ "ਨੌਵੇਂ ਨਾਨਕ" ਹਨ। ਜੇਕਰ ਉਹ ਇਸਲਾਮ ਧਾਰਣ ਕਰ ਲੈਣ ਤਾਂ ਅਸੀਂ ਵੀ ਮੁਸਲਮਾਨ ਬਣ ਜਾਵਾਂਗੇ।

ਗੁਰੂ ਤੇਗ਼ ਬਹਾਦਰ ਨੇ ਕਸ਼ਮੀਰ ਦੇ ਹਿੰਦੂਆਂ ਨੂੰ ਇਸਲਾਮ ਵਿਚ ਜ਼ਬਰਦਸਤੀ ਪਰਿਵਰਤਨ ਕਰਨ ਦੇ ਖੁੱਲੇ ਵਿਰੋਧ ਦੀ ਸੂਚਨਾ ਔਰੰਗਜ਼ੇਬ ਨੂੰ ਦੇ ਦਿੱਤੀ ਗਈ। ਇਹ ਸੁਣਦੇ ਹੀ ਔਰੰਗਜ਼ੇਬ ਨੇ (ਗੁਰੂ) ਤੇਗ਼ ਬਹਾਦਰ ਨੂੰ ਦਿੱਲੀ

ਆਉਣ ਦਾ ਹੁਕਮ ਦਿੱਤਾ। ਸ਼ਾਹੀ ਫੁਰਮਾਨ ਨੂੰ ਲੈ ਕੇ ਅਧਿਕਾਰੀ ਅਨੰਦਪੁਰ ਪਹੁੰਚਿਆ। ਪਰੰਤੂ ਗੁਰੂ ਜੀ ਇਸ ਤੋਂ ਪਹਿਲਾਂ ਹੋਣ ਵਾਲੀਆਂ ਘਟਨਾਵਾਂ ਦਾ ਅਨੁਮਾਨ ਲਗਾ ਕੇ ਦਿੱਲੀ ਨੂੰ ਰਵਾਨਾ ਹੋ ਗਏ। ਜਾਂਦੇ ਸਮੇਂ ਗੁਰੂ ਜੀ ਨੇ ਬਾਲਕ ਗੋਬਿੰਦ ਦਾਸ ਨੂੰ ਗੁਰ-ਦਰਬਾਰ ਦੀ ਸਾਰੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਤੋਂ ਬਾਅਦ ਕ੍ਰਿਪਾਲ ਚੰਦ ਆਦਿ ਨਾਲ ਮਿਲਕੇ ਗੁਰੂ ਜੀ ਆਪਣੇ ਪੰਜ ਸੇਵਕਾਂ ਨਾਲ ਦਿੱਲੀ ਵੱਲ ਤੁਰ ਪਏ।

ਗੁਰੂ ਤੇਗ਼ ਬਹਾਦਰ ਦੇ ਆਨੰਦਪੁਰ ਵਿਚ ਨਾ ਮਿਲਣ ਤੇ ਔਰੰਗਜ਼ੇਬ ਨੇ ਲਾਹੌਰ ਦੇ ਹਾਕਮ ਨੂੰ ਆਦੇਸ਼ ਦਿੱਤਾ ਕਿ (ਗੁਰੂ) ਤੇਗ ਬਹਾਦਰ ਨੂੰ ਕੈਦ ਵਿਚ ਰੱਖਣ। ਗੁਰੂ ਜੀ ਇਸ ਸਮੇਂ ਆਗਰਾ ਵਿਚ ਧਰਮ ਪ੍ਰਚਾਰ ਕਰ ਰਹੇ ਸਨ। ਇਨ੍ਹਾਂ ਨੇ ਉੱਥੇ ਹੀ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਦਾ ਨਿਸ਼ਚਾ ਕੀਤਾ। ਪਰੰਤੂ ਔਰੰਗਜ਼ੇਬ ਨੂੰ ਕਾਬੁਲ ਤੋਂ ਮੁੜਦੇ ਸਮੇਂ ਦੇਰ ਹੋ ਗਈ। ਆਗਰਾ ਵਿਚ ਠਹਿਰੇ। ਬਾਗ਼ ਵਿਚ ਠਹਿਰਨ ਦੇ ਦੌਰਾਨ ਹੀ ਗੁਰੂ ਜੀ ਇਕ ਆਯਾਲੀ ਬਾਬਾ ਹਸਨ ਅਲੀ ਦੇ ਦੁਆਰਾ ਬੜੇ ਨਾਟਕੀ ਢੰਗ ਨਾਲ ਗ੍ਰਿਫ਼ਤਾਰ ਹੋਏ। ਉਥੋਂ ਦੇ ਕੋਤਵਾਲ ਦੇ ਦੁਆਰਾ ਬਾਦਸ਼ਾਹ ਨੂੰ ਸੂਚਨਾ ਤੇ ਉਨ੍ਹਾਂ ਨੂੰ ਆਪਣੇ ਇਕ ਸਦਰਦੀਨ ਉਮਰਾਉ ਨੂੰ ਆਗਰਾ ਭੇਜ ਕੇ ਗੁਰੂ ਜੀ ਨੂੰ ਦਿੱਲੀ ਬੁਲਵਾ ਲਿਆ ਅਤੇ ਕੈਦ ਕਰ ਲਿਆ। ਔਰੰਗਜ਼ੇਬ ਦੇ ਮਨ ਵਿਚ ਸਾਰੀ ਹਿੰਦੂ ਜਾਤੀ ਨੂੰ "ਇਸਲਾਮ ਧਰਮ" ਵਿਚ ਸ਼ਾਮਲ ਕਰਨ ਦੀ ਇੱਛਾ ਸੀ, ਜਿਸ ਲਈ ਉਸ ਨੇ ਗੁਰੂ ਜੀ ਤੋਂ ਸਹਿਯੋਗ ਅਤੇ ਸਹਾਇਤਾ ਮੰਗੀ। ਉਸਨੇ ਆਪਣਾ ਸਿਖਿਆ ਕਾਰਜ ਪੂਰਾ ਕਰਨ ਦੇ ਲਈ ਗੁਰੂ ਜੀ ਅਤੇ ਉਨ੍ਹਾਂ ਦੇ ਅਨੁਯਾਈਆਂ ਨੂੰ ਉਚੀ ਪਦਵੀ ਦੇਣ ਦਾ ਵਚਨ ਦਿੱਤਾ। ਵਜ਼ੀਰ ਨੇ ਗੁਰੂ ਤੇਗ਼ ਬਹਾਦਰ ਨੂੰ ਇਸਲਾਮ ਧਰਮ ਅਪਨਾਉਣ ਦੇ ਲਈ ਅਨੇਕ ਲੋਭ ਦਿੱਤੇ। ਗੁਰੂ ਜੀ ਦੇ ਅਸਵੀਕਾਰ ਕਰਨ ਉੱਤੇ ਉਨ੍ਹਾਂ ਨੂੰ ਡਰਾਇਆ ਵੀ ਗਿਆ। ਪਰੰਤੂ ਗੁਰੂ ਜੀ ਨੇ ਨਿਰਭੈ ਹੋ ਕੇ ਵਜ਼ੀਰ ਨੂੰ ਕਿਹਾ, "ਬਾਦਸ਼ਾਹ ਔਰੰਗਜ਼ੇਬ ਦਾ ਪੈਗੰਬਰ ਸਾਰੇ ਵਿਸ਼ਵ ਵਿਚ ਇਸਲਾਮ ਧਰਮ ਨੂੰ ਨਹੀਂ ਫੈਲਾ ਸਕਿਆ ਅਤੇ ਨਾ ਹੀ ਵਿਸ਼ਵ ਦੇ ਲੋਕਾਂ ਉਤੇ ਠੋਸ ਸਕਿਆ, ਫਿਰ ਬਾਦਸ਼ਾਹ ਇਹ ਕਿਵੇਂ ਕਰ ਸਕਦਾ ਹੈ?" ਫਿਰ ਗੁਰੂ ਜੀ ਨੇ ਅੱਗੇ ਚਲ ਕੇ ਕਿਹਾ, "ਬਾਦਸ਼ਾਹ ਔਰੰਗਜ਼ੇਬ ਨੂੰ ਇਹ ਭਲੀ ਪ੍ਰਕਾਰ ਸਮਝ ਲੈਣਾ ਚਾਹੀਦਾ ਹੈ ਕਿ ਭਾਰਤ ਵਿਚ ਇਸਲਾਮ ਦੇ ਨਾਲ-ਨਾਲ ਸਿੱਖ ਅਤੇ ਹਿੰਦੂ ਆਦਿ ਧਰਮ ਹਮੇਸ਼ਾਂ ਜੀਵਤ ਰਹਿਣਗੇ ਅਤੇ ਮੁਸਲਮਾਨਾਂ, ਸਿੱਖਾਂ ਅਤੇ ਹਿੰਦੂਆਂ ਨੂੰ ਇਕ ਦੂਸਰੇ ਦੇ ਧਰਮ ਵਿਚ ਰੁਕਾਵਟ ਨਹੀਂ ਬਣਨਾ ਚਾਹੀਦਾ ਅਤੇ ਮਿਲ ਕੇ ਰਹਿਣਾ ਚਾਹੀਦਾ ਹੈ।

ਇਸ ਤੋਂ ਬਾਅਦ ਗੁਰੂ ਦੇਵ ਜੀ ਨੇ ਕੋਈ ਪਰਮਾਤਮਾਈ ਚਮਤਕਾਰ ਦਿਖਾਉਣ ਦੇ ਲਈ ਕਿਹਾ ਗਿਆ। ਗੁਰੂ ਜੀ ਨੇ ਚਮਤਕਾਰ ਪ੍ਰਦਰਸ਼ਨ ਨੂੰ ਅਕਾਲ ਪੁਰਖ ਦੀ ਇੱਛਾ ਦੇ ਵਿਰੁੱਧ ਕਹਿ ਕੇ ਅਸਵੀਕਾਰ ਕਰ ਦਿੱਤਾ। ਪਰੰਤੂ ਗੁਰੂ ਜੀ ਆਪਣੇ ਇਰਾਦੇ ਉੱਪਰ ਅਟਲ ਰਹੇ। ਉਹ ਤਾਂ ਮੁਗਲ ਰਾਜ ਦੀਆਂ ਜੜ੍ਹਾਂ ਉਖਾੜਨ ਦੇ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਸਨ। "ਗੁਰ ਪ੍ਰਤਾਪ ਸੂਰਜ" ਵਿਚ ਗੁਰੂ ਜੀ ਦੇ ਕਾਰਾਵਾਸ ਵਿਚ ਰਹਿੰਦੇ ਸਮੇਂ ਦੇ ਅਨੇਕ ਚਮਤਕਾਰ ਚਰਿੱਤਰ ਦਾ ਵਰਨਣ ਮਿਲਦਾ ਹੈ। ਜਿਵੇਂ ਜਮਨਾ ਨਦੀ ਵਿਚ ਇਸ਼ਨਾਨ ਕਰਨ ਜਾਣਾ, ਆਪਣੇ ਸਿੱਖਾਂ ਦੇ ਘਰਾਂ ਵਿਚ ਭੋਜਨ ਖਾਣ ਲਈ ਜਾਣਾ ਆਦਿ। ਪਰੰਤੂ "ਮਹਿਮਾ ਪ੍ਰਕਾਸ਼" ਅਤੇ "ਗੁਰ ਬਿਲਾਸ" ਆਦਿ ਵਿਚ ਅਜਿਹੇ ਚਰਿੱਤਰਾਂ ਦਾ ਕੋਈ ਸੰਕੇਤ ਨਹੀਂ ਮਿਲਦਾ। ਅੰਤ ਵਿਚ ਗੁਰੂ ਜੀ ਨੂੰ ਕਾਰਾਵਾਸ ਵਿਚ ਬੰਦ ਕਰ ਦਿੱਤਾ ਗਿਆ ਅਤੇ ਇਨ੍ਹਾਂ ਦੇ ਮਨ ਵਿਚ ਡਰ ਪੈਦਾ ਕਰਨ ਲਈ ਇਨ੍ਹਾਂ ਦੇ ਸ਼ਿਸ਼ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਅਤੇ ਭਾਈ ਦਿਆਲ ਦਾਸ ਨੂੰ ਦੇਗ਼ ਉਬਾਲਿਆ ਗਿਆ। ਗੁਰੂ ਦੇ ਇਨ੍ਹਾਂ ਚੇਲਿਆਂ ਨੂੰ ਮੌਤ ਨੂੰ ਤਾਂ ਅਪਨਾ ਲਿਆ, ਪਰੰਤੂ ਧਰਮ ਪਰਿਵਰਤਨ ਕਰਨਾ ਸਵੀਕਾਰ ਨਹੀਂ ਕੀਤਾ। ਇਸ ਤਰ੍ਹਾਂ ਦੇ ਘੋਰ ਕਸ਼ਟਾਂ ਤੋਂ ਵੀ ਗੁਰੂ ਜੀ ਨੂੰ ਅਪ੍ਰਭਾਵਿਤ ਦੇਖ ਕੇ ਬਾਦਸ਼ਾਹ ਨੂੰ ਦੂਸਰੇ ਸੇਵਕਾਂ ਨੂੰ ਛੱਡ ਦਿੱਤਾ, ਉਹ ਵੀ ਅਜਿਹੀ ਭਿਆਨਕ ਮੌਤ ਦੇਖ ਕੇ ਕੁਝ ਡਰ ਗਏ ਅਤੇ ਜੇਲ੍ਹ ਵਿਚੋਂ ਨਿਕਲਣ ਦੇ ਲਈ ਗੁਰੂ ਜੀ ਤੋਂ ਇਜਾਜਤ ਮੰਗਣ ਲੱਗੇ। ਜਦੋਂ ਗੁਰੂ ਜੀ ਨੇ ਉਨ੍ਹਾਂ ਨੂੰ ਇਜ਼ਾਜਤ ਦੇ ਦਿੱਤੀ ਤਾਂ ਉਨ੍ਹਾਂ ਨੇ ਕਾਰਾਵਾਸ ਤੋਂ ਮੁਕਤ ਹੋ ਕੇ ਬਾਹਰ ਰਹਿੰਦੇ ਗੁਰੂ ਸੇਵਾ ਦਾ ਪ੍ਰਣ ਲਿਆ। ਔਰੰਗਜੇਬ ਨੂੰ ਜਦੋਂ ਇਹ ਖਬਰ ਮਿਲੀ ਤਾਂ ਉਸਨੇ ਗੁਰੂ ਜੀ ਨੂੰ ਲੋਹ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ। ਪਰੰਤੂ ਗੁਰੂ ਜੀ ਉਪਰ ਇਸ ਦਾ ਵੀ ਕੋਈ ਪ੍ਰਭਾਵ ਨਹੀਂ ਪਿਆ। ਉਨ੍ਹਾਂ ਨੇ ਹੁਣ ਸਰੀਰ ਤਿਆਗ ਦੇਣ ਦਾ ਨਿਸ਼ਚਾ ਕਰਕੇ ਬਾਲਕ ਗੋਬਿੰਦ ਗਏ ਦੀ ਪਰੀਖਿਆ ਲੈਣ ਲਈ ਨਿਮਨ-ਲਿਖਤ ਸਲੋਕ ਉਸਦੇ ਕੋਲ ਭਿਜਵਾਇਆ-

ਬਲ ਛੁਟਕਿਉ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥

ਇਸਦੇ ਉੱਤਰ ਵਿਚ ਗੁਰੂ ਗੋਬਿੰਦ ਸਿੰਘ ਨੇ ਨਿਮਨਲਿਖਤ ਸ਼ਲੋਕ ਉਨ੍ਹਾਂ ਦੇ ਕੋਲ ਭੇਜਿਆ ਜਿਸ ਤੋਂ ਵਿਸ਼ਵਾਸ ਹੋ ਗਿਆ ਕਿ ਉਨ੍ਹਾਂ ਤੇ ਬਾਅਦ ਗੋਬਿੰਦ ਗੁਰਗੱਦੀ ਦੇ ਯੋਗ ਹੋ ਗਏ ਹਨ-

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤੁ ਉਪਾਇ॥
ਨਾਨਕ ਸਭੁ ਕਿਛੁ ਤੁਮਰੈ ਹਾਤ ਮਹਿ ਤੁਮ ਹੀ ਹੋਤ ਸਹਾਇ॥

ਇਸ ਤਰ੍ਹਾਂ ਹੀ ਉਨ੍ਹਾਂ ਨੇ ਆਪਣੀ ਮਾਤਾ ਨਾਨਕੀ ਅਤੇ ਪਤਨੀ ਗੁਜਰੀ ਜੀ ਨੂੰ ਸੰਸਾਰ ਦੀ ਨਾਸ਼ਮਾਨਤਾ ਦਾ ਸੰਦੇਸ਼ ਦੇਣ ਦੇ ਲਈ ਵੈਰਾਗ ਭਾਵਨਾ ਨਾਲ ਭਰੇ ਸ਼ਬਦ ਲਿਖ ਕੇ ਭੇਜੇ ਸਨ । ਜਿਸ ਨਾਲ ਪ੍ਰਭੂ ਭਾਣੇ ਨੂੰ ਸਵੀਕਾਰ ਕਰਨ ਦੀ ਅਦੁੱਤੀ ਸ਼ਕਤੀ ਉਤਪੰਨ ਹੋ ਸਕੇ।

ਰਾਮ ਰਾਇਓ ਰਾਵਨੁ ਰਾਇਓ ਜਾ ਕੋ ਬਹੁ ਪਰਵਾਰ।
ਕਹੁ ਨਾਨਕ ਥਿਰੁ ਕਛੁ ਨਹੀਂ ਸੁਪਨੇ ਜਿਉਂ ਸੰਸਾਰੁ।
ਚਿੰਤਾ ਤਾ ਕੀ ਕੀਜਿਐ ਜੋ ਅਨਹੋਨੀ ਹੋਇ।
ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ।
ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ।
ਨਾਨਕ ਹਰਿ ਗੁਨ ਗਾਇ ਲੈ ਛਾਡਿ ਸਗਲ ਜੰਜਾਲ।

ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਸੰਭਾਵਨਾ ਦੇਣ ਤੋਂ ਬਾਅਦ ਇਸ ਨਾਸ਼ਵਾਨ ਸਰੀਰ ਨੂੰ ਤਿਆਗ ਦੇਣ ਦਾ ਇੱਧਰ ਦ੍ਰਿੜ ਇਰਾਦਾ ਕਰ ਹੀ ਰਹੇ ਸਨ ਕਿ ਉੱਪਰ ਔਰੰਗਜ਼ੇਬ ਨੇ ਆਪਣੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਨਾ ਵੇਖ ਕੇ ਗੁਰੂ ਜੀ ਉੱਤੇ ਨਾ ਕੇਵਲ ਅਧਿਕ ਕਠੋਰਤਾ ਕਰਨੀ ਆਰੰਭ ਕਰ ਦਿੱਤੀ ਬਲਕਿ ਗੁਰੂ ਜੀ ਨੂੰ ਕਤਲ ਕਰ ਦੇਣ ਦਾ ਹੁਕਮ ਵੀ ਦੇ ਦਿੱਤਾ।

ਸ਼ਹਿਰ ਵਿਚ ਇਸ ਬਾਰੇ ਮੁਨਾਦੀ ਕਰ ਦਿੱਤੀ ਗਈ। ਵੀਰਵਾਰ (12 ਮਘਰ) ਸੰਮਤ 1732 ਨੂੰ ਚਾਂਦਨੀ ਚੌਂਕ ਵਿਚ ਸੀਸ ਗੰਜ ਗੁਰਦੁਆਰੇ ਸਥਾਨ ਉੱਤੇ ਸਮਾਨਾ ਦੇ ਜਲਾਲੁਦੀਨ ਨਾਮ ਜਲਾਦ ਦੇ ਦੁਆਰਾ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। "ਗੁਰ ਪ੍ਰਤਾਪ ਸੂਰਜ" ਦੇ ਅਨੁਸਾਰ ਉਸ ਸਮੇਂ ਚਾਰੇ ਪਾਸੇ ਹਾਹਾਕਾਰ ਮਚ ਗਈ, ਬੱਦਲ ਅਤੇ ਹਨੇਰੀ ਛਾ ਗਈ। ਗੁਰੂ ਜੀ ਜੀ ਦਾ ਸੀਸ ਉੱਡ ਕੇ ਭਾਈ ਜੈਤਾ ਦੀ ਗੋਦੀ ਵਿਚ ਡਿੱਗਿਆ ਜਿਸ ਨੂੰ ਉਸਨੇ ਛੁਪਾ ਲਿਆ ਅਤੇ ਆਨੰਦਪੁਰ ਲੈ ਗਿਆ। ਗੁਰੂ ਜੀ ਦਾ ਧੜ ਉਸ ਸਥਾਨ ਉੱਪਰ ਪਿਆ ਰਿਹਾ। ਬਾਦਸ਼ਾਹ ਦੇ ਜ਼ੁਲਮ ਤੋਂ ਡਰਦਾ ਕੋਈ ਵੀ ਅੱਗੇ ਨਹੀਂ ਵੱਧ ਰਿਹਾ ਸੀ। ਭਾਈ ਲਖੀ ਸ਼ਾਹ ਵਣਜਾਰੇ ਨੇ ਚਤੁਰਾਈ ਨਾਲ ਧੜ ਨੂੰ ਆਪਣੇ ਗੱਡੇ ਵਿਚ ਰੱਖ ਲਿਆ ਅਤੇ ਆਪਣੇ ਘਰ ਵਿਚ ਹੀ ਚਿਤਾ ਬਣਾ ਕੇ ਗੁਰੂ ਜੀ ਦੇ ਸਰੀਰ ਦਾ ਸੰਸਕਾਰ ਕੀਤਾ। ਉਧਰ ਜਦੋਂ ਭਾਈ ਜੈਤਾ ਅਨੰਦਪੁਰ ਪਹੁੰਚਿਆ ਤਾਂ ਗੋਬਿੰਦ ਸਿੰਘ ਨੇ "ਰੰਗਰੇਟਾ ਗੁਰ ਕਾ ਬੇਟਾ" ਕਹਿ ਕੇ ਉਸ ਦਾ ਸਤਿਕਾਰ ਕੀਤਾ ਅਤੇ ਬੜੇ ਸਨਮਾਨ ਦੇ ਨਾਲ ਗੁਰੂ ਜੀ ਦੇ ਸੀਸ ਦਾ ਸੰਸਕਾਰ ਕੀਤਾ। ਇਸ ਤਰ੍ਹਾਂ "ਹਿੰਦ ਦੀ ਚਾਦਰ" ਗੁਰੂ ਜੀ ਨੇ ਆਪਣਾ ਬਲੀਦਾਨ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਮਰ ਗ੍ਰੰਥ "ਬਚਿੱਤਰ ਨਾਟਕ" ਵਿਚ ਇਸ ਅਦੁੱਤੀ ਬਲੀਦਾਨ ਦਾ ਉਲੇਖ ਇਸ ਪ੍ਰਕਾਰ ਕੀਤਾ ਹੈ-

ਤਿਲਕ ਜੰਞੂ ਰਾਖਾ ਪ੍ਰਭ ਤਾਕਾ,
ਕੀਨੋ ਬਡ਼ੋ ਕਲੂ ਮਹਿ ਸਾਕਾ।
ਸਾਧਨ ਹੇਤ ਇਤੀ ਜਿਨਿ ਕਰੀ,
ਸੀਸ ਦੀਯਾ ਪਰ ਸੀ ਨਾ ਉਚਰੀ।
ਧਰਮ ਹੇਤ ਸਾਕਾ ਜਿਨਿ ਕੀਆ,
ਸੀਸ ਦੀਆ ਪਰ ਸਿਰਰੁ ਨ ਦੀਆ।
ਨਾਟਕ ਚੇਟਕ ਕੀਏ ਕੁਕਾਜਾ,
ਪ੍ਰਭ ਲੋਗਨ ਕਹ ਆਵਤ ਲਾਜਾ।
ਠੀਕਰਿ ਫੋਰ ਦਿਲੀਸ ਸਿਰ ਪ੍ਰਭ ਪੁਰ ਕੀਆ ਪਿਯਾਨ।
ਤੇਗ ਬਹਾਦਰ ਸੀ ਕ੍ਰਿਯਾ ਕਰੀ ਨਾ ਕਿਨਹੂੰ ਆਨ।
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ ਜੈ ਜੈ ਸੁਰ ਲੋਕ।

ਗੁਰੂ ਜੀ ਦੇ ਬਲੀਦਾਨ ਦਾ ਵਰਨਣ "ਗੁਰ ਪ੍ਰਤਾਪ ਸੂਰਜ" ਵਿਚ ਬੜਾ ਸੋਹਣਾ ਹੋਇਆ ਹੈ। ਭਾਈ ਸੰਤੋਖ ਸਿੰਘ ਨੇ ਇਨ੍ਹਾਂ ਦੇ ਬਲੀਦਾਨ ਦੇ ਵਿਸ਼ੇ ਵਿਚ ਇਕ ਸਥਾਨ ਉੱਤੇ ਲਿਖਿਆ ਹੈ-

ਇਸ ਤਰ੍ਹਾਂ ਨਾਲ ਗੁਰੂ ਜੀ ਨੇ ਆਪਣੇ ਅਦੁੱਤੀ ਬਲੀਦਾਨ ਦੁਆਰਾ ਹਿੰਦੂਆਂ ਅਤੇ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਕੀਤੀ। ਇਸ ਸੰਬੰਧ ਵਿਚ "ਗੁਰ ਸੋਭਾ" ਦੇ ਰਚੇਤਾ ਕਵੀ ਸੈਨਾਪਤੀ ਦੇ ਵਿਚਾਰ ਪੇਸ਼ ਹਨ-

ਇਸ ਬਲੀਦਾਨ ਨੇ ਗੁਰੂ ਗੋਬਿੰਦ ਸਿੰਘ ਨੂੰ ਏਨਾ ਪ੍ਰਭਾਵਿਤ ਕੀਤਾ ਕਿ ਉਨ੍ਹਾਂ ਨੇ ਮੁਗਲ ਸ਼ਾਸਕਾਂ ਦੇ ਅਤਿਆਚਾਰਾਂ ਨੂੰ ਸਮਾਪਤ ਕਰਨ ਦੇ ਲਈ "ਖਾਲਸਾ" ਦਾ ਨਿਰਮਾਣ ਕੀਤਾ। ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਅੰਤ ਵਿਚ ਗੁਰੂ ਗੋਬਿੰਦ ਸਿੰਘ ਜੀ ਮੁਗ਼ਲ ਸਾਮਰਾਜ ਦੇ ਪਤਨ ਦਾ ਮੁੱਖ ਕਾਰਣ ਬਣੇ ਬੈਠੇ ਹਨ।

ਇਸ ਬਲੀਦਾਨ ਨੇ ਭਾਰਤੀਆਂ ਵਿਚ ਉਤਸ਼ਾਹ ਇਸ ਹੱਦ ਤੱਕ ਭਰ ਦਿੱਤਾ ਕਿ ਹੁਣ ਉਨ੍ਹਾਂ ਕੋਲ ਉਹ ਸ਼ਕਤੀ ਇਕੱਠੀ ਹੋ ਗਈ ਸੀ ਕਿ ਉਹ ਬਾਦਸ਼ਾਹ ਔਰੰਗਜ਼ੇਬ ਨੂੰ ਵੀ ਪੱਥਰ ਮਾਰ ਸਕਦੇ ਹਨ। ਡਾ. ਤ੍ਰਿਲੋਚਨ ਸਿੰਘ ਦਾ ਕਥਨ ਹੈ ਕਿ ਗੁਰੂ ਜੀ ਦੇ ਬਲੀਦਾਨ ਨੇ ਵਿਭਿੰਨ ਧਰਮਾਂ ਅਤੇ ਸੰਸਕ੍ਰਿਤੀਆਂ ਦੇ ਲੋਕਾਂ ਵਿਚ ਇਕ ਦੂਸਰੇ ਦੇ ਧਰਮ ਦੇ ਪ੍ਰਤੀ

ਆਦਰ ਭਾਵ ਦਿਖਾਉਣ ਦੀ ਪ੍ਰੇਰਨਾ ਪ੍ਰਦਾਨ ਕੀਤੀ।

ਗੁਰੂ ਤੇਗ਼ ਬਹਾਦਰ ਦੇ ਧਰਮ ਅਤੇ ਨਿਆਂ ਲਈ ਦਿੱਤੇ ਹੋਏ ਬਲੀਦਾਨ ਨੂੰ ਦੇਖ ਕੇ ਭਾਰਤੀਆਂ ਨੇ ਇਨ੍ਹਾਂ ਨੂੰ "ਹਿੰਦ ਦੀ ਚਾਦਰ" ਦੀ ਉਪਾਧੀ ਨਾਲ ਸਨਮਾਨਿਤ ਕੀਤਾ।

ਭਾਈ ਸੰਤੋਖ ਸਿੰਘ ਅਨੁਸਾਰ ਆਪ ਦੱਸ ਸਾਲ, 7 ਮਹੀਨੇ ਅਤੇ ਇੱਕੀ ਦਿਨ ਗੁਰੂ ਨਾਨਕ ਦੇ ਪਵਿੱਤਰ ਸਿੰਘਾਸਨ ਉਤੇ ਬਿਰਾਜਮਾਨ ਰਹੇ। ਭਾਈ ਕਾਨ੍ਹ ਸਿੰਘ ਅਨੁਸਾਰ ਗੁਰ-ਗੱਦੀ ਉੱਪਰ ਬਿਰਾਜਮਾਨ ਰਹਿਣ ਦਾ ਸਮਾਂ ਦਸ ਸਾਲ, 7 ਮਹੀਨੇ, 18 ਦਿਨ ਹੈ। ਮਹਿਮਾ ਪ੍ਰਕਾਸ਼ ਵਿਚ ਆਪ ਦੇ 17 ਸਾਲ, 7 ਮਹੀਨੇ, 21 ਦਿਨ ਤੱਕ ਇਸ ਉੱਤੇ ਬਿਰਾਜਮਾਨ ਰਹਿਣ ਦੇ ਸਮੇਂ ਦਾ ਉਲੇਖ ਸੰਤੋਖ ਸਿੰਘ ਅਤੇ ਭਾਈ ਕਾਨ੍ਹ ਸਿੰਘ ਦੁਆਰਾ ਦਿੱਤਾ ਸਮਾਂ ਠੀਕ ਮੰਨਦੇ ਹਨ। ਇਸ ਤਰ੍ਹਾਂ ਆਪ ਇਸ ਸੰਸਾਰ ਵਿਚ 54 ਸਾਲ, 7 ਮਹੀਨੇ ਅਤੇ 7 ਦਿਨ ਤੱਕ ਰਹੇ।

ਭਾਈ ਸੰਤੋਖ ਸਿੰਘ ਨੇ ਗੁਰੂ ਜੀ ਦੇ ਜੀਵਨ ਨਾਲ ਸੰਬੰਧਤ ਵਿੰਭਿਨ ਸਥਾਨਾਂ ਦੀ ਯਾਤਰਾ ਕਰਨ ਤੋਂ ਬਾਅਦ ਅਤੇ ਇਤਿਹਾਸਕ ਤੱਥਾਂ ਦੀ ਛਾਣਬੀਨ ਕਰਦੇ ਹੋਏ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਨੂੰ ਵੀ ਇਸ ਸੰਬੰਧ ਵਿਚ ਪੇਸ਼ ਕੀਤਾ ਹੈ। ਪਰੰਤੂ "ਮਹਿਮਾ ਪ੍ਰਕਾਸ਼" ਦੇ ਕਰਤਾ ਸਰੂਪ ਦਾਸ ਭੱਲਾ ਦਾ ਵਰਨਣ ਕੁਝ ਭਿੰਨ ਪ੍ਰਕਾਰ ਦਾ ਹੈ। ਉਸ ਦੀ ਕਹਿਣਾ ਹੈ ਕਿ ਗੁਰੂ ਜੀ ਨੇ ਆਪ ਚੱਕੀ ਵਾਲੇ ਰਾਜਪੂਤ ਨੂੰ ਕਤਲ ਕਰਨ ਦੇ ਲਈ ਪ੍ਰੇਰਿਤ ਕੀਤਾ ਸੀ ਅਤੇ ਉਸ ਤੋਂ ਬਾਅਦ ਗੁਰੂ ਜੀ ਦਾ ਧੜ ਆਨੰਦਪੁਰ ਲਿਆਂਦਾ ਗਿਆ ਸੀ। ਜਦੋਂ ਕਿ ਗੁਰੂ ਜੀ ਦੇ ਧੜ ਕੇ ਸਥਾਨ ਉਪਰ ਉਨ੍ਹਾਂ ਦੇ ਸੀਸ ਦਾ ਆਨੰਦਪੁਰ ਲਿਆਇਆ ਜਾਣਾ ਹੀ ਅਧਿਕਤਰ ਇਤਿਹਾਸਕਾਰਾਂ ਨੂੰ (ਭਾਈ ਸੰਤੋਖ ਸਿੰਘ ਦੇ ਕਥਨ ਠੀਕ ਲੱਗਦਾ ਹੈ)। ਸਰਲਮੁਤਾਖਰੀਨ ਦੇ ਕਰਤਾ ਦਾ ਕਹਿਣਾ ਹੈ ਕਿ ਗੁਰੂ ਜੀ ਦਾ ਕਤਲ ਗਵਾਲੀਅਰ ਵਿਚ ਹੋਇਆ ਸੀ। ਗੁਰੂ ਜੀ ਦੇ ਸਰੀਰ ਦੇ ਚਾਰ ਟੁਕੜੇ ਕਿਲ੍ਹੇ ਦੀਆਂ ਚਾਰ ਦੀਵਾਰਾਂ ਉੱਪਰ ਟੰਗੇ ਗਏ ਸਨ ਪਰੰਤੂ ਇਸ ਤਰ੍ਹਾਂ ਦੇ ਕਿਸੇ ਤੱਥ ਨੂੰ ਵੀ ਸਿੱਖ ਗੁਰੂ ਇਤਿਹਾਸ ਪਰੰਪਰਾ ਵਿਚ ਮਾਨਤਾ ਪ੍ਰਾਪਤ ਨਹੀਂ ਹੈ। ਸਿੱਖ ਗੁਰੂ-ਇਤਿਹਾਸ ਦੇ ਅਨੁਸਾਰ ਗੁਰੂ ਜੀ ਦਾ ਬਲੀਦਾਨ ਦਿੱਲੀ ਵਿਚ ਹੋਇਆ ਸੀ।

ਗੁਰੂ ਤੇਗ਼ ਬਹਾਦਰ ਦਾ ਵਿਅਕਤਿਤਵ ਮਹਾਨ ਅਤੇ ਵਿਲੱਖਣ ਹੈ। ਇਨ੍ਹਾਂ ਦਾ ਵਿਅਕਤਿਤਵ ਅਤਿਅੰਤ ਪ੍ਰਭਾਵਸ਼ਾਲੀ ਸੀ। ਇਨ੍ਹਾਂ ਦੇ ਬਹੁਮੁਖ ਵੀ ਬਹੁਤ ਪ੍ਰਭਾਵਿਤ ਸਨ। ਉਹ ਇਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਸਨ ਅਤੇ "ਸੱਚੇ ਪਾਤਸ਼ਾਹ" ਦੇ ਨਾਮ ਨਾਲ ਸੰਬੋਧਨ ਕਰਦੇ ਸਨ। ਉਹ ਗੁਰੂ ਦੇ ਵਿਅਕਤਿਤਵ ਦੇ ਹੀ ਚਮਤਕਾਰ ਸੀ ਕਿ ਗੁਰੂ ਗੋਬਿੰਦ ਸਿੰਘ ਨੇ "ਖਾਲਸਾ" ਦਾ ਨਿਰਮਾਣ ਕੀਤਾ ਅਤੇ ਅਤਿਆਚਾਰੀ ਮੁਗਲ ਸਾਮਰਾਜ ਦੀਆਂ ਜੜ੍ਹਾ ਹਿਲਾ ਦਿੱਤੀਆਂ। ਲੋਕ ਇਨ੍ਹਾਂ ਦੇ ਆਲੋਕਿਕ ਰੂਪ ਨੂੰ ਦੇਖ ਕੇ ਹੈਰਾਨ ਰਹਿ ਜਾਂਦੇ ਸਨ। ਇਨ੍ਹਾਂ ਦੀ ਗਤੀ ਸੰਤੁਲਿਨ ਅਤੇ ਮਸਤ ਸੀ। ਸੰਖੇਪ ਰੂਪ ਵਿਚ ਗੁਰੂ ਦੇਵ ਦਾ ਬਾਹਰੀ ਵਿਅਕਤਿਤਵ ਬਹੁਤ ਪ੍ਰਭਾਵਸ਼ਾਲੀ ਸੀ।

ਗੁਰੂ ਦੇਵ ਮਹਾਨ ਯੋਧਾ ਅਤੇ ਪੂਰਣ ਤੇਜੱਸਵੀ ਸਨ। ਇਨ੍ਹਾਂ ਨੇ ਬਾਲ ਅਵਸਥਾ ਵਿਚ ਹੀ ਸ਼ਸਤਰ ਵਿਦਿਆ ਦੇ ਪ੍ਰਸਿੱਧ ਅਚਾਰੀਆ-ਬਾਲਕ ਅਤੇ ਯੋਧਾ ਮਲ ਤੋਂ ਯੁੱਧ ਕਲਾ-ਕੌਸ਼ਲ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਇਨ੍ਹਾਂ ਦੇ ਪਿਤਾ ਗੁਰੂ ਹਰਿਗੋਬਿੰਦ ਆਪਣੇ ਯੁੱਗ ਦੇ ਵੀਰ ਯੋਧਾ ਸਨ, ਜਿਨ੍ਹਾਂ ਦੇ ਪ੍ਰਭਾਵ ਗੁਰੂ ਜੀ ਉੱਪਰ ਵਿਸ਼ੇਸ਼ ਪਿਆ। ਗੁਰੂ ਦੇਵ ਦੀ ਬੀਰਤਾ ਦਾ ਪ੍ਰਦਰਸ਼ਨ ਸਾਨੂੰ ਕਰਤਾਪੁਰ ਦੇ ਯੁੱਧ ਵਿਚ ਹੁੰਦਾ ਹੈ। ਇਸ ਯੁੱਧ ਵਿਚ ਇਨ੍ਹਾਂ ਨੇ ਪੂਰੀ ਬੀਰਤਾ ਦੇ ਪ੍ਰਦਰਸ਼ਨ ਕੀਤਾ ਸੀ ਅਤੇ ਅੰਤ ਵਿਚ ਜਿੱਤ ਇਨ੍ਹਾਂ ਦੇ ਪਿਤਾ ਨੂੰ ਪ੍ਰਾਪਤ ਹੋਈ। ਮਹਾਂ ਕਵੀ ਸੰਤੋਖ ਸਿੰਘ ਨੇ ਇਨ੍ਹਾਂ ਦੀ ਬੀਰਤਾ ਨੂੰ ਪੇਸ਼ ਕੀਤਾ ਹੈ-

ਭਰੀ ਤੇਗ ਬਹਾਦਰ ਫਿਰਤਿ ਮਾਹਿ।
ਬਰਜਤ ਬਹੁਤ, ਘਰਿ ਹਟਤਿ ਨਾਹਿ।
ਨਿਜ ਨਿਜ ਤੁਰਗ ਫਿਰਤੇ ਧਵਾਏ।
ਗੁਰ ਮਾਹਿ ਸਹਾਇ ਇਤ ਉਤਹਿ ਜਾਹਿ।
ਸੁਰਨਿ ਦਲੇਰ ਕਰਤੇ ਬਡੇਰ।
...............
ਰਣ ਤਿਆਗਿ ਦੋਨਿ ਇਹ ਧਰਮ ਨਾਹਿ।
ਰਨ ਰਿਧਨ ਹਨੇਰੀ ਹਮ ਜਗ ਮਾਹਿ।
ਗੁਰ ਪਿਤਾ ਜਥਾ ਹਥਿਆਰ ਧਾਰਿ।
ਤੁਰਕਾਨ ਸੰਨ ਅਨਰਾਨ ਸੰਘਾਰਿ।

ਗੁਰੂ ਦੇਵ ਸਾਹਸੀ ਅਤੇ ਨਿਡਰ ਸਨ। ਇਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਅਨੇਕ ਕਠਿਨਾਈਆਂ ਅਤੇ ਰੁਕਾਵਟਾਂ ਦਾ ਸਾਹਸ ਪੂਰਵਕ ਮੁਕਾਬਲ ਕੀਤਾ। ਇਹ ਅਨੇਕ ਕਠਿਨਾਈਆਂ ਅਤੇ ਰੁਕਾਵਟਾਂ ਦਾ ਸਾਹਸ ਪੂਰਵਕ ਮੁਕਾਬਲਾ ਕੀਤਾ। ਇਹ ਜੀਵਨ ਵਿਚ ਹਮੇਸ਼ਾਂ ਕ੍ਰਿਆਸ਼ੀਲ ਰਹੇ। ਇਕ ਪਾਸੇ ਇਨ੍ਹਾਂ ਨੇ ਅਤਿਆਚਾਰੀ ਮੁਗਲਾਂ ਨਾਲ ਮੁਕਾਬਲਾ ਕਰਨਾ ਸੀ ਅਤੇ ਦੂਸਰੇ ਪਾਸੇ ਗੁਰ ਪਰਿਵਾਰ ਨਾਲ ਸੰਬੰਧਤ ਧੀਰਮਲ-ਰਾਮ ਰਾਇ ਆਦਿ ਲੋਕਾਂ ਨਾਲ ਸੰਘਰਸ਼

ਕਰਨਾ ਸੀ। ਇਹ ਨਿਡਰ ਹੋ ਕੇ ਇਨ੍ਹਾਂ ਦੋਨਾਂ ਸ਼ਕਤੀਆਂ ਨਾਲ ਸੰਘਰਸ਼ ਕਰਦੇ ਰਹੇ। ਧੀਰਮਲ ਅਤੇ ਰਾਮ ਰਾਏ ਉਪਰ ਇਨ੍ਹਾਂ ਨੇ ਪੂਰਨ ਸਫ਼ਲਤਾ ਪ੍ਰਾਪਤ ਕਰ ਲਈ। ਮੁਗਲ ਸ਼ਾਸਕਾਂ ਦੇ ਨਾਲ ਲੜਦੇ ਸਮੇਂ ਗੁਰੂ ਜੀ ਹਮੇਸ਼ਾਂ ਆਪਣਾ ਆਦਰਸ਼ ਨਿਮਨਲਿਖਿਤ ਦੋਹਾ ਰੱਖਦੇ ਸਨ–

ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।

ਗੁਰੂ ਦੇਵ ਦੇ ਵਿਅਕਤੀਤਵ ਦੀ ਇਕ ਹੋਰ ਵਿਸ਼ੇਸ਼ਤਾ ਗੁਣ ਗ੍ਰਾਹਕਤਾ ਸੀ। ਇਨ੍ਹਾਂ ਨੇ ਬਿਨਾਂ ਕਿਸੇ ਝਿਜਕ ਦੇ ਹਿੰਦੂ ਧਰਮ ਦੇ ਮਹਾਂਪੁਰਸ਼ਾਂ ਦਾ ਉਲੇਖ ਆਪਣੀ ਬਾਣੀ ਵਿਚ ਕੀਤਾ। ਗੁਰੂ ਜੀ ਦੀ ਮਾਤ-ਭਾਸ਼ਾ ਪੰਜਾਬੀ ਸੀ, ਪਰੰਤੂ ਇਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਵਿਆਪਕਤਾ ਪ੍ਰਦਾਨ ਕਰਨ ਦੇ ਲਈ ਹਿੰਦੀ (ਬ੍ਰਿਜ) ਭਾਸ਼ਾ ਦਾ ਪ੍ਰਯੋਗ ਕੀਤਾ। ਇਸ ਤਰ੍ਹਾਂ ਪੰਜਾਬੀ ਹੁੰਦੇ ਹੋਏ ਵੀ ਹਿੰਦੀ ਭਾਸ਼ਾ ਨੂੰ ਆਪਣੀ ਬਾਣੀ ਦਾ ਮਾਧਿਅਮ ਬਣਾ ਕੇ ਇਨ੍ਹਾਂ ਨੇ ਲੋਕਾਂ ਦੀ ਸੰਕੀਰਣਤਾ ਨੂੰ ਦੂਰ ਕੀਤਾ। ਇਹ ਇਨ੍ਹਾਂ ਦੀ ਗੁਣ-ਗ੍ਰਾਹਕ ਸ਼ਕਤੀ ਉਦਾਹਰਣ ਕਹੀ ਜਾ ਸਕਦੀ ਹੈ।

ਗੁਰੂ ਜੀ ਉੱਚ ਕੋਟੀ ਦੇ ਕਵੀ ਸਨ। ਇਨ੍ਹਾਂ ਦੀ ਬਾਣੀ ਵਿਚ ਉੱਤਮ ਕਵਿਤਾ ਦੇ ਸਾਰੇ ਗੁਣ ਸਨ। ਇਕ ਮਹਾਨ ਸੰਗੀਤਕ ਦੇ ਰੂਪ ਵਿਚ ਕੇਵਲ ਇਨ੍ਹਾਂ ਨੇ ਹੀ ਜੈਜਾਵੰਤੀ ਰਾਗ ਵਿਚ ਬਾਣੀ ਦਾ ਉਚਾਰਣ ਕੀਤਾ। ਇਨ੍ਹਾਂ ਤੋਂ ਪਹਿਲਾਂ ਹੋਰ ਕਿਸੇ ਗੁਰੂ ਨੇ ਇਸ ਰਾਗ ਵਿਚ ਬਾਣੀ ਦਾ ਉਚਾਰਣ ਨਹੀਂ ਕੀਤਾ ਹੈ। ਇਨ੍ਹਾਂ ਦੇ ਸੰਬੰਧ ਵਿਚ ਕਿਹਾ ਜਾਂਦਾ ਹੈ ਕਿ ਇਹ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਗਾ-ਗਾ ਕੇ ਕਰਦੇ ਸਨ। ਇਕ ਮਹਾਨ ਪ੍ਰਦਰਸ਼ਕ ਦੇ ਰੂਪ ਵਿਚ ਇਨ੍ਹਾਂ ਸਾਰੇ ਉੱਤਰ ਭਾਰਤ ਦੀ ਯਾਤਰਾ ਕੀਤੀ।

ਗੁਰੂ ਤੇਗ਼ ਬਹਾਦਰ ਦੇ ਵਿਅਕਤਿਤਵ ਦੀ ਇਕ ਹੋਰ ਵਿਸ਼ੇਸ਼ਤਾ ਹੈ ਦੇਸ਼ ਭਗਤੀ ਇਨ੍ਹਾਂ ਨੇ ਅਤਿਆਚਾਰੀ ਮੁਗਲ ਸ਼ਾਸਕਾਂ ਦੀ ਧਾਰਮਿਕ ਨੀਤੀ ਦਾ ਖੁੱਲ੍ਹੇ ਆਮ ਵਿਰੋਧ ਕੀਤਾ। ਵਿਦੇਸ਼ੀ ਸੱਤਾ ਨੂੰ ਸਮਾਪਤ ਕਰਨ ਦੇ ਲਈ, ਇਨ੍ਹਾਂ ਦੀ ਸਿੱਖਾਂ ਨੂੰ ਸੰਗਠਿਤ ਕੀਤਾ, ਉਨ੍ਹਾਂ ਨੂੰ ਨਿਡਰ ਬਣਾ ਕੇ ਸ਼ਕਤੀਸ਼ਾਲੀ ਬਣਾਇਆ। ਗੁਰੂ ਜੀ ਨੇ ਇਸੇ ਉਦੇਸ਼ ਨਾਲ ਹਿੰਦੂਆਂ ਨੂੰ ਔਰੰਗਜ਼ੇਬ ਦੀ ਧਰਮ-ਪਰਿਵਰਤਨ ਨੀਤੀ ਦੇ ਵਿਰੋਧ ਵਿਚ ਇੱਕਠਿਆਂ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਧਰਮ ਵਿਚ ਅਡੋਲ ਰਹਿਣ ਦੇ ਲਈ ਉਤਸ਼ਾਹਿਤ ਕੀਤਾ।

ਗੁਰੂ ਤੇਗ਼ ਬਹਾਦਰ ਦੇ ਵਿਅਕਤਿਤਵ ਵਿਚ ਸਹਿਣਸ਼ੀਲਤਾ ਅਤੇ ਤਿਆਗ ਦੇ ਗੁਣ ਵੀ ਵਿਦਮਾਨ ਸਨ। ਗੁਰੂ ਜੀ ਨੂੰ ਕਈ ਵਾਰ ਉਨ੍ਹਾਂ ਦੇ ਵਿਰੋਧੀਆਂ ਨੇ ਮਾਰਨ ਦਾ ਨਿਸ਼ਚਾ ਕੀਤਾ। ਇਕ ਵਾਰ ਧੀਰ ਮੱਲ ਨੇ ਗੁਰਗੱਦੀ ਨਾ ਮਿਲਣ ਤੇ ਗੁਰੂ ਦੇਵ ਉੱਪਰ ਮਸੰਦ ਦੁਆਰਾ ਗੋਲੀਆਂ ਚਲਵਾਈਆਂ, ਜਿਸ ਨਾਲ ਗੁਰੂ ਜੀ ਨੂੰ ਸਾਧਾਰਣ ਸੱਟਾਂ ਵੱਜੀਆਂ। ਏਨਾ ਹੀ ਨਹੀਂ, ਧੀਰ ਮੱਲ ਨੇ ਗੁਰੂ ਜੀ ਦਾ ਸਾਮਾਨ ਵੀ ਲੁਟਵਾ ਦਿੱਤਾ। ਗੁਰੂ ਦੇਵ ਨੇ ਆਪਣੇ ਸੁਭਾਉ ਅਨੁਸਾਰ ਇਨ੍ਹਾਂ ਘਟਨਾਵਾਂ ਉੱਪਰ ਰੋਸ ਪ੍ਰਗਟ ਨਹੀਂ ਕੀਤਾ ਬਲਕਿ ਕੁਝ ਸਮੇਂ ਦੇ ਬਾਅਦ ਇਨ੍ਹਾਂ ਲੋਕਾਂ ਨੂੰ ਮੁਆਫ਼ ਕਰ ਦਿੱਤਾ।

ਗੁਰੂ ਦੇਵ ਨੇ ਹਿੰਦੂ ਧਰਮ ਦੀ ਰੱਖਿਆ ਦੇ ਲਈ ਆਪਣੇ ਪ੍ਰਾਣਾਂ ਦਾ ਤਿਆਗ ਕਰ ਦਿੱਤਾ। ਇਨ੍ਹਾਂ ਦਾ ਇਹ ਤਿਆਗ ਵਿਸ਼ਵ-ਇਤਿਹਾਸ ਵਿਚ ਕਿਤੇ ਹੋਰ ਨਹੀਂ ਮਿਲਦਾ। ਸੰਖੇਪ ਵਿਚ ਗੁਰੂ ਤੇਗ ਬਹਾਦਰ ਨਾਨਕ ਵਰਗੀ ਨਿਰੰਕਾਰੀ ਮਸਤੀ, ਦਾਦਾ ਵਰਗੀ ਸਹਿਣਸ਼ੀਲਤਾ, ਤਿਆਗ, ਪਿਤਾ ਵਰਗੀ ਤੇਜਕਤਾ ਆਦਿ ਸਭ ਮਿਲਾ ਕੇ ਅਦਭੁੱਤ ਵਿਅਕਤਿਤਵ ਦੀ ਵਿਕਾਸ ਹੋਇਆ।

ਗੁਰੂ ਤੇਗ਼ ਬਹਾਦਰ ਜੀ ਸਾਰੀ ਬਾਣੀ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਆਪਣੇ ਪ੍ਰਮਾਣਿਕ ਰੂਪ ਵਿਚ ਸੰਕਲਿਤ ਹੈ। ਇਨ੍ਹਾਂ ਦੀ ਬਾਣੀ ਵਿਚ ਵੈਰਾਗ ਦੀ ਭਾਵਨਾਂ ਪ੍ਰਧਾਨ ਹੁੰਦੇ ਹੋਏ ਵੀ ਪਾਠਕ ਨੂੰ ਇਹ ਕਿਰਿਆਸ਼ੀਲ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੰਦੀ ਹੈ। ਇਨ੍ਹਾਂ ਦੀ ਸਾਰੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਸੀ। ਉਨ੍ਹਾਂ ਨੇ ਇਸ ਬਾਣੀ ਨੂੰ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਦਿੱਤਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੀ ਬਾਣੀ "ਮਹਲਾ ੯" ਦੇ ਅੰਤਰਗਤ ਦਰਜ ਹੈ। ਇਨ੍ਹਾਂ ਦੀ ਬਾਣੀ ਦੁਸਰੇ ਗੁਰੂਆਂ ਦੀ ਤੁਲਨਾ ਵਿਚ ਬਹੁਤ ਘੱਟ ਹੈ। ਇਨ੍ਹਾਂ ਨੇ ਕੇਵਲ 59 ਪਦਾਂ ਅਤੇ 57 ਸ਼ਲੋਕਾਂ ਦੀ ਰਚਨਾ ਕੀਤੀ ਹੈ। ਗੁਰੂ ਕਵੀ ਨੇ ਇਹ ਬਾਣੀ ਸੰਨ 1664 ਈ. ਤੋਂ ਲੈ ਕੇ ਸੰਨ 1675 ਈ. ਦੇ ਵਿਚਕਾਰ ਰਚੀ। ਇਨ੍ਹਾਂ ਦੀ ਸਾਰੀ ਬਾਣੀ ਦਾ ਵਰਨਣ ਇਸ ਪ੍ਰਕਾਰ ਹੈ:-

ਗੁਰੂ ਤੇਗ਼ ਬਹਾਦਰ ਨੇ 15 ਰਾਗਾਂ ਵਿਚ 59 ਪਦਾਂ ਅਤੇ 57 ਸ਼ਲੋਕਾਂ ਦੀ ਰਚਨਾ ਕੀਤੀ। ਇਹ 16 ਰਾਗ ਇਸ ਪ੍ਰਕਾਰ ਹਨ। ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਵਾਲ, ਰਾਮਕਲੀ, ਮਾਰੂ ਬਸੰਤ (ਹਿਡੋਲ), ਸਾਰੰਗ, ਜੈਜਾਵੰਤੀ, ਸ਼ਲੋਕ, ਵਾਰਾਂ ਤੇ ਵਧੀਕ।

.............................................................

# ਕਹਾਣੀ ਦੀਵੇਂ ਅਤੇ ਹਨ੍ਹੇਰੇ ਦੀ




ਗੁਰੂਬਚਨ ਸਿੰਘ ਨਾਮਧਾਰੀ

ਪ੍ਰਸਿੱਧ ਨਾਮਧਾਰੀ ਲੇਖਕ

9316051015


ਇਹ ਕਹਾਣੀ ਹੈ, ਹਨੇਰੇ ਅਤੇ ਦੀਵੇ ਦੀ। ਜੁਗਾਂ ਦਾ ਪਸਰਿਆ ਹਨੇਰਾ, ਇਕ ਨਿੱਕਾ ਜਿਹਾ ਦੀਵਾ ਖਿਣ ਵਿਚ ਭਜਾ ਦਿੰਦਾ ਹੈ। ਭਾਰਤ ਦੀ ਸਭਿਅਤਾ ਅਤੇ ਸਭਿਆਚਾਰ, ਸੰਸਾਰ ਦੀ ਸਭ ਤੋਂ ਪ੍ਰਾਚੀਨ ਜੀਵਨ ਪ੍ਰਣਾਲੀ ਹੈ। ਵਕਤ ਦੇ ਜ਼ੁਲਮੀ ਝੱਖੜਾਂ ਨੂੰ ਸਹਾਰਦੀ ਹੋਈ ਪਰਬਤਾਂ ਘਾਟੀਆਂ ਦੇ ਉਤਾਰ ਚੜਾਅ ਨੂੰ ਲੰਘ ਕੇ ਆਈ ਭਾਰਤੀ ਧਰਮ ਪ੍ਰੰਪਰਾ ਇਕ ਲੰਬੀ ਯਾਤਰਾ ਤੋਂ ਬਾਅਦ ਜਗ ਸਾਹਵੇਂ ਗਰਵ ਨਾਲ ਖੜੀ ਹੈ।

ਅੱਜ, ਨੌਵੇਂ ਪਾਤਸ਼ਾਹ ਦਾ ਕਾਲਜਈ ਅਧਿਆਇ, ਇਤਿਹਾਸ ਦਾ ਸੁਨਹਿਰਾ ਅੰਕ ਖੋਲ੍ਹਣ ਦਾ ਯਤਨ ਕਰਾਂਗੇ। ਸਨ 1891 ਲਾਹੌਰ ਦੀ ਸਿੱਖ ਸੰਗਤ, ਖਾਲਸਾ ਸਿਰਜਨਾ ਦਾ ਦੋ ਸੌ ਸਾਲਾ ਪੁਰਬ ਮਨਾ ਰਹੀ ਸੀ। 1893, ਸ਼ਿਕਾਗੋ ਦੀ ਵਿਸ਼ਵ ਧਰਮ ਸੰਸਦ ਵਿੱਚ ਆਪਣੇ ਲੇਕਚਰ ਨਾਲ ਭਾਰਤੀ ਜੀਵਨ-ਜਾਚ ਅਤੇ ਸਨਾਤਨ ਧਰਮ ਦੀ ਧ੍ਵਜਾ ਲਹਿਰਾ ਕੇ ਆਏ, ਸੁਆਮੀ ਵਿਵੇਕਾਨੰਦ ਨੂੰ 'ਵਿਸ਼ੇਸ਼ ਵਕਤਾ' ਰੂਪ ਸੱਦਿਆ ਸੀ।

ਸੁਆਮੀ ਵਿਵੇਕਾਨੰਦ ਨੇ ਕਿਹਾ- ਮੈਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਇਤਿਹਾਸ ਪੜ੍ਹਦਾ ਹਾਂ ਬੇਮਿਸ਼ਾਲ ਸ਼ਹਾਦਤ ਦਾ ਪ੍ਰਸੰਗ ਪੜ੍ਹਦਾ ਹਾਂ ਤਾਂ ਮੇਰਾ ਸਿਰ ਗਰਵ ਨਾਲ ਉੱਚਾ ਹੋ ਜਾਂਦਾ ਹੈ। ਭਾਰਤ ਦੀ ਧਰਤੀ ਨੇ ਕੈਸੇ ਰਾਸਟਰ ਪ੍ਰੇਮੀ... ਦੇਸ਼ ਅਤੇ ਧਰਮ ਲਈ ਆਪਾ ਕੁਰਬਾਨ ਕਰਨ ਵਾਲੇ ਸਪੂਤ ਜਨਮ ਦਿੱਤੇ। ਕੋਈ ਸ਼ੱਕ ਨਹੀਂ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਔਰੰਗਜ਼ੇਬੀ ਧਰਮਾਂਤਰਣ ਦੇ ਹੜ੍ਹ ਨੂੰ ਰੋਕ ਦਿੱਤਾ। ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਰਬੰਸਦਾਨ ਇਤਿਹਾਸ ਪੜ੍ਹਦਾ ਹਾਂ ਤਾਂ ਮੇਰਾ ਸਿਰ ਗਰਵ ਨਾਲ ਉੱਚਾ ਹੋ ਜਾਂਦਾ ਹੈ ਪਰ ਜਦੋਂ ਮੈਂ ਇਤਿਹਾਸ ਦਾ ਅਗਲਾ ਪੰਨਾ ਖੋਲਦਾ ਹਾਂ, ਗੁਰੂ ਗੋਬਿੰਦ ਸਿੰਘ ਜੀ, ਹਿੰਦੂ ਸ਼ਕਤੀ ਏਕਤਾ ਦਾ ਆਹਵਾਹਨ ਕਰਦੇ ਹਨ।

ਸੰਪੂਰਨ ਹਿੰਦੂ ਰਾਜਿਆਂ ਨੂੰ ਇਕ ਸੁਰ ਅਤੇ ਸ਼ਕਤੀ ਨਾਲ ਮੁਗਲ ਰਾਜ ਦੇ ਖਾਤਮੇ ਦਾ ਦੇਸ਼ ਨੂੰ ਆਜ਼ਾਦ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਹਿੰਦੂ ਰਾਜੇ ਗੁਰੂ ਜੀ ਦੀ ਇਸ ਦੂਰ ਅੰਦੇਸ਼ੀ ਪ੍ਰਸਤਾਵਨਾ ਦਾ ਸਮਰਥਨ ਨਹੀਂ ਕਰਦੇ ਤਾਂ ਮੇਰਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸੰਨ 2006 ਵਿਚ ਮਸ਼ਹੂਰ ਗਾਇਕ ਮੁਹੱਮਦ ਰਫੀ ਅੱਗੇ ਨੌਵੇਂ ਪਾਤਸ਼ਾਹ ਦੇ ਉੱਚਾਰਨ ਕੀਤੇ ਸ਼ੋਲਕਾਂ ਦੀ ਰਿਕਾਰਡਿੰਗ ਲਈ ਪੇਸ਼ਕਸ਼ ਕੀਤੀ। ਅੰਮ੍ਰਿਤਸਰ ਜ਼ਿਲ੍ਹੇ ਦੇ ਕੋਟਲਾ ਸੁਲਤਾਨ ਸਿੰਘ ਦੇ ਜੰਮਪਲ, ਪੰਜਾਬੀ ਭਾਸ਼ੀ ਮੁਹੱਮਦ ਰਫੀ ਲਈ ਇਹ ਮੁਸ਼ਕਲ ਨਹੀਂ ਸੀ। ਸਲੋਕ ਦਾ ਪਹਿਲਾ ਸਲੋਕ ਰਿਕਾਰਡਿੰਗ ਹੋਇਆ–

ਗੁਨ ਗੋਬੰਦ ਗਾਇਓ ਨਹੀ ਜਨਮ ਅਕਾਰਥ ਕੀਨੁ॥
ਕਹੁ ਨਾਨਕ ਹਰਿ ਭਜੁ ਮਨਾ ਜਿਹਿ ਬਿਧਿ ਜਲ ਕਉ ਮੀਨੁ॥

ਪ੍ਰਾਣੀ ਅਤੇ ਪਰਵਰਦਿਗਾਰ, ਸੰਗ ਸੰਗ ਰਹਿਣੇ ਚਾਹੀਦੇ ਹਨ ਜਲ ਅਤੇ ਮਛਲੀ ਦੇ ਸੰਗ ਵਾਂਗ। ਮੁਹੱਮਦ ਰਫੀ ਭਾਵੁਕ ਹੋ ਗਏ ਅੱਖਾਂ ਵਿਚ ਜਲ ਭਰ ਆਪ ਕਹਿੰਦੇ ਇੰਝ ਲੱਗਾ ਆਪਿ ਸਲੈਲਾਹੁ ਅਲੈਹ ਸਲਮ, ਨਬੀ ਰਸੂਲ, ਹਜਰਤ ਮੁਹੰਮਦ ਸਾਹਿਬ ਇਲਾਹੀ ਬਾਣੀ ਦੇ ਰਹੇ ਹਨ… ਮੇਰੇ ਅੰਦਰ ਮੇਰਾ ਰਬ ਬੋਲ ਰਿਹੈ ਔਰ ਮੈਂ ਗਾ ਰਿਹਾ ਹਾਂ।

ਨੌਵੇਂ ਪਾਤਸ਼ਾਹ ਦਾ ਜੀਵਨ, ਬਹੁ ਆਯਾਮੀ ਪ੍ਰਤਿਭਾ ਸੰਪੰਨ ਸੀ। ਦੇਸ਼ ਧਰਮ ਦੀ ਰੱਖਿਆ, ਮਨੁੱਖੀ ਅਧਿਕਾਰਾਂ ਦੀ ਰੱਖਿਆ, ਮਨੁੱਖ ਮਾਤਰ ਨੂੰ ਪ੍ਰਭੂ ਦੇ ਨਾਮ ਨਾਲ ਜੋੜਨ ਦਾ ਸੰਕਲਪ, ਸਤਿਗੁਰਾਂ ਦੀ ਬਾਣੀ ਚੋਂ ਗੁੰਜਾਇਮਾਨ ਹੁੰਦਾ ਹੈ।

ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ॥
ਕਹੁ ਨਾਨਕ ਸੁਨਿ ਰੇ ਮਨਾ ਦੁਰਲਭ ਮਾਨੁਖ ਦੇਹ॥

ਦੁਨੀਆਂ ਦਾ ਕੋਈ ਸੁਖ ਸਦੀਵੀ ਨਹੀਂ। ਅੱਜ ਘਰਿ ਵਿਚ ਬਾਲ ਦਾ ਜਨਮ ਹੋਇਆ, ਖੁਸ਼ੀ ਦੀ ਲਹਿਰ ਦੌੜ ਗਈ। ਦੂਜੇ ਦਿਨ ਡਾਕਟਰ ਕਿਹਾ, ਬੱਚੇ ਨੂੰ ਕੋਈ ਅਸਾਧ ਰੋਗ ਹੈ ਜਾਂ ਸਰੀਰ ਦੇ ਅੰਗ ਵਿਚ ਵਿਕ੍ਰਿਤੀ ਹੈ, ਸਾਰਾ ਹਰਖ, ਸ਼ੋਕ ਅਤੇ ਚਿੰਤਾ ਵਿਚ ਤਬਦੀਲ ਹੋ ਗਿਆ। ਸਾਰੇ ਸੁਖ ਆਰਜੀ ਹਨ ਹਾਲਤ ਦੇ ਨਾਲ ਮੁੱਕ ਜਾਂਦੇ ਹਨ ਪਰ ਇਕ ਥਾਂ, ਰਾਮ ਦੀ ਸ਼ਰਣ ਨਾਮ ਦਾ ਆਸਰਾ ਸਦੀਵੀ ਸੁਖ ਦਿੰਦਾ ਹੈ। ਕਹਿੰਦੇ ਹਨ–

ਹਰਿ ਕੋ ਨਾਮੁ ਸਦਾ ਸੁਖ ਦਾਈ॥
ਜਾ ਕਉ ਸਿਮਰਿ ਅਜਾਮਲ ਉਧਰਿਓ ਗਨਿਕਾ ਹੂ ਗਤਿ ਪਾਈ॥

ਅਜਾਮਲ, ਗਨਿਕਾ ਜਿਹੇ ਘੋਰ ਪਾਪ ਕਰਮ ਵਾਲੇ ਭੀ, ਨਾਮ ਦੇ ਸੰਗ ਸਦੀਵੀ ਸੁਖ ਪ੍ਰਾਪਤ ਕੀਤਾ ਮੁਕਤ ਹੋਇ। ਵੈਦਿਕ ਕਾਲ ਵਿਚ, ਧਰਮ ਦੇ ਸਭ ਲੱਛਣ ਦੱਸੇ ਗਏ, ਸਤਿ, ਅਹਿੰਸਾ, ਦਯਾ, ਖਿਮਾ, ਜਤ, ਪਰਾਇਆ ਹੱਕ ਨਾ ਰਖਣਾ ਅਤੇ ਅਪਰਿਗ੍ਰਹਿ ਅਰਥਾਤ ਲੋੜੋਂ ਵੱਧ ਧਨ ਦਾ ਸੰਗ੍ਰਹਿ ਨਹੀਂ ਕਰਨਾ। ਸਿੱਖ ਧਰਮ ਦਰਸ਼ਨ ਕਹਿੰਦਾ ਹੈ ਕੇਵਲ ਨਾਮ.. ਬਸ ਇਕ ਤੱਤ ਹਿਰਦੈ ਵਿਚ ਸੰਭਾਲ ਲਉ।

ਏਹੁ ਅਹੇਰਾ ਕੀਨੋ ਦਾਨੁ॥
ਨਾਨਕ ਕੈ ਘਰਿ ਕੇਵਲ ਨਾਮੁ॥

ਮੇਰੇ ਸਤਿਗੁਰ ਨੇ ਉਦਮ ਆਹਰ ਬਖਸ਼ਿਆ… ਨਾਮ ਦੇ ਨਾਲ ਜੋੜਿਆ… ਜੀਵਨ ਪਰਵਾਨ ਚੜ੍ਹਿਆ।

ਸਨ 1665, ਬਾਬਾ ਬਕਾਲੇ, ਨਾਮ ਵਿਚ ਲੀਨ, ਗੁਪਤਵਾਸ ਕਰਦਿਆਂ, ਮੱਖਣਸ਼ਾਹ ਲੁਬਾਣੇ ਨੇ ਪਰਗਟ ਕਰ ਦਿੱਤਾ। ਨੌਵੇਂ ਗੁਰੂ ਰੂਪ ਵਿਚ ਸ੍ਰੀ ਅੰਮ੍ਰਿਤਸਰ… ਸ੍ਰੀ ਦਰਬਾਰ ਸਾਹਿਬ ਗਏ। ਮਹੰਤਾਂ ਨੇ ਚਾਰੇ ਦਰਵਾਜੇ ਬੰਦ ਕਰ ਦਿੱਤੇ। ਕੀਰਤਪੁਰ ਸਾਹਿਬ ਗਏ। ਗੁਰੂ ਪਿਤਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਵਸਾਈ ਨਗਰੀ। ਉੱਥੇ ਭੀ ਮਾਤਾ ਕ੍ਰਿਸ਼ਨ ਜੀ, ਸ੍ਰੀ ਗੁਰੂ ਹਰਿ ਰਾਇ ਦੇ ਮਹਿਲ ਨਾਲ ਸੁਰ ਨਹੀਂ ਰਲਿਆ। ਸ੍ਰੀ ਕਰਤਾਰਪੁਰ ਸਾਹਿਬ, ਧੀਰਮਲ ਦੇ ਅਧੀਨ ਸੀ। ਵਕਤ ਦੀ ਕੈਸੀ ਖੇਡ! 1644 ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ ਲੀਨ ਹੋਣ ਤੋਂ ਬਾਅਦ ਮਾਤਾ ਨਾਨਕੀ ਆਪਣੇ ਪੇਕੇ ਪਿੰਡ, ਬਕਾਲੇ ਲੈ ਗਏ। ਅੱਜ 1665, 21 ਸਾਲ ਹੋ ਗਏ, ਨੌਵੇਂ ਗੁਰੂ ਲਈ ਕੋਈ ਘਰ ਨਹੀਂ। ਹੁਕਮ ਹੋਇਆ, "ਸੰਗਤਾਂ ਲਈ ਕੋਈ ਖੁੱਲ੍ਹੀ ਥਾਂ, ਸਸਤੀ ਵੇਖੀ ਜਾਵੇ।" ਚਹੁੰ ਪਾਸੇ ਭਾਲ ਕਰਕੇ, ਸੰਗਤਾਂ ਨੇ ਦੱਸਿਆ, ਇਥੋਂ ਤਕਰੀਬਨ ਸਵਾ ਕੋਹ ਤੇ ਮਾਖੋਵਾਲ ਹੈ। ਕਹਿਲੂਰ ਰਿਆਸਤ ਵਿਚ ਰਾਜੇ ਭੀਮਚੰਦ ਦੇ ਅਧੀਨ। ਖੁੱਲ੍ਹੀ ਥਾਂ ਹੈ, ਵੱਡਾ ਨਗਰ ਵਸਾਉਣ ਜੋਗ। ਸਸਤੀ ਭੀ ਬਹੁਤੀ… ਭੋਇ ਦੇ ਭਾਅ। ਪਰ ਉਸ ਥਾਂ, ਮਾਖੋ ਦੈਂਤ ਰਹਿੰਦਾ ਹੈ। ਜਿਹੜਾ ਉੱਥੇ ਵਸਨਾ ਚਾਹੇ ਉਸਨੂੰ ਮਾਰ ਦਿੰਦਾ ਹੈ। ਉਸਾਰੀ ਹੋਈ ਥਾਂ ਉਜਾੜ ਦਿੰਦਾ ਹੈ। ਸਤਿਗੁਰ ਜੀ ਹੁਕਮ ਕੀਤਾ, ਪਹਿਲਾਂ ਕਹਿਲੂਰ ਰਿਆਸਤ ਤੋਂ ਜਮੀਨ ਮੁੱਲ ਖਰੀਦ ਕੇ ਉਸ ਥਾਂ ਦਾ ਪਟਾ ਲਿਆਉ। ਫਿਰ ਉਸ ਥਾਂ–

ਨਾਮ ਜਪਹੁ ਅਰੁ ਕੀਰਤਨ ਗਾਵਹੁ।
ਮਾਖੋਂ ਦੈਤ ਕੋ ਦੂਰ ਭਜਾਵਹੁ॥

ਇਵੇਂ ਹੀ ਹੋਇਆ। ਪੈਸੇ ਤਾਰ ਕੇ ਪਟਾ ਲੈ ਕੇ ਸਿੱਖਾਂ ਸੇਵਕਾਂ ਦੇ ਡੇਰੇ ਲੱਗ ਗਏ। ਭਜਨ ਬੰਦਗੀ, ਕੀਰਤਨ ਹੋਣ ਲੱਗਾ… ਦੈਂਤ ਉਹ ਥਾਂ ਛੱਡ ਕੇ ਭੱਜ ਗਿਆ। ਥਾਂ ਦਾ

ਕਬਜਾ ਲੈ ਕੇ, ਉਸਾਰੀ ਆਰੰਭ ਕਰਵਾ ਕੇ ਸਤਿਗੁਰ ਜੀ ਪੂਰਬ ਦੇਸ਼ ਵੱਲ ਚਾਲੇ ਪਾਏ। ਦਸਮ ਪਾਤਸ਼ਾਹ ਇਸ ਯਾਤਰਾ ਬਾਬਤ ਲਿਖਦੇ ਹਨ-

ਗੁਰ ਪਿਤੁ ਪੂਰਬ ਕੀਯਸਿ ਪਯਾਨਾ॥
ਭਾਂਤਿ ਭਾਂਤਿ ਕੇ ਤੀਰਥ ਨਾਨਾ॥

ਪ੍ਰਯਾਗਰਾਜ, ਕਾਸ਼ੀ, ਗਯਾ ਹੁੰਦੇ ਹੋਇ ਪਟਨੇ, ਸਾਲਸਰਾਏ ਦੀ ਧਰਮ ਸ਼ਾਲਾ ਵਿਚ ਡੇਰਾ ਲਾਇਆ। ਮਾਤਾ ਨਾਨਕੀ, ਗੁਰੂ ਕੇ ਮਹਿਲ, ਮਾਤਾ ਗੁਜਰੀ, ਕੁਝ ਸੇਵਕਾਂ ਨੂੰ ਓਥੇ ਛੱਡ, ਸਤਿਗੁਰ ਜੀ ਆਪਿ ਬੰਗਾਲ, ਆਸਾਮ ਵੱਲ ਚਾਲੇ ਪਾਏ। ਇਸੇ ਧਰਮ ਸ਼ਾਲਾ ਵਿਚ ਸਨ 1666 ਸ੍ਰੀ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਦਾ ਪ੍ਰਕਾਸ਼ ਹੋਇਆ। 1672 ਸਤਿਗੁਰ ਜੀ, ਸ੍ਰੀ ਆਨੰਦਪੁਰ ਸਾਹਿਬ ਪਰਤੇ। ਤਕਰੀਬਨ ਢਾਈ ਸਾਲ, ਆਨੰਦ ਨਗਰੀ ਵਿਚ ਨਾਮ ਦਾ ਪ੍ਰਵਾਹ, ਕੀਰਤਨ ਅਤੇ ਸਦਾ ਵਰਤ ਲੰਗਰ ਚਲਦਾ ਰਿਹਾ। 1675 ਦੇ ਅੱਧ ਵਿਚ ਇਸਲਾਮੀ ਜ਼ੁਲਮ ਅਤੇ ਧਰਮ ਪ੍ਰਵਰਤਨ ਦੀ ਹਨੇਰੀ ਚੱਲੀ। ਇਕੋ ਹੁਕਮ ਕਸ਼ਮੀਰ ਘਾਟੀ ਵਿਚ ਪਹੁੰਚਿਆ ਜਾਂ ਇਸਲਾਮ ਕਬੂਲ ਕਰੋ ਜਾਂ ਮੌਤ। ਇਕ ਚੁਣ ਲਉ। ਦਹਿਸ਼ਤ ਫੈਲ ਗਈ। ਭਾਈ ਸੰਤੋਖ ਸਿੰਘ ਜੀ ਦਾ ਸੂਰਜ ਪ੍ਰਕਾਸ਼ ਦੱਸਦਾ ਹੈ ਕਿ ਦਸ ਵੀਹ ਪਿੰਡਾਂ ਦੇ ਵਸਨੀਕਾਂ ਨੂੰ ਸੱਦਿਆ ਜਾਂਦਾ। ਮੁਗਲੀਆਂ ਫੌਜ ਦੇ ਘੇਰੇ ਵਿਚ ਮੌਲਬੀ, ਕਾਜੀ, ਸ਼ਰ੍ਹਾ ਦੇ ਅਧਿਕਾਰੀਆਂ ਸਾਹਵੇਂ ਇਕ-ਇਕ ਕਰਕੇ ਪੇਸ਼ ਹੁੰਦੇ। ਮੱਥੇ ਦਾ ਤਿਲਕ ਪੂੰਝ ਦਿੱਤਾ ਜਾਂਦਾ... ਜਨੇਉ ਲਾਹ ਕੇ ਢੇਰੀ ਉੱਤੇ ਸੁੱਟ ਦਿੰਦੇ। ਇਤਿਹਾਸ ਦੀ ਗਵਾਹੀ ਹੈ ਸਵਾ ਮਣ ਜਨੇਊ ਔਸਤ ਦਰਬਾਰ ਵਿੱਚ ਰੋਜ਼ ਲੱਥਦਾ। ਚਾਰੇ ਪਾਸੇ, ਕਸ਼ਮੀਰ ਦੀ ਸ਼ਾਂਤ ਘਾਟੀ ਵਿਚ ਤ੍ਰਾਹੀ-ਤ੍ਰਾਹੀ ਮਚ ਗਈ। ਕਸ਼ਮੀਰੀ ਬ੍ਰਾਹਮਣਾਂ ਦਾ ਇਕ ਪ੍ਰਤੀਨਿਧੀ ਮੰਡਲ, ਪੰਡਤ ਕਿਰਪਾ ਰਾਮ ਦੀ ਅਗੁਵਾਈ ਵਿੱਚ ਸ੍ਰੀ ਆਨੰਦਪੁਰ ਸਾਹਿਬ ਵਲ ਮੁੱਖ-ਰੱਖ ਕੇ ਟੁਰ ਪਏ। ਸ੍ਰੀ ਆਨੰਦਪੁਰ ਸਾਹਿਬ ਪਹੁੰਚੇ। ਇਸ਼ਨਾਨ ਕਰਕੇ ਗੁਰੂ ਦਰਬਾਰ ਵਿਚ ਹਾਜਰ ਹੋਇ। ਗੁਰੂ ਬੰਦਨਾ ਕਰਕੇ, ਕਿਰਪਾ ਰਾਮ ਨੇ ਫਰਿਆਦ ਕੀਤੀ-

ਹਿੰਦੂ ਧਰਮ ਕੋ ਨਾਸ਼ ਕਰੰਤਾ।
ਚਹਿਤ ਮਰਿਆਦਾ ਸਗਰੀ ਹੰਤਾ॥
ਰਾਖਹੁ ਅਬ ਹਿੰਦੁਨ ਕੀ ਟੇਕ।
ਨਾਂਹਿ ਤ ਜਗ ਮਹਿ ਰਹੈ ਨ ਏਕ॥

ਮੁਗਲ ਸ਼ਾਸ਼ਕ, ਹਿੰਦੂ ਧਰਮ ਦਾ ਨਾਸ਼ ਕਰ ਰਿਹਾ ਹੈ। ਸਨਾਤਨ ਧਰਮ ਦੀਆਂ ਮਰਿਆਦਾਵਾਂ ਮਾਣਤਾਵਾਂ ਖਸਮ ਕਰ ਰਹੇ ਹਨ। ਸਤਿਗੁਰੂ ਜੀ! ਤੁਹਾਡਾ ਹੀ ਇਕ ਆਸਰਾ ਹੈ, ਰਖਿਆ ਕਰੋ ਨਹੀਂ ਤਾਂ ਇਕ ਭੀ ਹਿੰਦੂ ਧਰਮ ਅਨੁਯਾਈ ਨਹੀਂ ਬਚੇਗਾ। ਸਤਿਗੁਰ ਜੀ ਇਕ ਪਲ ਲਈ ਮੌਨ ਹੋ ਗਏ... ਨੇਤਰ ਬੰਦ ਕਰ ਲਏ। ਕਿਸੇ ਗਹਿਰੇ ਚਿੰਤਨ ਵਿਚ ਲੀਨ ਹੋ ਗਏ। ਦੂਜੇ ਪਲ ਨੇਤਰ ਖੋਲ੍ਹੇ ਅਤੇ ਬਚਨ ਕੀਤਾ, ਧਰਮ ਹੁਣ ਸ਼ਹਾਦਤ ਮੰਗਦਾ ਹੈ। ਕੋਈ ਸਤਿਵਾਦੀ ਸੱਚਾ ਸੁੱਚਾ ਮਹਾਪੁਰਖ ਧਰਮ ਤੇ ਕੁਰਬਾਨ ਹੋਵੇ ਤਾਂ ਇਸ ਹਨੇਰੀ ਨੂੰ ਰੋਕਿਆ ਜਾ ਸਕਦਾ ਹੈ।

ਨੌ ਸਾਲ ਦੇ ਬਾਲ ਗੋਬਿੰਦ ਰਾਏ, ਨੇੜੇ ਹੀ ਬੈਠੇ ਸਨ। ਬ੍ਰਹਾਮਣਾਂ ਦੀ ਆਰਤ ਪੁਕਾਰ ਸੁਣੀ। ਗੁਰੂ ਪਿਤਾ ਦਾ ਬਚਨ ਸੁਣਿ ਬੋਲੇ। ਸਤਿਗੁਰ ਜੀ! ਆਪ ਤੋਂ ਵੱਡਾ ਹੋਰ ਕਿਹੜਾ... ਸੱਚ ਸੁੱਚਾ ਮਹਾਂਪੁਰਖ ਹੋ ਸਕਦਾ ਹੈ? ਠੀਕ ਹੈ... ਇਹ ਕੰਮ ਮੇਰੇ ਜੋਗ ਹੀ ਪਰਮੇਸ਼ਰ ਨੇ ਮਿੱਥਿਆ ਹੈ। ਬ੍ਰਾਹਮਣ ਮੰਡਲੀ ਵੱਲ ਮੁਖਾਤਿਬ ਹੋ ਕੇ ਸਤਿਗੁਰ ਜੀ ਨੇ ਬਚਨ ਕੀਤਾ, ਤੁਸੀਂ ਦਿੱਲੀ ਜਾਉ... ਔਰੰਗਰੇਜ਼ ਦੇ ਦਰਬਾਰ ਵਿਚ ਹਾਜਰ ਹੋ ਕੇ ਕਹਿ ਦਿਉ। ਇਸ ਵੇਲੇ ਹਿੰਦੂਆਂ ਦਾ ਪੀਰ, ਆਨੰਦਪੁਰ ਸਾਹਿਬ ਵਾਲੇ ਹਨ। ਉਹਨਾਂ ਨੂੰ ਮੁਸਲਮਾਨ ਬਣਾ ਲਉ... ਬਹੁਤਾ ਖੂਨ ਖਰਾਬੇ ਦੀ ਲੋੜ ਨਹੀਂ... ਅਸੀਂ ਸਾਰੇ ਆਪਿ ਹੀ ਇਸਲਾਮ ਕਬੂਲ ਕਰ ਲਵਾਂਗੇ। ਇਵੇਂ ਹੀ ਹੋਇਆ। ਬ੍ਰਾਹਮਣ ਮੰਡਲੀ ਸ਼ਰ੍ਹਾ ਦੇ ਸਾਹਮਣੇ ਪੇਸ਼ ਹੋ ਕੇ ਇਹ ਗੱਲ ਕਹੀ। ਸ਼ਰ੍ਹਾਂ ਦੇ ਮੌਲਵੀਆਂ, ਕਾਜੀਆਂ, ਮੈਂਬਰਾਂ ਨੇ ਸਲਾਹ ਕੀਤੀ। ਯਾਤੇ ਜਗਤ ਗੁਰੂਪਦ ਭਾਰੋ। ਹਿੰਦੂ ਨਾਮ ਤਿਨ ਕੇ ਅਨੁਸਾਰੋ। ਤਿਨ ਕੋ ਪ੍ਰਥਮ ਸ਼ਰਾ ਮਹਿ ਲਯਾਵਹੁ। ਨਿਜਮਤ ਕੋ ਈਮਾਨ ਰਖਾਵਹੁ॥ ਇਸ ਦੇਸ਼ ਵਿਚ ਗੁਰੂ ਦੀ ਥਾਂ ਬਹੁਤ ਉੱਚੀ ਹੈ। ਹਿੰਦੂ ਨਾਂ ਦਾ ਸਾਰਾ ਸਮਾਜ ਉਨ੍ਹਾਂ ਦੀ ਆਗਿਆ ਅਨੁਸਾਰ ਹੀ ਵਿਚਰਦਾ ਹੈ। ਪਹਿਲਾਂ ਗੁਰੂ ਨੂੰ ਸ਼ਰਾ ਵਿਚ ਲਿਆਂਦਾ ਜਾਏ। ਉਹ ਇਸਲਾਮੀ ਮਤ ਪ੍ਰਤੀ ਸ਼ਰਧਾ ਈਮਾਨ ਰੱਖ ਲੈਣ ਤਾਂ ਹੋਰ ਸਾਰੇ ਸੁਤੇ ਸਿਧ ਮੁਸਲਮਾਨ ਹੋ ਜਾਣਗੇ।

ਸ਼ਰਾ ਦੀ ਸਿਫਾਰਿਸ਼ ਅਨੁਸਾਰ ਹੀ ਨੌਵੇਂ ਪਾਤਸ਼ਾਹ ਨੂੰ ਦਿੱਲੀ ਬੁਲਾਵਾ ਭੇਜਿਆ ਗਿਆ। ਫਿਰ ਉਹ ਸਾਕਾ ਵਰਤਿਆ, ਜਿਸ ਬਾਬਤ ਦਸਮ ਪਾਤਸ਼ਾਹ ਲਿਖਦੇ ਹਨ-

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥

ਉਸ ਵੇਲੇ ਜੋਗੀ, ਸਿੱਧ, ਮਠਾਂ ਤੇ ਮਹੰਤ, ਮੰਦਰਾਂ ਦੇ ਪੂਜਾਰੀ, ਜੋਗੀ ਸਿੱਧ ਬਹੁਤੇ ਸਨ ਪਰ ਧਰਮ ਹੇਤੁ ਸੀਸ ਦੀਨ ਵਾਲੇ ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ ਇਕੋ ਸੀ।

# ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦਰ ਜੀ ਕੋਲ ਹੀ ਕਿਉਂ ਆਏ?




ਡਾ. ਧਰਮ ਸਿੰਘ

ਉੱਘੇ ਚਿੰਤਕ, ਸਮੀਖਿਆਕਾਰ

9888939808


ਇਤਿਹਾਸਕਾਰਾਂ ਅਤੇ ਲੇਖਕਾਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ਦਿੱਲੀ ਵਿਖੇ ਦਿੱਤੀ ਗਈ ਸ਼ਹੀਦੀ ਦੇ ਕਈ ਕਾਰਣ-ਬਿਆਨ ਕੀਤੇ ਹਨ ਪਰ ਸਭ ਤੋਂ ਪ੍ਰਚਾਰਿਤ ਅਤੇ ਪ੍ਰਚਲਿਤ ਕਾਰਣ ਕਸ਼ਮੀਰੀ ਪੰਡਿਤਾਂ ਦੀ ਸਤਿਗੁਰੂ ਜੀ ਪਾਸ ਉਨ੍ਹਾਂ ਨੇ ਧਰਮ ਦੀ ਰੱਖਿਆ ਲਈ ਕੀਤੀ ਗਈ ਫਰਿਆਦ ਮੰਨਿਆ ਗਿਆ ਹੈ। ਸੁਭਾਵਿਕ ਹੀ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕਸ਼ਮੀਰੀ ਪੰਡਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਹੀ ਇਹ ਫਰਿਆਦ ਲੈ ਕੇ ਕਿਉਂ ਆਏ? ਉਸ ਵਲੋਂ ਵੀ ਹਿੰਦੁਸਤਾਨ ਵਿੱਚ ਵੱਖ-ਵੱਖ ਧਰਮ ਆਗੂ ਸਨ ਏਥੋਂ ਜਨਤਾ ਉਪਰ ਗਹਿਰਾ ਪ੍ਰਮਾਣ ਸੀ। ਉਹ ਉਨ੍ਹਾਂ ਕੋਲ ਕਿਉਂ ਨਾ ਗਏ? ਕਈਆਂ ਲੇਖਕਾਂ ਦੇ ਇਸ ਪ੍ਰਸ਼ਨ ਦਾ ਉੱਤਰ ਹੁਣ ਕੋਸ਼ਿਸ਼ ਵੀ ਕੀਤੀ ਹੈ। ਅਸੀਂ ਜਾਣਦੇ ਹਾਂ ਕਿ ਕਸ਼ਮੀਰ ਵਿੱਚ ਸਿੱਖੀ ਦਾ ਬੂਟਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਾਇਆ ਸੀ ਅਤੇ ਮਗਰੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵੀ ਇਸ ਬੂਟੇ ਨੂੰ ਪਾਣੀ ਦਿੱਤਾ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵੀ ਕਸ਼ਮੀਰੀ ਲੋਕਾਂ ਦੀ ਗੁਰੂ ਘਰ ਨਾਲ ਨੇੜਤਾ ਦੇ ਪ੍ਰਮਾਣ ਹੀ ਮਿਲਦੇ ਹਨ ਪਰ ਕੀ ਕੇਵਲ ਇਹ ਨੇੜਤਾ ਹੀ ਪੰਡਿਤਾ ਦੇ ਨੌਵੇਂ ਗੁਰੂ ਜੀ ਕੋਲ ਫਰਿਆਦੀ ਹੋਣ ਕਾਰਣ ਬਣੀ? ਇਸ ਪ੍ਰਸ਼ਨ ਨੂੰ ਹੋਰ ਗਹਿਰਾਈ ਵਿਚ ਜਾ ਕੇ ਵਿਚਾਰਿਆਂ ਜਾਵੇ ਤਾਂ ਸਾਨੂੰ ਇਸ ਦੀਆਂ ਕਈ ਹੋਰ ਪਰਤਾਂ ਵੀ ਮਿਲ ਜਾਂਦੀਆਂ ਹਨ।

ਜੇਕਰ ਸਿਰਫ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਗੁਰੂ ਘਰ ਤੋਂ ਬਿਨਾਂ ਮੁਗਲ ਹੁਕਮਰਾਨਾਂ ਰਾਜਪੂਤਾਂ ਨਾਲ ਵੀ ਕਦੇ ਨਹੀਂ ਸੀ ਬਣੀ। ਅਕਬਰ ਦੇ ਰਾਜਪੂਤਾਂ ਵਿਚ ਆਪਣੀ ਸਦਭਾਵਨਾਂ ਅਤੇ ਉਦਾਰਤਾ ਕਾਇਮ ਕਰਨ ਲਈ ਉਹਨਾਂ ਨਾਲ ਰਿਸ਼ਤੇ ਵੀ ਗੰਢੇ ਅਤੇ ਰਾਜਾ ਮਨ ਸਿੰਘ ਅਤੇ ਹੋਰ ਰਾਜਪੂਤ

ਸਰਦਾਰਾਂ ਨੂੰ ਉੱਚ ਆਹੁਦੇ ਵੀ ਬਖਸ਼ੇ ਪਰ ਹਲਦੀ ਘਾਟੀ ਦੇ ਯੁੱਧ ਨੇ ਰਾਜਪੂਤੀ ਸ਼ਕਤੀ ਨੂੰ ਇਕ ਤਰ੍ਹਾਂ ਨਾਲ ਖ਼ਤਮ ਕਰਕੇ ਰੱਖ ਦਿੱਤਾ ਸੀ। ਮਹਾਰਾਣਾ ਪ੍ਰਤਾਪ ਤੋਂ ਬਾਅਦ ਕੋਈ ਵੀ ਰਾਜਪੂਤ ਸਰਦਾਰ ਮੁਗਲਾਂ ਨਾਲ ਟੱਕਰ ਲੈਂਦਾ ਦਿਖਾਈ ਨਹੀਂ ਦਿੰਦਾ। ਜੈਮਲ, ਫੱਤਾ ਅਤੇ ਅਮਰ ਸਿੰਘ ਆਦਿ ਸਰਦਾਰ ਸਨ ਮੁਗਲਾਂ ਨਾਲ ਖਹਿ ਰਹੇ ਪਰ ਸੰਗਠਿਤ ਹੋ ਕੇ ਕੋਈ ਸੰਸਥਾਗਤ ਬਚਨ ਨਾ ਕਰ ਸਕੇ। ਏਹੋ ਹਾਲ ਮਰਹੱਟਿਆਂ ਦਾ ਸੀ। ਕਹਿਣ ਦਾ ਭਾਵ ਇਹ ਹੈ ਕਿ ਗੈਰ ਮੁਸਲਮਾਨ ਪਰਜਾ ਸ਼ਕਤੀਹੀਣ, ਆਗੂਹੀਣ ਅਤੇ ਨਿਸਤੀ ਹੋ ਕੇ ਰਹਿ ਗਈ ਸੀ। ਕਸ਼ਮੀਰੀ ਪੰਡਤਾਂ ਨੂੰ ਅਹਿਸਾਸ ਸੀ ਕਿ ਰਾਜਪੂਤਾਂ ਅਤੇ ਮਰਹੱਟਿਆਂ ਵਿਚ ਕੋਈ ਵੀ ਉਹਨਾਂ ਦੀ ਫਰਿਆਦ ਨਹੀਂ ਸੁਣੇਗਾ, ਰੱਖਿਆ ਤਾਂ ਕੀ ਕਰਨੀ ਸੀ। ਸੋ ਉਹ ਏਧਰੋ ਪੂਰੀ ਤਰ੍ਹਾਂ ਨਿਰਾਸ ਹੋ ਬੈਠੇ ਸਨ। ਉਧਰ ਅਕਬਰ ਵਲੋਂ ਮੁਆਫ਼ ਕੀਤੇ ਜਜੀਏ ਨੂੰ ਔਰੰਗਜ਼ੇਬ ਨੇ ਫਿਰ ਤੋਂ ਲਾਗੂ ਕਰਕੇ ਪੰਡਿਤਾਂ ਨੇ ਕਾਫੀਆ ਹੋਰ ਵੀ ਤੰਗ ਕਰ ਛੱਡਿਆ ਸੀ। ਉਹ ਪਹਿਲਾਂ ਨਾਲੋਂ ਵਧੇਰੇ ਪੀੜਿਤ ਅਤੇ ਆਤੰਕਿਤ ਮਹਿਸੂਸ ਕਰ ਰਹੇ ਸਨ।

ਉਧਰ ਕਸ਼ਮੀਰ ਦੇ ਗਵਰਨਰ ਨੇ ਔਰੰਗਜ਼ੇਬੀ ਹੁਕਮੇ ਅੱਗੇ ਸਿਰ ਝੁਕਾ ਕੇ ਹੋਰ ਵੀ ਅਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ ਸਨ। ਹੁਣ ਪ੍ਰਸ਼ਨ ਹੈ ਦੂਜਾ ਪਹਿਲੂ ਵੀ ਵਿਚਾਰ ਲਈਏ ਕਿ ਕਸ਼ਮੀਰੀ ਪੰਡਿਤਾਂ ਨੇ ਆਪਣੇ ਤੌਰ ਤੇ ਵੀ ਕੋਈ ਸਵਾਲ ਕੀਤਾ ਸੀ? ਪਹਿਲਾਂ ਉਹਨਾਂ ਨੇ ਧਰਮ ਦਾ ਸਹਾਰਾ ਤੱਕਿਆ। ਮਹਿੰਦਰ ਸਿੰਘ ਸਰਨਾ ਦੇ ਆਪਣੇ ਮਹਾਂਕਾਵਿ 'ਸਾਕਾ ਜਿਨ ਕੀਆ' ਦੇ ਵਿੱਚ ਇਕ ਘਟਨਾ ਦਰਜ ਕੀਤੀ ਹੈ ਕਿ ਪੰਡਿਤਾਂ ਨੇ ਹੋਰ ਕੋਈ ਚਾਰਾ ਨਾ ਚਲ ਵੇਖ ਕੇ ਔਰੰਗਜ਼ੇਬ ਕੋਲ, ਦਿੱਲੀ ਸ਼ਹਿਰ ਦੇ ਸਿਰਕੱਢ ਲੋਕਾਂ ਨੂੰ ਨਾਲ ਲੈ ਕੇ ਰੋਸ ਵਿਖਾਣ ਕਰਨ ਦਾ ਫੈਸਲਾ ਕੀਤਾ। ਉਹ ਇਕੱਠੇ ਹੋ ਕੇ ਸ਼ਾਹੀ ਮਹੱਲ ਦੇ ਹੇਠਾਂ ਇਕੱਠੇ ਹੋਏ ਤਾਂ ਜੋ ਉਹ ਝਰੋਖੇ ਵਿਚੋਂ ਹੀ ਵੇਖਕੇ ਉਹਨਾਂ ਦੀ ਫਰਿਆਦ ਸੁਣ ਲਵੇ। ਉਹ ਸਾਰਾ ਦਿਨ ਖਲੋਤੇ ਰਹੇ ਪਰ ਉਹ ਝਰੋਖੇ ਵਿਚ ਵੀ ਨਾ ਆਇਆ। ਜ਼ੁਮਾਂ ਹੋਣ ਕਰਕੇ ਔਰੰਗਜ਼ੇਬ ਜਦ ਨਾਲ ਕਿਲੇ ਤੋਂ ਬਾਹਰ ਆ ਕੇ ਨਮਾਜ਼ ਪੜ੍ਹਨ ਲਈ ਤੁਰਿਆ ਤਾਂ ਸਾਰੇ ਪੰਡਿਤ ਹੱਥ ਜੋੜ ਕੇ ਉਸਦਾ ਰਾਹ ਰੋਕਣ ਲਈ ਆ ਖੜੇ ਹੋਏ। ਔਰੰਗਜ਼ੇਬ ਦੇ ਇਸ ਹਰਕਤ ਦਾ ਬੁਰਾ ਮਨਾਇਆ ਅਤੇ ਫਰਿਆਦ ਸੁਣਨ ਦੀ ਬਜਾਇ ਹਾਥੀ ਮੰਗਵਾ ਕੇ ਉਨ੍ਹਾਂ ਨੂੰ ਕੁਚਲ ਦਵੋ ਦਾ ਹੁਕਮ ਸੁਣਾਇਆ:

ਸ਼ਹਿਨਸ਼ਾਹ ਨੇ ਵੇਖਿਆ ਕਰਕੇ ਉੱਚੀ ਧੌਣ।
ਰੋਕਣ ਆਲਮਗੀਰ ਨੂੰ ਹੁੰਦੇ ਨੇ ਇਹ ਕੌਣ।
ਕਾਰਨ ਏਸ ਇਕੱਠ ਦਾ ਹੋਇਆ ਜਦੋਂ ਮਾਲੂਮ।
ਹੁਕਮ ਸ਼ਹਿਨਸ਼ਾਹ ਚਾੜ੍ਹਿਆ ਖਿੰਡੇ ਤੁਰਤ ਹਜੂਮ।
ਪਰ ਨਾ ਕੋਈ ਹਿੱਲਿਆ ਕੋਈ, ਕਿਸੇ ਨਾ ਦਿੱਤਾ ਰਾਹ।
ਆ ਕੇ ਤੈਸ ਅਦਾਬ ਵਿਚ ਭੜਕ ਉੱਠਿਆ ਸ਼ਾਹ।
ਹਾਥੀ ਮੰਗਵਾਏ ਗਏ, ਜਿਨ੍ਹਾਂ ਆਖਰਕਾਰ।
ਪੈਰੀਂ ਮਿੱਧ ਕੇ ਭੀੜ ਨੂੰ ਕੀਤਾ ਸਾਫ਼ ਬਾਜ਼ਾਰ।
ਮੂਲ ਨ ਕੋਈ ਕੁਸਕਿਆ ਇਸ ਦੁਰਘਟਨਾ ਬਾਅਦ।
ਮੂਲੋ ਹਿੰਦੂ ਹੋਣ ਦਾ ਮੰਨ ਲਿਆ ਅਪਰਾਧ।

ਏਸੇ ਤਰ੍ਹਾਂ ਦਾ ਆਤੰਕ ਕਸ਼ਮੀਰ ਦੇ ਗਵਰਨਰ ਵੀ ਮਚਾ ਰੱਖਿਆ ਸੀ। ਧਰਤੀ ਉੱਤੇ ਸਵਰਗ ਕਹੀ ਜਾਣ ਵਾਲੀ ਧਰਤੀ ਲਹੂ ਲੁਹਾਣ ਹੋਈ ਪਈ ਸੀ। ਹਰ ਪਾਸੇ ਬੇਉਮੀਦੀ ਅਤੇ ਅੰਧਕਾਰ ਫੈਲਿਆ ਹੋਇਆ ਸੀ। ਕੋਈ ਪੇਸ਼ ਨਾ ਜਾਂਦੀ ਵੇਖ ਕੇ ਵਿਦਵਾਨ ਬ੍ਰਹਮਣਾ ਨੇ, ਰਾਜਨੀਤਿਕ ਲੋਕਾਂ ਦਾ ਆਸਰਾ ਤੱਕਣ ਨਾਲੋਂ ਧਰਮ ਦਾ ਆਸਰਾ ਲੈਣ ਦੀ ਸੋਚੀ। ਕਸ਼ਮੀਰ ਵਿਚ ਸਦੀਆਂ ਤੋਂ ਅਮਰਨਾਥ ਦੀ ਪੂਜਾ ਅਰਾਧਨਾ ਜਾਰੀ ਸੀ ਉਹਨੇ ਉਧਰ ਦਾ ਰੁਖ਼ ਕੀਤਾ। ਉਸ ਨੂੰ ਆਪਣੀ ਲਾਚਾਰੀ ਅਤੇ ਬੇਚਾਰਗੀ ਆਪਣੇ ਇਸ਼ਟ ਨਾਥ ਅੱਗੇ ਜਾ ਰੱਖੀ। ਪੰਡਿਤਾਂ ਦੀ ਚੀਕ ਪੁਕਾਰ ਸੁਣ ਕੇ ਭੋਲੇ ਨਾਥ ਪ੍ਰਗਟ ਹੋਏ ਅਤੇ ਪੰਡਤਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਫਰਿਆਦੀ ਹੋਣ ਦਾ ਮਸ਼ਵਰਾ ਦਿੱਤਾ।

ਆਖਿਆ ਸ਼ਿਵ ਭਗਵਾਨ ਨੇ,
ਮੁਖੋਂ ਇਉਂ ਉਚਾਰ।
ਭਾਰਤ ਵਿਚ ਹੈ ਪ੍ਰਗਟਾਇਆ,
ਕਲਜੁਗ ਨਾ ਅਵਤਾਰ,
ਤੇਗ ਬਹਾਦਰ ਨਾਮ ਹੈ,
ਮਹਿਮਾ ਅਪਾਰ ਅਪਾਰ।
ਬੈਠਾ ਵਿਚ ਆਨੰਦਪੁਰ ਲਾ ਕੇ ਦਰਬਾਰ।
ਜਾਓ ਉਹਦੀ ਸ਼ਰਨ ਵਿਚ,
ਛੱਡ ਕੇ ਹੋਰ ਵਿਚਾਰ।
ਲੋਕਾਂ ਹਿੰਦੂ ਧਰਮ ਦੀ
ਲਾਏਗਾ ਉਹ ਪਾਰ।

ਪਿਆਰਾ ਸਿੰਘ 'ਨਿਰਛਲ' ਇਕ ਪੰਥਕ ਕਵੀ ਸੀ। ਬੇਸ਼ੱਕ ਉਹ ਇਤਿਹਾਸਕਾਰ ਤਾਂ ਨਹੀਂ ਕੇਵਲ ਕਵੀ ਹੀ ਸੀ।

**ਬਾਕੀ ਸਫਾ ਨੰ 83 'ਤੇ**

# ਭੈ ਕਾਹੂ ਕਉ ਦੇਤ ਨਹਿ ...



ਡਾ. ਹਰਵਿੰਦਰ ਸਿੰਘ ਸਿਰਸਾ
ਚਿੰਤਕ, ਸਮੀਖਿਆਕਾਰ
94162 53570

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਇਸ ਸਲੋਕ ਰਾਹੀਂ ਜਿਸ ਆਦਰਸ਼ਕ ਮਨੁੱਖੀ ਮਾਡਲ ਦਾ ਸੰਕਲਪ ਪੇਸ਼ ਕੀਤਾ ਹੈ ਉਹ ਸਮੁੱਚੀ ਗੁਰਮਤਿ ਪਰੰਪਰਾ ਦੇ ਪ੍ਰਸੰਗ ਵਿਚ ਹੀ ਵਿਸਥਾਰ ਗ੍ਰਹਿਣ ਕਰਦਾ ਹੈ। ਇਹ ਸ਼੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਵਰੋਸਾਈ ਉਸ ਮਨੁੱਖੀ ਜੀਵਨ ਜਾਚ ਦੇ ਅਨੁਸਾਰੀ ਹੈ ਜਿਸ ਵਿਚ ਉਹ ਮਨੁੱਖ ਨੂੰ ਸੱਦਾ ਦੇਂਦੇ ਹਨ ਕਿ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

ਇਹ ਉਹ ਮਾਰਗ ਹੈ ਜਿਸ ਉੱਤੇ ਮਨੁੱਖ ਨੂੰ ਸਾਬਤ ਕਦਮੀਂ ਚੱਲਣ ਦੀ ਸਮੁੱਚੀ ਗੁਰਮਤਿ ਪਰੰਪਰਾ ਵਿਚ ਸਿਰਫ਼ ਨਿਸ਼ਾਨਦੇਹੀ ਹੀ ਨਹੀਂ ਕੀਤੀ ਗਈ ਸਗੋਂ ਵੱਡੇ ਸਬਰ, ਸਿਦਕ ਅਤੇ ਸਿਰੜ ਨਾਲ ਇਸ ਉੱਤੇ ਤੁਰ ਕੇ ਵਿਖਾਇਆ ਵੀ ਗਿਆ ਹੈ।

ਸਿਆਸੀ ਜ਼ਬਰ-ਜ਼ੁਲਮ, ਸਮਾਜੀ ਵਿਤਕਰਿਆਂ-ਵੰਡੀਆਂ, ਆਰਥਕ ਅਸਾਵੇਂਪਣ ਦੇ ਸ਼ਿਕਾਰ, ਤੰਗੀਆਂ-ਤੁਰਸ਼ੀਆਂ ਦੇ ਝੰਬੇ ਅਤੇ ਨਾਂਹਮੁਖੀ ਕਦਰਾਂ-ਕੀਮਤਾਂ ਤੇ ਕਰਮਕਾਂਡਾਂ ਵਿਚ ਉਲਝੇ ਮਨੁੱਖ ਨੂੰ ਯੋਗ ਅਗਵਾਈ ਪ੍ਰਦਾਨ ਕਰਨ ਦੇ ਆਸ਼ੇ ਦੀ ਪੂਰਤੀ ਹਿਤ ਗੁਰੂ ਨਾਨਕ ਦੇਵ ਜੀ ਨੇ ਜਿਸ ਧਾਰਮਿਕ ਸੋਝੀ ਦਾ ਪਿੜ ਬੰਨ੍ਹਿਆਂ ਉਸਦਾ ਮਹੱਤਵ ਸਰਬ-ਵਿਆਪੀ ਸਿੱਧ ਹੋਇਆ। ਗੁਰੂ ਨਾਨਕ ਦੇਵ ਜੀ ਨੇ ਏਕੇ, ਬਰਾਬਰੀ ਅਤੇ ਸਾਂਝੀਵਾਲਤਾ ਦੇ ਜੀਵਨ ਮੁੱਲਾਂ ਨੂੰ ਪ੍ਰਣਾਏ

ਅਜਿਹੇ ਮਨੁੱਖ ਦਾ ਮਾਡਲ ਪੇਸ਼ ਕੀਤਾ ਜਿਹੜਾ ਸਮੁੱਚੀ ਲੋਕਾਈ ਅਤੇ ਕੁੱਲ ਆਲਮ ਨੂੰ ਇਕ ਪਰਿਵਾਰ ਦੀ ਨਿਆਈਂ ਮੰਨਦਾ ਹੋਵੇ। ਉਹਨਾਂ ਨੇ ਸਮੁੱਚੀ ਲੋਕਾਈ ਸਾਹਵੇਂ 'ਇਕ ਪਰਮਾਤਮਾ' ਦੇ ਸੰਕਲਪ ਨੂੰ ਦ੍ਰਿੜ੍ਹ ਕੀਤਾ। ਉਹਨਾਂ ਸਮਿਆਂ ਦੇ ਪ੍ਰਚਲਿਤ ਵਿਧੀ-ਵਿਧਾਨਾਂ ਤੋਂ ਸਪਸ਼ਟ ਵਿੱਥ ਸਿਰਜਦੇ ਹੋਏ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕ ਸਾਧਨਾ ਅਤੇ ਗ੍ਰਿਹਸਥੀ ਜੀਵਨ ਨੂੰ ਇਕ-ਸੁਰ ਕਰਦੇ ਹੋਏ ਹੱਥੀਂ ਕਿਰਤ ਕਰਨ ਦਾ ਸੁਨੇਹਾ ਦਿੱਤਾ ਅਤੇ ਇਸ ਰਾਹ ਦੇ ਅਡੋਲ ਪਾਂਧੀ ਬਣ ਕੇ ਵਿਖਾਇਆ। ਇਹ ਮਿਸਾਲ ਸਮੁੱਚੀ ਲੋਕਾਈ ਲਈ ਇਕ ਨਜ਼ੀਰ ਬਣੀ ਅਤੇ ਬਾਅਦ ਵਾਲੇ ਸਿੱਖ ਗੁਰੂਆਂ ਨੇ ਇਸ ਨੂੰ ਵਿਸਥਾਰਿਆ। ਆਪ ਜੀ ਵੱਲੋਂ ਦਿੱਤੇ ਗਏ 'ਨਾਮ ਜਪੋ, ਕਿਰਤ ਕਰੋ, ਵੰਡ ਛਕੋ' ਦੇ ਮੂਲ ਮੰਤਰ ਨੂੰ ਗ੍ਰਹਿਣ ਕਰਕੇ ਸ਼੍ਰੀ ਗੁਰੂ ਅੰਗਦ ਦੇਵ ਜੀ ਅਤੇ ਸ਼੍ਰੀ ਗੁਰੂ ਅਮਰ ਦਾਸ ਜੀ ਨੇ ਲੰਗਰ ਦੀ ਪ੍ਰਥਾ ਕਾਇਮ ਕਰਦਿਆਂ ਸਮਾਜਕ ਬਰਾਬਰੀ ਨੂੰ ਵਿਹਾਰਕ ਜਾਮਾ ਪੁਆਉਣ ਵਿਚ ਪਹਿਲਕਦਮੀ ਕੀਤੀ। ਇਸ ਗੁਰਮਤਿ ਪਰੰਪਰਾ ਦੇ ਅਨੁਸਾਰੀ ਜੀਵਨ-ਮੁੱਲ ਧਾਰਨ ਕਰਨ ਵਾਲੀ ਸੰਗਤ ਨੂੰ ਇਕ ਥਾਂ 'ਤੇ ਇਕੱਠੇ ਹੋਣ ਦੇ ਮੌਕੇ ਮੁਹੱਈਆ ਕਰਵਾਉਣ ਲਈ ਗੁਰੂ ਅਮਰਦਾਸ ਜੀ ਨੇ ਸ਼੍ਰੀ ਅੰਮ੍ਰਿਤਸਰ ਸਾਹਿਬ ਨਾਂ ਦੇ ਕੇਂਦਰ ਦੀ ਸਥਾਪਨਾ ਕੀਤੀ। ਗੁਰੂ ਅਰਜਨ ਦੇਵ ਜੀ ਨੇ ਇਕੱਠੀ ਹੋਈ ਬਾਣੀ ਵਿੱਚੋਂ ਸੱਚ-ਆਧਾਰਿਤ ਬਾਣੀ ਦਾ ਨਿਤਾਰਾ ਕਰਦਿਆਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਬੀੜ ਦੀ ਸੰਪਾਦਨਾ ਕੀਤੀ ਜੋ ਸਮੁੱਚੀ ਲੋਕਾਈ ਨੂੰ ਸੇਧ ਪ੍ਰਦਾਨ ਕਰਨ ਵਾਲੀ ਇਕ ਵਡਮੁੱਲੀ ਦਾਤ ਸਾਬਿਤ ਹੋਈ। ਸੱਚ ਅਤੇ ਸਵੈਮਾਨ ਦੀ ਰਾਖੀ ਹਿਤ ਕੁਰਬਾਨ ਹੋ ਕੇ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦੀ ਜਿਸ ਰੀਤ ਦਾ ਮੁੱਢ ਬੰਨ੍ਹਿਆਂ ਉਹ ਮਿਸਾਲੀ ਹੈ। ਸਮੇਂ ਦੀ ਲੋੜ ਅਨੁਸਾਰ ਸ਼੍ਰੀ ਗੁਰੂ ਹਰਗੋਬਿੰਦ ਜੀ ਨੇ ਸ਼ਾਸਤਰ ਦੇ ਨਾਲ ਸ਼ਸਤਰ ਗ੍ਰਹਿਣ ਕਰਦੇ ਹੋਏ ਮੀਰੀ-ਪੀਰੀ ਦਾ ਸੰਕਲਪ ਪੇਸ਼ ਕੀਤਾ। ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਖ਼ਸੀਅਤ ਅਤੇ ਉਹਨਾਂ ਦੀ ਵਿਚਾਰਧਾਰਾ ਦੀ ਉਸਾਰੀ ਗੁਰਮਤਿ ਦੀ ਇਸ ਵਿਲੱਖਣ, ਵਿਰਾਟ, ਵਿਸ਼ਾਲ ਅਤੇ ਸਮ-ਦ੍ਰਿਸ਼ਟੀ ਨੂੰ ਪ੍ਰਣਾਈ ਵਡਮੁੱਲੀ ਵਿਰਾਸਤ ਦੇ ਮਜ਼ਬੂਤ ਅਤੇ ਪਰਪੱਕ ਆਧਾਰ 'ਤੇ ਹੋਈ ਹੈ।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸਿੱਖ ਗੁਰੂ ਕਾਲ (1469-1708) ਅਤੇ ਭਾਰਤ ਵਿਚ ਬਾਬਰ ਤੋਂ ਲੈ ਕੇ ਔਰੰਗਜ਼ੇਬ ਤਕ ਦੇ ਮੁਗਲ ਹਾਕਮਾਂ ਦੇ ਕਾਲ (1483-1707) ਦੀ ਅਉਧ ਸਮਕਾਲੀ ਹੀ ਰਹੀ ਹੈ ਅਤੇ ਸਿੱਖ ਗੁਰੂ ਤੇ ਮੁਗਲ ਹਾਕਮ ਇਕ ਦੂਸਰੇ ਦੇ ਵਾਬਸਤਾ ਰਹੇ ਹਨ। ਇਹਨਾਂ ਦਾ ਟਕਰਾ ਜਗ-ਜ਼ਾਹਰ ਹੈ। ਇਥੇ ਸੁਆਲ ਪੈਦਾ ਇਹ ਹੁੰਦਾ ਹੈ ਕਿ ਕੀ ਇਹ ਮੁਗਲ ਹਾਕਮ ਉਸੇ ਇਸਲਾਮ ਦੇ ਧਾਰਨੀ ਹਨ ਜਿਸ ਇਸਲਾਮ ਧਰਮ ਦਾ ਮੁੱਢ ਹਜ਼ਰਤ ਮੁਹੰਮਦ ਸਾਹਿਬ (570 ਈ.- 632 ਈ.) ਨੇ 622 ਈ. ਵਿਚ ਬੰਨ੍ਹਿਆਂ ਸੀ? ਅਰਬੀ ਲਫ਼ਜ਼ ਇਸਲਾਮ ਦਾ ਅਰਥ ਹੈ ਅਮਨ ਦੇ ਖੇਤਰ ਵਿਚ ਦਾਖਲ ਹੋਣਾ। ਹਜ਼ਰਤ ਮੁਹੰਮਦ ਸਾਹਿਬ ਵੱਲੋਂ ਵਰੋਸਾਏ ਇਸਲਾਮ ਦੇ ਧਾਰਨੀ ਮੁਸਲਮਾਨ ਅਜਿਹੇ ਮਨੁੱਖ ਹਨ ਜੋ ਪਰਮਾਤਮਾ ਅਤੇ ਮਨੁੱਖ ਨਾਲ ਪੁਰ-ਅਮਨ ਦਾ ਰਿਸ਼ਤਾ ਰੱਖਦੇ ਹੋਣ। ਇਸਲਾਮ ਮੁਤਾਬਕ ਅੱਲ੍ਹਾ ਇਕ ਹੈ ਅਤੇ ਉਸ ਤੋਂ ਹੋਰ ਕੋਈ ਪੂਜਣ ਯੋਗ ਨਹੀਂ ਤੇ ਮੁਹੰਮਦ ਉਸਦੇ ਰਸੂਲ ਹਨ। ਇਸਲਾਮੀ ਧਰਮ ਗ੍ਰੰਥ ਕੁਰਾਨ ਵਿਚ ਮਨੁੱਖ ਲਈ ਪੰਜ ਨੇਮ ਨਿਰਧਾਰਤ ਕੀਤੇ ਗਏ ਹਨ: ਕਲਮਾ ਪੜ੍ਹਨਾ, ਨਮਾਜ਼ ਪੜ੍ਹਨਾ, ਰੋਜ਼ਾ ਰੱਖਣਾ, ਜ਼ਕਾਤ ਅਤੇ ਹਜ। ਇਹ ਇਸਲਾਮ ਧਰਮ ਵੀ ਅਰਬ ਮੁਲਕਾਂ ਦੇ ਉਸ ਵਕ਼ਤ ਦੇ ਜ਼ੋਖ਼ਮ ਹਾਲਾਤ ਦੀ ਜ਼ਰੂਰਤ ਅਤੇ ਪੈਦਾਇਸ਼ ਸੀ। ਅਰਬ ਵਿਚ ਪੈਦਾ ਹੋਏ ਇਸ ਧਰਮ ਦਾ ਵਿਸਥਾਰ ਬਹੁਤ ਤੇਜ਼ੀ ਨਾਲ ਹੋਇਆ ਅਤੇ ਛੇਤੀ ਇਹ ਇਰਾਕ, ਈਰਾਨ, ਮੱਧ ਏਸ਼ੀਆ, ਸਿੰਧ, ਸਪੇਨ ਆਦਿ ਖੇਤਰਾਂ ਤੱਕ ਫੈਲ ਗਿਆ। ਇਸਲਾਮ ਹਜ਼ਰਤ ਮੁਹੰਮਦ ਸਾਹਿਬ ਤੋਂ ਬਾਅਦ ਅਗਲੇ ਚਾਰ ਖਲੀਫ਼ਿਆਂ ਅਬੂ ਬਕਰ, ਉਮਰ, ਉਸਮਾਨ ਅਤੇ ਅਲੀ (632-661) ਤੱਕ ਹਾਂਦਰੂ ਕਦਰਾਂ-ਕੀਮਤਾਂ ਦਾ ਧਾਰਨੀ ਰਿਹਾ। ਬਾਅਦ ਦੇ ਬਦਲੇ ਹਾਲਾਤ ਅਨੁਸਾਰ ਇਹ ਸ਼ੀਆ-ਸੁੰਨੀਆਂ ਵਿਚ ਵੰਡਿਆ ਵੀ ਗਿਆ ਅਤੇ ਇਸਦਾ ਸਿਆਸੀਕਰਣ ਵੀ ਹੁੰਦਾ ਗਿਆ। ਭਾਰਤ ਵਿਚ ਵੀ ਇਸਲਾਮ ਦਾ ਪ੍ਰਭਾਵ ਸ਼ੁਰੂਆਤੀ ਦੌਰ ਤੋਂ ਹੀ ਪੈਣ ਲੱਗ ਪਿਆ ਸੀ ਅਤੇ ਕੁਝ ਦੇਰ ਤਕ ਮੁਸਲਮਾਨਾਂ ਦਾ ਸੰਬੰਧ ਹਿੰਦੂਆਂ ਨਾਲ ਦੋਸਤਾਨਾ ਅਤੇ ਸੁਖਾਵਾਂ ਵੀ ਰਿਹਾ। ਅਰਬਾਂ ਤੋਂ ਬਿਨਾ ਹੋਰਨਾਂ ਕੌਮਾਂ ਤੁਰਕਾਂ ਆਦਿ ਦੇ ਇਸਲਾਮ ਧਾਰਨ ਕਰਨ ਉਪਰੰਤ ਇਸ ਵਿਚ ਕੱਟੜਤਾ ਆਉਣ ਲੱਗੀ। ਮਹਿਮੂਦ ਗਜ਼ਨਵੀ ਦੇ ਭਾਰਤ ਉੱਤੇ ਹਮਲਿਆਂ ਉਪਰੰਤ ਇਹ ਨਫ਼ਰਤ ਨਿਰੰਤਰ ਵਧਦੀ ਰਹੀ। ਭਾਰਤ ਦੇ ਮੁਗਲ ਹਾਕਮਾਂ ਦਾ ਇਸਲਾਮ ਹਜ਼ਰਤ ਮੁਹੰਮਦ ਸਾਹਿਬ ਦੇ ਇਸਲਾਮ ਤੋਂ ਇਕ ਵਿੱਥ ਸਿਰਜ ਚੁੱਕਾ ਸੀ ਜੋ ਧਾਰਮਿਕ ਘੱਟ ਪਰ ਸਿਆਸੀ ਕੱਟੜਤਾ ਤੇ ਨਫ਼ਰਤੀ ਰੰਗ ਵਿਚ ਜ਼ਿਆਦਾ ਰੰਗਿਆ ਹੋਇਆ ਸੀ।

ਸਿੱਖ ਗੁਰੂ ਅਤੇ ਗੁਰਮਤਿ ਸਿਧਾਂਤ ਅਮਨ, ਏਕੇ, ਨਿਮਰਤਾ, ਸਹਿਜਤਾ ਅਤੇ ਸ਼ਾਂਤ ਬਿਰਤੀ ਦੇ ਧਾਰਨੀ ਸਨ ਪਰ ਤੱਤਕਾਲੀ ਮੁਗਲ ਹਾਕਮਾਂ ਦੀਆਂ ਕੱਟੜ ਮਜ਼ਹਬੀ ਨੀਤੀਆਂ ਅਤੇ ਉਹਨਾਂ ਦੇ ਤਾਨਾਸ਼ਾਹੀ ਵਤੀਰੇ ਨੇ ਸਿੱਖ ਗੁਰੂਆਂ ਨੂੰ ਸ਼ਸਤਰਬੱਧ ਹੋਣ ਲਈ ਮਜ਼ਬੂਰ ਕੀਤਾ। ਜਹਾਂਗੀਰ ਦੇ ਸਤਾਏ ਉਸਦੇ ਭਰਾ ਅਮੀਰ ਖੁਸਰੋ ਦੀ ਗੁਰੂ ਅਰਜਨ ਦੇਵ ਜੀ ਦੁਆਰਾ ਮਦਦ ਕਰਨ ਤੋਂ ਚਿੜ੍ਹ ਕੇ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਸੱਦਿਆ, ਉਹਨਾਂ ਨੂੰ ਜ਼ੁਰਮਾਨਾ ਭਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਇਸਲਾਮ ਨਾਲ ਮੇਲ ਨਾ ਖਾਂਦੀਆਂ ਸਤਰਾਂ ਕੱਢਣ ਲਈ ਕਿਹਾ। ਗੁਰੂ ਜੀ ਦੁਆਰਾ ਇਹਨਾਂ ਹੁਕਮਾਂ ਦੀ ਤਾਮੀਲ ਨਾ ਕੀਤੇ ਜਾਣ ਸਦਕਾ ਗੁਰੂ ਜੀ 'ਤੇ ਜ਼ਾਲਮਾਨਾ ਜ਼ਬਰ ਢਾਏ ਗਏ। ਅੰਤ ਰਾਵੀ ਕੰਢੇ ਗੁਰੂ ਜੀ ਨੇ ਆਪਣੀ ਜੀਵਨ ਲੀਲ੍ਹਾ ਨੂੰ ਆਤਮ-ਸ਼ਹਾਦਤ ਦੀ ਭੇਂਟ ਕਰ ਦਿੱਤਾ। ਗੁਰੂ ਹਰਗੋਬਿੰਦ ਜੀ ਨੇ ਵੀ ਮੁਗਲਾਂ ਨਾਲ ਤਿੰਨ ਜੰਗਾਂ ਲੜੀਆਂ ਤੇ ਜਿੱਤੀਆਂ। ਆਪਣੀਆਂ ਲੋਕ-ਪੱਖੀ ਧਾਰਮਿਕ ਤੇ ਸਿਆਸੀ ਨੀਤੀਆਂ ਸਦਕਾ ਸਿੱਖਾਂ ਦਾ ਰੁਤਬਾ ਵਧਦਾ ਗਿਆ ਅਤੇ ਹਿੰਦੂਆਂ ਵਿਚ ਆਪਣੇ ਜੇਠੇ ਪੁੱਤਰ ਨੂੰ ਸਿੱਖ ਬਣਾਉਣ ਦੀ ਪਿਰਤ ਪੈਣੀ ਸ਼ੁਰੂ ਹੋਈ। ਗੁਰੂ ਹਰ ਰਾਏ ਜੀ ਦੀ ਵੀ ਮੁਗਲ ਹਾਕਮਾਂ ਨਾਲ ਅਣਬਣ ਹੀ ਰਹੀ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਜਦੋਂ ਗੁਰ ਗੱਦੀ ਸੰਭਾਲੀ, ਉਸ ਸਮੇਂ ਹਾਲਾਤ ਕੁਝ ਜ਼ਿਆਦਾ ਹੀ ਅਣ-ਸੁਖਾਵੇਂ ਬਣ ਚੁੱਕੇ ਸਨ। ਔਰੰਗਜ਼ੇਬ ਦੀ ਸੱਤਾ ਨੂੰ ਹਰ ਪਾਸਿਓਂ ਚੁਣੌਤੀ ਮਿਲ ਰਹੀ ਸੀ ਤੇ ਉਸਨੇ ਜ਼ਬਰ-ਜ਼ੁਲਮ ਦੀ ਹੱਦ ਮੁਕਾਈ ਹੋਈ ਸੀ। ਖ਼ਾਸ ਕਰ ਸਿੱਖਾਂ ਦੀ ਤਾਕ਼ਤ ਤੋਂ ਉਹ ਕੁਝ ਜ਼ਿਆਦਾ ਹੀ ਖਿਝਿਆ ਹੋਇਆ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਾਹਮਣੇ ਜਿੱਥੇ ਸਿੱਖ ਪੰਥ ਦੀ ਮਜ਼ਬੂਤੀ ਅਤੇ ਵਿਸਥਾਰ ਵੱਡਾ ਨਿਸ਼ਾਨਾ ਸੀ ਉੱਥੇ ਮੁਗਲ ਹਾਕਮਾਂ ਦੀਆਂ ਲੋਕ-ਦੋਖੀ ਮਜ਼ਹਬੀ ਕੱਟੜਤਾ ਅਤੇ ਤਾਨਾਸ਼ਾਹੀ ਨੀਤੀਆਂ ਦਾ ਮੁਕਾਬਲਾ ਵੀ ਵੱਡੀ ਚੁਣੌਤੀ ਸੀ। ਗੁਰੂ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਨਗਰ ਵਸਾਉਣ ਦੇ ਨਾਲ ਨਾਲ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਲਈ ਜੋ ਯਾਤਰਾਵਾਂ ਕੀਤੀਆਂ ਉਹਨਾਂ ਦਾ ਮਹੱਤਵ ਮਿਸਾਲੀ ਅਤੇ ਇਤਿਹਾਸਕ ਹੈ। ਉਹਨਾਂ ਵੱਲੋਂ ਸਵੈ-ਰਚਿਤ ਬਾਣੀ ਵਿਚ ਸਿਰਜਿਆ ਗਿਆ ਡਰ ਅਤੇ ਡਰਾਵੇ ਤੋਂ ਮੁਕਤ ਮਨੁੱਖ ਦਾ ਆਦਰਸ਼ਕ ਮਾਡਲ ਮਿਸਾਲੀ ਹੋ ਨਿਬੜਿਆ ਹੈ। ਗੁਰੂ ਜੀ ਨੇ ਆਮ ਲੋਕਾਈ ਨੂੰ ਇਸ ਰਾਹ 'ਤੇ ਤੁਰਨ ਲਈ ਪ੍ਰੇਰਿਤ ਹੀ ਨਹੀਂ ਕੀਤਾ ਸਗੋਂ ਇਸ ਰਾਹ 'ਤੇ ਤੁਰਦਿਆਂ ਭੈ-ਮੁਕਤ ਸ਼ਹਾਦਤ ਦੇ ਕੇ ਇਸ ਰਾਹ ਨੂੰ ਰੁਸ਼ਨਾਇਆ ਵੀ। ਗੁਰੂ ਜੀ ਨੂੰ 1665 ਅਤੇ 1670 ਵਿਚ ਗ੍ਰਿਫ਼ਤਾਰ ਵੀ ਕੀਤਾ ਗਿਆ ਅਤੇ ਉਹਨਾਂ ਨੂੰ ਸਰਕਾਰੀ ਨਜ਼ਰਸਾਨੀ ਹੇਠ ਵੀ ਰਹਿਣਾ ਪਿਆ ਪਰ ਉਹਨਾਂ ਨੇ ਕਦੇ ਈਨ ਨਹੀਂ ਮੰਨੀ। ਔਰੰਗਜ਼ੇਬ ਦੀ ਧਰਮ ਬਦਲਵਾਏ ਜਾਣ ਦੀ ਕੱਟੜਤਾ ਤੋਂ ਤੰਗ ਕੁਝ ਕਸ਼ਮੀਰੀ ਪੰਡਤਾਂ ਦੀ ਬੇਨਤੀ ਸਵੀਕਾਰ ਕਰਦਿਆਂ ਗੁਰੂ ਜੀ ਨੇ ਔਰੰਗਜ਼ੇਬ ਦੇ ਹਰ ਹੁਕਮ ਨੂੰ ਨਾ-ਮਨਜ਼ੂਰ ਕਰਦੇ ਹੋਏ ਸ਼ਹਾਦਤ ਦੀ ਜਿਸ ਪਰੰਪਰਾ ਨੂੰ ਹੋਰ ਗੂੜ੍ਹਿਆਂ ਕੀਤਾ ਉਹ ਬੇ-ਮਿਸਾਲ ਹੈ। ਕਸ਼ਮੀਰੀ ਪੰਡਤਾਂ ਦੇ ਧਾਰਮਿਕ ਹਕੂਕ ਦੀ ਰਾਖੀ ਦੇ ਬਹਾਨੇ ਗੁਰੂ ਜੀ ਦੀ ਇਹ ਸ਼ਹਾਦਤ ਸਮੁੱਚੀ ਲੋਕਾਈ ਦੇ ਹੱਕਾਂ ਦੀ ਰਾਖੀ ਦਾ ਐਲਾਨਨਾਮਾ ਹੈ। ਧਾਰਮਿਕ ਰਹਿਬਰਾਂ ਨੇ ਆਪੋ ਆਪਣੇ ਸੰਪਰਦਾਵਾਂ ਲਈ ਤਾਂ ਬਿਨਾਂ-ਸ਼ੱਕ ਸ਼ਹਾਦਤਾਂ ਕਬੂਲੀਆਂ ਹਨ ਆਪਣੇ ਤੋਂ ਵੱਖਰੇ ਅਕੀਦੇ ਵਾਲੇ ਲੋਕਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਹਿਤ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਵਿਲੱਖਣ, ਮਿਸਾਲੀ ਅਤੇ ਅਦੁੱਤੀ ਹੋ ਨਿਬੜੀ ਹੈ। ਗੁਰੂ ਜੀ ਦੀ ਇਹ ਸ਼ਹਾਦਤ ਸਹਿ-ਹੋਂਦਵਾਦੀ ਬਹੁ-ਸਭਿਆਚਾਰਕ ਸਮਾਜ ਦੀ ਪੈਰਵੀ ਕਰਨ ਵਾਲੇ ਸਮਾਜਕ ਕਾਰਕੁਨਾਂ ਲਈ ਹਮੇਸ਼ਾ ਪ੍ਰੇਰਕ ਬਣੀ ਰਹੇਗੀ। ਗੁਰੂ ਜੀ ਅਤੇ ਉਹਨਾਂ ਦੇ ਨਾਲ ਸ਼ਹਾਦਤ ਪ੍ਰਾਪਤ ਕਰਨ ਵਾਲੇ ਸਿਖਾਂ ਤੇ ਉਹਨਾਂ ਦੀ ਸ਼ਹਾਦਤ ਉਪਰੰਤ ਗੁਰੂ ਜੀ ਦਾ ਅੰਤਮ ਸੰਸਕਾਰ ਕਰਨ ਤੇ ਜ਼ਾਬਰਾਂ ਤੋਂ ਲੁਕਾ ਕੇ ਗੁਰੂ ਜੀ ਦੇ ਸੀਸ ਨੂੰ ਦਿੱਲੀ ਤੋਂ ਸ੍ਰੀ ਆਨੰਦਪੁਰ ਸਾਹਿਬ ਲਿਆਉਣ ਲਈ ਦਿੱਤੀਆਂ ਕੁਰਬਾਨੀਆਂ ਮਨੁੱਖੀ ਹਕੂਕ ਲਈ ਜੂਝਣ ਵਾਲੇ ਜੁਝਾਰੂਆਂ ਦਾ ਸਦੀਵੀ ਰਾਹ ਰੁਸ਼ਨਾਉਂਦੀਆਂ ਰਹਿਣਗੀਆਂ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਇਹ ਸੁਨੇਹਾ ਵੀ ਹਮੇਸ਼ਾ ਚੇਤਿਆਂ ਵਿਚ ਵੱਸਦਾ ਹੋਇਆ ਮਨੁੱਖੀ ਮਨ ਨੂੰ ਰੌਸ਼ਨ ਕਰਦਾ ਰਹੇਗਾ:

ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥
ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥

.........................................................

# ਗੁਰੂ ਤੇਗ ਬਹਾਦਰ ਬਾਣੀ: ਮਨ ਦਾ ਪ੍ਰਵਚਨ



ਗੁਰਲਾਲ ਸਿੰਘ
ਸੰਪਾਦਕ 'ਸਤਿਜੁਗ'
97800-97898

ਗੁਰੂ ਨਾਨਕ ਦਰਸ਼ਨ ਅੰਦਰ ਮਨ ਦਾ ਪ੍ਰਵਚਨ ਬਹੁ ਵਿਸਥਾਰੀ ਹੈ ਜਿਸਦੀ ਇਤਿਹਾਸਿਕਤਾ ਭਾਰਤੀ ਦਰਸ਼ਨ ਨਾਲ ਜੁੜੀ ਹੋਈ ਹੈ। ਸਭ ਪਹਿਲਾ ਸਵਾਲ ਹੈ ਮਨ ਕੀ ਹੈ? ਇਸ ਦਾ ਅਸਥਾਨ ਅਤੇ ਕਾਰਜ ਸਪਸ਼ਟ ਹੋਣਾ ਜ਼ਰੂਰੀ ਹੈ। ਦਾਰਸ਼ਨਿਕਾਂ ਨੇ ਇਸ ਬਾਰੇ ਵੱਖ-ਵੱਖ ਵਿਚਾਰ ਪੇਸ਼ ਕੀਤੇ ਹਨ। ਜਿਵੇਂ ਕਿ ਸਰੀਰ ਅਤੇ ਆਤਮਾ ਵਿਚਕਾਰ ਇਕ ਸੂਖਮ ਕੇਂਦਰ ਹੈ 'ਮਨ' ਜੋ ਦੋਵਾਂ ਵਿਚਕਾਰ ਮਧਿਹਸਥ (Mediator) ਦੀ ਭੂਮਿਕਾ ਨਿਭਾਉਂਦਾ ਹੈ।

"ਮਨ ਸਾਰੀਆਂ ਦਿਮਾਗੀ ਤਾਕਤਾਂ, ਗਿਆਨ ਸ਼ਕਤੀਆਂ, ਸੰਕਲਪ, ਵਿਕਲਪ, ਸਮਝ ਬੂਝ, ਸਿਆਣ, ਹਿੱਸ, ਇੱਛਾ, ਵਿਚਾਰ, ਅੰਤਹਕਰਣ ਆਦਿਕ ਸਾਰੇ ਮਨ ਵਿਚ ਆ ਜਾਂਦੇ ਹਨ।"*

ਮਨ ਅਸਲ ਵਿਚ ਇਕ ਚੇਤਨ ਸੱਤਾ ਹੈ ਜਿਸ ਨੂੰ ਆਤਮਾ ਤੋਂ ਵੱਖਰਾ ਮੰਨਿਆ ਹੈ ਪਰ ਇਸ ਵਿਚ ਚੇਤਨਾ ਆਤਮਾ ਤੋਂ ਹੀ ਪ੍ਰਾਪਤ ਹੁੰਦੀ ਹੈ। ਗਿਆਨ ਇੰਦਰੀਆਂ ਜਗ ਦੇ ਰੰਗ ਤਮਾਸ਼ੇ ਦਿਖਾ ਇਸ ਨੂੰ ਭਰਮਾ ਲੈਂਦੀਆਂ ਹਨ ਫਿਰ ਇਹ ਹਰਖ ਸੋਗ, ਦੁਖ, ਸੁੱਖ, ਚੰਗਾ ਮਾੜਾ ਇਸ ਜੋੜ ਘਟਾਉ ਵਿਚ ਪੈ ਜਾਂਦਾ ਹੈ। ਜੇ ਗਿਆਨ ਇੰਦਰੀਆਂ ਦੁਆਰਾ ਮਹਿਸੂਸ ਹੋ ਰਹੇ ਇਸ ਮਿੱਥ ਸੰਸਾਰ ਤੋਂ ਇਹ ਮਨ ਵੈਰਾਗ ਕਰ ਲਵੇ ਤਾਂ ਸ਼ੁੱਧ ਸਰੂਪ ਹੋ ਜਾਂਦਾ ਹੈ। ਜਿਸ ਨੂੰ ਗੁਰਬਾਣੀ ਜੋਤਿ ਸਰੂਪ ਆਖਦੀ ਹੈ-

ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ॥

ਵਿਕਾਰਾਂ ਤੋਂ ਮੁਕਤ ਸ਼ੁੱਧ ਮਨ ਨਿਰੀ ਚੇਤਨ ਹੈ। ਗਿਆਨ ਇੰਦਰੀਆਂ ਦੁਆਰਾ ਪ੍ਰਗਟ ਸੰਸਾਰ ਵੱਲ ਖਿਚਿਆ

* ਗੁਰੂ ਗ੍ਰੰਥ ਸਾਹਿਬ ਕੋਸ਼

ਮਨ ਭੋਗੀ ਬਣ ਜਾਂਦਾ ਹੈ ਅਤੇ ਵੈਰਾਗੀ ਮਨ ਜੋਗੀ ਹੋ ਜਾਂਦਾ ਹੈ-

ਮਨ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰ॥
ਮਨ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ॥

ਮਨ ਦਾ ਮਾਲਕ ਆਤਮਾ ਹੈ। ਜਦੋਂ ਇਹ ਕਹਿਣੇ ਵਿਚ ਹੋਵੇ ਨਿਜ ਘਰ ਟਿਕਿਆ ਰਹਿੰਦਾ ਹੈ ਜੋ ਬ੍ਰਹਮ ਅਵਸਥਾ ਦਾ ਲਖਾਇਕ ਹੈ। ਜਦੋਂ ਇਹ ਸੁਭਾਅ ਮੁਤਾਬਿਕ ਚੰਚਲ ਤੇ ਚਲਾਇਮਾਨ ਹੁੰਦਾ ਹੈ ਤਾਂ ਵਿਕਾਰੀ ਬਣ ਜਾਂਦਾ ਹੈ ਜਿਸ ਨੂੰ ਸ਼ਾਸ਼ਤਰਕਾਰ ਸੰਸਾਰੀ ਅਵਸਥਾ ਆਖਦੇ ਹਨ।

ਮਨ ਕਾ ਜੀਉ ਪਵਨ
ਪਤਿ ਦੇਹੀ ਦੇਹੀ ਮਹਿ ਦੇਉ ਸਮਾਗਾ॥

ਭਾਵ ਮਨ ਦਾ ਜੀਉ ਆਸਰਾ, ਸਰੂਪ (ਪਵਨ) ਪ੍ਰਾਣ ਹਨ। ਮਾਲਕ ਆਤਮਾ ਹੈ ਅਤੇ ਆਤਮਾ ਵਿਚ (ਦੇਉ) ਪ੍ਰਾਮਤਮਾ ਵੱਸਦਾ ਹੈ। ਇਸ ਤਰ੍ਹਾਂ ਮਨ ਗੁਰਬਾਣੀ ਅਨੁਸਾਰ ਆਤਮਾ ਅਤੇ ਗਿਆਨ ਇੰਦਰੀਆਂ ਦਾ ਇਕ ਕੇਂਦਰੀ ਸਥਿਤੀ ਦਾ ਲਖਾਇਕ ਹੈ। ਇਹ ਕਦੀ ਬਾਹਰ ਮੁਖੀ ਹੁੰਦਾ ਹੈ ਅਤੇ ਕਦੇ ਅੰਤਰ ਮੁੱਖੀ। ਖਟ ਦਰਸ਼ਨ (ਛੇ ਸ਼ਾਸਤਰ, ਸਾਂਖਿਆ, ਯੋਗ, ਵੇਦਾਂਤ, ਨਿਆਯ, ਵੈਸ਼ੇਸ਼ਿਕ, ਪੂਰਵ ਮੀਸਾਂਸਾ) ਸ਼ਾਸਤਰੀਆਂ ਨੇ ਮਨ ਬਾਰੇ ਜੋ ਖਿਆਲ ਪ੍ਰਗਟ ਕੀਤੇ ਹਨ ਉਹ ਇਸ ਪ੍ਰਕਾਰ ਹਨ-

ਸਾਂਖਿਆ ਦਰਸ਼ਨ ਅਨੁਸਾਰ ਮਨ ਇਕ ਅੰਦਰਲਾ ਇੰਦਰੈ ਹੈ, ਜੋ ਗਿਆਨ ਤੇ ਕਰਮ ਇੰਦ੍ਰੀਆਂ ਦੇ ਮਧਿਹਸਥ (Mediator) ਹੈ ਤੇ ਦੋਹਾਂ ਦਾ ਸਾਂਝੀਵਾਲ ਹੈ, ਇਸ ਨੂੰ ਗਿਆਰਵਾਂ ਇੰਦਰਾ ਮੰਨਿਆ ਹੈ ਇਸ ਦਾ ਕਾਰਜ ਸੰਕਲਪ (ਫੈਸਲਾ ਕਰਨਾ) ਵਿਕਲਪ (ਸੰਸਾ ਕਰਨਾ) ਹੈ। ਇਸ ਦਾ ਸਬੰਧ ਬੁੱਧੀ ਨਾਲ ਵੀ ਹੈ, ਜਿਸ ਦਾ ਕੰਮ ਹੈ ਵਯਵਸਾਯ (ਨਿਸਚੇ ਕਰਨਾ) ਅਤੇ ਇਸ ਦਾ ਸਬੰਧ ਅਹੰਕਾਰ ਨਾਲ ਵੀ ਹੈ, ਜਿਸ ਦਾ ਕੰਮ ਹੈ ਅਭਿਮਾਨ ਅਰਥਾਤ ਮੈਂ ਦੀ ਲੱਖਤਾ। ਸਾਂਖਿਆ ਨੇ ਮਨ ਨੂੰ ਬੁਧੀ ਦਾ ਹੀ ਇਕ ਰੂਪ ਮੰਨਿਆ ਹੈ। ਬੁੱਧੀ ਨੂੰ ਉਸ ਨੇ ਮਹਤ ਕਿਹਾ ਹੈ ਜਿਸ ਤੋਂ ਅਹੰਕਾਰ ਤੇ ਮਨਸ੍ ਨਿਕਲੇ।

ਯੋਗ ਤੇ ਵੇਦਾਂਤ ਦੋਹਾਂ ਵਿਚ ਮਨ ਨੂੰ ਬੁੱਧੀ ਤੇ ਅਹੰਕਾਰ ਦੇ ਨਾਲ ਚਿੱਤ ਨਾਲ ਵੀ ਸਬੰਧਿਤ ਦਸਿਆ ਹੈ। ਜੋ ਵੀਚਾਰ ਦਾ ਇੰਦਰਾ ਹੈ ਅਤੇ ਇਸ ਦਾ ਕੰਮ ਹੈ ਅਨੁਸੰਧਾਨ (ਪੜਤਾਲ)।

ਵੇਦਾਂਤ ਵਿਚ ਸੁੱਖ ਦੁੱਖ, ਹਰਖ ਸੋਗ ਆਦਿਕ ਮਨ ਦੇ ਧਰਮ ਮੰਨੇ ਹਨ। ਆਤਮਾ ਇਸ ਤੋਂ ਨਿਰਲੇਪ ਹੈ। ਸੰਕਲਪ, ਵਿਕਲਪ (ਸਾਂਖਿਆਵਾਂਗੂ) ਮਨ ਦੇ ਹੀ ਕੰਮ ਮੰਨੇ ਹਨ, ਬੁੱਧੀ ਦਾ ਕੰਮ ਮੰਨਿਆ ਹੈ ਨਿਸਚੈ। ਮਨ ਤੇ ਬੁੱਧੀ ਦੇ ਨਾਲ ਸ਼ਾਮਲ ਮੰਨੇ ਹਨ ਅਹੰਕਾਰ ਤੇ ਚਿੱਤ। ਇਸ ਤਰ੍ਹਾਂ ਅੰਦਰਲੇ ਪ੍ਰਤੀਤੀ ਵਾਲੇ ਨੂੰ ਉਹਨਾਂ ਚਤੁਸ਼ਟਯ ਅੰਤਹਕਰਣ ਆਖਿਆ ਹੈ- ਮਨ, ਬੁੱਧ, ਚਿੱਤ, ਅਹੰਕਾਰ। ਨਿਆਇ ਸ਼ਾਸਤਰ ਵਿਚ ਮਨ ਇਕ ਦ੍ਰਵਯ ਮੰਨਿਆ ਹੈ, ਜੋ ਪ੍ਰਮਾਣੂ ਰੂਪ ਹੈ ਤੇ ਨਿੱਤ ਹੈ। ਮਨ ਸੁੱਖ-ਦੁੱਖ ਆਦਿ ਦੇ ਗਿਆਨ ਦਾ ਸਾਧਨ ਹੈ, ਸੁੱਖ ਆਦਿਕ ਗੁਣ ਆਤਮਾ ਦੇ ਮੰਨੇ ਹਨ। ਨਿਆਏ ਵਿਚ ਇਹ ਵੀ ਮੰਨਿਆ ਹੈ ਕਿ ਮਨ ਕਿਸੇ ਇਕ ਸਮੇਂ ਵਿਚ ਇਕ ਤੋਂ ਵਧੀਕ ਖਿਆਲ ਨੂੰ ਨਾਲੋਂ ਨਾਲ ਪੈਦਾ ਨਹੀਂ ਕਰ ਸਕਦਾ।

ਵੈਸ਼ੇਸ਼ਿਕ ਨੇ ਮਨ ਨੂੰ ਅਪ੍ਰਤਕਸ਼ ਦ੍ਰਵਯ ਮੰਨਿਆ ਹੈ। ਮਨ ਦਾ ਰੂਪ ਅਣੂ ਨੂੰ ਮੰਨਿਆ ਹੈ। ਧਰਮ ਇਸ ਨੇ ਵੀ ਸੰਕਲਪ, ਵਿਕਲਪ ਮੰਨਿਆ ਹੈ ਤੇ ਇਸ ਦੀ ਸਥਿਤੀ ਕਰਮ ਤੇ ਗਿਆਨ ਇੰਦਰੀਆਂ ਦੇ ਵਿਚਕਾਰ ਮੰਨੀ ਹੈ। ਮੀਮਾਂਸਾ ਵੀ ਇਸ ਨੂੰ ਅੰਦਰਲੀ ਇੰਦਰੀ ਆਖਦਾ ਹੈ। ਸਾਰੇ ਸ਼ਾਸ਼ਤਰਕਾਰ ਮਨ ਨੂੰ ਆਤਮਾ ਤੋਂ ਵੱਖਰਾ ਮੰਨਦੇ ਹਨ, ਮਨ ਸਿਰਫ ਸਾਧਨ ਹੈ ਗਿਆਨ ਦਾ, ਅਸਲੀ ਅਧਾਰ ਆਤਮਾ ਹੈ।*

ਮਨ ਦੇ ਦੋ ਰੂਪ ਮੰਨੇ ਜਾਂਦੇ ਹਨ ਇਨਮਨ ਤੇ ਉਨਮਨਿ। ਇਨਮਨ 'ਮਨ' ਸਧਾਰਨ 'ਮਨ' ਹੈ ਜੋ ਮਨ ਇਛਾ ਸ਼ਕਤੀ ਕਾਰਨ ਬਾਹਰੀ ਪਦਾਰਥਾਂ ਵਿਚ ਰੁਚਿਤ ਰਹਿੰਦਾ ਹੈ ਦੂਸਰਾ ਉਨਮਨਿ ਮਨ ਗਿਆਨ ਰਾਂਹੀ ਆਪਣੇ ਆਪ ਨੂੰ ਨਿਰਲੇਪ ਕਰ ਲੈਂਦਾ ਹੈ ਜਿਵੇਂ ਚਿਕੜ ਵਿਚ ਕਮਲ ਫੁੱਲ ਹੁੰਦਾ ਹੈ।

ਇਹ ਮਨ ਸਕਤੀ ਇਹੁ ਮਨ ਸੀਉ॥
ਇਹ ਮਨ ਪੰਚ ਤਤ ਕੋ ਜੀਉ॥
ਇਹੁ ਮਨੁ ਲੇ ਜਉ ਉਨਮਨਿ ਰਹੈ॥
ਤਉ ਤੀਨਿ ਲੋਕ ਕੀ ਬਾਤੈ ਕਹੈ॥

ਮਨ ਹੀ ਮਨੁੱਖੀ ਸਰੀਰ ਦੀ ਸਥਿਤੀ ਨੂੰ ਸਪਸ਼ਟ ਕਰਦਾ ਹੈ ਕਿ ਉਹ ਯੋਗੀ ਹੈ ਜਾਂ ਭੋਗੀ ਇਸ ਲਈ ਮਨ ਹੀ ਸਭ ਤੋਂ ਵੱਡਾ ਦੁਸ਼ਮਨ ਅਤੇ ਮਨ ਹੀ ਸਭ ਤੋਂ ਵੱਡਾ ਮਿੱਤਰ ਹੈ। ਗੁਰਮਤਿ ਵਿਚ 'ਮਨ' ਨੂੰ ਕਾਬੂ ਕਰਨ ਲਈ ਵੱਖ-ਵੱਖ ਉਪਾਅ ਦੱਸੇ ਹਨ। ਸਿਮਰਣ ਦੁਆਰਾ, ਸੇਵਾ ਦੁਆਰਾ ਜਾਂ

* ਗੁਰੂ ਗ੍ਰੰਥ ਸਾਹਿਬ ਕੋਸ਼

ਗੁਰੂ ਬਚਨਾਂ ਦੀ ਕਸਵੱਟੀ ਰਾਂਹੀ-

ਗੁਰਮੁਖਿ ਆਪਣਾ ਮਨੁ ਮਾਰਿਆ
ਸਬਦਿ ਕਸਵਟੀ ਲਾਇ॥
ਮਨ ਹੀ ਨਾਲਿ ਝਗੜਾ ਮਨ ਹੀ ਨਾਲ ਸਥ
ਮਨ ਹੀ ਮੰਝਿ ਸਮਾਇ॥

ਇਸ ਤਰ੍ਹਾਂ 'ਮਨ' ਨਾਲ ਕੀਤੀ ਲੜਾਈ ਉਸ ਨੂੰ ਵਿਕਾਰੀ ਹੋਣ ਤੋਂ ਰੋਕਦੀ ਹੈ ਤੇ ਹੌਲੀ-ਹੌਲੀ ਨਿਜ ਘਰ ਟਿਕਾ ਦੇਂਦੀ ਹੈ।

ਜਦੋਂ ਅਸੀਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਪੜ੍ਹਦੇ ਹਾਂ ਤਾਂ ਉਹ ਵਾਰ-ਵਾਰ ਮਨ ਨੂੰ ਸੰਬੋਧਨ ਕਰਦੇ ਹਨ। ਉਹਨਾਂ ਦੀ ਬਾਣੀ ਮਨ ਦੀ ਹਾਲਤ ਨੂੰ ਬਹੁ ਪਰਤੀ ਵਿਸਥਾਰ ਕਰਦੀ ਹੈ। ਇਸ ਕਰਕੇ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਹੋਰ ਵਿਸ਼ਿਆ ਨਾਲੋਂ ਮਨ ਦਾ ਵਿਸ਼ਾ ਮੁੱਖ ਹੈ ਅਤੇ ਇਸ ਨੂੰ ਉਹਨਾਂ ਨੇ ਖਾਸ ਮਹੱਤਵ ਦਿੱਤਾ ਹੈ। ਗੁਰੂ ਜੀ ਨੇ ਸੱਤਵੰਜਾਂ (57) ਸਲੋਕਾਂ ਵਿਚੋਂ ਬਾਈ ਸਲੋਕ ਸਿੱਧੇ ਮਨ ਨੂੰ ਸੰਬੋਧਨ ਕੀਤੇ ਹਨ। ਇਸ ਤਰ੍ਹਾਂ ਪੰਦਰਾ ਰਾਗਾਂ ਵਿਚ ਉਚਾਰੇ ਬਹੁਤ ਸਾਰੇ ਸ਼ਬਦ ਵੀ ਮਨ ਨੂੰ ਸੰਬੋਧਿਤ ਹਨ। ਚੰਚਲ ਸੁਭਾਉ ਵਾਲੇ ਮਨ ਦੀ ਸਥਿਤੀ ਹਮੇਸ਼ਾ ਬਦਲਦੀ ਰਹਿੰਦੀ ਹੈ ਇਸ ਨੂੰ ਕਈ ਰੋਗ ਲੱਗਦੇ ਹਨ ਆਸਾ, ਤ੍ਰਿਸ਼ਨਾ, ਆਦਿਕ ਜਿਸ ਕਾਰਨ ਹਰ ਛਿਣ ਬਦਲਦਾ ਰਹਿੰਦਾ ਹੈ। ਇਸ ਨੂੰ ਤਿਆਗ, ਵੈਰਾਗ ਆਦਿਕ ਗੁਣਾਂ ਨਾਲ ਸਥਿਰ ਕੀਤਾ ਜਾ ਸਕਦਾ ਹੈ। ਅਸੀਂ ਜਦੋਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਪੜ੍ਹਦੇ ਹਾਂ ਤਾਂ ਇਹ ਸਾਰੇ ਰੋਗਾਂ ਨੂੰ ਚਿਤਰਿਆ ਹੈ ਕਿਵੇਂ ਇਹ ਮਨ ਦੀ ਅਸਥਿਰਤਾ ਦੇ ਕਾਰਨ ਹਨ। ਰੋਗਾਂ ਕਾਰਨ ਮਨ 'ਮੂੜ੍ਹ' ਦਸ਼ਾ ਵਿਚ ਆਉਂਦਾ ਹੈ ਤੇ ਅਨੁਚਿਤ ਕਾਰਜ ਕਰਦਾ ਹੈ। ਗੁਰੂ ਕਾ ਸ਼ਬਦ ਇਸ ਮਸਤੇ ਹਾਥੀ ਨੂੰ ਅਕੁੰਸ ਵਾਂਗ ਕਾਬੂ ਕਰਦਾ ਹੈ-

ਮਨੁ ਕੁੰਚਰੁ ਪੀਲਕ ਗੁਰੂ ਗਿਆਨੁ
ਕੁੰਡਾ ਜਹ ਖਿੰਚੇ ਤਹ ਜਾਇ॥
ਨਾਨਕ ਹਸਤੀ ਕੁੰਡੇ ਬਾਹਰਾ
ਫਿਰਿ ਫਿਰਿ ਉਝੜਿ ਪਾਇ॥

ਗੁਰੂ ਤੇਗ ਬਹਾਦਰ ਜੀ ਮਨ ਦੀ ਦਸ਼ਾ ਦਾ ਵਿਸਥਾਰ ਨਾਲ ਵਰਣਨ ਕੀਤਾ ਹੈ। ਜੋ ਹਰਿ ਜਸ ਨੂੰ ਮਨ ਅੰਦਰ ਨਹੀਂ ਚਿਤਾਰਦਾ ਉਹ ਮਨੁੱਖ ਦੁਨਿਆਵੀ ਪਦਾਰਥਾਂ 'ਚ ਖਚਤ ਹੋ ਸੰਸਾਰ ਨੂੰ ਸੱਚ ਸਮਝਦਾ ਹੈ। ਗੁਰੂ ਜੀ ਉਸ ਨੂੰ ਮੂੜ ਮਨੁੱਖ ਆਖਦੇ ਹਨ-

ਪ੍ਰਾਨੀ ਕਉ ਹਰਿ ਜਸੁ ਮਨਿ ਨਹੀਂ ਆਵੈ।
ਅਹਿਨਿਸ ਮਗਨ ਰਹੈ ਮਾਇਆ ਮੈ
ਕਹੁ ਕੈਸੇ ਗੁਨ ਗਾਵੈ।
ਪੂਤ ਮੀਤ ਮਾਇਆ ਮਮਤਾ
ਸਿਉ ਇਹ ਬਿਧਿ ਆਪ ਬੰਧਾਵੈ
ਮ੍ਰਿਗ ਤ੍ਰਿਸਨਾ ਜਿਉ ਝੂਠੋ
ਇਸ ਜਗ ਦੇਖਿ ਤਾਸਿ ਉਠਿ ਧਾਵੈ।
ਭੁਗਤਿ ਮੁਕਤਿ ਕਾ ਕਾਰਨੁ ਸੁਆਮੀ
ਮੂੜ ਤਾਹਿ ਬਿਸਰਾਵੈ।
ਜਨ ਨਾਨਕ ਕੋਟਨ ਮੈ ਕੋਊ
ਭਜਨੁ ਰਾਮ ਕੋ ਪਾਵੈ।

ਗੁਰੂ ਜੀ ਮਨ ਸਥਿਰ ਨਾ ਹੋਣ ਦਾ ਕਾਰਨ ਦੱਸਦੇ ਹੋਏ ਕਹਿੰਦੇ ਹਨ ਇਸ ਮਨ ਨੂੰ ਚੰਚਲ ਤ੍ਰਿਸ਼ਨਾ ਦਿਨ ਰਾਤ ਭਟਕਾਉਂਦੀ ਹੈ।

ਸਾਧੋ ਇਹੁ ਮਨੁ ਗਹਿਓ ਕ ਜਾਈ
ਚੰਚਲ ਤ੍ਰਿਸ਼ਨਾ ਸੰਗਿ ਬਸਤੁ ਹੈ
ਯਾ ਤੇ ਥਿਰੁ ਨਾ ਰਹਾਈ।

ਇਸ ਕਾਰਨ ਇਹ ਮਨ ਕਿਸੇ ਮਹਾਂਪੁਰਖ ਅਤੇ ਉਹਨਾਂ ਦੀ ਬਾਣੀ ਨੂੰ ਨਹੀਂ ਵਿਚਾਰਦਾ-

ਕੋਊ ਮਾਈ ਭੂਲਿਓ ਮਨੁ ਸਮਝਾਵੈ।
ਬੇਦ ਪੁਰਾਨ ਸਾਧ ਮਗ ਸੁਨਿ ਕਰਿ
ਨਿਮਖ ਨਾ ਹਰਿਗੁਨ ਗਾਵੈ

ਜਾਂ

ਮਾਈ ਮਨੁ ਮੇਰੋ ਬਸਿ ਨਾਹਿ
ਨਿਸ ਬਾਸੁਰ ਬਿਖਿਆਨ ਕਉ ਧਾਵਤ
ਕਿਹਿ ਬਿਧਿ ਰੋਕਉ ਤਾਹਿ॥ ਰਹਾਉ॥
ਬੇਦ ਪੁਰਾਨ ਸਿਮ੍ਰਿਤਿ ਕੇ ਮਤ ਸੁਨਿ
ਨਿਮਖ ਨ ਹੀਏ ਬਸਾਵੈ॥
ਪਰ ਧਨ ਪਰ ਦਾਰਾ ਸਿਉ ਰਚਿਓ
ਬਿਰਥਾ ਜਨਮੁ ਸਿਰਾਵੈ॥

ਗੁਰੂ ਜੀ ਅਗਿਆਨਤਾ ਨੂੰ ਇਸ ਪਸਾਰੇ ਲਈ ਜ਼ਿੰਮੇਵਾਰ ਸਮਝਦੇ ਹਨ। ਮਨੁੱਖੀ ਕੋਝਾਪਨ ਅਤੇ ਹੋਛਾਪਨ ਅਗਿਆਨਤਾ ਕਾਰਨ ਵਰਤ ਰਿਹਾ ਹੈ, ਇਸ ਲਈ ਆਤਮ ਸ਼ੁੱਧੀ ਲਈ ਆਤਮ ਚਿੰਤਨ ਜ਼ਰੂਰੀ ਹੈ। ਮਾਇਆਵੀ ਮਨ ਸੁਚੇਤ ਹੋ ਸੱਚ ਨੂੰ ਪਹਿਚਾਣ ਲਵੇ ਇਹ ਹੀ ਮੁਕਤੀ ਹੈ। ਉਹਨਾਂ ਨੇ ਇਸ ਕਥਨ ਨੂੰ ਆਪਣੀ ਬਾਣੀ ਅੰਦਰ ਬਹੁਤ

ਦੁਹਰਾਇਆ ਹੈ।

ਸਾਧੋ ਕਉਨ ਜੁਗਤਿ ਅਬ ਕੀਜੈ॥
ਜਾ ਤੇ ਦੁਰਮਤਿ ਸਗਲ ਬਿਨਾਸੈ
ਰਾਮ ਭਗਤਿ ਮਨ ਭੀਜੈ॥
ਮਨ ਮਾਇਆ ਮਹਿ ਉਰਝਿ ਰਹਿਓ
ਹੈ ਬੂਝੈ ਨਹ ਕਛੁ ਗਿਆਨਾ
ਕਉਨ ਨਾਮ ਜਗ ਜਾ ਕੈ
ਸਿਮਰੈ ਪਾਵੈ ਪਦ ਨਿਰਬਾਨਾ॥

ਭਰਮ ਦਾ ਨਿਵਾਰਨ ਕਰਨਾ ਹੀ ਮਨੁੱਖੀ ਜੀਵਨ ਦੀ ਪ੍ਰਾਪਤੀ ਹੈ। ਮਨ ਭਰਮ ਰਹਿਤ ਹੋ ਜਾਵੇ ਇਸ ਲਈ ਪਹਿਲਾਂ ਹਉਮੈ ਦੀ ਧਰਵਾਸ ਖਤਮ ਹੋਵੇ। ਵੈਰਾਗੀ ਮਨ ਗੁਰੂ ਸ਼ਬਦ ਦੀ ਚੋਟ ਨਾਲ ਆਪਣੇ ਆਪ ਨੂੰ ਸੰਵਾਰਦਾ ਹੈ। ਗੁਰਮਤਿ ਅੰਦਰ ਵੈਰਾਗ ਨਿਰੀ ਭਾਵਕਤਾ ਨਹੀਂ ਇਸ ਅੰਦਰ ਗਿਆਨ ਦੀ ਸੁਰਤੀ ਹੈ ਜੋ ਅਸੀਮ ਤੱਤ ਅੰਦਰ ਆਪਣੇ ਆਪ ਨੂੰ ਖੋਹ ਦੇਣਾ ਹੈ ਜਿਸ ਨਾਲ ਮਨੁੱਖੀ ਹੋਂਦ ਦੀ ਅਸਲ ਪਹਿਚਾਨ ਨੂੰ ਮਨੁੱਖੀ ਮਨ ਸਮਝ ਲੈਂਦਾ ਹੈ। ਉਸ ਦਾ ਹਰ ਜੀਵ ਮਾਤਰ ਨਾਲ ਨਿੱਜਤਾ ਦਾ ਇਕ ਅਟੁੱਟ ਸੰਬੰਧ ਜੁੜ ਜਾਂਦਾ ਹੈ। ਹਰਖ, ਸੋਗ, ਉਸਤਤਿ, ਨਿੰਦਿਆ ਐਸੇ ਵੈਰਾਗੀ ਮਨ ਨੂੰ ਇਕ ਹੀ ਲਗਦੀ ਹੈ। ਐਸੇ ਨਿਰਮਲ ਮਨ ਵਾਲੇ ਮਨੁੱਖ ਨੂੰ ਗੁਰੂ ਜੀ ਮੁਕਤ ਆਖਦੇ ਹਨ।

ਉਸਤਤਿ ਨਿੰਦਿਆ ਨਾਹਿ ਜਿਹਿ
ਕੰਚਨ ਲੋਹ ਸਮਾਨ॥
ਕਹੁ ਨਾਨਕ ਸੁਨਿ ਰੇ ਮਨਾ
ਮੁਕਤਿ ਤਾਹਿ ਤੈ ਜਾਨਿ॥

ਗੁਰਮਤਿ ਵਿਚ ਜੀਵਨ ਮੁਕਤ ਅਵਸਥਾ ਨਿਰਮਲ ਮਨ ਨਾਲ ਪ੍ਰਾਪਤ ਹੁੰਦੀ ਹੈ। ਇਸ ਲਈ ਗੁਰੂ ਸ਼ਰਣ ਅਤੇ ਗੁਰੂ ਭਗਤੀ ਜ਼ਰੂਰੀ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨਿਜ ਸੰਵਾਦੀ ਹੈ। ਗੁਰੂ ਜੀ ਆਪਣੇ ਹੀ ਮਨ ਨਾਲ ਮੁਖਾਤਬ ਹੁੰਦੇ ਹਨ। ਜੋ ਸੰਬੋਧਨ ਰੇ ਨਰ, ਸਾਧੋ ਜਾਂ ਮਾਈ ਆਦਿ ਹਨ ਓਹ ਵੀ ਆਪਣੇ ਆਪ ਨਾਲ ਸੰਵਾਦ ਰਚਾਉਂਦੇ ਹਨ। ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਧਿਰਾਂ ਦੋ ਨਹੀਂ ਇਕ ਹੀ ਹੈ। ਗੁਰੂ ਜੀ ਸਵਾਲਾਂ ਰਾਂਹੀ ਮਨ ਨੂੰ ਆ ਰਹੀਆਂ ਸਮੱਸਿਆਵਾਂ ਦਾ ਜ਼ਿਕਰ ਕਰਦੇ ਹਨ ਤੇ ਫਿਰ ਅੰਤਮ ਤੁਕਾਂ ਵਿਚ ਸਮਾਧਾਨ ਲਿਖਦੇ ਹਨ। ਇਹ ਉਹਨਾਂ ਦੀ ਵਿਧਾ ਹੈ–

ਯਹ ਮਨੁ ਨੈਕੁ ਨ ਕਹਿਓ ਕਰੈ
ਸੀਖ ਸਿਖਾਇ ਰਹਿਓ ਅਪਨੀ ਸੀ
ਦੁਰਮਤਿ ਤੇ ਨ ਟਰੈ॥ ਰਹਾਉ॥
ਮਦਿ ਮਾਇਆ ਕੈ ਭਇਓ ਬਾਵਰੋ
ਹਰਿ ਜਸੁ ਨਹਿ ਉਚਰੈ॥
ਕਰਿ ਪਰਪੰਚੁ ਜਗਤ ਕਉ ਡਹਕੈ
ਅਪਨੋ ਉਦਰੁ ਭਰੈ॥
ਸੁਆਨ ਪੂਛ ਜਿਉ ਹੋਇ ਨ ਸੂਧੋ
ਕਹਿਓ ਨ ਕਾਨ ਧਰੈ॥
ਕਹੁ ਨਾਨਕ ਭਜੁ ਰਾਮ ਨਾਮ
ਨਿਤ ਜਾ ਤੇ ਕਾਜੁ ਸਰੈ॥

**ਕਵਿਤਾ**

ਜਦ ਲੰਮੀਆਂ ਤਾਣ ਕੇ ਸੌਂ ਗਏ,
ਬੇਅਣਖੇ ਵਤਨ ਦੇ ਭਾਗ।
ਜਦ ਬੇਲਿਆਂ ਵਿਚ ਸਨ ਮੇਲ੍ਹਦੇ,
ਨਫ਼ਰਤ ਦੇ ਜ਼ਹਿਰੀ ਨਾਗ।
ਜਦ ਆਪ ਸੀ ਹਾਕਮ ਗਾ ਰਹੇ,
ਜ਼ੁਲਮ ਦੇ ਮਾਰੂ ਰਾਗ।
ਜਦ ਭਾਰਤੀਆਂ ਦੇ ਸਿਰੜ ਨੂੰ,
ਕਿਸੇ ਲਾਇਆ ਨਹੀਂ ਸੀ ਜਾਗ।
ਜਦ ਸ਼ਰੇਆਮ ਸੁਹਾਗਣਾਂ ਦੇ,
ਸੀ ਲੁਟ ਹੁੰਦੇ ਸੁਹਾਗ।
ਜਸ ਮਰਦ, ਬਾਲ ਤੇ ਤੀਵੀਆਂ,
ਦੁਖੜੇ ਰਹੇ ਸਨ ਝਾਗ।
ਜਦ ਹਿੰਦ ਦੀ ਚਿੱਟੀ ਪੱਗ ਨੂੰ,
ਲੱਗੇ ਸਨ ਸੌ ਸੌ ਦਾਗ।
ਜਦ ਡਰਦਾ ਮੂਲ ਨਾ ਕੁਸਕਿਆ,
ਇਹਨਾਂ ਧਨੀਆਂ ਦਾ ਭਗਵਾਨ।
ਸ੍ਰੀ ਤੇਗ ਬਹਾਦਰ ਸੀ ਕਿਰਿਆ,
ਕਰੀ ਨਾ ਕਿਨਹੂੰ ਆਣ।

ਸਵਰਣ ਸਿੰਘ ਅਮੋਲਕ

# ਅਟੱਲ ਪ੍ਰਤਾਪੀ ਸਤਿਗੁਰੂ ਜੀ ਦੇ ਪ੍ਰਵਚਨਾਂ ਵਿਚੋਂ

# ਨੌਵੇਂ ਪਾਤਸ਼ਾਹ ਜੀ ਦੀ ਸ਼ਖ਼ਸੀਅਤ




ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)

ਸਿੱਖ ਇਤਿਹਾਸ ਦੇ ਖੋਜੀ ਵਿਦਵਾਨ

94177-69103


ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਮੁੱਚੀ ਮਾਨਵਤਾ ਦੇ ਭਲੇ ਹਿੱਤ ਸਮੇਂ-ਸਮੇਂ ਪ੍ਰਵਚਨ ਕੀਤੇ ਸਨ ਜਿਨ੍ਹਾਂ ਸਾਰਿਆਂ ਨੂੰ ਸੰਗਤ ਵਲੋਂ ਸੰਭਾਲਿਆ ਨਹੀਂ ਜਾ ਸਕਿਆ। ਜੋ ਵੀ ਸੰਭਾਲੇ ਗਏ ਹਨ ਅਤੇ 'ਲਾਲ ਏਹਿ ਰਤਨ' (ਪੰਜ ਹਿੱਸੇ) ਟਾਈਟਲ ਹੇਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਕਦਾ ਪੁਸਤਕਾਂ ਦੇ ਰੂਪ ਵਿਚ ਸਮੁੱਚੇ ਸਿਖ ਜਗਤ ਅਤੇ ਸਾਹਿਤ ਜਗਤ ਸਾਹਮਣੇ ਆਏ ਹਨ, ਉਨ੍ਹਾਂ ਲਈ ਸਮੁੱਚਾ ਜਗਤ ਸਤਿਗੁਰਾਂ ਦਾ ਸਦਾ ਰਿਣੀ ਰਹੇਗਾ। ਇਹ ਪ੍ਰਮਾਣਿਕ ਇਤਿਹਾਸ ਹੈ, ਇਹ ਪ੍ਰਮਾਣਿਕ ਸਿੱਖ ਸਾਹਿਤ ਦੀ ਮੂੰਹ ਬੋਲਦੀ ਤਸਵੀਰ ਹੈ, ਉਹਨਾਂ ਉਤੇ ਕੋਈ ਵੀ ਕਿੰਤੂ ਪ੍ਰੰਤੂ ਨਹੀਂ ਕਰ ਸਕਦਾ ਹੈ। ਅੱਗੇ ਅਸੀਂ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਖ਼ਸੀਅਤ ਬਾਰੇ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪ੍ਰਵਚਨ ਸਮੇਂ ਸਮੇਂ ਕੀਤੇ ਸਨ, ਉਹ ਇਸ ਲੇਖ ਵਿੱਚ ਸ਼ਾਮਲ ਕਰ ਰਹੇ ਹਾਂ।

**ਨੌਵੇਂ ਪਾਤਸ਼ਾਹ ਜੀ ਅਤੇ ਦਸਵੇਂ ਪਾਤਸ਼ਾਹ ਜੀ ਦੇ ਪੂਰਬਲੇ ਜੀਵਨ ਦੀ ਜਾਣਕਾਰੀ**

ਪੂਰਬਲੇ ਜਨਮ ਵਿਚ ਜਦੋਂ ਦਸਮ ਪਾਤਸ਼ਾਹ ਜੀ ਪ੍ਰਭੂ ਦੀ ਦਰਗਾਹ ਵਿਚ ਮੌਜੂਦ ਸਨ, ਉਹਨਾਂ ਦਾ ਨਾਮ 'ਦੁਸ਼ਟ ਦਮਨ' ਸੀ ਅਤੇ ਗੁਰੂ ਤੇਗ ਬਹਾਦਰ ਜੀ ਦਾ ਜਨਮ 'ਸੁਮੰਡ ਰਿਖੀ' ਸੀ। ਉਸ ਸਮੇਂ ਬਾਦਸ਼ਾਹ ਔਰੰਗਜ਼ੇਬ ਜਿਸਦਾ ਨਾਮ 'ਸੁਦਰਸਪਰਸ਼' ਸੀ, ਸ਼ਰਾਬ ਦਾ ਇਕ ਵਾਰ ਬੁਰੀ ਸੰਗਤ ਕਾਰਨ ਸੇਵਨ ਕਰਨ ਨਾਲ ਪ੍ਰਭੂ ਵਲੋਂ ਸਰਾਪਿਆ ਗਿਆ ਸੀ। ਇਸ ਪ੍ਰਥਾਇ ਸਤਿਗੁਰੂ ਪ੍ਰਤਾਪ ਸਿੰਘ ਜੀ 'ਲਾਲ ਏਹਿ ਰਤਨ' ਭਾਗ ਚੌਥਾ, ਪੰਨਾ. 30-31 ਤੇ ਕਿਰਪਾ ਕਰਦੇ ਹੋਏ (28-2-1955 ਨੂੰ ਬੰਕੌਕ ਵਿਖੇ) ਪ੍ਰਵਚਨ ਕਰਦੇ ਹਨ-

"ਓਸ ਵਕਤ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਤਾਂ 'ਦੁਸ਼ਟ ਦਮਨ' ਸੀ, ਗੁਰੂ ਤੇਗ ਬਹਾਦਰ ਜੀ ਦਾ ਨਾਮ 'ਸੁਮੁੰਡ ਰਿਖੀ' ਸੀ ਔਰ ਔਰੰਗਜ਼ੇਬ ਦਾ ਨਾਮ 'ਸੁਦਰਸਪਰਸ਼' ਸੀ। ਉਸ ਵਕਤ ਏਸ ਨੂੰ ਕੁਸੰਗਤ ਦੇ ਸੰਗ ਸਦਕਾ। ਸ਼ਾਇਦ ਤੁਹਾਡੇ ਅੱਗੇ ਇਹ ਗੱਲ ਨਾ ਆਈ ਹੋਵੇ ਏਥੇ ਕਦੇ। ਸੁਦਰਸਪਰਸ਼ ਦੈਤਾਂ ਦੀ ਸੰਗਤ ਕਰਨ ਲੱਗ ਪਿਆ। ਜਰਾ ਧਿਆਨ ਦੇਣਾ ਤੁਸੀਂ ਵੀ, ਗੁਰੂ ਕੇ ਸਿੱਖ ਸਭ ਦੇਵਤੇ ਨੇ। ਰਾਕਸ਼ਾਂ ਦੀ ਸੰਗਤ ਐਸੀ ਹੈ, ਬੁਰੀਆਂ ਚੀਜ਼ਾਂ ਖਾਣ ਵਾਲਿਆਂ ਦੀ ਵੀ ਕਰਦੇ ਹੋ, ਮਾਸ, ਮਦਰਾ, ਤੰਮਾਕੂ, ਬੁਰੀਆਂ ਚੀਜ਼ਾਂ ਹਨ। ਸੰਗ ਕਰਦਾ ਕਰਦਾ ਸੁਦਰਸਪਰਸ਼ ਇਕ ਦਿਨ ਸ਼ਰਾਬ ਪੀ ਆਇਆ। ਸ਼ਰਾਬ ਪੀ ਕੇ ਜਿਜ ਵਕਤ ਮਹਾਰਾਜ ਦੇ ਦਰਬਾਰ ਵਿਚ ਆਇਆ- ਅਕਾਲ ਪੁਰਖ ਦੇ, ਉਹਨਾਂ ਦੇਖਿਆ ਕਿ ਇਹਦੀ ਮੱਤ ਮਾਰੀ ਹੋਈ ਹੈ। ਉਨ੍ਹਾਂ ਗਊ ਦਾ ਦੁਧ ਮੰਗਵਾਇਆ ਅਤੇ ਬਿਨਾਂ ਪੁਣਿਆਂ ਦੁੱਧ ਦੇ ਦਿੱਤਾ ਪੀਣ ਨੂੰ। ਔਰੰਗਜ਼ੇਬ ਉਸ ਬੇਹੋਸ਼ੀ ਸ਼ਰਾਬ ਦੀ ਵਿਚ, ਉਹ ਸੁਦਰਸਪਰਸ਼, ਦੇਵਤਾ ਹੁੰਦਾ ਹੋਇਆ ਦੁੱਧ ਪੀ ਗਿਆ। ਉਸ ਦੁੱਧ 'ਚ ਇਕ ਵਾਲ ਉਹਦੇ ਅੰਦਰ ਚਲਾ ਗਿਆ। ਜਨਮ ਸਾਖੀ 'ਚ ਤੁਕਾਂ ਲਿਖੀਆਂ ਹਨ।

ਬਿਨਾਂ ਪੁਣੇ ਦੁਧ ਗਊ ਦਾ, ਖਾਧਿਆ ਗਿਆ ਪਤਾਲ।
ਤੇ, ਦੂਜੀ ਤੁਕ ਹੈ-
ਜੋ ਗਊ ਸੂਰਮਾਰ ਮਾਸ ਖਾਨ ਤਿਨਾਂ ਵਡੇ ਜੰਜਾਲ।

ਅਤੇ ਆਵਾਜ ਆਈ- ਮਲੇਛ ਬੁਧ। ਅਕਾਲ ਪੁਰਖ ਨੇ ਕਿਹਾ- ਜਾਹ ਮਲੇਛ ਬੁਧ।

ਅੱਖਾਂ ਉਘੜੀਆਂ, ਤਾਂ ਕਹਿਣ ਲੱਗਾ, "ਅੱਛਾ ਮੇਰੇ ਤਪ ਦਾ ਫਲ, ਮੈਨੂੰ ਬਾਦਸ਼ਾਹੀ ਤਾਂ ਦੇਣੀ ਹੀ ਹੈ ਨਾ, ਜੇ ਮੈਨੂੰ ਮਲੇਛ ਬਣਾਇਆ ਹੈ ਤਾਂ ਮੈਂ ਮਲੇਛ ਹੀ ਕਰਕੇ ਦਿਖਾਵਾਂਗਾ।"

ਹੂਈ ਆਵਾਜ ਰਾਤ ਕੋ ਐਸੀ।
ਸਭਿ ਸਿਰ ਬਲੀ ਏਕ ਬਨ ਜੈਸੀ।
ਉਠਤ ਸਵੇਰ ਖਾਬ ਭਈ ਸਾਚੀ।
ਹਿੰਦੀ ਕਰੋ ਮਲੇਛਾਂ ਡਾਚੀ।

ਸੌ ਸਾਖੀ

ਸੌ ਸਾਖੀ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਲਿਖਿਆ ਹੈ ਇਸਦੀ ਬਾਬਤ। ਸੁਦਰਸਪਰਸ਼ ਉਥੋਂ ਤੁਰ ਪਿਆ। ਸਾਰੀਆਂ ਪੁਰੀਆਂ 'ਚੋਂ ਕਹਿੰਦਾ ਆਉਂਦਾ ਹੈ- ਦੋ ਕਾ ਏਕ-ਦੋ ਕਾ ਏਕ- ਦੋ ਕਾ ਏਕ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦੀ ਪੁਰੀ ਦੇ ਕੋਲੋਂ ਦੀ ਲੰਘਣ ਲੱਗਿਆ ਤਾਂ ਉਹਨਾਂ (ਗੁਰੂ ਜੀ) ਨੇ ਆਖਿਆ- ਦੋ ਕੇ ਤੀਨ। ਖੜਾ ਹੋ ਗਿਆ, ਕਿਉਂਕਿ ਕਿਸੇ ਨੇ ਤਾਂ ਅੱਗੇ ਆਵਾਜ ਹੀ ਨਹੀਂ ਸੀ ਦਿੱਤੀ। ਕਹਿਣ ਲਗਾ, "ਸਾਧ ਜੀ! ਤੁਮਨੇ ਕਿਆ ਕਹਾ?"

ਕਹਿਣ ਲੱਗੇ, "ਕਹਿਣਾ ਕੀ ਹੈ, ਤੂੰ ਕੀ ਕਹਿਨਾ ਹੈ?"

ਉਸ ਨੇ ਆਖਿਆ, "ਮੈਨੂੰ ਮਿਲਿਆ ਹੈ ਰਾਜ, ਮੈਂ ਚਲਿਆ ਹਾਂ ਹੁਣ, ਮੈਂ ਜਾ ਕੇ ਸਭ ਇਕ ਮਜ਼ਬ ਕਰ ਦੇਣਾ ਹੈ- ਮੁਸਲਮਾਨ।"

ਉਨ੍ਹਾਂ ਆਖਿਆ, "ਸਾਡੀ ਸ਼ਕਤੀ ਤੂੰ ਦੇਖੀ, ਅਸੀਂ ਤੀਸਰਾ ਪੰਥ ਪੈਦਾ ਕਰਾਂਗੇ, ਜਿਹੜਾ ਤੈਨੂੰ ਡੱਕੇਗਾ।"

ਕਹਿਣ ਲੱਗਾ, "ਤੁਸਾਂ ਆਉਣਾ ਹੈ ਚਾਲ੍ਹੀਆਂ ਸਾਲਾਂ ਨੂੰ, ਮੈਂ ਹੁਣ ਜਾਂਦਿਆਂ ਹੀ ਕੰਮ ਸ਼ੁਰੂ ਕਰ ਦੇਣਾ ਹੈ।"

ਤਾਂ ਮਹਾਰਾਜ ਕਹਿੰਦੇ, "ਜੇ ਤਾਂ ਤੂੰ ਰਿਹਾ ਆਪਣੇ ਕੁਛ ਨੇਕ ਨੀਅਤ ਤੇ, ਅਤੇ ਵੇਖ। ਜੇ ਤੂੰ ਨਾ ਨੇਕੀ ਤੇ ਰਿਹਾ ਤਾਂ ਅਸੀਂ ਚਾਲ੍ਹੀ ਵਰ੍ਹੇ ਦੇ ਕੇ ਅਕਾਲ ਪੁਰਖ ਨੂੰ ਮੁੜਕੇ, ਤੇਰੇ ਮਗਰੇ ਮਗਰ ਆਉਨੇ ਹਾਂ।"

ਉਨ੍ਹਾਂ ਨੇ ਆ ਕੇ ਉਹ ਚੀਜ਼ ਪੈਦਾ ਕੀਤੀ, ਜਿਹੜਾ ਡਰ ਸੀ ਹਿੰਦੂਆਂ ਦਾ ਲਾਹਿਆ ਜਦੋਂ ਅੰਮ੍ਰਿਤ ਛਕਾ ਦਿੱਤਾ।

ਸਤਿਗੁਰੂ ਦੇਹਧਾਰੀ ਹੁੰਦਾ ਹੈ

ਸਤਿਗੁਰੂ ਸਦਾ ਦੇਹਧਾਰੀ ਹੁੰਦਾ ਹੈ ਜੋ ਜਗਿਆਸੂ ਨੂੰ ਨਾਮ ਦੀ ਦਾਤ ਬਖਸ਼ ਕੇ ਸਿੱਖ ਦਾ ਕਲਿਆਣ ਕਰਦਾ ਹੈ। ਕੋਈ ਧਾਰਮਿਕ ਗ੍ਰੰਥ, ਗੁਰੂ ਦੀ ਥਾਂ ਨਹੀਂ ਲੈ ਸਕਦਾ। ਇਸ ਪ੍ਰਥਾਇ ਸਤਿਗੁਰੂ ਪ੍ਰਤਾਪ ਸਿੰਘ ਜੀ 9-12-1948 ਈ. ਨੂੰ ਬੰਕੌਂਕ ਵਿਚ (ਪੁਸਤਕ ਲਾਲ ਏਹਿ ਰਤਨ- ਭਾਗ ਪਹਿਲਾ, ਸਫਾ 300) ਕਿਰਪਾ ਕਰਦੇ ਹੋਏ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਦੇ ਇਤਿਹਾਸਕ ਪ੍ਰਸੰਗ ਨੂੰ ਇਸ ਪ੍ਰਕਾਰ ਦਸਦੇ ਹਨ-

"ਗੁਰੂ ਹਰਿ ਕ੍ਰਿਸ਼ਨ ਸਾਹਿਬ- ਸੱਚੇ ਪਾਤਸ਼ਾਹ ਦਿੱਲੀ 'ਚ ਸਰੀਰ ਲੱਗੇ ਤਿਆਗਣ। ਜਿਸ ਵੇਲੇ ਦਿੱਲੀ ਵਿੱਚ ਸਰੀਰ ਤਿਆਗਣ ਲੱਗੇ ਹਨ ਤਾਂ ਗੁਰਬਖਸ਼ ਜੀ ਜੈਸੇ ਜਿਹੜੇ ਮਸੰਦ ਸਤਿਗੁਰਾਂ ਦੇ ਪਾਸ ਸਨ, ਉਹ ਕਹਿੰਦੇ, "ਸੱਚਿਆ ਪਾਤਸ਼ਾਹ, ਅਗਲੇ ਇੱਕ ਦੀ ਦੂਆ ਬਾਂਹ ਫੜਾ ਕੇ ਜਾਂਦਾ ਰਿਹਾ ਹੈ, ਤੁਸੀਂ ਹੋ ਗੁਰੂ ਨਾਨਕ ਦੀ ਗਦੀ ਤੇ ਸਾਨੂੰ ਹੁਣ ਬਾਂਹ ਕਿਹਦੀ ਫੜਾਉਂਦੇ ਹੋ?"

ਸੂਰਜ ਪ੍ਰਕਾਸ਼ 'ਚ ਲਿਖਿਆ ਹੈ ਕਿ ਗੁਰੂ ਹਰਿ ਕ੍ਰਿਸ਼ਨ ਨੇ ਕਿਹਾ, "ਇਹ ਗੱਲ ਹੈ ਕਿ ਗੁਰੂ ਗ੍ਰੰਥ ਸਹਿਬ

ਜਿਹੜਾ ਹੈ, ਇਹ ਹੀ ਤੁਸੀਂ ਮੇਰਾ ਸਰੂਪ ਸਮਝੋ ਔਰ ਇਹ ਜਿਹੜਾ ਪਾਠ ਕਰੋ ਮੇਰੇ ਨਾਲ ਗਲ ਬਾਤ ਕਰੋ।"

ਉਥੇ ਸਾਫ਼ ਉਹਨਾਂ ਨੇ ਸਿਖਾਂ ਨੇ ਜਵਾਬ ਦਿਤਾ, "ਅਸੀਂ ਇਹ ਗੱਲ ਮੰਨਣ ਨੂੰ ਤਿਆਰ ਨਹੀਂ" ਸੂਰਜ ਪ੍ਰਕਾਸ਼ ਪੜ੍ਹਕੇ ਦੇਖੋ, ਕੂਕਿਆਂ ਦੀ ਲਿਖੀ ਪੋਥੀ ਨਹੀਂ (ਉਹ ਸਿੱਖ) ਕਹਿੰਦੇ ਨੇ- ਲਿਖ ਲੈ ਹੋਂ ਅਬ ਸੋਢੀ ਸਾਰੇ।

ਮਹਾਰਾਜ ਇਹ ਤਾਂ ਸੋਢੀ ਸਾਰੇ ਲਿਖਕੇ, ਆਪੋ-ਆਪਣੇ ਘਰੀਂ ਰਖ ਲੈਣਗੇ, ਅਸੀਂ ਕਿਹੜੇ ਨੂੰ ਗੁਰੂ ਮੰਨਾਂਗੇ? ਅਸੀਂ ਇਹ ਗੱਲ ਨਹੀਂ ਮੰਨਣੀ? ਮੈਨੂੰ ਤੁਕਾਂ ਨਹੀਂ ਯਾਦ ਬੇਸ਼ੱਕ ਜਿਹੜੇ ਪਾਸ ਸੂਰਜ ਪ੍ਰਕਾਸ਼ ਹੋਵੇ ਉਹ ਦੇਖ ਸਕਦਾ ਹੈ ਕਿ ਲਿਖਿਆ ਹੋਇਆ ਹੈ ਕਿ ਨਹੀਂ ਔਰ ਭਾਈ ਵੀਰ ਸਿੰਘ ਜੀ ਨੂੰ ਵੀ ਇਹਦੇ ਉਤੇ ਟੀਕਾ ਟਿੱਪਣੀ ਕਰਨ ਨੂੰ ਥਾਂ ਨਹੀਂ ਰਿਹਾ। ਜਿਥੇ ਰਵਾਲਸਰ ਦਾ ਪ੍ਰਸੰਗ ਆਇਆ ਹੈ ਜਾਂ ਸਤਿਗੁਰੂ ਰਾਮ ਸਿੰਘ ਜੀ ਦੀ ਬਾਬਤ ਆਇਆ ਹੈ ਪਿਛੇ ਦਸਮ ਪਾਤਸ਼ਾਹ ਦੇ ਪ੍ਰਸੰਗ ਵਿਚ ਉਸੇ ਭਾਈ ਸਾਹਿਬ ਨੇ ਟੀਕਾ ਟਿਪਣੀ ਕੀਤੀ ਹੈ- ਬਈ ਸੌ ਸਾਖੀ ਝੂਠੀ ਹੈ, ਇਹ ਕੁਛ ਹੈ। ਕਈ ਗਲਾਂ ਬਾਤਾਂ ਲਿਖੀਆਂ ਨੇ ਜਿਹੜਾ ਉਹਨਾਂ ਨੇ ਟੀਕਾ ਟਿੱਪਣੀ ਕਰਕੇ ਸੂਰਜ ਪ੍ਰਕਾਸ਼ ਲਿਖਿਆ ਹੈ ਲੇਕਿਨ ਇਹਦੇ ਉਤੇ ਭਾਈ ਸਾਹਿਬ ਨੂੰ ਕੋਈ ਟੀਕਾ ਟਿਪਣੀ ਕਰਨ ਨੂੰ ਥਾਂ ਨਹੀਂ ਲੱਭਿਆ।

ਉਹਨਾਂ ਆਖਿਆ, "ਮਹਾਰਾਜ! ਸਾਰੇ ਹੀ ਸੋਢੀ ਲਿਖਕੇ ਆਪੋ-ਆਪਣੀ ਘਰੀਂ ਰਖ ਲੈਣਗੇ। ਅਸੀਂ ਕਿਹੜੇ ਨੂੰ ਗੁਰੂ ਮੰਨਾਂਗੇ?" ਫਿਰ ਮਹਾਰਾਜ ਨੇ ਕਿਹਾ ਹੈ ਕਿ-

ਬਾਬਾ ਬਸਹਿ ਗਰਾਮ ਬਕਾਲੇ।
ਬਨਿ ਗੁਰ ਸੰਗਤ ਸਗਲ ਸਮਾਲੇ।

ਬਾਬਾ ਬਕਾਲੇ ਵਿਚ ਹੈ, ਗੁਰੂ ਤੇਗ ਬਹਾਦਰ ਲਗਦੇ ਵੀ ਬਾਬੇ ਸੀ ਕਿਉਂਕਿ ਬਾਬਾ ਧੀਰ ਮਲ ਜੀ ਤੇ ਗੁਰੂ ਹਰਿ ਰਾਇ ਜੀ- ਇਹ ਬਾਬੇ ਗੁਰਦਿਤੇ ਦੇ ਪੁੱਤਰ ਸਨ। ਬਾਬਾ ਗੁਰਦਿੱਤਾ ਜੀ ਤੇ ਗੁਰੂ ਤੇਗ ਬਹਾਦਰ ਜੀ ਦੋਵੇਂ ਸੱਕੇ ਭਾਈ ਸਨ।"

ਗੁਰੂ ਲਾਧੋ ਰੇ:- 30 ਮਾਰਚ 1664 ਈ. ਨੂੰ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦਿੱਲੀ ਵਿਖੇ ਜੋਤੀ ਜੋਤ ਸਮਾ ਗਏ ਸਨ। ਜੋਤੀ ਜੋਤ ਸਮਾਉਣ ਸਮੇਂ ਅਠਵੇਂ ਪਾਤਸ਼ਾਹ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਗੁਰੂ ਗੱਦੀ ਦਾ ਅਗਲਾ ਵਾਰਸ "ਬਾਬਾ ਬਕਾਲਾ" ਕਿਹਾ ਸੀ ਤਾਂ ਆਖਿਆ ਜਾਂਦਾ ਹੈ ਕਿ ਗੁਰਗੱਦੀ ਲਈ ਬਾਈ ਉਠ ਖਲੋਏ ਜੋ ਆਪਣੇ ਆਪ ਨੂੰ ਹਰ ਕੋਈ ਸੱਚਾ ਗੁਰੂ ਆਖਵਾਉਂਦਾ ਸੀ ਪ੍ਰੰਤੂ ਅਸਲ ਗੁਰੂ ਜਿਸਨੂੰ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ "ਬਾਬਾ ਬਕਾਲੇ" ਆਖਿਆ ਸੀ, ਉਹ ਉਹਨਾਂ 22 ਤੋਂ ਬੇਨਿਆਜ਼ ਹੋ ਕੇ ਤੱਪ ਕਰ ਰਿਹਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਪ੍ਰਕਾਸ (ਲਾਲ ਏਹਿ ਰਤਨ ਪੰਨਾ 300, ਭਾਗ ਪਹਿਲਾ 9-12-1948) ਪ੍ਰਵਚਨ ਕਰਦੇ ਹਨ:-

"ਬਾਬਾ ਬਕਾਲੇ ਵਿਚ ਹੈ, ਗੁਰੂ ਤੇਗ ਬਹਾਦਰ ਲਗਦੇ ਵੀ ਬਾਬੇ ਸੀ ਕਿਉਂਕਿ ਬਾਬਾ ਧੀਰ ਮੱਲ ਜੀ ਗੁਰੂ ਹਰਿ ਰਾਇ ਜੀ- ਇਹ ਬਾਬੇ ਗੁਰਦਿਤੇ ਦੇ ਪੁੱਤਰ ਸਨ। ਬਾਬਾ ਗੁਰਦਿੱਤਾ ਜੀ ਤੇ ਗੁਰੂ ਤੇਗ ਬਹਾਦਰ ਜੀ ਦੋਵੇਂ ਸੱਕੇ ਭਾਈ ਸਨ।

ਬਾਬੇ ਗੁਰਦਿਤੇ ਦੇ ਪੁੱਤਰ ਹਰਿ ਰਾਇ ਜੀ, ਗੁਰੂ ਤੇਗ ਬਹਾਦਰ ਦੇ ਭਤੀਜੇ ਦੇਹ ਕਰਕੇ ਲੱਗੇ, ਉਸ ਤਰ੍ਹਾਂ ਦਾਦੇ ਗੁਰੂ ਜੀ ਉਸ ਪਾਸਿਓ। ਫਿਰ ਗੁਰੂ ਹਰਿ ਰਾਇ ਜੀ ਦੇ ਅੱਗੇ ਗੁਰੂ ਹਰਿ ਕ੍ਰਿਸ਼ਨ ਜੀ ਉਹ ਪੋਤਰੇ ਲੱਗਦੇ ਸਨ- ਦੇਹ ਕਰਕੇ ਗੁਰੂ ਤੇਗ ਬਹਾਦਰ ਦੇ। ਉਹ ਕਹਿੰਦੇ ਨੇ-

ਬਾਬਾ ਬਸਹਿ ਜੁ ਗਰਾਮ ਬਕਾਲੇ।
ਬਾਬਾ ਬਕਾਲੇ ਹੈ- ਦਾਦਾ ਸਾਡਾ।

ਫਿਰ ਕੀ ਬਣਿਆ? ਬਕਾਲੇ ਵਿਚ ਬਾਈ ਮੰਜੀਆਂ ਡਾਹ ਲਈਆਂ ਜਿਹੜੇ ਗੁਰੂ ਅੰਸ਼ ਥੇ। ਆਪਣੇ ਰਖ ਲਏ ਉਹਨਾਂ ਨੇ ਬੁਲਾਰੇ ਉਹ ਆਖਣ "ਆਹ ਗੁਰੂ, ਆਹ ਗੁਰੂ ਹੈ।"

ਮੱਖਣ ਸ਼ਾਹ ਦਾ ਜਹਾਜ ਗਿਆ ਫਸ। ਉਹਨਾਂ ਪੰਜ ਸੌ ਮੋਹਰ ਸੁੱਖਣਾ ਸੁੱਖੀ। ਮਹਾਰਾਜ ਨੇ ਉਸਦਾ ਜਹਾਜ ਕਢਿਆ ਤਾਂ ਮੱਖਣ ਸ਼ਾਹ ਆਇਆ, ਬੜਾ ਹੈਰਾਨ ਹੋਇਆ ਅਕਸਰ ਵਪਾਰੀ ਆਦਮੀ ਸੀ। ਸਾਰੀ ਦੁਨੀਆਂ ਫਿਰੀ ਹੋਈ ਸੀ। ਜਿਹੜਾ ਉਹਨਾਂ ਦਿਨਾਂ ਵਿਚ ਜਹਾਜ਼ ਵਿਚ ਫਿਰਦਾ ਸੀ ਖਵਰੇ ਕਿਡਾ ਕੁ ਆਦਮੀ ਹੋਵੇਗਾ? ਉਸਨੇ ਆ ਕੇ ਸ਼ੁਰੂ ਕੀਤਾ, 'ਬਾਈ ਮੈਂ ਗੁਰੂ ਨੂੰ ਕਿਵੇਂ ਮਿਲਾਂ? ਟੇਕਦਾ ਗਿਆ ਦੋ-ਦੋ ਮੋਹਰਾਂ, ਪੰਜ ਪੰਜ ਮੋਹਰਾਂ ਸਾਰਿਆਂ ਦੇ ਅੱਗੇ ਧਰਦਾ ਗਿਆ। ਉਹਨੇ ਕਿਹਾ, 'ਜਿਹੜਾ ਮੇਰਾ ਗੁਰੂ ਹੈ ਮੇਰੇ ਕੋਲੋਂ ਮੰਗ ਲਵੇਗਾ- ਮੈਂ ਜੋ ਪੰਜ ਸੌ ਮੋਹਰ ਸੁਖੀ ਹੈ, ਮੇਰਾ ਹੁਣ ਇਹੋ ਹੀ ਨਿਸਚਾ ਹੈ।'

......ਤਾਂ ਮੱਖਣ ਸ਼ਾਹ ਦੇ ਚਿਤ ਵਿਚ ਇਹ ਚੀਜ਼ ਆਈ ਕਿ ਜੇ ਮੇਰੇ ਕੋਲੋਂ ਮੰਗ ਕੇ ਲਵੇ, ਜਿਹੜਾ ਗੁਰੂ ਹੋਵੇਗਾ। ਮੈਂ ਦਿਆਂਗਾ। ਮੈਂ ਐਵੇਂ ਨਹੀਂ ਦੇਣ ਲੱਗਾ। ਪੰਜ ਪੰਜ ਮੋਹਰਾਂ

ਧਰਦਾ ਗਿਆ। ਕੋਈ ਆਖੇ, ਇਹ ਵੱਡਾ ਗੁਰੂ ਹੈ, ਤੂੰ ਇਹਦੇ ਕੋਲ ਆ, ਕੋਈ ਆਖੇ ਇਹ ਹੈ। ਜਦੋਂ ਸਾਰਿਆਂ ਨੂੰ ਬਾਈ ਮੰਜੀਆਂ, ਜਿਹੜੀਆਂ ਬਾਈਆਂ ਦੀਆਂ ਡਾਹੀਆਂ ਸੀ, ਦੇ ਬੈਠਾ ਪੈਸੇ ਤਾਂ ਕਹਿੰਦਾ, 'ਕੋਈ ਹੋਰ ਵੀ ਹੈ ਇਥੇ?' ਹੁਣ ਕੌਣ ਦੱਸੇ? ਗੁਰੂ ਸਾਹਿਬ ਭੋਰੇ ਵਿਚ ਰਹਿੰਦੇ ਹਨ ਔਰ ਲੋਕ ਤੇਗਾ ਕਮਲਾ ਕਰਕੇ ਕਹਿੰਦੇ ਹਨ।

"ਬਈ ਹੋਰ ਕੋਈ ਗੁਰੂ ਅੰਸ਼?"

"ਇਕ ਤੇਗਾ ਕਮਲਾ ਹੈ।"

"ਕਿਥੇ ਰਹਿੰਦਾ ਹੈ।" ਗਏ ਜਾ ਕੇ ਅੱਗੇ ਮਾਤਾ ਜੀ ਦਰਵਾਜੇ ਵਿਚ ਬੈਠੇ ਹਨ। ਮਾਤਾ ਜੀ ਨੂੰ ਕੀ ਪਤਾ ਸੀ ਇਸ ਗੱਲ ਦਾ। ਅੱਗੋ ਮਾਤਾ ਜੀ ਕਹਿੰਦੇ ਹਨ, ਜੋ ਕੁਛ ਦੇਣਾ, ਸਾਨੂੰ ਦੇ ਦਿਓ, ਉਹ ਬੇਸੁਧ ਜਾਣਦਾ ਕੀ ਜੇ।

ਉਹ ਤੇ ਬੇਸੁਧ ਹੈ, ਉਹ ਕੁਝ ਨਹੀਂ ਜਾਣਦਾ।

ਉਹ ਕਹਿੰਦਾ, "ਬਸ ਮਾਤਾ ਜੀ, ਮੈਂ ਦਰਸ਼ਨ ਪਾਉਣਾ ਹੈ ਮੈਂ ਪੰਜ ਮੋਹਰਾਂ ਭੇਟ ਚੜਾਉਣੇ। ਮੈਂ ਪੰਜ ਮੋਹਰਾਂ ਦੇਣੀਆਂ ਹਨ ਪਰ ਦਰਸ਼ਨ ਕਰਕੇ ਦੇਣੀਆਂ, ਐਵੇਂ ਨਹੀਂ ਦੇਣੀਆਂ।" ਚਲਾ ਗਿਆ, ਜਾ ਕੇ ਅੰਦਰ ਜਿਸ ਵੇਲੇ ਵੜਿਆ ਪੰਜ ਮੋਹਰਾਂ ਧਰੀਆਂ।

ਗੁਰੂ ਤੇਗ ਬਹਾਦਰ ਮੁਸਕਰਾਏ।

ਨਾਮ ਤੇਗਾ ਸਚ ਅਦਾਰ,  
ਨਿਸ ਦਿਨ ਬੈਠਾ ਰਹੇ ਘਰ ਬਾਰ।

ਰਾਤ ਦਿਨ ਬਾਹਰ ਨਹੀਂ ਸਨ ਨਿਕਲਦੇ। ਮੁਸਕਰਾਏ, ਕਹਿੰਦੇ ਨੇ-

ਮੁਖ ਤੇ ਬੋਲਿਆ ਸਤਿਗੁਰ ਨਾਵਾਂ,  
ਦੇਖ ਸਿਖਾ ਮੇਰਾ ਮੋਢਾ ਬਾਵਾਂ।  
ਧੱਕਾ ਦੇ ਕੇ ਤੇਰਾ ਜਹਾਜ ਲੰਘਾਇਆ,  
ਤੇ ਤੂੰ ਪੰਜ ਮੋਹਰਾਂ ਹੁਣ ਲੈ ਕੇ ਆਇਆ।  
ਚੜ੍ਹ ਗਿਆ ਕੋਠੇ ਉਤੇ, ਫੜ ਲਿਆ ਕਪੜਾ,  
ਪੱਲੂ ਫੇਰ ਦਿੱਤਾ ਭੁਲੀਏ ਸੰਗਤੇ ਗੁਰੂ ਲਾਧੂ ਰੇ...।

ਨੌਵੇਂ ਗੁਰੂ ਜੀ ਦੀ ਬਾਣੀ, ਪਉਂਟਾ ਸਾਹਿਬ ਤੋਂ ਪਹਿਲਾਂ ਦਸਮ ਗੁਰੂ ਜੀ ਨੇ ਆਦਿ ਗ੍ਰੰਥ ਵਿਚ ਚੜ੍ਹਾ ਦਿੱਤੀ- ਜੋ ਲੋਕ ਇਤਿਹਾਸਕਾਰ ਤੇ ਲਿਖਾਰੀ ਕਹਿੰਦੇ ਹਨ ਕਿ ਦਸਮ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੌਵੇਂ ਗੁਰੂ ਜੀ ਦੀ ਬਾਣੀ, ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਚੜ੍ਹਾਈ ਸੀ, ਉਹ ਇਤਿਹਾਸਕ ਤੌਰ ਤੇ ਗਲਤ ਹੈ ਕਿਉਂ ਕਿ ਕਿਸੇ ਇਤਿਹਾਸਕ ਗ੍ਰੰਥ ਨੇ ਇਸਦੀ ਪੁਸ਼ਟੀ ਨਹੀਂ ਕੀਤੀ ਹੈ। ਇਸ ਪ੍ਰਥਾਇ ਸਤਿਗੁਰੂ ਪ੍ਰਤਾਪ ਸਿੰਘ ਲਾਲ ਏਹਿ ਰਤਨ ਭਾਗ ਪਹਿਲਾ, ਪੰਨਾ 509-510-511 ਤਾਰੀਖ 6-3-1950 ਨੂੰ ਬਚਨ ਕਰਦੇ ਹਨ-

"ਇਸੇ ਤਰ੍ਹਾਂ ਹੀ ਸੂਰਜ ਪ੍ਰਕਾਸ਼ ਨਹੀਂ ਇਹ ਗੱਲ ਮੰਨਦਾ ਕਿ ਗੁਰੂ ਸਾਹਿਬ ਨੇ ਬੀੜ ਉਚਾਰੀ ਦਮਦਮੇ ਸਾਹਿਬ, ਮੁੜ ਕੇ, ਰਤਨ ਸਿੰਘ ਭੰਗੂ ਨਹੀਂ ਇਸ ਗਲ ਨੂੰ ਮੰਨਦਾ। ਗੁਰ ਬਿਲਾਸ ਸੁਖਾ ਸਿੰਘ ਦੇ ਵਿਚ ਨਹੀਂ ਇਹ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਮਦਮੇ ਸਾਹਿਬ ਆ ਕੇ ਮੁੜ ਕੇ ਆਦਿ ਬੀੜ ਉਚਾਰੀ।

ਜਿਹੜੀ ਇਹ ਗੱਲ ਹੈ ਕਿ ਨੌਵੀਂ ਪਾਤਸ਼ਾਹੀ ਦੀ ਬਾਣੀ ਚੜ੍ਹਾਈ ਗਈ, ਇਹ ਮੈਂ ਤੁਹਾਡੇ ਅੱਗੇ ਅਰਜ਼ ਕਰਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਵੇਲੇ ਆਪ ਆਪਣੇ ਗੁਰਗੱਦੀ ਤੇ ਸੁਭਾਇਮਾਨ ਹੋਏ ਹਨ, ਉਦੋਂ ਹੀ ਬਾਣੀ ਚੜ੍ਹਾ ਦਿੱਤੀ ਹੈ। ਦਮਦਮੇ ਸਾਹਿਬ ਤੋਂ ਪਹਿਲਾਂ ਹੀ। ਇਹ ਸਾਡੇ ਕੋਲ ਇਕ ਬੜਾ ਭਾਰਾ ਸਬੂਤ ਹੈ। ਇਕ ਉਦਾਸੀ ਸਾਧ, ਇਤਿਹਾਸ ਪੜ੍ਹੋ, ਉਸਨੇ ਲਿਖੀ ਇਕ ਬੀੜ ਮਹਾਰਾਜ ਦੀ, ਉਹ ਬੀੜ ਲਿਖਕੇ ਗੁਰੂ ਗੋਬਿੰਦ ਸਿੰਘ ਦੇ ਦਸਖਤ ਕਰਾਉਣ ਨੂੰ ਦੀਵਾਨ ਨੰਦ ਚੰਦ ਨੂੰ ਦੇਂਦਾ ਹੈ ਉਹ ਬੀੜ। ਦੀਵਾਨ ਨੰਦ ਚੰਦ ਵੇਖਕੇ ਬੀੜ ਹੀ ਘੁੱਟ ਜਾਂਦਾ ਹੈ, ਉਹ ਮਹਾਰਾਜ ਦੇ ਪੇਸ਼ ਹੀ ਨਹੀਂ ਕਰਦਾ। ਰਾਜਸੀ ਠਾਠ ਸੀ, ਸਾਧ ਨੂੰ ਮਿਲਣਾ ਨਹੀਂ ਮਿਲਦਾ। ਬੜੀ ਦੇਰ ਬਾਅਦ ਇਕ ਦਿਨ ਸਤਿਗੁਰਾਂ ਦੇ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪੇਸ਼ ਹੁੰਦਾ ਹੈ। ਉਹ ਕਹਿੰਦਾ, ਮਹਾਰਾਜ, ਮੇਰੀ ਇਹ ਬੀੜ ਲਿਆਂਦੀ ਸੀ ਮੈਂ ਤੇ ਦਸਖਤ ਕਰਾਉਣ ਨੂੰ ਲਿਆਉਣ ਨੂੰ ਲਿਆਇਆ ਸਾਂ।

ਨੰਦ ਚੰਦ ਨੂੰ ਕੇ ਪੁੱਛਿਆ, ਉਹ ਕਹਿੰਦਾ, 'ਜੀ ਐਵੇਂ ਝੂਠ ਬੋਲਦਾ ਹੈ।'

ਉਹ ਕਹਿੰਦੇ, 'ਜਾ ਤੇਰੀਆਂ ਜੜ੍ਹਾਂ ਪੱਟੀਆਂ'- ਗੁਰੂ ਗੋਬਿੰਦ ਸਿੰਘ ਕਹਿੰਦੇ ਹਨ।

ਉਹ ਕਹਿੰਦੇ, 'ਮੇਰੀਆਂ ਜੜ੍ਹਾਂ ਤੇਰੀਆਂ ਜੜ੍ਹਾਂ ਵਿਚ ਹਨ।'

ਕਹਿੰਦੇ, 'ਆਪਣੀਆਂ ਵੀ ਪੱਟੀਆਂ।'

ਉਸ ਬੀੜ ਬਾਰੇ ਇਹ ਸਰਾਪ ਦਿੱਤਾ ਕਿ ਜਿਹੜਾ ਇਹਦਾ ਪਾਠ ਕਰੇਗਾ ਅੰਨਾ ਹੋ ਜਾਏਗਾ। ਉਹ ਬੀੜ ਅੱਜਕੱਲ ਭਾਈ ਕੀ ਡਰੌਲੀ, ਮੋਗੇ ਦੇ ਨਜ਼ਦੀਕ, ਡਗਰੂ ਦੇ ਸਟੇਸ਼ਨ ਕੋਲ ਹੈ। ਮੈਂ ਉਹਦੇ ਦਰਸ਼ਨ ਕਰਕੇ ਆਇਆ ਜਾ ਕੇ। ਉਸ ਬੀੜ ਦਾ ਇਕ ਸੰਤ ਮਹਾਤਮਾ, ਮੈਂ ਜਿਹਨਾਂ ਕੋਲ ਵਿਦਿਆ ਪੜ੍ਹਦਾ ਰਿਹਾ, ਉਹ ਸੰਤ ਸੇਵਾ ਸਿੰਘ ਜੀ ਸਨ,

ਉਹਨਾਂ ਦੇ ਵਿਦਿਆ ਗੁਰੂ ਸਨ- ਨੱਥਾ ਸਿੰਘ ਜੀ ਅੰਬਾਲੇ ਦੇ ਜ਼ਿਲ੍ਹੇ ਦੇ ਰਹਿਣ ਵਾਲੇ, ਮਾਤਾ (ਜੀਵਨ ਕੌਰ) ਜੀ ਨੇ ਉਹਨਾਂ ਦਾ ਦਰਸ਼ਨ ਕੀਤਾ ਹੈ- ਉਹਨਾਂ ਜਾ ਕੇ ਉਹਦਾ ਪਾਠ ਕੀਤਾ। ਪਾਠ ਕਰਕੇ ਘਰ ਆ ਗਏ। ਆ ਕੇ ਚਿੱਤ ਵਿਚ ਖਿਆਲ ਆਇਆ ਕਿ ਗੁਰੂ ਸਾਹਿਬ ਨੇ ਕਿਹਾ ਸੀ, 'ਭਾਈ ਇਹਦੇ ਨਾ ਅੰਨਾ ਹੋ ਜਾਂਦਾ ਹੈ। ਮੇਰਾ ਤਾਂ ਕੁਝ ਨਾ ਵਿਗੜਿਆ।' ਦੁਪਹਿਰ ਦੇ ਵਕਤ ਸੁਤੇ ਪਏ ਉਹ ਅੰਨੇ ਹੋ ਗਏ। ਮਾਈ ਜੀ ਨੇ ਉਹਨਾਂ ਨੂੰ ਦੇਖਿਆ ਹੈ। ਇਹ ਵੀ ਪੱਕੀ ਗੱਲ ਹੈ ਗੁਰੂ ਸਾਹਿਬ ਦੇ ਬਚਨ ਤਾਂ ਦੁਨੀਆਂ ਉਲਟ ਜਾਣੇ ਨਹੀਂ ਉਲਟ ਸਕਦੇ, ਔਰ ਇਹ ਬੜੀ ਪੱਕੀ ਉਹ ਚੀਜ਼ ਹੈ, ਉਸ ਬੀੜ ਵਿਚ ਗੁਰੂ ਤੇਗ ਬਹਾਦਰ ਦੀ ਬਾਣੀ ਹੈ। ਉਹ ਬੀੜ ਗੁਰੂ ਗੋਬਿੰਦ ਸਿੰਘ ਜੀ ਦੇ ਪਾਉਂਟੇ ਸਾਹਿਬ ਵੇਲੇ ਤੋਂ ਪਹਿਲਾਂ ਦੀ ਉਹ ਗਈ ਹੋਈ ਹੈ। ਇਸ ਕਰਕੇ ਜਦੋਂ ਤੋਂ ਗੁਰੂ ਸਾਹਿਬ ਆਪਣੇ ਗੁਰਗੱਦੀ ਉੱਤੇ ਬਿਰਾਜਮਾਨ ਹੋਏ, ਉਦੋਂ ਤੋਂ ਹੀ ਉਹਨਾਂ ਨੇ ਗੁਰੂ ਤੇਗ ਬਹਾਦਰ ਦੀ ਬਾਣੀ ਚੜ੍ਹਾ ਦਿੱਤੀ ਹੈ।"

ਮੌਕੇ ਦਾ ਮਾਲਕ ਸਤਿਗੁਰੂ ਹੁੰਦਾ ਹੈ ਅਤੇ ਸਤਿਗੁਰੂ ਦੇਹਧਾਰੀ ਹੁੰਦਾ ਹੈ:-

ਮੌਕੇ ਦਾ ਮਾਲਕ ਸਤਿਗੁਰੂ ਜੋ ਦੇਹਧਾਰੀ ਵੀ ਹੁੰਦਾ ਹੈ ਜਿਤਨਾ ਚਿਰ ਅਰਦਾਸ ਵਿਚ ਉਹਨਾਂ ਦਾ ਨਾਮ ਨਾ ਲਵੋ ਨਾਂਹ ਧਿਆਵੋ, ਓਨਾ ਚਿਰ ਗੱਲ ਨਹੀਂ ਬਣਦੀ, ਜਗਿਆਸੂ ਦੀ ਆਸ ਪੂਰੀ ਨਹੀਂ ਹੁੰਦੀ ਹੈ। ਇਹ ਗੱਲ ਅੱਜ ਵੀ ਸਾਰਥਿਕ ਹੈ ਅਤੇ ਭਵਿੱਖ ਵਿਚ ਵੀ ਹੋਵੇਗੀ। ਸਤਿਗੁਰੂ ਪ੍ਰਤਾਪ ਸਿੰਘ ਜੀ ਪੁਸਤਕ 'ਲਾਲ ਏਹਿ ਰਤਨ' ਹਿੱਸਾ ਤੀਜਾ, ਪੰਨਾ 290-291 ਤੇ ਇਸ ਪ੍ਰਕਾਰ ਕਿਰਪਾ ਕਰਦੇ ਹਨ। ਇਹ ਪ੍ਰਵਚਨ ਉਹਨਾਂ ਨੇ ਬੰਕੌਂਕ ਵਿਖੇ 18-2-1954 ਦਿੱਤਾ ਸੀ-

"......ਦੂਸਰੀ ਚੀਜ਼ ਮੈਂ ਨਾਲ ਹੀ ਅਰਜ਼ ਕਰਾਂ। ਜਿਸ ਵੇਲੇ ਮੱਖਣ ਲੁਬਾਣੇ ਨੇ ਗੁਰੂ ਤੇਗ ਬਹਾਦਰ ਨੂੰ ਲੱਭ ਲਿਆ, ਧੀਰ ਮੱਲ ਨੇ ਗੁਰੂ ਤੇਗ ਬਹਾਦਰ ਜੀ ਉਤੇ ਗੋਲੀ ਚਲਾਈ। ਉਹ ਨਾ ਲਗੀ। ਸਾਹਿਬ ਤਾਂ ਸਦਾ ਹੀ ਅਨੰਦ ਰੂਪ ਹਨ। ਉਹ ਕਹਿੰਦੇ ਹਨ, ਵਾਹ ਮੱਲ ਜੀ! ਵਾਹ ਮੱਲ ਜੀ! ਵਾਹ ਮੱਲ ਜੀ ਕਹਿ ਕੇ ਚਲੇ ਗਏ। ਸਿੱਖਾਂ ਨੂੰ ਪਤਾ ਲੱਗਾ। ਮੱਖਣ ਦੇ ਨਾਲ ਦੋ ਢਾਈ ਸੌ ਜੁਆਨ ਸੀ। ਉਹਨਾਂ ਨੇ ਜਾ ਕੇ ਧੀਰ ਮੱਲ ਦਾ ਡੇਰਾ ਲੁੱਟ ਲਿਆ ਔਰ ਗ੍ਰੰਥ ਸਾਹਿਬ ਦੀ ਬੀੜ ਲੁੱਟ ਲਿਆਂਦੀ, ਨਾਲ ਹੀ ਲੈ ਆਏ। ਅਗਲੇ ਸੱਚੇ ਪਾਤਸ਼ਾਹ ਜੀ ਨੇ ਆਖਿਆ। ਏਥੇ ਝੇੜਾ ਛਿੜਦਾ ਹੈ। ਉਥੋਂ ਤੁਰ ਪਏ ਬਾਬੇ ਬਕਾਲਿਓ। ਬਿਆਸਾ ਦਰਿਆ ਪਾਰ ਜਿਸ ਵੇਲੇ ਲੱਗੇ ਕਰਨ ਤੇ ਦੇਖਿਆ ਮਗਰ।

ਕਹਿਣ ਲੱਗੇ, "ਇਹ ਕੀ ਗੱਲ?"

ਇਹ ਬੀੜ ਮਹਾਰਾਜ ਦੀ ਲਿਆਂਦੀ

ਕਹਿਣ ਲੱਗੇ, "ਇਹ ਗੱਲ ਬੜੀ ਬੁਰੀ ਕੀਤੀ, ਤੁਸੀਂ ਨਹੀਂ ਸੀ ਇਹ ਲਿਆਉਣੀ ਉਹਦੇ ਕੋਲੋਂ।"

"ਫੇਰ ਹੁਣ?" ਅਖੇ, ਬਿਆਸ ਦਰਿਆ ਵਿਚ ਅਮਾਨਤ ਧਰ ਦਿਓ। ਪਰ ਅਮਾਨਤ ਧਰਕੇ ਉਹਨੂੰ ਖਬਰ ਭੇਜ ਦਿਓ, ਬਈ ਅੱਠਾਂ ਪਹਿਰਾਂ ਤੋਂ ਅੰਦਰ-ਅੰਦਰ ਲੈ ਜਾਣ, ਨਹੀਂ ਫਿਰ ਠੀਕ ਨਹੀਂ ਰਹਿਣਾ ਕੰਮ।

ਸੁਨੇਹਾ ਭੇਜ ਦਿੱਤਾ, ਆਪ ਕਰਤਾਰਪੁਰ ਆ ਗਏ।

ਆਇਆ ਧੀਰ ਮੱਲ, ਲੱਗਿਆ ਆ ਕੇ ਬੀੜ ਨੂੰ ਕੱਢਣ। ਅਰਦਾਸਾ ਕਰਨ, ਚੁੱਭੀ ਮਾਰਨ, ਕੱਖ ਨਾ ਬਣੇ। ਅੱਠਾਂ ਦਾ ਅਰਦਾਸਾ ਕਰਨ, ਮਾਲਕ ਦਾ ਮੌਕੇ ਦੇ ਦਾ ਨਾਂ ਨਾ ਲੈਣ, ਗੁਰੂ ਤੇਗ ਬਹਾਦਰ ਦਾ। ਕਿਉਂ ਨਾਨਕ ਤਾਂ ਉਸ ਜੋਤ ਵਿਚ ਉਹਦੀ ਜੋਤ, ਨਾਨਕ ਦੀ ਜੋਤ ਤਾਂ ਉਸ ਵੇਲੇ ਤੇਗ ਬਹਾਦਰ ਸੀ। ਇਕ ਸਿਖ ਸੀ, ਉਨ੍ਹੇ ਆਖਿਆ ਗੁਰੂ ਦਾ ਨਾਂ ਲੈ, ਗੁਰੂ ਤੇਗ ਬਹਾਦਰ ਦਾ ਜੇ ਬੀੜ ਲੱਭ ਆਵੇ। ਜਦੋਂ ਪਹਿਲੀ ਵਾਰ ਚੁਭੀ ਮਾਰੀ ਤਾਂ ਹੱਥ ਲੱਗ ਗਿਆ, ਦੂਜੀ ਵੇਰ ਬੀੜ ਨਿਕਲ ਆਈ।

ਸਮੇਂ ਦਾ ਸਤਿਗੁਰੂ ਕਿਸੇ ਦੇ ਅਧੀਨ ਨਹੀਂ ਹੁੰਦਾ, ਉਹ ਸਾਂਗ ਕਰਦਾ ਹੈ, ਉਹ ਲੋਕਾਈ ਨੂੰ ਨਾਮ ਜਪਾਉਂਦਾ ਹੈ। ਉਹ ਕਿਸੇ ਦੇ ਅਧੀਨ ਨਹੀਂ ਹੁੰਦਾ। ਉਹ ਮਾਨਵਤਾ ਦੇ ਭਲੇ ਲਈ ਸ਼ਹਾਦਤ ਵੀ ਦੇ ਸਕਦਾ ਹੈ ਅਤੇ ਇਕ ਅਕਾਲ ਪੁਰਖ ਦਾ ਨਾਮ ਜਪਾਉਂਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਲਾਲ ਏਹਿ ਰਤਨ ਭਾਗ ਪਹਿਲਾ ਸਫਾ 215, 6-12-1948 ਨੂੰ ਇਸ ਪ੍ਰਕਾਰ ਪੂਰਨ ਸਤਿਗੁਰੂ ਬਾਰੇ ਪ੍ਰਵਚਨ ਕਰਦੇ ਹਨ:-

"ਸਾਂਗ ਜਿਹੜਾ ਬਣਾਉਂਦੇ ਨੇ, ਉਸਨੂੰ ਪੂਰਾ ਕਰਦੇ ਨੇ। ਜੇ ਉਹ ਸਾਂਗ ਨੂੰ ਪੂਰਾ ਨਾ ਕਰਨ, ਗੁਰੂ ਅਰਜਨ ਦੇਵ ਨੂੰ ਕੌਣ ਸੀ ਤਵੀਆਂ ਤੇ ਬਹਾਉਣ ਵਾਲਾ? ਗੁਰੂ ਤੇਗ ਬਹਾਦਰ ਦਾ ਸਿਰ ਕਟਣ ਵੇਲੇ, ਓਦਣ ਮੇਰੀ ਗੱਲ ਵਿਚ ਹੀ ਰਹਿ ਗਈ ਸੀ- ਕੱਚੀ ਤੰਦ ਬੱਧੀ ਹੋਈ ਤਲਵਾਰ ਨੂੰ ਜਿਹੜੀ ਤਲਵਾਰ ਮਾਰੀ, ਸੀਸ ਅਲਹਿਦਾ ਹੋ ਗਿਆ ਤੰਦ ਨਹੀਂ ਕੱਟੀ ਗਈ। ਸਤਿਗੁਰਾਂ ਨੂੰ ਫੜ ਕੇ ਕੌਣ ਲਿਜਾ ਸਕਦੈ ਜੋ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ?....

ਅੱਗੇ ਸਤਿਗੁਰੂ ਪ੍ਰਤਾਪ ਸਿੰਘ ਜੀ ਸਫਾ 387 ਤੇ ਸਾਲ 3-3-1950 ਨੂੰ ਕਿਰਪਾ ਕਰਦੇ ਹੋਏ ਪ੍ਰਵਚਨ ਕਰਦੇ

ਹਨ-

ਸੰਤ ਜੀ ਕਹਿੰਦੇ ਹਨ ਜਿਸ ਵੇਲੇ ਗੁਰੂ ਅਰਜਨ ਦੇਵ ਨੇ ਭਾਣਾ ਵਰਤਾਇਆ, ਗੁਰੂ ਅਰਜਨ ਦੇਵ ਗਏ ਲਾਹੌਰ ਵਿਚ, ਤੱਤੀਆਂ ਤਵੀਆਂ ਤੇ ਬੈਠੇ- ਰੇਤ ਪਈ ਸੀਸ ਵਿਚ ਦੇਗਾਂ ਵਿਚ ਉਬਲੇ, ਜਿਹੜੇ ਮੂਰਖ, ਅੰਨੇ ਲੋਕ ਹਨ, ਜਿਹੜੇ ਸਤਿਗੁਰੂ ਦੀ ਗਤਿ ਨੂੰ ਨਹੀਂ ਜਾਣ ਸਕਦੇ, ਗੁਰੂ ਤੇਗ ਬਹਾਦਰ ਸਾਹਿਬ ਕਹਿੰਦੇ ਹਨ- ਔਰੰਗਜ਼ੇਬ ਨੇ ਪਕੜ ਲਏ। ਉਨ੍ਹਾਂ ਨੂੰ ਪਕੜਨ ਵਾਲਾ ਕੌਣ ਹੈ, ਜਿਹੜਾ ਸਾਰੀ ਸ੍ਰਿਸ਼ਟੀ ਨੂੰ ਛੁਡਾ ਸਕਦਾ ਹੈ। ਇਹ ਉਹਦੀ ਮੌਜ ਹੈ, ਇਹ ਉਹਦੀ ਖੇਡ ਹੈ, ਉਹ ਕੌਤਿਕ ਦਾ ਮਾਲਕ ਹੈ। ਉਸਦੀ ਜਿਸ ਤਰ੍ਹਾਂ ਰਜ਼ਾ ਹੈ ਉਹ ਆਪਣੀ ਖੇਡ ਨੂੰ ਕਰਦਾ ਹੈ।

ਚਾਦਰ ਧਰਮ ਦੁਨੀ ਕੇ ਕਾਦਰ

ਦੁਨੀਆਂ ਰਚਣ ਵਾਲੇ, ਧਰਮ ਕੀ ਚਾਦਰ ਹਨ- ਗੁਰੂ ਤੇਗ ਬਹਾਦਰ ਸਾਹਿਬ।

ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਜਾਕੇ ('ਲਾਲ ਏਹਿ ਰਤਨ' ਹਿਸਾ 4, ਬੰਕੌਕ 7-2-1955 ਈ.) ਪੰਨਾ 108-109 ਤੇ ਕਿਰਪਾ ਕਰਦੇ ਹੋਏ ਪ੍ਰਵਚਨ ਕਰਦੇ ਹਨ-

"ਗੁਰੂ ਤੇਗ ਬਹਾਦਰ ਦੇ ਕੀ ਲਗਦੇ ਸਨ ਹਿੰਦੂ? ਉਹਦਾ ਕੁਝ ਸਵਾਰਦੇ ਸਨ? ਉਹ ਮੌਜ ਨਾਲ ਬੈਠ ਸਕਦੇ ਸਨ, ਉਹ ਬਾਦਸ਼ਾਹ ਭੋਗ ਸਕਦੇ ਸਨ। ਸਤਿਗੁਰੂ ਦਾ ਕੰਮ ਹੈ, ਸਤਿਗੁਰੂ ਦਾ ਸਰੀਰ ਜਿਹੜਾ ਉਹ ਬਣਾ ਕੇ, ਮਨੁੱਖਾ ਦੇਹ ਧਾਰ ਕੇ ਆਉਂਦਾ ਹੈ। ਉਹਦਾ ਹੋਰ ਕੋਈ ਕੰਮ ਨਹੀਂ। ਉਸਦੀ ਜ਼ਰੂਰ ਟੱਕਰ ਬਾਦਸ਼ਾਹਤ ਨਾਲ ਹੁੰਦੀ ਹੈ, ਬਾਦਸ਼ਾਹ ਜਦੋਂ ਜ਼ੁਲਮ ਕਰਨ, ਜੇ ਨਾ ਕਰਨ ਤੇ ਕੋਈ ਨਹੀਂ। ਤਾਂ ਉਹਨਾਂ ਨੇ ਜਿਸ ਵੇਲੇ ਜ਼ੁਲਮ ਸ਼ੁਰੂ ਕੀਤਾ, ਤੁਰਕ ਬਣਾਉਣ ਲੱਗੇ, ਮਹਾਰਾਜ ਗੁਰੂ ਗੋਬਿੰਦ ਸਾਹਿਬ ਕਹਿੰਦੇ ਹਨ-

ਤਿਲਕ ਜੰਞੂ ਰਾਖਾ ਪ੍ਰਭ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ।

ਦਸਮ ਗ੍ਰੰਥ, ਪੰਨਾ 54

ਇਹ ਕੁਝ ਕੁ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨਾਂ ਵਿਚੋਂ ਪ੍ਰਵਚਨ ਹਨ ਜਿਨ੍ਹਾਂ ਵਿਚ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜ਼ਿਕਰ ਆਉਂਦਾ ਹੈ। ਉਹਨਾਂ ਨੇ ਦਿੱਲੀ ਦੇ ਹਾਕਮ ਜ਼ਾਲਮ ਔਰੰਗਜ਼ੇਬ ਬਾਦਸ਼ਾਹ ਦੇ ਹਿੰਦੋਸਤਾਨ ਨੂੰ ਮੋਮਨਾਂ ਦਾ ਦੇਸ਼ ਬਣਨ ਵਿਰੁੱਧ ਸ਼ਹਾਦਤ ਦੇ ਕੇ ਹਿੰਦੂਆਂ ਤੇ ਇਕ ਅਹਿਸਾਨ ਕਰ ਦਿੱਤਾ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਅਨੁਸਾਰ ਤਿਲਕ ਜੰਞੂ ਦੀ ਰਾਖੀ ਕੀਤੀ ਅਤੇ ਕਲਿਯੁਗ ਮਹਾਨ ਸਾਕਾ ਵਰਤਾ ਦਿੱਤਾ।

..................................................

## ਕਸ਼ਮੀਰੀ ਪੰਡਿਤ ਗੁਰੂ ਤੇਗ ਬਹਾਦਰ ਜੀ...

ਪਰ ਫਿਰ ਵੀ ਲੋੜੀਂਦੇ ਇਤਿਹਾਸ ਦੀ ਜਾਣਕਾਰੀ ਜ਼ਰੂਰ ਰੱਖਦਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਆਉਣ ਤੋਂ ਪਹਿਲਾਂ ਕਸ਼ਮੀਰੀ ਪੰਡਿਤਾਂ ਨੇ ਜੋ ਜੋ ਧਾਰਮਿਕ ਅਨੁਸ਼ਠਾਨ ਕੀਤੇ, ਉਹਨਾਂ ਨੇ ਕੁਝ ਬੰਦ ਆਪਣੇ ਇਕ ਕਾਵਿ ਸੰਗ੍ਰਹਿ ਅਮਰ ਕਥਾ ਸ੍ਰੀ ਗੁਰੂ ਤੇਗ ਬਹਾਦਰ ਜੀ ਵਿਚ ਜ਼ਰੂਰ ਦਿੱਤਾ ਹੈ।

ਉਹ ਲਿਖਦਾ ਹੈ-

ਕੱਠੇ ਹੋ ਕੇ ਪੰਡਿਤਾਂ ਨੇ ਹਾ ਦਾ ਨਾਹਰਾ ਮਾਰਿਆ।
ਸੁਣ ਫਰਿਆਦ ਸਾਡੀ, ਪਾਹਰਿਆਓ ਪਾਹਰਿਆ
ਮੱਥਿਆਂ ਤੇ ਟਿੱਕੇ ਬੜੇ ਵੱਡੇ ਵੱਡੇ ਲਾਏ ਨੇ।
ਚੋਰੀ ਛਿਪੀ ਅਸਾਂ ਬੜੇ ਟੱਲ ਖੜਕਾਏ ਨੇ।
ਧੂਪਾਂ ਵੀ ਧੁਖਾਈਆਂ ਕਈ ਹਵਨ ਵੀ ਕਰਾਏ ਨੇ।
ਬਹੁੜਿਆਂ ਨਹੀਂ ਕੋਈ, ਅਸਾਂ ਬੜੇ ਰੌਲੇ ਪਾਏ ਨੇ।
ਆਸ ਪੂਰੀ ਕਰ ਡੁਬੀ ਆਸ ਦੇ ਸਹਾਰਿਆ।
ਸੁਣ ਫਰਿਆਦ ਸਾਡੀ ਪਾਹਰਿਆ ਓ ਪਾਹਰਿਆ।

ਇਸ ਸਾਰੀ ਚਰਚਾ ਦਾ ਤਾਤਪਰਜ ਇਹ ਹੈ ਕਿ ਪੰਡਤਾਂ ਨੇ ਪਹਿਲਾਂ ਆਪਣੇ ਤੌਰ ਤੇ ਗੈਰ ਮੁਸਲਮਾਨ ਰਾਜਨੀਤਿਕ ਲੋਕਾਂ ਦੀ ਸ਼ਰਨ ਤੱਕੀ ਪਰ ਉਥੋਂ ਖਾਲੀ ਹੱਥ ਪਰਤਣਾ ਪਿਆ। ਫਿਰ ਹਿੰਮਤ ਕਰਕੇ ਔਰੰਗਜ਼ੇਬ ਨੂੰ ਮਿਲ ਕੇ ਫਰਿਆਦ ਕਰਨੀ ਚਾਹੀ ਪਰ ਉਥੇ ਉਹਨਾਂ ਦਾ ਸਾਹਮਣਾ ਹਾਥੀਆਂ ਦੇ ਝੁੰਡਾ ਨਾਲ ਹੋਇਆ। ਧਰਮ ਦੀ ਆੜ ਤੱਕ ਕੇ ਉਹ ਸ਼ਿਵ ਜੀ ਕੋਲ ਗਏ ਪਰ ਭੋਲੇ ਨਾਥ ਨੇ ਆਪ ਕੁਝ ਮਦਦ ਕਰਨ ਦੀ ਬਜਾਇ ਕਸ਼ਮੀਰੀ ਪੰਡਿਤਾਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਸ੍ਰੀ ਆਨੰਦਪੁਰ ਸਾਹਿਬ ਜਾ ਕੇ ਫਰਿਆਦੀ ਬਣਨ ਦੀ ਸਲਾਹ ਦਿੱਤੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਜਾਣਾ, ਉਨ੍ਹਾਂ ਦੀ ਆਖਰੀ ਵਿਕਲਪ ਸੀ।

..................................................

# ਦੇਣਾ ਹਿੰਦ ਨਹੀਂ ਦੇ ਸਕਦਾ ਗੁਰੂ ਤੇਗ ਬਹਾਦਰ ਦਾ




ਡਾ. ਰਜਵੰਤ ਕੌਰ

ਮੈਗਜ਼ੀਨ 'ਵਰਿਆਮ' (ਸੰਪਾਦਕ)

98786-16996


ਦੀਨ ਦੁਨੀ ਦੇ ਰਾਖੇ, ਧਰਮ ਰੱਖਿਅਕ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਖ਼ਸੀਅਤ ਨੂੰ 350 ਵਰ੍ਹੇ ਹੋ ਗਏ ਹਨ। ਉਹਨਾਂ ਨੇ ਇਹ ਸ਼ਹਾਦਤ ਸਿਰਫ਼ ਹਿੰਦੂ ਧਰਮ ਦੀ ਰੱਖਿਆ ਲਈ ਹੀ ਨਹੀਂ ਦਿੱਤੀ ਬਲਕਿ ਸਮੁੱਚੀ ਮਨੁੱਖਤਾ ਦੀ ਰੱਖਿਆ ਲਈ ਦਿੱਤੀ। ਗੁਰੂ ਤੇਗ ਬਹਾਦਰ ਜੀ ਮਨੁੱਖੀ ਅਧਿਕਾਰਾਂ ਦੇ ਸੰਸਥਾਪਕ ਸਨ। ਉਹਨਾਂ ਦੀ ਸੋਚ ਸੀ ਕਿ ਹਰੇਕ ਵਿਅਕਤੀ ਨੂੰ ਆਪਣੇ ਧਰਮ ਅਨੁਸਾਰ ਚੱਲਣ ਦੀ ਆਜ਼ਾਦੀ ਹੈ। ਜਦੋਂ ਕੋਈ ਵਿਅਕਤੀ ਲੋਕ ਭਲਾਈ ਲਈ ਸਰਵਸਵ ਨਿਛਾਵਰ ਕਰਦਾ ਹੈ ਤਾਂ ਉਹ ਮਹਾਨ ਬਣ ਜਾਂਦਾ ਹੈ ਪਰ ਜਦੋਂ ਅਕਾਲਪੁਰਖ ਮਨੁੱਖਤਾ ਦੀ ਰਾਖੀ ਲਈ ਕੁਰਬਾਨੀ ਦਿੰਦਾ ਹੈ ਤਾਂ ਉਹਨਾਂ ਦੀ ਕੁਰਬਾਨੀ ਜੁਗ੍ਹਾਂ ਜੁਗ੍ਹਾਂ ਤੱਕ ਯਾਦ ਰਹਿੰਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਕੁਰਬਾਨੀ ਨੂੰ ਸਮਰਪਿਤ ਵਰਿਆਮ ਦਾ ਇਹ ਅੰਕ ਪਾਠਕਾਂ ਦੇ ਸਨਮੁੱਖ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਸਾਦਗੀ, ਸ਼ਾਂਤੀ, ਵੈਰਾਗ ਅਤੇ ਤਿਆਗ ਦੀ ਮੂਰਤ ਸਨ। ਉਹਨਾਂ ਦਾ ਬਚਪਨ ਦਾ ਨਾਂ ਤਿਆਗ ਮੱਲ ਸੀ ਪਰ 14 ਸਾਲ ਦੀ ਉਮਰ ਵਿਚ ਜਦੋਂ ਉਮਰ ਨੇ ਕਰਤਾਰਪੁਰ ਸਾਹਿਬ ਵਿਖੇ ਆਪਣੀ ਤਲਵਾਰ ਦੇ ਜੌਹਰ ਵਿਖਾਏ ਤਾਂ ਉਹਨਾਂ ਨੇ ਪਿਤਾ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਨੇ ਉਹਨਾਂ ਦਾ ਨਾਂ ਤੇਗ ਬਹਾਦਰ ਰੱਖ ਦਿੱਤਾ। ਇਸ ਤਰ੍ਹਾਂ ਗੁਰੂ ਜੀ ਧੀਰਜ ਅਤੇ ਸ਼ਾਂਤੀ ਦੇ ਨਾਲ-ਨਾਲ ਸੂਰਬੀਰਤਾ ਦੀ ਵੀ ਮਿਸਾਲ ਸਨ। ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਸ੍ਰੀ ਹਰਰਾਇ (ਬਾਬਾ ਗੁਰਦਿੱਤਾ ਜੀ ਦੇ ਸਪੁੱਤਰ) ਨੂੰ ਗੁਰੂ ਗੱਦੀ ਮਿਲੀ ਤਾਂ ਗੁਰੂ ਤੇਗ ਬਹਾਦਰ ਜੀ ਨੇ ਸਹਿਜੇ ਹੀ ਉਹਨਾਂ ਨੂੰ ਗੁਰੂ ਸਵੀਕਾਰ ਕਰਕੇ ਨਮਸਕਾਰ ਕੀਤੀ। ਇਸੇ ਤਰ੍ਹਾਂ ਸੰਨ 1661 ਈ. ਨੂੰ ਸੱਤਵੇਂ ਪਾਤਸ਼ਾਹ ਜੀ ਦੇ ਜੋਤੀ-ਜੋਤ

ਸਮਾਉਣ ਤੋਂ ਬਾਅਦ ਜਦੋਂ ਦੁਨੀਆਈ ਰਿਸ਼ਤੇ ਵਿਚ ਪੋਤਰੇ ਲੱਗਦੇ ਸ੍ਰੀ ਹਰਿ ਕ੍ਰਿਸ਼ਨ ਜੀ ਛੋਟੀ ਉਮਰ ਵਿਚ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਗੁਰੂ ਤੇਗ ਬਹਾਦਰ ਜੀ ਨੇ ਬੜੀ ਖੁਸ਼ੀ ਨਾਲ ਉਹਨਾਂ ਨੂੰ ਗੁਰੂ ਸਵੀਕਾਰ ਕੀਤਾ।

ਗੁਰੂ ਪਿਤਾ ਦੀ ਆਗਿਆ ਦਾ ਪਾਲਣ ਕਰਦੇ ਹੋਏ ਜਵਾਨੀ ਵਿਚ ਆਪਣੀ ਮਾਤਾ ਨਾਨਕੀ ਅਤੇ ਪਤਨੀ ਗੁਜਰੀ ਜੀ ਨਾਲ ਨਾਨਕੇ ਪਿੰਡ ਬਕਾਲੇ ਚਲੇ ਗਏ। ਉੱਥੇ ਆਪ ਸੰਸਾਰ ਤੋਂ ਵਿਰਕਤ ਹੋ ਕੇ ਨਾਮ ਬਾਣੀ ਅਤੇ ਪ੍ਰਮਾਤਮਾ ਦੀ ਭਗਤੀ ਵਿਚ ਲੀਨ ਸਨ ਕਿ ਇਕ ਵਪਾਰੀ ਮੱਖਣ ਸ਼ਾਹ ਲੁਭਾਣਾ ਨੇ ਉਹਨਾਂ ਨੂੰ ਲੱਭ ਲਿਆ। ਹਾਲਾਂਕਿ ਇਸ ਖੋਜ ਵਿਚ ਗੁਰੂ ਸਾਹਿਬ ਦੀ ਆਪਣੀ ਉੱਚੀ-ਸੁੱਚੀ ਅਧਿਆਤਮਿਕ ਸ਼ਕਤੀ ਹੀ ਕੰਮ ਕਰ ਰਹੀ ਸੀ। ਅੱਠਵੇਂ ਪਾਤਸ਼ਾਹ ਜੀ ਦੇ ਹੁਕਮ ਅਤੇ ਗੁਰੂ ਤੇਗ ਬਹਾਦਰ ਜੀ ਦੇ ਗੁਰਸਿੱਖੀ ਜੀਵਨ ਅਨੁਸਾਰ ਚੱਲਣ ਵਾਲੇ ਕਿਰਦਾਰ ਕਰਕੇ ਸਿੱਖਾਂ ਸੰਗਤਾਂ ਨੇ ਸਹਿਜੇ ਹੀ ਉਹਨਾਂ ਨੂੰ ਗੁਰੂ ਸਵੀਕਾਰ ਕਰ ਲਿਆ। ਗੁਰੂ ਗੱਦੀ ਤੇ ਬਿਰਾਜਮਾਨ ਹੋਣ ਤੋਂ ਬਾਅਦ ਗੁਰੂ ਜੀ ਨੇ ਧਰਮ ਦਾ ਪ੍ਰਚਾਰ ਕਰਨ ਲਈ ਯਾਤਰਾਵਾਂ ਕੀਤੀਆਂ। ਆਪਣੇ ਸੁਹਿਰਦ, ਤਿਆਗੀ ਅਤੇ ਲੋੜਵੰਦਾਂ ਦੀ ਮਦਦ ਕਰਨ ਵਾਲੇ ਸੁਭਾਅ ਕਾਰਨ ਉਹ ਜਿਥੇ ਵੀ ਗਏ, ਸੰਗਤਾਂ ਨੂੰ ਖੁਸ਼ੀਆਂ ਬਖਸ਼ਦੇ ਰਹੇ। ਇਸ ਤਰ੍ਹਾਂ ਗੁਰੂ ਜੀ ਦੀ ਕੀਰਤੀ ਦੂਰ-ਦੂਰ ਤੱਕ ਫੈਲ ਰਹੀ ਸੀ।

ਗੁਰੂ ਤੇਗ ਬਹਾਦਰ ਜੀ ਦੇ ਗੁਰੂ ਕਾਲ ਸਮੇਂ ਹਿੰਦੋਸਤਾਨ ਤੇ ਔਰੰਗਜ਼ੇਬ ਦਾ ਰਾਜ ਸੀ ਜੋ ਕਿ ਇਕ ਜ਼ਾਲਮ ਅਤੇ ਕੱਟੜਪੰਥੀ ਮੁਗਲ ਬਾਦਸ਼ਾਹ ਸੀ। ਉਹ ਹਿੰਦੋਸਤਾਨ ਵਿਚ ਹਿੰਦੂ ਧਰਮ ਨੂੰ ਖਤਮ ਕਰਕੇ ਇਸਲਾਮ ਧਰਮ ਲਾਗੂ ਕਰਾਉਣਾ ਚਾਹੁੰਦਾ ਸੀ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਉਸ ਨੇ ਹਿੰਦੂਆਂ ਉਪਰ ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਉਹਨਾਂ ਦੇ ਜਨੇਊ ਲਾਹ ਦਿੱਤੇ, ਤਿਲਕ ਮਿਟਾ ਦਿੱਤੇ ਅਤੇ ਚੋਟੀਆਂ ਕਟਵਾ ਦਿੱਤੀਆਂ। ਆਪਣੇ ਦਰਬਾਰ ਤੋਂ ਹਿੰਦੂ ਅਧਿਕਾਰੀਆਂ ਨੂੰ ਹਟਾ ਦਿੱਤਾ। ਹਿੰਦੂਆਂ ਨੂੰ ਵੱਧ ਤੋਂ ਵੱਧ ਜਜ਼ੀਆ ਦੇਣ ਲਈ ਮਜ਼ਬੂਰ ਕੀਤਾ ਜਾਣ ਲੱਗਾ। ਉਸ ਦੀਆਂ ਇਹਨਾਂ ਵਧੀਕੀਆਂ ਤੋਂ ਦੁਖੀ ਹੋ ਕੇ ਕਸ਼ਮੀਰੀ ਪੰਡਤਾਂ ਦਾ ਇਕ ਵਫ਼ਦ ਗੁਰੂ ਜੀ ਦੇ ਸਾਹਮਣੇ ਆਪਣੀ ਫਰਿਆਦ ਲੈ ਕੇ ਪਹੁੰਚਿਆ ਅਤੇ ਅਰਜ਼ ਕੀਤੀ ਕਿ ਸਾਨੂੰ ਇਸ ਮੁਸੀਬਤ ਤੋਂ ਨਿਜਾਤ ਬਖਸ਼ੀ ਜਾਵੇ। ਗੁਰੂ ਜੀ ਨੇ ਬਚਨ ਕੀਤਾ ਕਿ ਧਰਮ ਦੀ ਰੱਖਿਆ ਲਈ ਕਿਸੇ ਮਹਾਨ ਸ਼ਖ਼ਸੀਅਤ ਦੀ ਕੁਰਬਾਨੀ ਦੀ ਲੋੜ ਹੈ। ਕੋਲ ਬੈਠੇ ਸਪੁੱਤਰ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਨੇ ਕਿਹਾ ਕਿ ਪਿਤਾ ਜੀ ਆਪ ਤੋਂ ਮਹਾਨ ਸ਼ਖ਼ਸੀਅਤ ਹੋਰ ਕੌਣ ਹੋ ਸਕਦੀ ਹੈ। ਆਪਣੇ ਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਆਪਣੇ 9 ਸਾਲ ਦੇ ਪੁੱਤਰ ਨੂੰ ਗੁਰ ਗੱਦੀ ਸੌਂਪ ਕੇ ਗੁਰੂ ਜੀ ਦਿੱਲੀ ਵੱਲ ਨੂੰ ਤੁਰ ਪਏ। ਰਸਤੇ ਵਿਚ ਚਾਰ ਮਹੀਨੇ ਉਹਨਾਂ ਨੂੰ ਕੈਦ ਵਿਚ ਰੱਖਿਆ ਗਿਆ। ਨਵੰਬਰ 1675 ਨੂੰ ਗੁਰੂ ਜੀ ਦਿੱਲੀ ਪਹੁੰਚੇ। ਔਰੰਗਜ਼ੇਬ ਨੇ ਗੁਰੂ ਜੀ ਅੱਗੇ ਤਿੰਨ ਸ਼ਰਤਾਂ ਰੱਖੀਆਂ ਕਰਾਮਾਤ ਵਿਖਾਉ, ਇਸਲਾਮ ਕਬੂਲ ਕਰੋ ਜਾਂ ਆਪਣਾ ਸਿਰ ਕਰਵਾਉ। ਕਰਾਮਾਤ ਵਿਖਾਉਣ ਨੂੰ ਗੁਰੂ ਜੀ ਕੁਦਰਤ ਦੇ ਨੇਮਾਂ ਦੇ ਖਿਲਾਫ਼ ਸਮਝਦੇ ਸਨ। ਇਸਲਾਮ ਕਬੂਲ ਕਰਨਾ ਤਾਂ ਨਾਮੁਮਕਿਨ ਹੀ ਸੀ। ਇਸ ਲਈ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਗੁਰੂ ਜੀ ਆਪਣਾ ਸੀਸ ਕਟਵਾਉਣ ਲਈ ਤਿਆਰ ਹੋ ਗਏ। ਗੁਰੂ ਜੀ ਨੂੰ ਇਕ ਅਜਿਹੇ ਪਿੰਜਰੇ ਵਿਚ ਕੈਦ ਕਰ ਦਿੱਤਾ ਗਿਆ ਜਿਸ ਵਿਚ ਨਾ ਤਾਂ ਢੰਗ ਨਾਲ ਖੜ੍ਹੇ ਹੋਇਆ ਜਾ ਸਕਦਾ ਸੀ ਅਤੇ ਨਾ ਹੀ ਬੈਠਿਆ ਜਾ ਸਕਦਾ ਸੀ। ਗੁਰੂ ਜੀ ਦੇ ਤਿੰਨ ਸਿੱਖਾਂ ਭਾਈ ਮਤੀ ਦਾਸ (ਆਰੇ ਨਾਲ ਚਿਰਵਾ ਕੇ) ਭਾਈ ਸਤੀ ਦਾਸ (ਰੂੰ ਵਿਚ ਲਪੇਟ ਕੇ ਅੱਗ ਲਾ ਕੇ) ਅਤੇ ਭਾਈ ਦਿਆਲਾ ਜੀ (ਉਬਲਦੀ ਦੇਗ ਵਿਚ ਪਾ ਕੇ) ਨੂੰ ਉਹਨਾਂ ਦੇ ਸਾਹਮਣੇ ਸ਼ਹੀਦ ਕਰ ਦਿੱਤਾ ਗਿਆ ਪਰ ਗੁਰੂ ਜੀ ਸ਼ਾਂਤ ਚਿੱਤ ਹੋ ਕੇ ਆਪਣੇ ਫੈਸਲੇ ਤੇ ਦ੍ਰਿੜ ਰਹੇ। 11 ਨਵੰਬਰ ਦੀ ਸਵੇਰ ਨੂੰ ਗੁਰੂ ਜੀ ਨੇ ਇਸ਼ਨਾਨ ਕੀਤਾ ਅਤੇ ਚਾਂਦਨੀ ਚੌਂਕ ਵਿਖੇ ਕੋਤਵਾਲੀ ਦੇ ਸਾਹਮਣੇ ਬਣੇ ਚਬੂਤਰੇ ਤੇ ਬੈਠ ਕੇ ਬਾਣੀ ਪੜ੍ਹਨ ਲੱਗੇ। ਅਖੀਰ ਜਲਾਦ ਨੇ ਉਹਨਾਂ ਦਾ ਸਿਰ ਧੜ ਤੋਂ ਵੱਖ ਕਰ ਦਿੱਤਾ। ਗੁਰੂ ਜੀ ਦੇ ਸ਼ਹੀਦ ਹੁੰਦਿਆਂ ਹੀ ਹਾ ਹਾ ਕਾਰ ਮੱਚ ਗਈ। ਇਕੱਠੇ ਹੋਏ ਲੋਕਾਂ ਨੇ ਦੁਹਾਈ ਦਿੱਤੀ ਕਿ ਐਸੇ ਮਹਾਂਪੁਰਖ ਨੂੰ ਕਿਉਂ ਕਤਲ ਕਰ ਦਿੱਤਾ ਗਿਆ? ਇਹ ਰਾਜ ਹੁਣ ਜਿਆਦਾ ਦੇਰ ਚੱਲਣ ਵਾਲਾ ਨਹੀਂ। ਕੁਦਰਤ ਵੀ ਐਨੀ ਅਸ਼ਾਂਤ ਹੋਈ ਕਿ ਹਨੇਰੀ ਤੂਫਾਨ ਦੇ ਕਾਰਨ ਸਿਪਾਹੀਆਂ ਨੂੰ ਕੁਝ ਵੀ ਵਿਖਾਈ ਨਹੀਂ ਦੇ ਰਿਹਾ ਸੀ। ਚਾਰੇ ਪਾਸੇ ਭਾਜੜ ਪੈ ਗਈ ਪਰ ਧੰਨ ਹਨ ਗੁਰੂ ਦੇ ਸਿੱਖ ਭਾਈ ਜੈਤਾ ਜੀ ਅਤੇ ਲੱਖੀ ਸ਼ਾਹ ਵਣਜਾਰਾ। ਭਾਈ ਜੈਤਾ ਜੀ ਨੇ ਬੜੀ ਫੁਰਤੀ ਨਾਲ ਗੁਰੂ ਜੀ ਦਾ ਸੀਸ ਚੁਕਿਆ ਅਤੇ ਬੜ੍ਹੇ ਸਤਿਕਾਰ ਨਾਲ ਕਪੜੇ ਵਿਚ ਵਲੇਟ ਕੇ ਅਨੰਦਪੁਰ ਸਾਹਿਬ ਲੈ ਗਿਆ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਪੁਰਦ ਕਰ ਦਿੱਤਾ। ਜਿਥੇ ਗੁਰੂ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ। ਉਥੇ

ਗੁਰਦੁਆਰਾ ਸੀਸ ਗੰਜ ਸਾਹਿਬ ਹੈ। ਦਿੱਲੀ ਵਿਚ ਭਾਈ ਲੱਖੀ ਸ਼ਾਹ ਵਣਜਾਰਾ ਨੇ ਗੁਰੂ ਜੀ ਦੇ ਧੜ ਨੂੰ ਰੂੰ ਨਾਲ ਭਰ ਗੱਡੇ ਵਿਚ ਲੁਕਾ ਕੇ ਆਪਣੇ ਘਰ ਲੈ ਗਿਆ ਅਤੇ ਆਪਣੇ ਘਰ ਨੂੰ ਅੱਗ ਲਾ ਕੇ ਗੁਰੂ ਜੀ ਦੇ ਧਰ ਦਾ ਸਸਕਾਰ ਕੀਤਾ। ਜਿਥੇ ਲੱਖੀ ਸ਼ਾਹ ਨੇ ਆਪਣੇ ਘਰ ਨੂੰ ਅੱਗ ਲਾ ਕੇ ਧੜ ਦਾ ਸਸਕਾਰ ਕੀਤਾ ਉਥੇ ਗੁਰਦੁਆਰਾ ਰਕਾਬ ਗੰਜ ਹੈ। ਜਿਥੇ ਗੁਰੂ ਜੀ ਦੀ ਸ਼ਹੀਦੀ ਹੋਈ ਉਥੇ ਉਹਨਾਂ ਦੀ ਯਾਦ ਵਿਚ ਗੁਰਦੁਆਰਾ ਸੀਸ ਗੰਜ ਹੈ। ਇਤਿਹਾਸ ਵਿਚ ਇਹ ਪਹਿਲੀ ਵਾਰੀ ਹੋਇਆ ਜਿਥੇ ਮਕਬੂਲ ਖੁਦ ਚਲ ਕੇ ਕਾਤਲ ਕੋਲ ਜਾਂਦਾ ਹੈ, ਸਿਰਫ ਤੇ ਸਿਰਫ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ। ਜੇਕਰ ਗੁਰੂ ਜੀ ਉਸ ਵਕਤ ਆਪਣੀ ਕੁਰਬਾਨੀ ਨਾ ਦੇਂਦੇ ਤਾਂ ਅੱਜ ਹਿੰਦੂ ਧਰਮ ਦੀ ਹੋਂਦ ਬਰਕਰਾਰ ਨਾ ਹੁੰਦੀ, ਸਾਡੇ ਦੇਸ਼ ਦਾ ਨਕਸ਼ਾ ਹੀ ਹੋਰ ਹੁੰਦਾ। ਇਸੇ ਲਈ ਉਹਨਾਂ ਨੂੰ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ। ਗੁਰੂ ਜੀ ਦੀ ਸ਼ਹਾਦਤ ਨੇ ਮੁਗਲ ਸਾਮਰਾਜ ਦੀ ਨੀਂਹ ਹਿਲਾ ਦਿੱਤੀ, ਜੋ ਇਸ ਦੇ ਪਤਨ ਦਾ ਕਾਰਨ ਬਣੀ। ਸ. ਜਗਦੀਸ਼ ਸਿੰਘ ਵਰਿਆਮ ਦੇ ਸ਼ਬਦਾਂ ਵਿਚ ਇਸ ਮਹਾਨ ਖੂਨੀ ਸਾਕੇ ਨੇ "ਗੁਲਾਮ ਭਾਰਤ ਦੀ ਆਤਮਾ ਨੂੰ ਝੰਝੋੜ ਕੇ ਰੱਖ ਦਿੱਤਾ ਅਤੇ ਮੁਰਦਾ, ਬੇਹਿਰਸ ਤੇ ਬੇਜਾਨ ਹੋਏ ਲੋਕਾਂ ਵਿਚ ਐਸੀ ਇਨਕਲਾਬੀ ਰੂਹ ਫੂਕ ਦਿੱਤੀ ਕਿ ਉਹ ਲਿਸ਼ਕਦੀਆਂ ਬਿਜਲੀਆਂ ਨੂੰ ਹੱਥ ਪਾਉਣ ਦੀ ਜੁਰਅਤ ਵਾਲੇ ਹੋ ਗਏ। ਇਸ ਸਾਕੇ ਨੇ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ ਅਤੇ ਉਹ ਲੋਕ ਜੋ ਦਾਸਤਾਂ ਦੇ ਬੰਧਨਾਂ ਨੂੰ ਮਨੋ ਪਰਵਾਨ ਕਰ ਚੁੱਕੇ ਸਨ, ਹਰ ਪ੍ਰਕਾਰ ਦੇ ਜਬਰ-ਜ਼ੁਲਮ ਅਤੇ ਅਨਿਆਏ ਦੇ ਵਿਰੁੱਧ ਜਾਨ ਹੂਲਵਾਂ ਸੰਘਰਸ਼ ਕਰਕੇ ਜ਼ਾਲਮ ਸਾਮਰਾਜਾਂ ਨੂੰ ਲੀਰੋ ਲੀਰ ਕਰਨ ਲਈ ਉਠ ਖਲੋਤੇ।"

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਆਉਣ ਵਾਲੀਆਂ ਪੀੜ੍ਹੀਆਂ ਅੰਦਰ ਜ਼ੁਲਮ ਦੇ ਖਿਲਾਫ਼ ਡੱਟਣ ਦਾ ਸੁਨੇਹਾ ਦਿਤਾ। ਉਹਨਾਂ ਦੀ ਸ਼ਹਾਦਤ ਤੋਂ ਪ੍ਰੇਰਿਤ ਹੋ ਕੇ ਗੁਲਾਮ ਭਾਰਤ ਦੇ ਲੋਕਾਂ ਅੰਦਰ ਸ਼ਹੀਦ ਹੋਣ ਦਾ ਜਜ਼ਬਾ ਪੈਦਾ ਹੋਇਆ। 17-18 ਜਨਵਰੀ 1872 ਨੂੰ ਮਲੇਰਕੋਟਲਾ ਵਿਖੇ ਸ਼ਹੀਦ ਹੋਣ ਵਾਲੇ 66 ਨਾਮਧਾਰੀ ਸਿੱਖਾਂ ਦਾ ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਦਿਆਂ ਹੋਇਆ ਤੋਪਾਂ ਅੱਗੇ ਡੱਟਿਆ ਅਤੇ ਅੰਗਰੇਜ਼ ਅਫਸਰਾਂ ਨੂੰ ਝਲਕਾਰਦੇ ਹੋਏ ਸ਼ਹੀਦੀਆਂ ਪਾ ਗਿਆ। ਮਸਤਾਨੇ ਸਿੱਖਾਂ ਨੂੰ ਜਦੋਂ ਗੁਰੂ ਰਾਮ ਸਿੰਘ ਜੀ ਨੇ ਰੁਕਣ ਲਈ ਆਖਿਆ ਤਾਂ ਉਹਨਾਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਨੇ ਸੁਪਨੇ ਵਿਚ ਦਰਸ਼ਨ ਦੇ ਕੇ ਸ਼ਹੀਦ ਹੋਣ ਦਾ ਹੁਕਮ ਦਿੱਤਾ ਹੈ। ਇਸ ਤੇ ਗੁਰੂ ਰਾਮ ਸਿੰਘ ਜੀ ਨੇ ਕਿਹਾ ਕਿ ਉਹਨਾਂ ਦਾ ਹੁਕਮ ਮੈਂ ਟਾਲ ਨਹੀਂ ਸਕਦਾ। ਇਸ ਤਰ੍ਹਾਂ ਉਹਨਾਂ ਨੇ ਆਪਣੇ ਸਿੱਖਾਂ ਨੂੰ ਆਪ ਜ਼ੁਲਮ ਦੇ ਖਿਲਾਫ ਸ਼ਹੀਦੀਆਂ ਦੇਣ ਲਈ ਤੋਰਿਆਂ। ਦਇਆ, ਖਿਮਾ, ਧੀਰਜ, ਸ਼ਾਂਤੀ ਅਤੇ ਸਾਂਝੀਵਾਲਤਾ ਦੇ ਪ੍ਰਤੀਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਾਨੂੰ ਇਹੀ ਸੁਨੇਹਾ ਦਿੰਦੀ ਹੈ ਕਿ ਕਦੇ ਵੀ ਜ਼ਬਰ ਅੱਗੇ ਨਹੀਂ ਝੁਕਣਾ ਅਤੇ ਨਾਂ ਹੀ ਕਿਸੇ ਦਾ ਬੁਰਾ ਸੋਚਣਾ ਹੈ। ਇਸੇ ਲਈ ਧਰਮ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਲਈ ਉਹਨਾਂ ਨੇ ਆਪਣੇ ਮਿਰਤ ਨਾਲੋਂ ਸੀਸ ਕੁਰਬਾਨ ਕਰਨ ਨੂੰ ਤਰਜੀਹ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ ਨਾਟਕ ਵਿਚ ਲਿਖਦੇ ਹਨ-

ਤਿਲਕ ਜੰਞੂ ਰਾਖਾ ਪ੍ਰਭ ਤਾਕਾ
ਕੀਨੋ ਬਡੋ ਕਲੂ ਮਹਿ ਸਾਕਾ।
ਸਾਧਨਿ ਹੇਤਿ ਇਤੀ ਜਿਨਿ ਕਰੀ
ਸੀਸੁ ਦੀਆ ਪਰ ਸੀ ਨ ਉਚਰੀ।
ਧਰਮ ਹੇਤ ਸਾਕਾ ਜਿਨਿ ਕੀਆ
ਸੀਸ ਦੀਆ ਪਰ ਸਿਰਰੁ ਨ ਦੀਆ।

ਸਤਿਗੁਰੂ ਉਦੇ ਸਿੰਘ ਜੀ ਸਤਿਗੁਰੂ ਤੇਗ ਬਹਾਦਰ ਜੀ ਨੂੰ ਨਤਮਸਤਕ ਹੁੰਦੇ ਹੋਏ ਆਖਦੇ ਹਨ- "ਜਿਥੇ ਗੁਰੂ ਤੇਗ ਬਹਾਦਰ ਜੀ ਦੀ ਅਵਸਥਾ ਹੈ, ਉਥੇ ਸਾਰੇ ਧਰਮਾਂ ਦੀਆਂ ਸੰਪ੍ਰਦਾਇਕ ਲਕੀਰਾਂ ਖ਼ਤਮ ਹੋ ਜਾਂਦੀਆਂ ਹਨ। ਗੁਰੂ ਜੀ ਲਈ ਕੋਈ ਹਿੰਦੂ, ਸਿੱਖ ਜਾਂ ਮੁਸਲਮਾਨ ਧਰਮ ਨਹੀਂ ਸੀ। ਉਹਨਾਂ ਲਈ ਇਕ ਹੀ ਧਰਮ ਸੀ। ਉਹ ਧਰਮ ਸੱਚ ਦਾ, ਦਇਆ ਦਾ ਅਤੇ ਆਪਣੇ ਅਸੂਲ ਦਾ ਸੀ।... ਮੈਂ ਅਰਦਾਸ ਕਰਦਾ ਹਾਂ ਕਿ ਅਸੀਂ ਸੱਚੇ ਸਿੱਖ ਬਣ ਕੇ ਗੁਰੂ ਜੀ ਦਾ ਸੁਨੇਹਾ ਸਾਰੇ ਜਗਤ ਵਿਚ ਪਹੁੰਚ ਸਕੀਏ। ਇਹ ਸੁਨੇਹਾ ਸ਼ਾਂਤੀ ਦਾ ਹੈ, ਨਹੀਂ ਤੇ ਧਰਮ ਦੇ ਨਾਂ ਤੇ ਅੱਜ ਵੀ ਕੱਟੜਵਾਦ ਫੈਲਿਆਂ ਹੋਇਆ ਹੈ। ਅਸੀਂ ਅਜਿਹੀ ਅਵਸਥਾ ਨੂੰ ਪ੍ਰਾਪਤ ਦੁਖੀ ਨਾ ਹੋਵੇ ਅਤੇ ਸਾਡਾ ਮਨ ਵੀ ਸਥਿਰ ਹੋ ਜਾਏ। ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਦਾ ਮੁੱਲ ਨਹੀਂ ਤਾਰਿਆ ਜਾ ਸਕਦਾ। ਅੱਜ ਅਸੀਂ ਜਿੰਨੀ ਮਰਜ਼ੀ ਤਰੱਕੀ ਕਰ ਲਈਏ, ਚਾਹੇ ਜਿੰਨ੍ਹਾਂ ਮਰਜੀ ਤਕਨਾਲੋਜੀ ਵਿਚ ਅੱਗੇ ਹੋ ਜਾਈਏ, ਜਿੰਨੇ ਮਰਜੀ ਡਿਜੀਟਲ ਹੋ ਜਾਈਏ ਪਰ ਗੁਰੂ ਜੀ ਦੇ ਉਪਕਾਰ ਦਾ ਰਿਣ ਨਹੀਂ ਉਤਾਰ ਸਕਦੇ। ਅਸੀਂ ਉਹਨਾਂ ਦਾ ਦੇਣਾ ਨਹੀਂ ਦੇ ਸਕਦੇ।

# ਧਰਮ ਹੇਤ ਸਾਕਾ ਜਿਨਿ ਕੀਆ



ਮਹਿੰਦਰ ਸਿੰਘ ਕੂਕਾ
ਨਾਮਧਾਰੀ ਲੇਖਕ
9599120028

ਭਾਈ ਕਾਹਨ ਸਿੰਘ ਜੀ ਨਾਭਾ ਆਪਣੇ 'ਮਹਾਨ ਕੋਸ਼' ਵਿਚ ਸਤਿਗੁਰੂ ਤੇਗ ਬਹਾਦੁਰ ਜੀ ਦਾ ਸੰਖੇਪ ਜੀਵਨ ਬਿਓਰਾ ਇਸ ਤਰ੍ਹਾਂ ਵਰਣਨ ਕਰਦੇ ਹਨ:

"ਸਿੱਖ ਕੌਮ ਦੇ ਨੌਵੇਂ ਪਾਤਸ਼ਾਹ ਦਾ ਜਨਮ 5 ਵੈਸਾਖ (ਵੈਸਾਖ ਵਦੀ 5) ਸੰਮਤ 1678 (1 ਅਪ੍ਰੈਲ ਸੰਨ 1621) ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ, ਮਾਤਾ ਨਾਨਕੀ ਜੀ ਤੋਂ ਅੰਮ੍ਰਿਤਸਰ ਹੋਇਆ। 15 ਅੱਸੂ ਸੰਮਤ 1689 ਨੂੰ ਸ਼੍ਰੀ ਮਤੀ ਗੁਜਰੀ ਜੀ ਨਾਲ ਕਰਤਾਰਪੁਰ ਵਿੱਚ ਵਿਆਹ ਹੋਇਆ। ਆਪ ਨੇ ਚੇਤ ਸੁਦੀ 14 (24 ਚੇਤ) ਸੰਮਤ 1722 (20 ਮਾਰਚ ਸੰਨ 1665) ਨੂੰ ਗੁਰੂ ਨਾਨਕ ਦੇ ਸਿੰਘਾਸਨ ਤੇ ਵਿਰਾਜ ਕੇ ਅਨੰਤ ਜੀਵਾਂ ਨੂੰ ਸੁਮਾਰਗ ਪਾਇਆ ਅਤੇ ਪ੍ਰਚਾਰ ਲਈ ਮਾਲਵਾ, ਪੁਆਧ, ਬਾਂਗਰ, ਪੂਰਵ, ਬਿਹਾਰ, ਬੰਗਾਲ ਵਿੱਚ ਵਿਚਰ ਕੇ ਸੱਚਾ ਧਰਮ ਦ੍ਰਿੜ੍ਹਾਇਆ। ਆਪ ਦੀ ਬਾਣੀ ਪ੍ਰੇਮ ਅਤੇ ਵੈਰਾਗਮਈ ਅਜੇਹੀ ਅਦਭੁਤ ਹੈ ਕਿ ਕਠੋਰ ਮਨਾਂ ਨੂੰ ਕੋਮਲ ਕਰਨ ਦੀ ਅਪਾਰ ਸ਼ਕਤੀ ਰਖਦੀ ਹੈ।

"ਸਤਲੁਜ ਦੇ ਕਿਨਾਰੇ ਪਹਾੜੀ ਰਾਜਿਆਂ ਤੋਂ ਮਾਖੋਵਾਲ ਪਿੰਡ ਦੀ ਜ਼ਮੀਨ ਖਰੀਦ ਕੇ ਆਨੰਦਪੁਰ ਨਗਰ ਵਸਾਇਆ ਜੋ ਖਾਲਸੇ ਦੀ ਜਨਮਭੂਮੀ ਹੈ. ਭਾਰਤ ਦੇ ਅੱਤ-ਨਿਰਦਈ ਮੁਗ਼ਲ ਹਾਕਮ ਔਰੰਗਜ਼ੇਬ ਦਾ ਜ਼ੁਲਮ ਦੂਰ ਕਰਨ ਅਤੇ ਧਰਮ ਦਾ ਬੀਜ ਰੱਖਣ ਲਈ ਆਪ ਨੇ ਭਾਰਤ ਦੀ ਯੱਗਵੇਦੀ ਤੇ ਆਪਣਾ ਸੀਸ, ਮੱਘਰ ਸੁਦੀ 5 (12 ਮੱਘਰ) ਸੰਮਤ 1732 (11 ਨਵੰਬਰ ਸੰਨ 1675) ਨੂੰ ਚੜ੍ਹਾਇਆ. ਆਪ ਜੀ ਦੀ ਇਕਲੌਤੀ ਸੰਤਾਨ 'ਗੋਬਿੰਦ ਰਾਇ' ਦਾ ਜਨਮ ਮਾਤਾ ਗੁਜਰੀ ਜੀ ਤੋਂ ਪਟਨੇ ਸ਼ਹਿਰ ਵਿਖੇ ਪੋਹ ਸੁਦੀ 7 (23 ਪੋਹ) ਛਨਿਛਰਵਾਰ ਸੰਮਤ 1723 (22 ਦਿਸੰਬਰ ਸੰਨ 1666) ਨੂੰ

ਹੋਇਆ, 8 ਜੁਲਾਈ ਸੰਨ 1675 ਨੂੰ ਆਨੰਦਪੁਰ ਵਿਚ ਗੁਰੂ ਨਾਨਕਦੇਵ ਦੇ ਸਿੰਘਾਸਨ ਪੁਰ ਵਿਰਾਜੇ ਅਤੇ ਜਿਨ੍ਹਾਂ ਨੇ 1 ਵੈਸਾਖ ਸੰਮਤ 1756 ਨੂੰ ਕੇਸਗੜ੍ਹ ਦੇ ਦੀਵਾਨ ਵਿਚ ਪੰਜ ਪਿਆਰਿਆਂ ਦੀ ਚੋਣ ਕਰਕੇ ਖਾਲਸਾ ਸਾਜਿਆ, ਅਮ੍ਰਿਤਦਾਨ ਦਿੱਤਾ, ਆਪ ਵੀ ਅਮ੍ਰਿਤਪਾਨ ਕਰਕੇ 'ਗੋਬਿੰਦ ਸਿੰਘ' ਨਾਮ ਧਾਰਨ ਕੀਤਾ ਅਤੇ ਸਿੱਖ ਧਰਮ (ਖਾਲਸਾ ਪੰਥ) ਦੇ 'ਦਸਮ ਪਾਤਸ਼ਾਹ' ਵਜੋਂ ਸਥਾਪਤ ਹੋਏ. ਆਪਣੇ ਪਿਤਾ-ਸਤਿਗੁਰੂ ਤੇਗ ਬਹਾਦੁਰ ਜੀ ਦੀ ਮਹਾਨ ਸ਼ਹਾਦਤ ਬਾਬਤ ਦਸ਼ਮੇਸ਼ ਜੀ ਆਪਣੇ 'ਵਿਚਿਤ੍ਰਨਾਟਕ' ਵਿਚ ਲਿਖਦੇ ਹਨ:

ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥

"ਨੌਵੇਂ ਸਤਿਗੁਰੂ ਦੇ ਸ਼ਹੀਦੀ ਸਥਾਨ ਦਾ ਨਾਮ 'ਸੀਸਗੰਜ' ਹੈ ਜੋ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਵਿਦਯਮਾਨ ਹੈ ਅਤੇ ਦੇਹ ਦੇ ਸਸਕਾਰ ਦੀ ਥਾਂ ਦਾ ਨਾਮ 'ਰਕਾਬਗੰਜ' ਹੈ ਭਾਈ ਜੈਤਾ ਜੀ ਦੁਆਰਾ ਦਿੱਲੀ ਤੋਂ ਲਿਆਂਦੇ ਗਏ ਸਤਿਗੁਰੂ ਤੇਗ ਬਹਾਦੁਰ ਜੀ ਦੇ ਸੀਸ ਦਾ ਸਸਕਾਰ ਆਨੰਦਪੁਰ ਵਿਖੇ ਜਿਸ ਜਗਾਹ ਕੀਤਾ ਗਿਆ ਸੀ, ਉਸ ਸਥਾਨ ਦਾ ਨਾਮ ਵੀ 'ਸੀਸ ਗੰਜ' ਹੈ। ਸਤਿਗੁਰੂ ਤੇਗ ਬਹਾਦੁਰ ਜੀ ਨੇ 10 ਵਰ੍ਹੇ 7 ਮਹੀਨੇ 18 ਦਿਨ ਗੁਰੁਤਾ ਕੀਤੀ ਅਤੇ 54 ਵਰ੍ਹੇ 7 ਮਹੀਨੇ 7 ਦਿਨ ਸਾਰੀ ਅਵਸਥਾ ਭੋਗੀ. ਦਸ਼ਮੇਸ਼ ਜੀ ਨੇ 'ਚੰਡੀ ਦੀ ਵਾਰ' ਵਿਚ ਆਪ ਜੀ ਨੂੰ ਇਨ੍ਹਾਂ ਸ਼ਬਦਾਂ ਸਹਿਤ ਯਾਦ ਕੀਤਾ ਹੈ:

"ਤੇਗ ਬਹਾਦੁਰ ਸਿਮਰਿਐ ਘਰਿ ਨੌ ਨਿਧਿ ਆਵੈ ਧਾਇ॥"

ਬਾਬੇ ਕੇ ਬਾਬਰ ਕੇ ਦੋਊ

ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਪਹਿਲੇ ਮੁਗ਼ਲ ਬਾਦਸ਼ਾਹ ਬਾਬਰ ਨਾਲ ਸੰਮਤ 1578 ਵਿਚ ਗੁਜਰਾਂਵਾਲਾ ਤੋਂ ਅੱਠ ਮੀਲ ਪੂਰਵ-ਦੱਖਣ ਵਿਚ ਵੱਸੇ ਨਗਰ 'ਸੈਦਪੁਰ' (ਬਾਦਸ਼ਾਹ ਅਕਬਰ ਦੇ ਸਮੇਂ ਇਸਦਾ ਨਾਂ 'ਏਮਨਾਬਾਦ' ਥਾਪਿਆ ਗਿਆ) ਉੱਪਰ ਕੀਤੇ ਗਏ ਹਮਲੇ ਦੌਰਾਨ ਹੋਈ ਸੀ ਜਿੱਥੇ ਬਾਬਰ ਦੀ ਫੌਜ ਵੱਲੋਂ ਕੀਤੇ ਗਏ ਕਤਲੇਆਮ ਵੇਲੇ ਆਮ ਕੈਦੀਆਂ ਨਾਲ ਫੜੇ ਗਏ ਗੁਰੂ ਨਾਨਕ ਨੂੰ ਵੀ ਚੱਕੀ 'ਤੇ ਦਾਣੇ ਪੀਹਣ ਵਾਸਤੇ ਕਿਹਾ ਗਿਆ ਸੀ। ਗੁਰੂ ਸਾਹਿਬ ਤਾਂ ਅਕਾਲਪੁਰਖ ਨਾਲ ਜੁੜੇ ਰਹੇ ਤੇ ਚੱਕੀ ਖੁਦ-ਬ-ਖੁਦ ਚੱਲਦੀ ਰਹੀ। ਬਾਬਰ ਪਾਸ ਖਬਰ ਪਹੁੰਚੀ ਤਾਂ ਉਹ ਇਸ ਦਰਵੇਸ਼ ਰੂਹ ਦੇ ਦਰਸ਼ਨ ਕਰਨ ਵਾਸਤੇ ਆਇਆ। ਬਾਬਰ ਨੇ ਆਪਣੀ ਭੁੱਲ ਦੀ ਖਿਮਾ ਮੰਗੀ ਤਾਂ ਜਗਤਗੁਰੂ ਨੇ ਬਾਦਸ਼ਾਹ ਤੋਂ ਸਾਰੇ ਕੈਦੀ ਛੁਡਵਾਏ। ਹਮਲੇ ਸਮੇਂ ਏਥੇ ਗੁਰੂ ਜੀ ਭਾਈ ਲਾਲੋ ਦੇ ਘਰ ਠਹਿਰੇ ਹੋਏ ਸਨ। ਏਥੇ ਹੀ, ਗੁਰੂ ਜੀ 'ਬਾਬਰ ਵਾਣੀ' ਵਾਲੇ ਆਪਣੇ ਸ਼ਬਦ "ਖੁਰਾਸਾਨ ਖਸਮਾਨਾ ਕੀਆ ਹਿੰਦੋਸਤਾਨੁ ਡਰਾਇਆ" ਰਾਹੀਂ ਭਾਈ ਲਾਲੋ ਨੂੰ ਬਾਬਰ ਦੁਆਰਾ ਕੀਤੇ ਜਾ ਰਹੇ ਹਮਲੇ ਬਾਬਤ ਅਗਾਊਂ ਦੱਸ ਚੁੱਕੇ ਸਨ।- ਇੰਜ ਹੋਇਆ ਸੀ ਆਗਾਜ਼ ਉਸ ਲੰਮੇ ਸਮੇਂ ਲਈ ਸਿੱਖਾਂ ਤੇ ਮੁਗ਼ਲਾਂ ਵਿਚਕਾਰ ਸਿੱਧੇ ਮੁਕਾਬਲੇ ਦੇ ਇਤਿਹਾਸ ਦਾ ਜਿਸਦਾ ਜ਼ਿਕਰ ਦਸਮ ਪਾਤਸ਼ਾਹ ਨੇ 'ਬਚਿੱਤ੍ਰਨਾਟਕ' ਵਿੱਚ ਇਨ੍ਹਾਂ ਸ਼ਬਦਾਂ ਦੁਆਰਾ ਕੀਤਾ ਹੈ :

ਬਾਬੇ ਕੇ ਬਾਬਰ ਕੇ ਦੋਊ॥
ਆਪ ਕਰੇ ਪਰਮੇਸ਼ਰ ਸੋਊ॥
ਦੀਨ ਸ਼ਾਹ ਇਨ ਕੋ ਪਹਿਚਾਨੋ॥
ਦੁਨੀ ਪਤਿ ਉਨ ਕੌ ਅਨੁਮਾਨੋ॥

ਦੂਸਰੇ ਮੁਗ਼ਲ ਬਾਦਸ਼ਾਹ ਹੁਮਾਯੂੰ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀ ਗਈ ਭਵਿੱਖਵਾਣੀ "ਆਵਨਿ ਅਠਤਰੈ ਜਾਵਨਿ ਸਤਾਨਵੇ ਹੋਰ ਭੀ ਉਠਸੀ ਮਰਦ ਕਾ ਚੇਲਾ" ਅਨੁਸਾਰ ਸ਼ੇਰ ਸ਼ਾਹ ਸੂਰੀ ਪਠਾਣ ਨੇ 17 ਮਈ ਸੰਨ 1540 ਨੂੰ ਕਨੌਜ ਦੀ ਜੰਗ ਵਿਚ ਬੁਰੀ ਤਰ੍ਹਾਂ ਹਰਾ ਕੇ ਭਾਰਤ ਵਿਚੋਂ ਕੱਢ ਦਿੱਤਾ। ਸ਼ੇਰ ਸ਼ਾਹ ਤੋਂ ਭਾਂਜ ਖਾ ਕੇ ਜਦ ਹੁਮਾਯੂੰ ਪੰਜਾਬ ਵਿਚੋਂ ਲੰਘ ਰਿਹਾ ਸੀ ਤਾਂ ਗੁਰੂ ਅੰਗਦ ਸਾਹਿਬ ਪਾਸ ਖਡੂਰ ਆਇਆ, ਗੁਰੂ ਜੀ ਨੇ (ਜੋ ਧਿਆਨ ਵਿਚ ਮਗਨ ਸਨ) ਇਸ ਵੱਲ ਕੋਈ ਗਹੁ ਨਾ ਕੀਤਾ। ਗੁੱਸੇ ਵਿੱਚ ਆ ਕੇ ਹੁਮਾਯੂੰ ਗੁਰੂ ਜੀ ਨੂੰ ਮਾਰਨ ਵਾਸਤੇ ਮਿਆਨ 'ਚੋਂ ਤਲਵਾਰ ਕੱਢਣ ਲੱਗਾ। ਸਤਿਗੁਰੂ ਜੀ ਨੇ ਨੇਤਰ ਖੋਲ੍ਹ ਕੇ ਕਿਹਾ, "ਹੁਣ ਫਕੀਰਾਂ 'ਤੇ ਜੋ ਤਲਵਾਰ ਖਿੱਚਣ ਲੱਗਾ ਹੈਂ, ਇਹ ਸ਼ੇਰਸ਼ਾਹ ਦਾ ਟਾਕਰਾ ਕਰਨ ਵੇਲੇ ਕਿੱਥੇ ਸੀ?" ਗੁਰੂ ਜੀ ਦੇ ਇਹ ਸ਼ਬਦ ਸੁਣ ਕੇ ਹੁਮਾਯੂੰ ਬਹੁਤ ਸ਼ਰਮਿੰਦਾ ਹੋਇਆ ਤੇ ਮੁਆਫੀ ਮੰਗ ਕੇ ਗੁਰੂ ਅੰਗਦ ਦੇਵ ਦੇ ਆਸ਼ੀਰਵਾਦ ਦਾ ਪਾਤ੍ਰ ਬਣਿਆ। ਪੰਦਰਾਂ ਸਾਲਾਂ ਬਾਅਦ ਹੁਮਾਯੂੰ ਨੇ ਇਰਾਨੀ ਫੌਜ ਦੀ ਸਹਾਇਤਾ ਨਾਲ ਸੰਨ 1555 ਦੀ 23 ਜੂਨ ਨੂੰ ਸ਼ੇਰਸ਼ਾਹ ਦੇ ਪੁੱਤਰ ਨੂੰ ਹਰਾ ਕੇ ਮੁੜ ਦਿੱਲੀ ਦਾ ਤਖਤ ਪ੍ਰਾਪਤ ਕੀਤਾ। ਬਾਬਰ ਦਾ ਪੁੱਤਰ ਬਾਦਸ਼ਾਹ ਅਕਬਰ ਵੀ ਗੁਰੂ ਅਮਰਦਾਸ ਜੀ ਪਾਸ ਗੋਇੰਦਵਾਲ ਵਿਖੇ ਗੁਰੂ ਜੀ ਦੇ ਦਰਸ਼ਨ ਕਰਨ ਆਇਆ ਸੀ। ਗੁਰੂ ਜੀ ਨੇ ਸਿੱਖਾਂ ਨੂੰ ਕਿਹਾ, "ਉਸਨੂੰ ਕਹੋ ਕਿ ਪਹਿਲਾਂ ਉਹ ਪੰਗਤ ਵਿੱਚ ਬੈਠ ਕੇ ਲੰਗਰ ਛਕੇ, ਫਿਰ ਹੀ ਸਾਡੇ ਪਾਸ ਆਏ।" ਇਸ ਬਾਦਸ਼ਾਹ ਨੂੰ ਵੀ ਸਿੱਖ-ਧਰਮ ਦੇ ਸਮਕਾਲੀ ਪਾਤਸ਼ਾਹ ਦਾ ਹੁਕਮ ਮੰਨਣਾ ਪਿਆ। ਇਸ

ਤਰ੍ਹਾਂ ਗੁਰੂ ਨਾਨਕ ਵੱਲੋਂ ਚਲਾਈ ਗਈ ਦੀਨੀ ਪਾਤਸ਼ਾਹੀ ਸਾਹਵੇਂ ਮੁਗ਼ਲ ਸਲਤਨਤ ਦੀ ਦੁਨਿਆਵੀ ਪਾਤਸ਼ਾਹੀ ਨੂੰ ਝੁਕਣਾ ਹੀ ਪਿਆ।

ਪਰੰਤੂ ਅਗਲੇ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਮੁਤੱਸਬੀ-ਪੁਣੇ ਵਿਚ ਆ ਕੇ ਸਮਕਾਲੀ ਸਤਿਗੁਰੂ ਅਰਜਨ ਦੇਵ ਜੀ ਦੁਆਰਾ ਕੀਤੇ ਜਾ ਰਹੇ ਗੁਰਸਿੱਖੀ ਪ੍ਰਚਾਰ ਨੂੰ 'ਕੁਫਰ (ਝੂਠ) ਦੀ ਦੁਕਾਨ' ਗਰਦਾਨ ਕੇ ਉਸਨੂੰ 'ਬੰਦ ਕਰਨ' ਦੀ ਠਾਣ ਲਈ। ਕਈ ਬਹਾਨੇ ਬਣਾ ਕੇ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਮੁਸਲਿਮ ਬਣਨ ਜਾਂ ਮੌਤ ਦੀ ਸਜ਼ਾ ਸਵੀਕਾਰਨ ਦੀ ਸ਼ਰਤ ਰੱਖ ਕੇ ਮੁਹੰਮਦੀ ਸ਼ਰੀਅਤ ਵਿਚਲੇ 'ਯਾਸਾ' ਕਾਨੂੰਨ (ਇਕ ਮੰਗੋਲੀਅਨ ਦੰਡ-ਕਾਨੂੰਨ ਜਿਸ ਵਿਚ ਦੋਸ਼ੀ ਨੂੰ ਮੌਤ ਦੀ ਅਜਿਹੀ ਸਜ਼ਾ ਦਿੱਤੀ ਜਾਂਦੀ ਸੀ ਕਿ ਉਹਦੀ ਰੱਤ ਦਾ ਇਕ ਕਤਰਾ ਵੀ ਨਹੀਂ ਸੀ ਡੁੱਲ੍ਹਣ ਦਿੱਤਾ ਜਾਂਦਾ) ਅਧੀਨ ਗੁਰੂ ਜੀ ਨੂੰ ਲਾਹੌਰ ਵਿਖੇ ਘੋਰ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਭਾਈ ਕਾਨ੍ਹ ਸਿੰਘ ਨਾਭਾ ਜੀ ਅਨੁਸਾਰ ਸਤਿਗੁਰੂ ਅਰਜਨ ਦੇਵ ਜੀ "ਗੁਰਮਤ ਦੇ ਨਿਯਮਾਂ ਦੀ ਰਾਖੀ ਕਰਦੇ ਹੋਏ ਅਤੇ ਸਤਯਪ੍ਰਤਿਗਯਾ ਦੀ ਕਸੌਟੀ ਉੱਤੇ ਸਿੱਖਾਂ ਨੂੰ ਅਚੱਲ ਰਹਿਣ ਦਾ ਸਬਕ ਦੱਸਣ ਲਈ ਜੇਠ ਸੁਦੀ 4 (2 ਹਾੜ) ਸੰਮਤ 1663 (30 ਮਈ ਸੰਨ 1606) ਨੂੰ ਰਾਵੀ ਦੇ ਕਿਨਾਰੇ, ਲਾਹੌਰ ਜੋਤੀ ਜੋਤਿ ਸਮਾਏ।"

ਨੌਵੇਂ ਸਤਿਗੁਰੂ ਤੇਗ ਬਹਾਦੁਰ ਜੀ ਨੂੰ ਸ਼ਹੀਦ ਕਰਨ ਲਈ ਸਿੱਧਾ ਜ਼ਿੰਮੇਵਾਰ ਸੀ ਮੁਗ਼ਲ ਬਾਦਸ਼ਾਹ ਜਹਾਂਗੀਰ ਦਾ ਪੋਤਰਾ ਤੇ ਬਾਦਸ਼ਾਹ ਸ਼ਾਹਜਹਾਂ ਦਾ ਮਹਾਂ-ਮੁਤੱਸਬੀ ਪੁੱਤਰ ਬਾਦਸ਼ਾਹ ਅਰੰਗਜ਼ੇਬ 'ਆਲਮਗੀਰ'। ਇਸਨੇ ਹਿੰਦੁਸਤਾਨ ਦੀ ਬਾਦਸ਼ਾਹਤ ਪ੍ਰਾਪਤ ਕਰਨ ਵਾਸਤੇ ਆਪਣੇ ਬਾਪ ਸ਼ਾਹਜਹਾਂ ਨੂੰ ਆਗਰੇ ਦੇ ਕਿਲੇ ਵਿਚ ਨਜ਼ਰਬੰਦ ਕਰਕੇ ਭੁੱਖਾ-ਪਿਆਸਾ ਰੱਖ ਕੇ ਤਰਸਾਅ ਤਰਸਾਅ ਕੇ ਮਾਰਿਆ ਸੀ; ਆਪਣੇ ਵੱਡੇ ਭਰਾ ਦਾਰਾ ਸ਼ਿਕੋਹ ਨੂੰ ਕਾਜ਼ੀਆਂ ਪਾਸੋਂ ਫਤਵਾ ਲਗਵਾ ਕੇ ਕਿ 'ਇਹ ਇਸਲਾਮ ਦੇ ਨਿਯਮਾਂ ਦੇ ਉਲਟ ਚੱਲਦਾ ਹੈ', ਸਿਤੰਬਰ 1659 ਸੰਨ ਵਿੱਚ ਦਿੱਲੀ ਵਿਖੇ ਕਤਲ ਕਰਵਾ ਦਿੱਤਾ ਸੀ ਤੇ ਛੋਟੇ ਭਰਾ ਮੁਰਾਦ ਨੂੰ ਧੋਖੇ ਨਾਲ ਗਵਾਲੀਅਰ ਦੇ ਕਿਲੇ 'ਚ ਕੈਦ ਕਰ ਤਿੰਨ ਵਰ੍ਹੇ ਬਾਅਦ ਇਕ ਸੱਯਦ ਦੇ ਖ਼ੂਨ ਦਾ ਅਪਰਾਧ ਉਹਦੇ ਮੱਥੇ ਮੜ੍ਹ ਕੇ ਕਤਲ ਕਰਵਾ ਦਿੱਤਾ ਸੀ। ਔਰੰਗਜ਼ੇਬ ਆਪਣੀਆਂ ਦੋ ਭੈਣਾਂ ਤੇ ਇਕ ਧੀ ਜ਼ੇਬੁਨਿਸਾ ਦਾ ਵੀ ਕਾਤਲ ਸੀ। ਇਹ ਸੁੰਨੀ ਮੱਤ ਦਾ ਕੱਟੜ ਮੁਸਲਮਾਨ, ਬਾਹਰੋਂ 'ਸਾਦੇ ਲਿਬਾਸ ਤੇ ਸਾਦੀ ਖ਼ੁਰਾਕ ਖਾਣ ਵਾਲਾ' ਪਰ ਅੰਦਰੋਂ ਅਤਿ ਢੋਂਗੀ ਤੇ ਮਹਾਂ-ਜ਼ਾਲਿਮਾਨਾ ਸੁਭਾਅ ਦਾ ਹਾਕਮ ਸੀ। ਇਹਨੇ ਦਿੱਲੀ ਦੇ ਇਕ ਸੂਫੀ ਫਕੀਰ 'ਸਰਮੱਦ' ਨੂੰ ਵੀ ਕਤਲ ਕਰਵਾਇਆ ਸੀ। ਇਸਨੇ ਲੱਖਾਂ ਹਿੰਦੂਆਂ ਨੂੰ ਡਰਾ ਧਮਕਾ ਕੇ ਮੁਸਲਮਾਨ ਬਣਾਇਆ ਸੀ ਤੇ ਜਿਹੜੇ ਮੁਸਲਿਮ ਬਣਨ ਤੋਂ ਇਨਕਾਰੀ ਹੋਏ, ਉਨ੍ਹਾਂ ਨੂੰ ਮਰਵਾ ਦਿੱਤਾ ਜਾਂਦਾ ਸੀ।

ਔਰੰਗਜ਼ੇਬ ਸਾਰੇ ਹਿੰਦੁਸਤਾਨ ਵਿਚ ਕੇਵਲ ਮੁਸਲਿਮ ਧਰਮ ਦਾ ਬੋਲ-ਬਾਲਾ ਹੀ ਵੇਖਣਾ ਚਾਹੁੰਦਾ ਸੀ। ਇਸ ਹੱਠ-ਧਰਮੀ ਤੇ ਕੱਟੜ ਸੁੰਨੀ ਮੁਸਲਿਮ ਬਾਦਸ਼ਾਹ ਦੇ ਸਤਾਏ ਹੋਏ ਕਸ਼ਮੀਰ ਤੋਂ ਆਏ ਕੁਝ ਹਿੰਦੂ ਬ੍ਰਾਹਮਣਾਂ ਦੀ ਸ਼ਖ਼ਸੀ ਫਰਿਆਦ ਸੁਣ ਕੇ ਸਤਿਗੁਰੂ ਤੇਗ ਬਹਾਦੁਰ ਜੀ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਸੀ ਕਿ ਤੁਸੀਂ ਨਿਸ਼ਚਿੰਤ ਹੋ ਕੇ ਔਰੰਗਜ਼ੇਬ ਨੂੰ ਇਹ ਸੁਨੇਹਾ ਪਹੁੰਚਾ ਦਿਓ- "ਜੇ ਤੂੰ ਗੁਰੂ ਤੇਗ ਬਹਾਦੁਰ ਨੂੰ ਮੁਸਲਮਾਨ ਬਣਾ ਲਏਂਗਾ ਤਾਂ ਅਸੀਂ ਸਾਰੇ ਕਸ਼ਮੀਰੀ ਹਿੰਦੂ ਖੁਦ-ਬ-ਖੁਦ ਹੀ ਮੁਸਲਮਾਨ ਬਣ ਜਾਵਾਂਗੇ।" ਵਕਤ ਦੇ ਹਾਕਮ ਔਰੰਗਜ਼ੇਬ ਵਾਸਤੇ ਇਹ ਇਕ ਬਹੁਤ ਵੱਡਾ ਚੈਲੇਂਜ ਸੀ। ਇਸ ਨਿਰਭੀਕ ਵਾਅਦੇ ਅਤੇ ਚੈਲੇਂਜ ਅਧੀਨ ਹੀ ਗੁਰੂ ਤੇਗ ਬਹਾਦੁਰ ਜੀ ਨੂੰ ਦਿੱਲੀ ਵਿਖੇ ਆਪਣੀ ਸ਼ਹਾਦਤ ਦੇਣੀ ਪਈ ਸੀ। ਸਤਿਗੁਰੂ ਤੇਗ ਬਹਾਦੁਰ ਜੀ ਨੇ ਹਿੰਦੂਆਂ ਦੇ ਧਾਰਮਕ ਚਿੰਨ੍ਹਾਂ- ਤਿਲਕ, ਧੋਤੀ, ਜਨੇਊ ਆਦਿ- ਦੀ ਰੱਖਿਆ ਅਤੇ ਆਪਣੀ ਇੱਛਾ ਨਾਲ ਕਿਸੇ ਧਰਮ ਨੂੰ ਅਪਨਾਉਣ ਦੀ ਸੁਤੰਤਰਤਾ ਕਾਇਮ ਰੱਖਣ ਵਾਸਤੇ ਆਪਣੀ ਸ਼ਹਾਦਤ ਦੀ ਪੇਸ਼ਕਸ਼ ਖੁਦ ਆਪ ਕੀਤੀ ਸੀ। ਸਤਿਗੁਰੂ ਤੇਗ ਬਹਾਦੁਰ ਜੀ ਨੇ ਆਪਣੇ ਹੀ ਵਾਕ- ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ - ਵਿਚਲੇ ਸੱਚ ਨੂੰ ਆਪਣੇ ਸੀਸ ਦੀ ਬਲੀ ਦੇ ਕੇ ਸਿੱਧ ਕੀਤਾ। ਗੁਰੂ ਜੀ ਨੇ ਮਾਨਵੀ ਅਧਿਕਾਰਾਂ ਤੇ ਮਨੁੱਖੀ ਸਵੈਮਾਨ ਦੀ ਰੱਖਿਆ ਵਾਸਤੇ ਆਪਣੇ ਜੀਵਨ ਦੀ ਕੁਰਬਾਨੀ ਦਿੱਤੀ। ਮਗਰੋਂ, ਸਤਿਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਐਲਾਨੀਆਂ ਕਹਿ ਦਿੱਤਾ ਸੀ ਕਿ 'ਤੂੰ ਦੋ ਤੋਂ ਇਕ ਕਰਨਾ ਚਾਹੁੰਦਾ ਹੈਂ, ਮੈਂ ਤੀਸਰਾ ਧਰਮ ਖੜਾ ਕਰਾਂਗਾ।' ਨਤੀਜਨ, ਜ਼ਬਰਦਸਤੀ ਧਰਮ-ਪਰਵਿਰਤਨ ਕਰਾਉਣ ਦੀ ਹਾਕਮੀ ਰੁਚੀ ਨਾਕਾਮ ਹੋਈ ਤੇ ਹਜ਼ਾਰਾਂ ਹਿੰਦੂਆਂ ਨੇ ਸਿੱਖ ਧਰਮ ਨੂੰ ਖੁਸ਼ੀ ਖੁਸ਼ੀ ਅਪਨਾ ਲਿਆ ਜਿਨ੍ਹਾਂ ਵਿਚ ਕਸ਼ਮੀਰ ਤੋਂ ਆਏ ਫਰਿਆਦੀ ਹਿੰਦੂਆਂ ਦੇ ਮੁਖੀ ਪੰਡਤ ਕਿਰਪਾ ਰਾਮ ਵੀ ਅੰਮ੍ਰਿਤ ਛਕ ਕੇ 'ਕਿਰਪਾ ਸਿੰਘ' ਬਣੇ ਤੇ ਜੰਗਾਂ-ਯੁੱਧਾਂ ਵਿਚ ਵੀ ਲੜੇ-ਮਰੇ। ਦਸਮੇਸ਼ ਜੀ ਦੁਆਰਾ ਖਾਲਸਾ ਸਾਜਣ ਪਿੱਛੋਂ ਵੱਡੀ ਗਿਣਤੀ ਵਿਚ ਹਿੰਦੂਆਂ

ਨੇ ਸਿੱਖ ਪੰਥ ਵਿਚ ਪ੍ਰਵੇਸ਼ ਕੀਤਾ।

ਔਰੰਗਜ਼ੇਬ ਕਹਿੰਦਾ ਸੀ ਕਿ 'ਮੈਂ ਸਾਰੇ ਦੇਸ ਵਿਚ ਕੇਵਲ ਇਕ (ਮੁਸਲਿਮ) ਧਰਮ ਹੀ ਸਥਾਪਤ ਕਰ ਦਿਆਂਗਾ।' ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ 'ਤੂੰ ਦੋ ਤੋਂ ਇਕ ਕਰਨ ਨੂੰ ਫਿਰਦੈਂ, ਮੈਂ ਦੋ ਤੋਂ ਤਿੰਨ ਕਰਾਂਗਾ।' ਯਥਾ:

ਬਹੁੜਿ ਤੀਸਰਾ ਪੰਥ ਕੀਜੈ ਪਰਧਾਨੀ॥
ਅਤਵਾ ਕਰਹੁ ਖਾਲਸਾ ਪੰਥ ਤੀਸਰ ਪ੍ਰਵੇਸਾ॥
– (ਉਗ੍ਰਦੰਤੀ)

ਔਰੰਗਜ਼ੇਬ ਬਾਰੇ ਨਾਭਾ ਜੀ ਦੀ ਇਤਿਹਾਸਕ ਗਵਾਹੀ

ਭਾਈ ਕਾਨ੍ਹ ਸਿੰਘ ਨਾਭਾ ਜੀ ਅਨੁਸਾਰ, "ਔਰੰਗਜ਼ੇਬ ਨੇ ਹਿੰਦੂਆਂ ਦੇ ਮੇਲੇ, ਮੰਦਿਰਾਂ ਦੇ ਉਤਸਵ, ਕਾਸ਼ੀ (ਬਨਾਰਸ) ਦੇ ਵੈਦਿਕ ਸਕੂਲ ਹੁਕਮਨ ਬੰਦ ਕਰ ਦਿੱਤੇ ਸਨ, ਬਲਕਿ ਮਥੁਰਾ ਬਨਾਰਸ ਆਦਿ ਅਸਥਾਨਾਂ ਦੇ ਪ੍ਰਸਿੱਧ ਦੇਵਾਲਯ ਢਾਹ ਕੇ ਉਨ੍ਹਾਂ ਦੀ ਥਾਂ ਮਸੀਤਾਂ ਚਿਣਵਾ ਦਿੱਤੀਆਂ ਸਨ ਅਤੇ ਇਸਨੇ ਬਾਦਸ਼ਾਹ ਅਕਬਰ ਵੱਲੋਂ ਹਟਾਇਆ ਹੋਇਆ ਜਜ਼ੀਆ ਟੈਕਸ ਹਿੰਦੂਆਂ ਉਪਰ ਫਿਰ ਲਾਗੂ ਕਰ ਦਿੱਤਾ ਸੀ। ਔਰੰਗਜ਼ੇਬ ਦੇ ਅਤਿਆਚਾਰ (ਜ਼ੁਲਮ ਅਤੇ ਅਨਿਆਂ) ਨੇ ਹੀ ਸ਼ਿਵਾ ਜੀ ਨੂੰ ਇਸਦਾ ਵੈਰੀ ਬਣਾਇਆ ਜਿਸ ਕਾਰਨ ਮਰਹੱਟੇ ਮੁਗ਼ਲਰਾਜ ਦੀ ਜੜ੍ਹ ਪੁੱਟਣ ਦੇ ਆਹਰ ਲੱਗੇ। ਇਸਨੇ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਨੂੰ ਕਤਲ ਕਰਕੇ ਸਾਰੇ ਸਿੱਖਾਂ ਦੇ ਮਨਾਂ ਅੰਦਰ ਦੁਸ਼ਮਣੀ ਦਾ ਬੀਜ ਬੀਜ ਦਿੱਤਾ ਸੀ, ਜਿਸਦਾ ਫਲ ਉਸਦੀ ਔਲਾਦ ਨੂੰ ਭੁਗਤਣਾ ਪਿਆ।" ਦਸਮੇਸ਼ ਜੀ ਨੇ ਆਪਣੇ ਮਾਤਾ-ਪਿਤਾ ਅਤੇ ਸਾਹਿਬਜ਼ਾਦਿਆਂ ਦੇ ਕਤਲਾਂ ਦੇ ਜ਼ਿੰਮੇਵਾਰ ਬਾਦਸ਼ਾਹ ਔਰੰਗਜ਼ੇਬ ਨੂੰ ਉਸਦਾ ਅਸਲੀ ਚਿਹਰਾ ਦਿਖਾਉਣ ਵਾਸਤੇ ਆਪਣੀ ਕਲਮ ਨਾਲ ਤਰਾਸ਼ਿਆ ਤੇ ਵਿਦਵਤਾ ਨਾਲ ਸਿਰਜਿਆ ਅਦਭੁੱਤ ਸ਼ੀਸ਼ਾ ਵਿਖਾਇਆ ਸੀ- ਫਾਰਸੀ ਭਾਸ਼ਾ ਦੇ ਪੁਰਜ਼ੋਰ ਸ਼ਬਦਾਂ 'ਚ ਆਪਣੇ ਵੱਲੋਂ ਲਿਖੀ ਗਈ ਫਤਹਿ ਦੀ ਚਿੱਠੀ (ਜ਼ਫਰਨਾਮਹ) ਰਾਹੀਂ। ਇਸ 'ਜ਼ਫਰਨਾਮਹ' ਵਿੱਚ ਦਸਮ ਪਾਤਸਾਹ ਨੇ ਲਿਖਿਆ ਸੀ ਕਿ "ਐ ਔਰੰਗਜ਼ੇਬ ! ਤੂੰ ਅਤਿ ਦਰਜੇ ਦਾ ਮੱਕਾਰ, ਝੂਠਾ ਤੇ ਮਹਾਂ-ਘਟੀਆ ਆਦਮੀ ਹੈਂ। ਤੂੰ ਇਸਲਾਮ ਧਰਮ ਦਾ ਮਖੌਟਾ ਪਹਿਨੇ ਹੋਏ ਅੰਤਾਂ ਦਾ ਜ਼ਾਲਿਮ ਹੈਂ ਤੇ ਲੱਖਾਂ ਬੇ-ਗੁਨਾਹ ਲੋਕਾਂ ਦਾ ਕਾਤਿਲ ਹੈਂ।" ਜ਼ਫਰਨਾਮਹ ਪੜ੍ਹਨ ਉਪਰੰਤ, ਔਰੰਗਜ਼ੇਬ ਆਪਣੇ ਕੀਤੇ ਜ਼ੁਲਮਾਂ ਅਤੇ ਲੱਖਾਂ ਕਾਤਿਲਾਨਾ ਕਰਤੂਤਾਂ 'ਤੇ ਪਛਤਾਇਆ ਅਤੇ ਉਸਨੇ (ਆਪਣੇ ਵੱਲੋਂ ਖਤ ਲਿਖ ਕੇ) ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲਣ ਦੀ ਇੱਛਾ ਵੀ ਜ਼ਾਹਿਰ ਕੀਤੀ ਸੀ ਪਰੰਤੂ ਇਸ ਪ੍ਰਸਤਾਵਿਤ ਮਿਲਣੀ ਤੋਂ ਪਹਿਲਾਂ ਹੀ ਉਹ 50 ਵਰ੍ਹੇ ਬਾਦਸ਼ਾਹੀ ਕਰਕੇ ਤੇ 90 ਵਰ੍ਹੇ ਦੀ ਉਮਰ ਭੋਗ ਕੇ 21 ਫਰਵਰੀ ਸੰਨ 1707 ਨੂੰ ਅਹਮਦ ਨਗਰ (ਦੱਖਣ) ਵਿੱਚ ਇਸ ਦੁਨੀਆਂ ਤੋਂ ਕੂਚ ਕਰ ਗਿਆ।

ਭਾਈ ਕਾਨ੍ਹ ਸਿੰਘ ਨਾਭਾ ਜੀ ਲਿਖਦੇ ਹਨ ਕਿ ਉਦਯਪੁਰ ਦੇ ਰਾਜਾ ਰਾਜ ਸਿੰਘ ਨੇ ਵੀ ਸੰਨ 1680 ਵਿੱਚ ਔਰੰਗਜ਼ੇਬ ਨੂੰ ਇਕ ਖਤ ਰਾਹੀਂ ਇਹ ਸ਼ਬਦ ਲਿਖ ਕੇ ਚੰਗੀ ਝਾੜ ਪਾਈ ਸੀ: "ਤੁਹਾਡੀ ਅਮਲਦਾਰੀ ਵਿਚ ਕਈ ਲੋਕ ਘਰੋਂ ਬਾਹਰ ਹੋਏ ਫਿਰਦੇ ਹਨ, ਕਈ ਦੇਸ ਛੱਡ ਗਏ ਹਨ, ਸਾਰੇ ਪਰਲੋ ਆ ਰਹੀ ਹੈ, ਲੋਕ ਭੁੱਖ ਨਾਲ ਮਰ ਰਹੇ ਹਨ, ਆਪ ਦੀ ਪ੍ਰਜਾ ਪੈਰਾਂ ਹੇਠ ਕੁਚਲੀ ਜਾ ਰਹੀ ਹੈ, ਸਿਪਾਹੀ ਰੋ ਰਹੇ ਹਨ, ਸੌਦਾਗਰ ਪਿੱਟ ਰਹੇ ਹਨ। ਜੋ ਬਾਦਸ਼ਾਹ ਐਸੀ ਦੁਖੀ ਪ੍ਰਜਾ ਤੋਂ ਟੈਕਸ ਮੰਗੇ, ਉਸਦਾ ਰਾਜ ਕਿਸ ਤਰ੍ਹਾਂ ਕਾਇਮ ਰਹਿ ਸਕਦਾ ਹੈ? ਜੋ ਜਜ਼ੀਆ ਤੁਸੀਂ ਗ਼ਰੀਬ ਹਿੰਦੂਆਂ ਤੋਂ ਮੰਗਦੇ ਹੋ, ਇਹ ਨਾਵਾਜਿਬ ਹੈ, ਉਨ੍ਹਾਂ ਪਾਸ ਦੇਣ ਨੂੰ ਕਿੱਥੇ ਹੈ? ਜੇ ਜਜ਼ੀਆ ਲਾਉਣਾ ਹੀ ਹੈ ਤਾਂ ਮੇਰੇ ਵਰਗੇ ਰਾਜਿਆਂ ਅਤੇ ਅਮੀਰਾਂ 'ਤੇ ਲਾਓ। ਨਿੱਕੀਆਂ ਮੱਖੀਆਂ ਮਾਰਨ ਤੋਂ ਆਪ ਦੀ ਬਜ਼ੁਰਗੀ ਨੂੰ ਦਾਗ਼ ਲੱਗਦਾ ਹੈ। ਅਜਿਹੇ ਨਾਵਾਜਿਬ ਕੰਮ ਕਰਨੇ ਆਪ ਦੀ ਸ਼ਾਨ ਦੇ ਵਿਰੁੱਧ ਹਨ।" ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਔਰੰਗਜ਼ੇਬ ਮਰਨ ਸਮੇਂ ਆਪਣੇ ਵੱਲੋਂ ਕੀਤੇ ਕੁਕਰਮਾਂ ਅਤੇ ਪਾਪਾਂ ਕਾਰਨ ਖੁਦ ਪਛਤਾਉਂਦਾ ਸੀ। ਉਹ ਆਪਣੇ ਪੁੱਤਰ ਨੂੰ ਲਿਖਦਾ ਹੈ:- "ਅਵਗੁਣਾਂ ਤੋਂ ਛੁੱਟ ਮੈਂ ਇਸ ਸੰਸਾਰ ਵਿੱਚ ਆਪਣੇ ਨਾਲ ਕੁਝ ਨਹੀਂ ਲਿਆਇਆ, ਅਤੇ ਪਾਪ ਹੀ ਇਕੱਠੇ ਕਰਕੇ ਲੈ ਚੱਲਿਆ ਹਾਂ। ਮੈਂ ਭਾਰੀ ਭੁੱਲਾਂ ਕੀਤੀਆਂ ਹਨ ਅਤੇ ਪਤਾ ਨਹੀਂ ਕਿ ਮੈਨੂੰ ਕੀ ਸਜ਼ਾ ਮਿਲੇਗੀ। ਨਜਾਤ ਲਈ ਮੈਨੂੰ ਭਾਰੀ ਚਿੰਤਾ ਹੈ।"

**ਗੁਰੂ ਜੀ ਦਾ ਬਚਪਨ ਤੇ ਮੁੱਢਲਾ ਜੀਵਨ**

ਹੁਣ ਅਸੀਂ ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਤੇ ਇਕ ਪੰਛੀ-ਝਾਤ ਪਾਉਂਦੇ ਹਾਂ।

ਆਪ ਜੀ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੇ ਪੰਜ ਪੁੱਤਰਾਂ 'ਚੋਂ ਸਭ ਤੋਂ ਛੋਟੇ ਬੇਟੇ ਸਨ। ਬਚਪਨ ਵਿਚ ਆਪ ਆਪਣੀ ਭੈਣ ਬੀਬੀ ਵੀਰੋ, ਫਿਰ ਭਾਈ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਦੀ ਦੇਖ-ਰੇਖ ਵਿਚ ਰਹੇ। ਭਾਈ ਬੁੱਢਾ ਜੀ ਨੇ ਆਪ ਨੂੰ ਤੀਰ-ਅੰਦਾਜ਼ੀ ਤੇ ਘੋੜ-ਸਵਾਰੀ ਦੇ ਢੰਗ-ਤਰੀਕੇ ਸਿਖਾਏ ਤੇ ਭਾਈ ਗੁਰਦਾਸ ਜੀ ਨੇ ਗੁਰਮਤਿ ਦੇ ਭੇਦ

ਤੇ ਗ੍ਰੰਥਾਂ ਦਾ ਗੂੜ੍ਹ ਗਿਆਨ ਪ੍ਰਦਾਨ ਕੀਤਾ। ਕੁਦਰਤਨ, ਆਪ ਜੀ ਸੰਸਾਰ ਤੋਂ ਉਪਰਾਮ, ਸ਼ਾਂਤ ਤੇ ਸੰਤ ਸੁਭਾਅ ਵਾਲੇ ਸਨ ਤੇ ਚੁੱਪ-ਚਾਪ ਬਹੁਤਾ ਸਮਾਂ ਪ੍ਰਭੂ-ਭਗਤੀ ਵਿਚ ਗੁਜ਼ਾਰਦੇ ਸਨ। ਪਰ, ਚੌਦਾਂ ਵਰ੍ਹਿਆਂ ਦੀ ਉਮਰ ਵਿਚ ਆਪ ਨੇ 26 ਅਪ੍ਰੈਲ, ਸੰਨ 1675 ਨੂੰ ਕਰਤਾਰਪੁਰ ਦੇ ਯੁੱਧ ਵਿੱਚ ਆਪਣੀ ਤੇਗ ਦੇ ਅਜਿਹੇ ਜੌਹਰ ਦਿਖਾਏ ਕਿ ਆਪਦੇ ਪਿਤਾ-ਗੁਰੂ ਜੀ ਨੇ 'ਤੇਗ਼-ਬਹਾਦੁਰ' ਦਾ ਲਕਬ ਬਖਸ਼ਿਆ। ਅਗਲੇ ਨੌਂ ਵਰ੍ਹੇ ਆਪ ਨੇ ਕੀਰਤਪੁਰ ਵਿਖੇ ਆਪਣੇ ਮਾਤਾ-ਪਿਤਾ ਦੀ ਛਤਰ-ਛਾਇਆ ਵਿਚ ਅਨੰਦ ਦੇ ਬਿਤਾਏ। ਗੁਰੂ ਹਰਗੋਬਿੰਦ ਸਾਹਿਬ ਕੀਰਤਪੁਰ ਵਿਖੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰਗੱਦੀ ਦਾ ਵਾਰਸ ਆਪਣੇ ਸਭ ਤੋਂ ਵੱਡੇ ਸਪੁੱਤਰ ਗੁਰਦਿੱਤਾ ਜੀ ਦੇ ਛੋਟੇ ਬੇਟੇ ਹਰ ਰਾਇ ਜੀ ਨੂੰ ਬਣਾ ਗਏ ਸਨ। ਆਪ ਪਿਤਾ-ਗੁਰੂ ਜੀ ਦੀ ਇੱਛਾ ਅਨੁਸਾਰ ਆਪਣੀ ਪਤਨੀ ਗੁਜਰੀ ਤੇ ਮਾਤਾ ਨਾਨਕੀ ਸਮੇਤ ਬਕਾਲੇ ਚਲੇ ਗਏ ਜਿੱਥੇ ਮਾਤਾ ਨਾਨਕੀ ਜੀ ਦਾ ਪੇਕਾ-ਘਰ ਸੀ। ਏਥੇ ਆਪਜੀ ਨੇ ਬ੍ਰਹਮਚਾਰਯ ਧਾਰਨ ਕਰਕੇ ਇਕ ਭੋਰੇ ਵਿਚ ਕਈ ਵਰ੍ਹੇ ਘੋਰ ਤਪੱਸਿਆ ਤੇ ਭਗਤੀ ਕੀਤੀ। ਇਸ ਤਰ੍ਹਾਂ ਆਪ ਨੇ ਇਕ ਪੂਰੇ ਗੁਰੂ ਵਾਲੇ ਗੁਣਾਂ ਨੂੰ ਗ੍ਰਹਿਣ ਕੀਤਾ ਅਤੇ ਸੰਸਾਰਕ ਫਰਜ਼ਾਂ ਦੇ ਨਾਲ ਨਾਲ ਅਧਿਆਤਮਕ ਜੀਵਨ ਦੇ ਕਰਤੱਵਾਂ ਨੂੰ ਨਿਭਾਉਣਾ ਵੀ ਸਿੱਖਿਆ। ਸੰਨ 1656 ਵਿਚ ਆਪਣੀ ਮਾਤਾ, ਪਤਨੀ ਤੇ ਕੁਝ ਨਜ਼ਦੀਕੀ ਸਿੱਖਾਂ ਦੇ ਸੰਗ ਪੂਰਵ ਦੀ ਯਾਤਰਾ ਕਰਨ ਵਾਸਤੇ ਰਵਾਨਾ ਹੋ ਗਏ। ਇਸ ਸਮੇਂ ਦੇ ਦੌਰਾਨ ਹੀ ਗੁਰੂ ਹਰ ਰਾਇ ਜੀ ਕੀਰਤਪੁਰ ਵਿਖੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਗੁਰਗੱਦੀ ਦਾ ਵਾਰਸ ਆਪਣੇ ਸਪੁੱਤਰ ਹਰਿ ਕ੍ਰਿਸਨ ਜੀ ਨੂੰ ਸੌਂਪ ਗਏ ਜੋ ਅਜੇ ਪੰਜ ਕੁ ਵਰ੍ਹਿਆਂ ਦੀ ਬਾਲ-ਅਵਸਥਾ ਵਿਚ ਹੀ ਸਨ। ਕੁਝ ਸਮੇਂ ਬਾਅਦ, ਰਾਜਾ ਜੈ ਸਿੰਘ ਦੇ ਨਿਮੰਤ੍ਰਣ ਤੇ 'ਬਾਲਾ ਪ੍ਰੀਤਮ' ਪੰਜਵਾੜੇ ਹੁੰਦੇ ਹੋਏ ਦਿੱਲੀ ਚਲੇ ਗਏ ਤੇ ਰਾਜੇ ਜੈ ਸਿੰਘ ਦੇ ਮਹਿਲ ਵਿਚ ਰਹੇ ਜਿੱਥੇ ਅੱਜ-ਕੱਲ੍ਹ ਗੁਰਦੁਆਰਾ ਬੰਗਲਾ ਸਾਹਿਬ ਸਥਿਤ ਹੈ। ਇਥੇ ਉਨ੍ਹਾਂ ਕਈ ਕੌਤਕ ਕੀਤੇ। ਆਪਣੇ ਵਾਪਸੀ ਸਫਰ ਦੌਰਾਨ ਸ੍ਰੀ ਤੇਗ ਬਹਾਦੁਰ ਜੀ ਨੇ ਆਪਣੇ ਪਰਵਾਰ ਸਹਿਤ 'ਬਾਲਾ ਪ੍ਰੀਤਮ' ਦੇ ਦਰਸ਼ਨ ਦਿੱਲੀ ਪਹੁੰਚ ਕੇ ਕੀਤੇ ਅਤੇ ਉਨ੍ਹਾਂ ਦੇ ਹੁਕਮ ਅਨੁਸਾਰ ਹੀ ਵਾਪਸ ਬਕਾਲੇ ਚਲੇ ਗਏ। ਕੁਝ ਸਮੇਂ ਬਾਅਦ ਦਿੱਲੀ ਵਿੱਚ ਚੇਚਕ ਦੀ ਭਿਆਨਕ ਬਿਮਾਰੀ ਫੈਲ ਗਈ। ਆਪ ਨੇ ਦਿੱਲੀ ਨਿਵਾਸੀਆਂ ਦੇ ਦਾ ਦੁੱਖ ਨਿਵਾਰਨ ਕਰਨ ਵਾਸਤੇ ਚੇਚਕ ਦਾ ਸਾਰਾ ਜ਼ੋਰ ਆਪਣੇ ਸਰੀਰ 'ਤੇ ਲੈ ਲਿਆ। ਇਸ ਅਵਸਥਾ ਵਿਚ, ਸਿੱਖਾਂ ਦੀ ਚਿੰਤਾ ਨੂੰ ਭਾਂਪ ਕੇ ਆਪ 'ਬਾਬਾ ਬਸਹਿ ਜੋ ਗਰਾਮ ਬਕਾਲੇ' ਕਹਿ ਕੇ ਗੁਰਗੱਦੀ ਸ੍ਰੀ ਤੇਗ ਬਹਾਦੁਰ ਜੀ ਨੂੰ ਸੌਂਪ ਕੇ ਬ੍ਰਹਮਲੀਨ ਹੋ ਗਏ। ਆਪਦੀ ਦੇਹ ਦਾ ਸਸਕਾਰ ਅਜੋਕੇ 'ਗੁਰਦੁਆਰਾ ਬਾਲਾ ਸਾਹਿਬ' ਦੇ ਸਥਾਨ ਤੇ ਕੀਤਾ ਗਿਆ।

**ਗੁਰੂ ਲਾਧੋ ਰੇ**

ਇਕ ਧਨਾਡ-ਵਪਾਰੀ ਸਿੱਖ ਮੱਖਣ ਸ਼ਾਹ ਲੁਬਾਣੇ ਦਾ ਵਪਾਰਕ-ਸਮਾਨ ਨਾਲ ਭਰਿਆ ਸਮੁੰਦਰੀ ਬੇੜਾ ਤੁਫਾਨ ਵਿਚ ਘਿਰ ਗਿਆ ਸੀ ।ਜਾਨ-ਮਾਲ ਦੀ ਰਖਿਆ ਵਾਸਤੇ ਉਸ ਸਿੱਖ ਨੇ ਗੁਰੂ ਨਾਨਕ ਦੀ ਗੱਦੀ ਦੇ ਵਾਰਸ ਤੇ ਉਸ ਸਮੇਂ ਦੇ ਸਤਿਗੁਰੂ ਪਾਸ ਸੱਚੇ ਦਿਲੋਂ ਅਰਦਾਸ ਕੀਤੀ ਕਿ "ਹੇ ਸਤਿਗੁਰੂ, ਮੇਰਾ ਬੇੜਾ ਤੇ ਮੈਨੂੰ ਇਸ ਸਮੁੰਦਰੀ ਤੁਫਾਨ ਤੋਂ ਬਚਾਅ ਲੈ, ਮੈਂ ਆਪਣੀ ਕਮਾਈ 'ਚੋਂ ਸੋਨੇ ਦੀਆਂ ਪੰਜ ਸੌ ਮੋਹਰਾਂ ਆਪ ਜੀ ਨੂੰ ਭੇਟ ਕਰਾਂਗਾ।" ਦਿੱਲੀ ਪਹੁੰਚ ਕੇ ਮੱਖਣ ਸ਼ਾਹ ਨੂੰ ਪਤਾ ਲੱਗਾ ਕਿ ਗੁਰੂ ਹਰਿ ਕ੍ਰਿਸ਼ਨ ਜੀ ਜੋਤੀ-ਜੋਤਿ ਸਮਾ ਗਏ ਹਨ ਤੇ ਅਗਲੇ ਗੁਰੂ ਦਾ ਇਸ਼ਾਰਾ 'ਬਾਬਾ ਬਸਹਿ ਜੋ ਗ੍ਰਾਮ ਬਕਾਲੇ' ਸ਼ਬਦਾਂ ਰਾਹੀਂ ਕਰ ਗਏ ਹਨ। ਓਧਰ ਬਕਾਲੇ ਵਿਖੇ ਗੁਰੂ ਬਣਨ ਦੇ 22 ਅਭਿਲਾਸ਼ੀ 'ਬੇਦੀ ਤੇ ਸੋਢੀ ਬੰਸੀਏ' ਆਪੋ-ਆਪਣੀਆਂ ਮੰਜੀਆਂ ਡਾਹ ਕੇ ਬੈਠ ਗਏ ਸਨ। ਬਕਾਲੇ ਪਹੁੰਚ ਕੇ ਮੱਖਣ ਸ਼ਾਹ ਵੀ ਦੁਚਿੱਤੀ ਵਿਚ ਪੈ ਗਿਆ। ਉਸ ਨੇ ਸੋਚਿਆ ਕਿ ਜਿਹੜਾ ਸੱਚਾ ਗੁਰੂ ਹੋਵੇਗਾ ਆਪੇ ਆਪਣੀ ਅਮਾਨਤ ਮੰਗ ਲਵੇਗਾ। ਉਹ ਓਥੇ ਮੰਜੀ ਤੇ ਬੈਠੇ ਹਰੇਕ ਬੰਦੇ ਅੱਗੇ ਪੰਜ-ਪੰਜ ਮੋਹਰਾਂ ਰੱਖਦਾ ਗਿਆ ਪਰ ਉਨ੍ਹਾਂ ਵਿੱਚੋਂ ਇੱਕ ਵੀ 'ਅਸਲੀ ਗੁਰੂ' ਵਾਲੀ ਉਹਦੀ 'ਪਰਖ-ਕਸਵੱਟੀ' ਤੇ ਪੂਰਾ ਨਾ ਉਤਰਿਆ। "ਏਥੇ ਹੋਰ ਵੀ ਕੋਈ ਗੁਰੂ ਹੈ?" ਪੁੱਛਣ 'ਤੇ ਕਿਸੇ ਨੇ ਉਸਨੂੰ ਦੱਸਿਆ ਕਿ "ਓਧਰ ਇਕ ਭੋਰੇ 'ਚ ਬੈਠਾ ਹੈ 'ਤੇਗਾ ਕਮਲਾ'।" ਉਸਨੇ ਭੋਰੇ ਅੰਦਰ ਪਹੁੰਚ ਕੇ ਮੁੰਦੇ ਹੋਏ ਨੈਣਾਂ ਨਾਲ ਪ੍ਰਭੂ-ਭਗਤੀ 'ਚ ਲੀਨ ਗੁਰੂ ਤੇਗ ਬਹਾਦੁਰ ਜੀ ਸਾਹਵੇਂ ਵੀ ਪੰਜ ਮੋਹਰਾਂ ਰੱਖ ਕੇ ਮੱਥਾ ਜਾ ਟੇਕਿਆ। ਅੰਤਰਯਾਮੀ ਸਤਿਗੁਰੂ ਨੇ ਆਪਣੇ ਨੇਤਰ ਖੋਲ੍ਹ ਕੇ ਕਿਹਾ, "ਭਾਈ ਸਿੱਖਾ, ਪੰਜ ਸੌ ਮੋਹਰਾਂ ਭੇਟਾ ਕਰਨ ਦਾ ਵਾਅਦਾ ਕਰਕੇ ਹੁਣ ਕੇਵਲ ਪੰਜ ਹੀ ਭੇਟ ਕਰ ਰਿਹਾ ਹੈਂ? ਨਾਲੇ, ਐਹ ਵੇਖ ਮੇਰਾ ਮੋਢਾ, ਜਿਹੜਾ ਤੇਰੇ ਬੇੜੇ ਨੂੰ ਸਮੁੰਦਰੀ ਤੁਫਾਨ 'ਚੋਂ ਬਾਹਰ ਕੱਢਦੇ ਹੋਏ ਜ਼ਖਮੀ ਹੋ ਗਿਆ ਸੀ।" ਸੱਚੇ ਗੁਰੂ ਦੇ ਇਹ ਸ਼ਬਦ ਸੁਣ ਕੇ ਮੱਖਣ ਸ਼ਾਹ ਮਸਤਾਨਾ ਹੋ ਗਿਆ ਤੇ ਓਸੇ ਭੋਰੇ ਉਪਰ ਬਣੇ ਕੋਠੇ ਦੀ ਛੱਤ 'ਤੇ ਚੜ੍ਹ ਕੇ, ਆਪਣਾ

ਪੱਲਾ ਹਵਾ ਵਿਚ ਲਹਿਰਾਉਂਦੇ ਹੋਏ ਉੱਚੀ ਆਵਾਜ਼ 'ਚ ਬਾਰ-ਬਾਰ ਇਹੀ ਸ਼ਬਦ ਦੁਹਰਾਉਂਦਾ ਰਿਹਾ:"ਗੁਰੂ ਲਾਧੋ ਰੇ, ਗੁਰੂ ਲਾਧੋ ਰੇ।" ਦੁਨੀਆਂ ਸਾਹਵੇਂ ਇਸ ਤਰ੍ਹਾਂ ਪਰਗਟ ਹੋਏ ਸਨ ਸਤਿਗੁਰੂ ਤੇਗ ਬਹਾਦੁਰ ਜੀ!

ਬਕਾਲਾ ਵਿਖੇ 11 ਅਗਸਤ, ਸੰਨ 1664 ਨੂੰ ਆਪ ਜੀ ਦੇ ਵੱਡੇ ਭਰਾਤਾ ਬਾਬਾ ਗੁਰਦਿੱਤਾ ਜੀ ਤੇ ਬਾਬਾ ਬੁੱਢਾ ਜੀ ਦੇ ਪੋਤਰੇ ਨੇ ਸ੍ਰੀ ਤੇਗ ਬਹਾਦੁਰ ਜੀ ਨੂੰ ਗੁਰਤਾ ਦਾ ਤਿਲਕ ਦੇ ਕੇ ਗੁਰੂ ਨਾਨਕ ਦੀ ਦੀਨੀ ਗੱਦੀ 'ਤੇ 'ਨੌਵੇਂ ਸਤਿਗੁਰੂ' ਵਜੋਂ ਸਥਾਪਤ ਕੀਤਾ। ਇਸ ਧਾਰਮਕ ਰਸਮ ਤੋਂ ਜਲਦੀ ਬਾਅਦ, ਸਤਿਗੁਰੂ ਤੇਗ ਬਹਾਦੁਰ ਜੀ ਬਿਲਾਸਪੁਰ ਦੇ ਰਾਜੇ ਦੀਪ ਚੰਦ ਦੀ ਮੌਤ ਦਾ ਸ਼ੋਕ ਕਰਨ ਵਾਸਤੇ ਉਹਦੇ ਪਰਵਾਰ ਨੂੰ ਮਿਲਣ ਗਏ। ਇਸ ਮਿਲਣੀ ਸਮੇਂ ਹੀ ਵਿਧਵਾ ਰਾਣੀ ਚੰਪਾ ਨੇ ਗੁਰੂ ਜੀ ਨੂੰ ਲੋਧੀਪੁਰ, ਮੀਆਂਪੁਰ ਅਤੇ ਸਿਹੋਟਾ- ਤਿੰਨ ਪਿੰਡਾਂ ਦੀ ਜ਼ਮੀਨ (ਕੁਝ ਇਤਿਹਾਸਕਾਰਾਂ ਦੇ ਅਨੁਸਾਰ ਇਹ ਜ਼ਮੀਨ ਪਿੰਡ ਮਾਖੋਵਾਲ ਦੀ ਸੀ) ਕੇਵਲ 800 ਰੁਪਏ ਵਿਚ ਦੇਣ ਦੀ ਪੇਸ਼ਕਸ਼ ਕੀਤੀ । ਏਸੇ ਜ਼ਮੀਨ 'ਤੇ ਹੀ ਸਤਿਗੁਰਾਂ ਨੇ ਮਾਖੋਵਾਲ/ਚੱਕ ਨਾਨਕੀ ਅਥਵਾ ਆਨੰਦਪੁਰ ਦਾ ਨਗਰ ਵਸਾਇਆ ਸੀ।

**ਗੁਰਸਿੱਖੀ ਪ੍ਰਚਾਰ ਵਾਸਤੇ ਦੌਰੇ**

ਕੁਝ ਕੁ ਸਾਲਾਂ ਬਾਅਦ, ਸਤਿਗੁਰੂ ਜੀ ਆਪਣੇ ਪਰਵਾਰ ਅਤੇ ਕੁਝ ਮੁਖੀ ਸਿੱਖਾਂ-ਸੇਵਕਾਂ ਸਹਿਤ ਲੰਮੇ ਪ੍ਰਚਾਰ ਦੌਰੇ ਵਾਸਤੇ ਰਵਾਨਾ ਹੋਏ।ਕਈ ਥਾਈਂ ਪੜਾਅ ਕਰਦੇ ਹੋਏ ਆਪ 6 ਨਵੰਬਰ, 1665 ਨੂੰ ਦਿੱਲੀ ਪਹੁੰਚੇ ਅਤੇ ਅੰਬੇਰ ਦੀ ਰਾਣੀ ਪੁਸ਼ਪਾ ਦੇਵੀ ਤੇ ਉਸਦੇ ਪੁੱਤਰ ਕੰਵਰ ਰਾਮ ਸਿੰਘ ਪਾਸ ਠਹਿਰੇ। ਏਥੇ ਹੀ ਦਿੱਲੀ ਅਤੇ ਆਲੇ-ਦੁਆਲੇ ਦੀ ਸਿੱਖ-ਸੰਗਤ ਆ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਦੀ ਰਹੀ। ਕੁਝ ਦਿਨ ਦਿੱਲੀ ਰੁਕਣ ਉਪਰੰਤ, ਆਪ ਮਥੁਰਾ, ਆਗਰਾ, ਅਲਾਹਾਬਾਦ, ਬਨਾਰਸ ਹੁੰਦੇ ਹੋਏ ਸਾਸਾਰਾਮ ਪਹੁੰਚ ਕੇ ਫੱਗੂ ਨਾਂ ਦੇ ਆਪਣੇ ਪ੍ਰੇਮੀ ਸਿੱਖ ਨੂੰ ਮਿਲੇ। ਫਿਰ ਪਟਨਾ ਸ਼ਹਿਰ ਵਿਖੇ ਪਹੁੰਚ ਕੇ ਬਰਸਾਤ ਦਾ ਮੌਸਮ ਓਥੇ ਹੀ ਬਿਤਾਇਆ। ਪਟਨੇ ਤੋਂ ਆਪ ਦੂਰ ਪੂਰਬ ਦੇ ਇਲਾਕਿਆਂ (ਜਿੱਥੋਂ ਜਿੱਥੋਂ ਦੀਆਂ ਸੰਗਤਾਂ ਆਪਣੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਚਿਰਾਂ ਤੋਂ ਆਪ ਜੀ ਨੂੰ ਉਡੀਕ ਰਹੀਆਂ ਸਨ) ਵਿੱਚੋਂ ਲੰਘਦੇ ਹੋਏ ਢਾਕੇ ਤਕ ਗਏ। ਸਤਿਗੁਰੂ ਜੀ ਆਪਣੇ ਪਰਵਾਰ ਨੂੰ ਪਟਨਾ ਵਿਖੇ ਹੀ ਆਪਣੇ ਸਾਲਾ ਕਿਰਪਾਲ ਦਾਸ ਜੀ ਦੀ ਦੇਖ-ਰੇਖ ਵਿੱਚ ਛੱਡ ਕੇ ਗਏ ਸਨ। ਜਦੋਂ ਉਨ੍ਹਾਂ ਦੇ ਵਿਆਹ ਤੋਂ ਪੂਰੇ ਬੱਤੀ ਵਰ੍ਹਿਆਂ ਬਾਅਦ ਇਕਲੌਤੀ ਸੰਤਾਨ 'ਗੋਬਿੰਦ ਰਾਇ' ਜੀ ਦਾ ਆਗਮਨ ਹੋਇਆ ਤਾਂ ਸਤਿਗੁਰੂ ਤੇਗ ਬਹਾਦੁਰ ਜੀ ਢਾਕਾ ਵਿਖੇ ਪਹੁੰਚ ਚੁੱਕੇ ਸਨ। ਲਗਪਗ ਸੰਨ 1668 ਦੇ ਅੰਤ ਵਿਚ ਸਤਿਗੁਰੂ ਤੇਗ ਬਹਾਦੁਰ ਜੀ ਬ੍ਰਹਮਪੁੱਤਰ ਦਰਿਆ ਦੇ ਰਸਤੇ ਆਸਾਮ ਵਿਚ ਧੁਬਰੀ ਦੇ ਸਥਾਨ ਤੇ ਪਹੁੰਚੇ ਜਿੱਥੇ ਇਕ ਸਮੇਂ ਗੁਰੂ ਨਾਨਕ ਦੇਵ ਜੀ ਵੀ ਆਪਣੀ ਪੂਰਬ ਦੀ ਯਾਤਰਾ ਦੌਰਾਨ ਰੁਕੇ ਸਨ। ਨਾਭਾ ਜੀ ਦੇ 'ਮਹਾਨ ਕੋਸ਼' ਅਨੁਸਾਰ 'ਇਸ ਜਗਹ ਰਾਜਾ ਰਾਮਰਾਇ (ਆਸਾਮ ਦਾ ਇਕ ਰਈਸ) ਦੇ ਘਰ ਸਤਿਗੁਰੂ ਜੀ ਦੇ ਆਸ਼ੀਰਵਾਦ ਨਾਲ ਪੁੱਤਰ (ਰਤਨ ਰਾਇ) ਪੈਦਾ ਹੋਇਆ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਕੁਝ ਬਹੁ-ਕੀਮਤੀ ਸੌਗਾਤਾਂ ਲੈ ਕੇ ਆਨੰਦਪੁਰ ਵੀ ਆਇਆ ਸੀ ਤੇ ਸਿੱਖ ਬਣਿਆ।' ਆਸਾਮ ਤੋਂ ਵਾਪਸੀ ਦਾ ਸਫਰ ਆਪ ਜੀ ਨੇ ਸੰਨ 1669 ਦੇ ਅੰਤ ਵਿਚ ਆਰੰਭ ਕੀਤਾ ਅਤੇ ਪਟਨਾ ਪਹੁੰਚ ਕੇ ਪਹਿਲੀ ਵਾਰ ਆਪਣੇ ਸਪੁੱਤਰ ਗੋਬਿੰਦ ਰਾਇ ਨੂੰ ਵੇਖਿਆ। ਆਪ ਨੇ ਆਪਣੇ ਪਰਵਾਰ ਨੂੰ ਪੰਜਾਬ ਜਾਣ ਦਾ ਹੁਕਮ ਕੀਤਾ ਤੇ ਕਿਹਾ ਕਿ ਤੁਸੀਂ ਅੰਬਾਲੇ ਦੇ ਨਜ਼ਦੀਕ ਪੈਂਦੇ ਲਖਨੌਰ ਵਿਖੇ ਮੇਹਰ ਚੰਦ, (ਮਾਤਾ ਗੁਜਰੀ ਜੀ ਦੇ ਭਰਾ) ਦੇ ਘਰ ਪਹੁੰਚ ਕੇ ਸਾਡੀ ਉਡੀਕ ਕਰਨੀ। ਸਤਿਗੁਰੂ ਜੀ ਆਪ ਦਿੱਲੀ ਵੱਲ ਰਵਾਨਾ ਹੋ ਗਏ ਜਿੱਥੇ ਆਪ 20 ਜੂਨ, 1670 ਨੂੰ ਪਹੁੰਚ ਕੇ ਰਾਨੀ ਪੁਸ਼ਪਾ ਦੇਵੀ ਨੂੰ ਮਿਲੇ ਤੇ ਉਸਨੂੰ ਉਹਦੇ ਪੁੱਤਰ ਰਾਜਾ ਰਾਮ ਸਿੰਘ (ਜੋ ਆਪਜੀ ਨੂੰ ਇਕ ਵਾਰ ਢਾਕੇ ਮਿਲਿਆ ਸੀ) ਦੀ ਸੁੱਖਸਾਂਦ ਦਾ ਸਮਾਚਾਰ ਦਿੱਤਾ। ਸਤਿਗੁਰੂ ਜੀ ਲਖਨੌਰ ਪਹੁੰਚ ਕੇ ਆਪਣੇ ਪਰਵਾਰ ਨਾਲ ਜਾ ਰਲੇ। ਓਥੋਂ ਪਰਵਾਰ ਨੂੰ ਚੱਕ ਨਾਨਕੀ (ਆਨੰਦਪੁਰ) ਭੇਜ ਦਿੱਤਾ ਤੇ ਆਪ ਮਾਲਵੇ ਵਿਚ ਆਪਣੀ ਭੈਣ ਬੀਬੀ ਵੀਰੋ ਨੂੰ ਮਿਲ ਕੇ ਕਰਤਾਰਪੁਰ ਤੇ ਬਕਾਲਾ ਹੁੰਦੇ ਹੋਏ ਸੰਨ 1672 ਦੀ ਵੈਸਾਖੀ ਤੋਂ ਕੁਝ ਦਿਨ ਪਹਿਲਾਂ ਆਨੰਦਪੁਰ ਪਹੁੰਚ ਗਏ।

**ਕਸ਼ਮੀਰੀ ਪੰਡਿਤਾਂ ਆ ਕੀਤੀ ਫਰਿਆਦ**

ਬਾਦਸ਼ਾਹ ਔਰੰਗਜ਼ੇਬ ਹਰ ਕਿਸੇ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣਾ ਚਾਹੁੰਦਾ ਸੀ । ਉਸਨੇ ਇਹ ਮੁਹਿੰਮ ਕਸ਼ਮੀਰ ਤੋਂ ਸ਼ੁਰੂ ਕੀਤੀ ਤੇ ਕਸ਼ਮੀਰ ਦੇ ਗਵਰਨਰ ਇਫਤਿਖਾਰ ਖਾਨ ਨੂੰ ਹੁਕਮ ਕੀਤਾ ਕਿ ਹਰ ਤਾਕਤ ਵਰਤ ਕੇ ਗ਼ੈਰ-ਮੁਸਲਿਮ ਲੋਕਾਂ ਨੂੰ ਤੇਜ਼ੀ ਨਾਲ ਮੁਸਲਿਮ ਬਣਾਵੇ। ਇਸ ਬਾਦਸ਼ਾਹੀ ਹੁਕਮ ਕਾਰਨ ਕਸ਼ਮੀਰ ਦੇ ਪੰਡਿਤ ਬਹੁਤ ਪਰੇਸ਼ਾਨ ਹੋ ਗਏ। ਮੱਟਨ ਦੇ ਵਸਨੀਕ ਪੰਡਿਤ ਕਿਰਪਾ ਰਾਮ

ਦੱਤ ਦੀ ਅਗਵਾਈ ਵਿੱਚ 20 ਕੁ ਪੰਡਿਤਾਂ ਦਾ ਇਕ ਵਫਦ ਆਨੰਦਪੁਰ ਪਹੁੰਚਿਆ ਅਤੇ ਉਨ੍ਹਾਂ ਸਤਿਗੁਰੂ ਤੇਗ ਬਹਾਦੁਰ ਜੀ ਨੂੰ ਫਰਿਆਦ ਕੀਤੀ ਕਿ "ਔਰੰਗਜ਼ੇਬ ਸਭ ਕਸ਼ਮੀਰੀ ਬ੍ਰਾਹਮਣਾਂ ਨੂੰ ਜ਼ਬਰਦਸਤੀ ਮੁਸਲਿਮ ਬਣਾਉਣ ਲਈ ਹਰ ਹੁਕਮਰਾਨੀ ਹੀਲਾ ਤੇ ਹਥਿਆਰ ਵਰਤ ਰਿਹਾ ਹੈ। ਉਨ੍ਹਾਂ ਦਾ ਹਿੰਦੂ-ਧਰਮ ਅਤੇ ਜੀਵਨ ਬਹੁਤ ਖਤਰੇ ਵਿਚ ਹੈ। ਆਪਜੀ ਸਾਡੀ ਪਰੇਸ਼ਾਨੀਆਂ ਦੇ ਮੱਦੇਨਜ਼ਰ ਇਸ ਗੰਭੀਰ ਸਮੱਸਿਆ ਦੇ ਸਦੀਵੀ ਸਮਾਧਾਨ ਵਾਸਤੇ ਕੋਈ ਠੋਸ ਹੱਲ ਲੱਭਣ ਦੀ ਕ੍ਰਿਪਾ ਕਰੋ ਜੀ।" ਕਸ਼ਮੀਰੀ ਬ੍ਰਾਹਮਣਾਂ ਦੀਆਂ ਮੁਸ਼ਕਿਲਾਂ ਸੁਣ ਕੇ ਸਤਿਗੁਰੂ ਜੀ ਬੜੀ ਗੰਭੀਰ ਮੁੱਦਰਾ ਵਿਚ ਸੋਚੀਂ ਪੈ ਗਏ। ਕਿਸੇ ਅਜ਼ੀਮ ਸ਼ਾਇਰ ਦਾ ਇਹ ਸ਼ੇਅਰ ਏਥੇ ਬਹੁਤ ਢੁਕਦਾ ਹੈ:

"ਹਮਾਰੀ ਪਰੇਸ਼ਾਨੀਆਂ ਨਾ ਉਨ ਸੇ ਕਹਿਨਾ।
ਸੁਨੇਂਗੇ ਤੋ ਵੋਹ ਭੀ ਪਰੇਸ਼ਾਨ ਹੋਂਗੇ।"

ਇਸ ਮੌਕੇ, ਨੌਂ ਸਾਲ ਦੇ ਗੋਬਿੰਦ ਰਾਇ ਜੀ ਆਪਣੇ ਪਿਤਾ-ਗੁਰੂ ਜੀ ਪਾਸ ਆਏ ਤੇ ਉਨ੍ਹਾਂ ਦੀ ਚਿੰਤਾ ਦਾ ਕਾਰਨ ਪੁੱਛਿਆ। ਸਤਿਗੁਰੂ ਜੀ ਨੇ ਸਾਰੀ ਸਮੱਸਿਆ ਆਪਣੇ ਬੱਚੇ ਨੂੰ ਸੁਣਾ ਦਿੱਤੀ। ਗੋਬਿੰਦ ਰਾਇ ਨੇ ਪੁੱਛਿਆ, "ਇਸ ਮੁਸ਼ਕਿਲ ਦਾ ਹੱਲ ਕੀ ਹੈ, ਪਿਤਾ ਜੀ ?" ਗੰਭੀਰ ਮੁੱਦਰਾ ਤੇ ਨਰਮ ਆਵਾਜ਼ ਵਿਚ ਸਤਿਗੁਰੂ ਜੀ ਨੇ ਆਪਣੇ ਬੱਚੇ ਦੇ ਸਵਾਲ ਦਾ ਜਵਾਬ ਦਿੱਤਾ: "ਜ਼ੋਰ-ਓ-ਜ਼ੁਲਮ ਦੁਆਰਾ ਇਸ ਸਮੂਹਿਕ ਧਰਮ-ਪਰਿਵਰਤਨ ਨੂੰ ਰੋਕਣ ਵਾਸਤੇ ਕਿਸੇ ਪਵਿੱਤਰ, ਮਹਾਨ ਤੇ ਰੱਬੀ ਰੂਹ ਨੂੰ ਆਪਣੇ ਜੀਵਨ ਦੀ ਕੁਰਬਾਨੀ ਦੇਣੀ ਪਵੇਗੀ।" ਇਹ ਉੱਤਰ ਸੁਣ ਕੇ ਗੋਬਿੰਦ ਰਾਇ ਜੀ ਨੇ ਭੋਲੇਪਣ ਹੀ ਇਹ ਸ਼ਬਦ ਕਹਿ ਦਿੱਤੇ, "ਆਪ ਜੀ ਤੋਂ ਵਧੇਰੇ ਪਵਿੱਤਰ ਅਤੇ ਰੱਬੀ ਰੂਹ ਵਾਲਾ ਸ਼ਖਸ ਹੋਰ ਕੌਣ ਹੋ ਸਕਦਾ ਹੈ? ਆਪਜੀ ਨੂੰ ਹੀ ਇਨ੍ਹਾਂ ਫਰਿਆਦੀਆਂ ਦੇ ਆਗੂ ਬਣ ਕੇ ਤੇ ਆਪਣੇ ਜੀਵਨ ਦਾ ਬਲੀਦਾਨ ਦੇ ਕੇ ਮੁਗ਼ਲ ਹਾਕਮਾਂ ਦੇ ਜ਼ੁਲਮ ਨੂੰ ਰੋਕਣਾ ਚਾਹੀਦਾ ਹੈ।" ਆਪਣੇ ਬੱਚੇ ਦੇ ਇਹ ਨਿਰਭੀਕ ਵਾਕ ਸੁਣ ਕੇ ਸਤਿਗੁਰੂ ਤੇਗ ਬਹਾਦੁਰ ਜੀ ਮੁਸਕੁਰਾਏ ਅਤੇ ਆਪਣੇ ਸਪੁੱਤਰ ਦੀ ਸਿਆਣਪ ਉੱਤੇ ਸੰਤੁਸ਼ਟੀ ਮਹਿਸੂਸ ਕੀਤੀ ਕਿ ਮੇਰਾ ਇਹ ਫਰਜ਼ੰਦ ਸਿੱਖ ਪੰਥ ਦੀ ਵਾਗਡੋਰ ਅਤੇ ਜ਼ਿੰਮੇਵਾਰੀਆਂ ਸੰਭਾਲਣ ਵਾਸਤੇ ਪੂਰਾ ਦ੍ਰਿੜ੍ਹ ਤੇ ਕਾਬਿਲ ਹੈ। ਸਤਿਗੁਰੂ ਜੀ ਜਾਣਦੇ ਸਨ ਕਿ ਆਉਣ ਵਾਲਾ ਵਕਤ ਬਹੁਤ ਸਖਤ, ਭਿਆਨਕ ਕਠਿਨਾਈਆਂ ਤੇ ਖੂਨੀ ਨਤੀਜਿਆਂ ਵਾਲਾ ਹੋਵੇਗਾ ਪਰ ਉਨ੍ਹਾਂ ਦਾ ਬੇਟਾ ਹਰ ਸੰਗੀਨ ਹਾਲਾਤ ਦਾ ਦਲੇਰੀ ਅਤੇ ਬਹਾਦੁਰੀ ਸਹਿਤ ਸਾਹਮਣਾ ਕਰਨ ਵਾਸਤੇ ਹੁਣ ਸੁਯੋਗ ਤੇ ਤਿਆਰ ਹੈ। ਸਤਿਗੁਰੂ ਜੀ ਨੇ ਆਪਣੇ ਸਪੁੱਤਰ ਦਾ ਮੱਥਾ ਚੁੰਮਿਆਂ ਅਤੇ ਪੰਡਿਤ ਕਿਰਪਾ ਰਾਮ ਦੱਤ ਦੀ ਅਗਵਾਈ ਵਿਚ ਆਏ ਵਫਦ ਨੂੰ ਇਨ੍ਹਾਂ ਸ਼ਬਦਾਂ ਸਹਿਤ ਉਨ੍ਹਾਂ ਦੀ ਪੂਰਨ ਸੁਰੱਖਿਆ ਕਰਨ ਦਾ ਭਰੋਸਾ ਦਿਵਾਇਆ, "ਪੰਡਿਤ ਜੀ, ਤੁਸੀਂ ਔਰੰਗਜ਼ੇਬ ਨੂੰ ਆਪਣੇ ਵੱਲੋਂ ਜਵਾਬ ਭੇਜ ਦਿਓ ਕਿ ਗੁਰੂ ਤੇਗ ਬਹਾਦੁਰ ਸਾਡੇ ਨਾਇਕ ਹਨ, ਜੇ ਉਹ ਇਸਲਾਮ ਕਬੂਲ ਕਰ ਲੈਣ ਤਾਂ ਅਸੀਂ ਸਾਰੇ ਵੀ ਬਿਨਾਂ ਕਿਸੇ ਖ਼ੂਨ-ਖਰਾਬੇ ਦੇ ਇਸਲਾਮ ਕਬੂਲ ਕਰ ਲਵਾਂਗੇ।" ਇਹ ਸੁਨੇਹਾ ਮਿਲਦੇ ਹੀ ਔਰੰਗਜ਼ੇਬ ਦਾ ਚਿਹਰਾ ਖਿੜ ਉਠਿਆ। ਉਸਨੇ ਤੁਰੰਤ ਸਰਹਿੰਦ ਦੇ ਸੂਬੇ ਨੂੰ ਹੁਕਮ ਭੇਜਿਆ ਕਿ ਉਹ ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਅਗਲੇ ਹੁਕਮਾਂ ਦੀ ਉਡੀਕ ਕਰੇ। ਬਹਿਰਹਾਲ, ਕਸ਼ਮੀਰੀ ਬ੍ਰਾਹਮਣਾਂ ਉੱਪਰ ਮੁਗ਼ਲ ਹਾਕਮਾਂ ਦੇ ਧਾਰਮਿਕ ਜਬਰ-ਜ਼ੁਲਮ ਰੁਕ ਗਏ।

**ਧਰਮ ਹੇਤ ਗੁਰਦੇਵ ਪਠਾਏ**

ਆਪਣੇ ਬੇਟੇ ਗੋਬਿੰਦ ਰਾਇ ਨੂੰ 8 ਜੁਲਾਈ 1675 ਨੂੰ ਗੁਰੂ ਨਾਨਕ ਦੀ ਗੁਰੁਤਾ-ਗੱਦੀ ਸੌਂਪ ਕੇ ਨੌਵੇਂ ਪਾਤਸ਼ਾਹ 11 ਜੁਲਾਈ 1675 ਨੂੰ ਆਪਣੇ ਤਿੰਨ ਸਿੱਖਾਂ- ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ- ਨੂੰ ਨਾਲ ਲੈ ਕੇ ਆਨੰਦਪੁਰ ਤੋਂ ਚੱਲ ਪਏ। ਮਲਿਕਪੁਰ (ਰੋਪੜ) ਦੇ ਥਾਣੇਦਾਰ ਨੂਰ ਮੁਹੰਮਦ ਨੇ ਆਪ ਸਭ ਨੂੰ ਗ੍ਰਿਫਤਾਰ ਕਰਕੇ ਅਗਲੇ ਦਿਨ ਸਰਹਿੰਦ ਦੇ ਨਵਾਬ ਨੂੰ ਇਸ ਗਰਿਫਤਾਰੀ ਦਾ ਸੰਦੇਸ਼ ਭੇਜ ਦਿੱਤਾ। ਨਵਾਬ ਨੇ ਸਤਿਗੁਰੂ ਜੀ ਨੂੰ ਆਪਦੇ ਤਿੰਨੇ ਸਿੱਖ ਸਾਥੀਆਂ ਸਮੇਤ ਬੱਸੀ ਪਠਾਣਾਂ ਵਿਖੇ ਕਰੜੀ ਕੈਦ 'ਚ ਰੱਖਣ ਦਾ ਹੁਕਮ ਦੇ ਕੇ ਬਾਦਸ਼ਾਹ ਔਰੰਗਜ਼ੇਬ ਨੂੰ ਵੀ ਖਬਰ ਭਿਜਵਾ ਦਿੱਤੀ। ਏਥੇ ਤਿੰਨ ਮਹੀਨਿਆਂ ਦੀ ਕੈਦ ਦੌਰਾਨ ਆਪ ਸਭ ਨੂੰ ਭਾਰੀ ਕਸ਼ਟ ਦਿੱਤੇ ਜਾਂਦੇ ਰਹੇ। ਸਤਿਗੁਰੂ ਜੀ ਨੂੰ ਇਕ ਲੋਹੇ ਦੇ ਪਿੰਜਰੇ ਅੰਦਰ ਬੰਦ ਕਰਕੇ 4 ਨਵੰਬਰ 1675 ਨੂੰ ਦਿੱਲੀ ਭੇਜ ਦਿੱਤਾ ਗਿਆ ਜਿੱਥੇ ਆਪ ਜੀ ਨੂੰ ਜ਼ੰਜੀਰਾਂ 'ਚ ਜਕੜ ਕੇ ਤਰ੍ਹਾਂ-ਤਰ੍ਹਾਂ ਦੇ ਦੁੱਖ ਦਿੱਤੇ ਗਏ ਤਾਂਕਿ ਉਹ ਇਸਲਾਮ ਕਬੂਲ ਕਰ ਲੈਣ। ਆਪ ਜੀ ਨੇ ਹਾਕਮਾਂ ਵੱਲੋਂ ਦੁਨਿਆਵੀ ਸੁੱਖ-ਸੁਵਿਧਾਵਾਂ ਲੈਣ ਦੇ ਲੋਭ ਵੀ ਠੁਕਰਾਅ ਦਿੱਤੇ। ਆਪ ਜੀ ਨੇ ਆਪਣਾ ਧਾਰਮਿਕ ਅਕੀਦਾ/ਵਿਸ਼ਵਾਸ ਬਦਲਣ ਜਾਂ ਕੋਈ ਦੈਵੀ ਕਰਾਮਾਤ ਵਿਖਾਉਣ ਦੀ ਪੇਸ਼ਕਸ਼ ਨੂੰ ਵੀ ਠੁਕਰਾਅ ਦਿੱਤਾ। ਆਪ ਜੀ ਨੇ ਤੀਸਰੀ ਤੇ ਅੰਤਿਮ ਸੂਰਤ ਅਥਵਾ ਬਦਲ- 'ਆਪਣਾ ਸੀਸ ਕਟਾਉਣ'- ਨੂੰ ਹੀ ਤਰਜੀਹ ਦਿੱਤੀ। ਆਪ ਜੀ ਦੇ ਇਸ ਦ੍ਰਿੜ੍ਹ ਇਰਾਦੇ ਨੂੰ ਪਰਖਣ ਵਾਸਤੇ, ਆਪ ਜੀ ਦੇ ਤਿੰਨੇ ਸਿੱਖ ਸਾਥੀਆਂ ਨੂੰ, ਤਿੰਨ ਦਿਨਾਂ ਵਿਚ, ਪ੍ਰਤੀ ਦਿਨ ਇਕ ਨੂੰ, ਆਪ ਜੀ ਦੇ ਸਨਮੁੱਖ

ਸ਼ਹੀਦ ਕੀਤਾ ਗਿਆ। ਪਹਿਲੇ ਦਿਨ, 08 ਨਵੰਬਰ 1675 ਨੂੰ, ਭਾਈ ਮਤੀ ਦਾਸ ਦੇ ਸਰੀਰ ਨੂੰ ਲੱਕੜ ਦੀਆਂ ਦੋ ਲੰਮੀਆਂ ਤੇ ਮੋਟੀਆਂ ਗੇਲੀਆਂ ਵਿਚਕਾਰ ਜਕੜ ਕੇ (ਤੇ ਉਸਦੀ ਆਖਰੀ ਇੱਛਾ ਦੇ ਅਨੁਸਾਰ ਉਹਦਾ ਮੁੱਖ ਸਤਿਗੁਰੂ ਜੀ ਵੱਲ ਰੱਖ ਕੇ) ਲੋਹੇ ਦੇ ਵੱਡੇ ਆਰੇ ਨਾਲ, ਲੰਮੇ ਰੁੱਕ ਚੀਰ ਦਿੱਤਾ ਗਿਆ। ਸਾਹਮਣੇ ਨੁਕੀਲੇ ਪਿੰਜਰੇ ਦੇ ਅੰਦਰ ਖੜ੍ਹੇ ਕੀਤੇ ਸਤਿਗੁਰੂ ਜੀ ਨੇ ਆਪਣੇ ਸਿੱਖ ਭਾਈ ਮਤੀ ਦਾਸ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ਏਨੀ ਬੇਰਹਿਮੀ ਨਾਲ ਕਤਲ ਕੀਤੇ ਜਾਂਦੇ ਹੋਏ, ਐਪਰ ਅਡਿੱਗ ਸਿੱਖੀ ਸਿਦਕ ਨਿਭਾਉਂਦੇ ਹੋਏ, ਆਪਣੇ ਨੈਣਾਂ ਨਾਲ ਤੱਕਿਆ। ਅਗਲੇ ਦਿਨ, 09 ਨਵੰਬਰ 1675 ਨੂੰ, ਭਾਈ ਸਤੀ ਦਾਸ ਜੀ ਨੂੰ ਵੱਡੇ ਸਾਰੇ ਦੇਗੇ ਅੰਦਰ ਉੱਬਲਦੇ ਹੋਏ ਪਾਣੀ ਵਿਚ ਬਿਠਾ ਕੇ ਉਹਦੇ ਸਰੀਰ ਦੀ ਸਾਰੀ ਚਰਬੀ ਵੀ ਸੜਦੇ ਹੋਏ ਪਾਣੀ ਦੇ ਅੰਦਰ ਇੰਵ ਗਾਲ ਦਿੱਤੀ ਕਿ ਪਿੱਛੇ ਉਨ੍ਹਾਂ ਦੇ ਸਰੀਰ ਦਾ ਪਿੰਜਰ ਹੀ ਬਚਿਆ। ਅਗਲੇ ਦਿਨ 10 ਨਵੰਬਰ 1675 ਨੂੰ ਤੀਸਰੇ ਸਿੱਖ ਭਾਈ ਦਿਆਲਾ ਜੀ ਨੂੰ ਮਿੱਟੀ ਦੇ ਤੇਲ ਨਾਲ ਭਿੱਜੇ ਹੋਏ ਰੂੰ ਵਿਚ ਲਪੇਟ ਕੇ, ਜ਼ਿੰਦਾ ਹੀ ਜਲਾ ਦਿੱਤਾ ਗਿਆ। ਇਨ੍ਹਾਂ ਤਿੰਨਾਂ ਸਿੱਖਾਂ ਦੀਆਂ ਬੇਮਿਸਾਲ ਕੁਰਬਾਨੀਆਂ ਵੀ ਸਤਿਗੁਰੂ ਜੀ ਦੇ ਇਰਾਦੇ ਨੂੰ ਬਦਲ ਨਾ ਸਕੀਆਂ, ਬਲਕਿ ਉਨ੍ਹਾਂ ਨੂੰ ਹੋਰ ਬਲ ਮਿਲਿਆ। ਅੰਤ ਵਿਚ 11 ਨਵੰਬਰ 1675 ਦੇ ਦਿਨ ਇੱਕ ਥੜ੍ਹੇ ਦੇ ਉੱਪਰ ਆਪ ਜੀ ਨੂੰ ਬਿਠਾ ਕੇ, ਆਪ ਜੀ ਦਾ ਸੀਸ ਕੱਟ ਦਿੱਤਾ ਗਿਆ (ਇਹ ਥੜ੍ਹਾ ਦਿੱਲੀ ਦੇ ਚਾਂਦਨੀ ਚੌਕ ਵਿਚਲੇ ਗੁਰਦੁਆਰਾ ਸੀਸ ਗੰਜ ਦੇ ਅੰਦਰ ਮੌਜੂਦ ਹੈ)। ਇਹ ਭਿਆਨਕ ਦ੍ਰਿਸ਼ ਦਿੱਲੀ ਦੇ ਲੱਖਾਂ ਲੋਕਾਂ ਦੀ ਭੀੜ ਨੇ ਬੜੀ ਹੈਰਾਨੀ ਨਾਲ ਦੇਖੇ ਪਰ ਇਕ ਵੀ ਬੰਦਾ ਇਨ੍ਹਾਂ ਸ਼ਹੀਦਾਂ ਦੇ ਨਾਲ ਮਰ-ਮਿਟਣ ਵਾਸਤੇ ਤਿਆਰ ਤਾਂ ਕੀ ਹੋਣਾ ਸੀ, ਮੁਗ਼ਲ ਹਾਕਮਾਂ ਵੱਲੋਂ ਕੀਤੇ ਜਾ ਰਹੇ ਇਸ ਬੇ-ਇੰਤਿਹਾ ਜ਼ੁਲਮ ਸਾਹਵੇਂ ਕੋਈ ਕੁਸਕਿਆ ਤਕ ਨਾ। ਕੁਦਰਤਨ, ਸ਼ਾਮ ਨੂੰ ਇਕ ਜ਼ਬਰਦਸਤ ਹਨੇਰੀ ਚੱਲੀ ਜਿਸਦੀ ਓਟ ਵਿੱਚ ਮੱਖਣ ਸ਼ਾਹ ਲੁਬਾਣੇ ਨੇ ਗੁਰੂ ਸਾਹਿਬ ਦਾ ਧੜ ਚੁੱਕ ਕੇ, ਆਪਣੇ ਇਕ ਗੱਡੇ ਵਿੱਚ ਲੱਦ ਕੇ ਆਪਣੀ ਹਵੇਲੀ ਅੰਦਰ ਜਾ ਰੱਖਿਆ ਤੇ ਹਵੇਲੀ ਨੂੰ ਹੀ ਅੱਗ ਲਾ ਕੇ ਅਗਨ-ਭੇਟ ਕਰ ਦਿੱਤਾ (ਉਸ ਜਗ੍ਹਾ ਗੁਰਦੁਆਰਾ ਰਕਾਬ ਗੰਜ ਸਥਿਤ ਹੈ)। ਵੱਡਾ ਹੌਸਲਾ ਕਰਕੇ ਗੁਰੂ ਜੀ ਦਾ ਸੀਸ ਭਾਈ ਜੈਤੇ ਨੇ ਚੁੱਕ ਕੇ ਆਨੰਦਪੁਰ ਪਹੁੰਚਾਇਆ ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ-ਗੁਰੂ ਦੇ ਸੀਸ ਦਾ ਆਪਣੇ ਹੱਥੀਂ ਬੜੇ ਅਦਬ-ਸਤਿਕਾਰ ਸਹਿਤ ਸਸਕਾਰ ਕੀਤਾ (ਉਸ ਜਗਹ ਵੀ 'ਸੀਸ ਗੰਜ' ਨਾਂ ਦਾ ਗੁਰਦੁਆਰਾ ਮੌਜੂਦ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਰਚਨਾ 'ਬਚਿਤ੍ਰਨਾਟਕ' ਵਿਚ ਆਪਣੇ ਗੁਰਦੇਵ ਦੀ ਲਾਸਾਨੀ ਸ਼ਹਾਦਤ ਨੂੰ ਇੰਵ ਸਲਾਹਿਆ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾਂਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ॥
ਸੀਸੁ ਦੀਯਾ ਪਰੁ ਸੀ ਨ ਉਚਰੀ॥
ਧਰਮ ਹੇਤ ਸਾਕਾ ਜਿਨਿ ਕੀਆ॥
ਸੀਸੁ ਦੀਆ ਪਰੁ ਸਿਰਰੁ ਨ ਦੀਆ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥

ਲਾਸਾਨੀ ਸ਼ਹਾਦਤ- ਇਕ ਅਧਿਆਤਮਕ ਚਮਤਕਾਰ

ਸਤਿਗੁਰੂ ਤੇਗ ਬਹਾਦੁਰ ਅਤੇ ਆਪਦੇ ਤਿੰਨ ਮਰਜੀਵੜੇ ਸਿੱਖਾਂ ਨੂੰ ਅਤਿਅੰਤ ਨਵੀਨ ਪਰ ਅਤੀ ਕਠੋਰ ਢੰਗ-ਤਰੀਕਿਆਂ ਨਾਲ ਸ਼ਹੀਦ ਕੀਤਾ ਗਿਆ ਸੀ। ਇਸ ਦੇ ਬਾਵਜੂਦ, ਉਨ੍ਹਾਂ ਨੇ ਤਦਵਕਤੀ ਬੇ-ਰਹਿਮ ਹਾਕਮਾਂ ਅਤੇ ਨੈਤਿਕ ਨਿਘਾਰ ਨਾਲ ਗ੍ਰੱਸੇ ਮੁਰਦਾ ਸਮਾਜ ਨੂੰ ਤੇਜੱਸਵੀ ਆਤਮਿਕ ਬੁਲੰਦੀ ਦਾ ਆਈਨਾ ਦਿਖਾਇਆ। ਵਕਤ ਦੇ ਨਿਰੰਕੁਸ਼ ਤੇ ਮਜ਼੍ਹਬੀ ਕੱਟੜਤਾ ਦੇ ਨਸ਼ੇ ਨਾਲ ਰੱਜੇ ਹੋਏ ਮੁਸਲਿਮ ਹੁਕਮਰਾਨਾਂ ਨੇ ਜਾਣ ਬੁੱਝ ਕੇ ਸਮਕਾਲੀ ਸਮਾਜ ਨੂੰ ਟੋਟੇ-ਟੋਟੇ ਕੀਤਾ ਹੋਇਆ ਸੀ। ਆਪਣੀ ਸ਼ਹਾਦਤ ਦੁਆਰਾ ਸਤਿਗੁਰੂ ਜੀ ਨੇ ਮਾਨਵੀ ਅਧਿਕਾਰਾਂ ਅਤੇ ਮਨੁੱਖੀ ਜ਼ਮੀਰ ਦੇ ਵਿਸ਼ਾਲ ਵਿਸ਼ੇ ਨੂੰ ਚੁੱਪ-ਚਾਪ, ਸ਼ਾਂਤ ਰਹਿ ਕੇ ਵਿਅਕਤ ਕੀਤਾ। ਉਸ ਸਮੇਂ ਦੇ ਹਾਕਮ ਨਿਮਾਣੀ-ਨਿਤਾਣੀ ਪਰਜਾ ਦੇ ਅਕੀਦੇ/ਧਾਰਮਿਕ ਵਿਸ਼ਵਾਸ ਨਾਲ ਜੋ ਦਖਲਅੰਦਾਜ਼ੀ ਤੇ ਖਿਲਵਾੜ ਕਰ ਰਹੇ ਸਨ ਅਤੇ ਉਨ੍ਹਾਂ ਉੱਪਰ ਆਪਣਾ ਧਰਮ ਜ਼ਬਰਦਸਤੀ ਥੋਪ ਰਹੇ ਸਨ, ਸਤਿਗੁਰੂ ਤੇਗ ਬਹਾਦੁਰ ਜੀ ਅਤੇ ਉਨ੍ਹਾਂ ਦੇ ਤਿੰਨ ਸਿੱਖ-ਸੇਵਕਾਂ ਨੇ ਤਦਵਕਤੀ ਮੁਗ਼ਲ ਹਾਕਮਾਂ ਦੇ ਅਕਹਿ ਤੇ ਅਸਹਿ ਜ਼ੁਲਮ-ਓ-ਸਿਤਮ, ਨਾ-ਇਨਸਾਫੀ, ਬੇਅੰਤ ਤੇ ਅਤਿਅੰਤ ਦਾਨਵੀ ਸਲੂਕ ਦੇ ਵਿਰੁੱਧ ਇਕ ਅਨੂਠਾ ਤੇ ਅਹਿੰਸਕ ਯੁੱਧ ਲੜਿਆ।

ਔਰੰਗਜ਼ੇਬ ਦੀ ਮੁਗ਼ਲੀਆ ਹਕੂਮਤ ਦੇ ਸਮੇਂ ਤਕ ਹਿੰਦੂ ਸਮਾਜ ਦੀ ਹਾਲਤ ਨਿਸਤੇਜ, ਸਾਹਸਤਹੀਣ ਅਤੇ ਅੰਤਲੇ ਸੁਆਸਾਂ 'ਤੇ ਪਹੁੰਚ ਚੁੱਕੀ ਸੀ। ਪਰਜਾ ਸਰੀਰਕ ਤੇ ਆਤਮਿਕ ਤੌਰ ਤੇ ਹਾਕਮਾਂ ਦੇ ਜ਼ਾਲਿਮ ਕਦਮਾਂ ਹੇਠ ਦਰੜੀ ਜਾ ਰਹੀ ਸੀ।

**ਬਾਕੀ ਸਫਾ ਨੰ 99 'ਤੇ**

# ਨੌਵੇਂ ਪਾਤਸ਼ਾਹ ਜੀ ਦੀ ਸ਼ਹਾਦਤ ਸੰਬੰਧੀ ਵਿਚਾਰ




ਦਾਤਾਰ ਸਿੰਘ
ਖੋਜਾਰਥੀ
96539-82268


ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਹੁਤ ਵਿਲੱਖਣ ਅਤੇ ਮਹਾਨ ਹੈ। ਜਿਸ ਕਾਰਣ ਸਾਢੇ ਤਿੰਨ ਸ਼ਤਾਬਦੀਆਂ ਬਾਅਦ ਵੀ ਲੋਕਾਈ ਧੰਨ ਗੁਰੂ ਤੇਗ ਬਹਾਦਰ ਜੀ ਆਖ ਸੀਸ ਨਿਵਾਉਂਦੀ ਹੈ। ਭਾਰਤ ਵਿਚ ਜੇਕਰ ਸਭ ਮਜ਼ਹਬਾਂ ਦੇ ਬਰਾਬਰ ਸਤਿਕਾਰ ਅਤੇ ਅਧਿਕਾਰ ਦੀ ਗੱਲ ਹੁੰਦੀ ਹੈ। ਉਸ ਪਿੱਛੇ ਵੀ ਸਤਿਗੁਰੂ ਜੀ ਦੀ ਸ਼ਹਾਦਤ ਦਾ ਰੰਗ ਹੈ।

ਅਸੀਂ ਜਾਣਦੇ ਹਾਂ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਦੇਸ਼ ਵਿਚ ਜੋ ਮਹੌਲ ਸਿਰਜਿਆ। ਉਸ ਨੂੰ ਠੱਲ ਵੀ ਸਤਿਗੁਰੂ ਜੀ ਦੀ ਸ਼ਹਾਦਤ ਨੇ ਹੀ ਪਾਈ। ਸਤਿਗੁਰੂ ਜੀ ਨੂੰ ਹਿੰਦ ਦੀ ਚਾਦਰ ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਪਰ ਕੁਝ ਲੋਕ ਇਸ ਉੱਤੋਂ ਇਤਰਾਜ਼ ਕਰਨ ਲੱਗ ਪਏ ਹਨ। ਇਹ ਇਤਰਾਜ਼ ਵਿਅਰਥ ਹੈ ਕਿਉਂਕਿ ਇਤਿਹਾਸ ਨੂੰ ਸਮਝਿਆ ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਨੇ ਹਿੰਦੂ ਧਰਮ ਨੂੰ ਬਚਾਇਆ। ਇਤਰਾਜ਼ ਕਰਨ ਵਾਲੇ ਲੋਕ ਹਿੰਦੂ ਦਾ ਅਰਥ ਕੇਵਲ ਹਿੰਦੂ ਧਰਮ ਤੋਂ ਹੀ ਲੈਂਦੇ ਹਨ ਪਰ ਵਿਦੇਸ਼ੀ ਹਮਲਾਵਰਾਂ ਅਤੇ ਲਿਖਾਰੀਆਂ ਨੇ ਹਿੰਦੂ ਸ਼ਬਦ ਹਿੰਦੋਸਤਾਨ ਦੇ ਵਸਨੀਕਾਂ ਲਈ ਵਰਤਿਆ ਹੈ। ਜਿਸ ਵਿਚ ਸਿੱਖ, ਸਨਾਤਨੀ, ਬੋਧੀ, ਜੈਨੀ ਆਦਿ ਸ਼ਾਮਲ ਹਨ। ਔਰੰਗਜ਼ੇਬ ਦੀ ਨਫ਼ਰਤ ਦਾ ਸ਼ਿਕਾਰ ਸਿਰਫ਼ ਹਿੰਦੂ ਹੀ ਨਹੀਂ ਸਗੋਂ ਸਾਰੇ ਹੀ ਗੈਰ ਇਸਲਾਮੀ ਮਜਹਬ ਹੋਏ। ਬਾਦਸ਼ਾਹ ਖ਼ੁਦ ਸੁੰਨੀ ਸੀ ਪਰ ਸ਼ੀਆ ਮੁਸਲਮਾਨ ਵੀ ਉਸ ਅੱਗੇ ਉੱਚਾ ਸਾਹ ਨਹੀਂ ਲੈ ਸਕਦੇ ਸਨ। ਉਸਨੇ ਕਈ ਮੁਸਲਮਾਨ, ਫ਼ਕੀਰਾਂ ਦੇ ਖ਼ੂਨ ਨਾਲ ਵੀ ਹੱਥ ਰੰਗੇ ਸਨ। ਪ੍ਰਿੰ: ਸਤਿਬੀਰ ਸਿੰਘ ਔਰੰਗਜ਼ੇਬ ਦੀ ਕੱਟੜ ਨੀਤੀ ਬਾਰੇ ਇੰਵ ਬਿਆਨ ਕਰਦੇ ਹਨ-

"ਔਰੰਗਜ਼ੇਬ ਕਿਹਾ ਕਰਦਾ ਸੀ ਕਿ ਕੋਈ ਹਰਜ਼ ਨਹੀਂ ਜੇ ਦੁਸ਼ਮਣ ਨੂੰ ਧੋਖਾ ਦੇ ਕੇ ਜ਼ੋਰ ਕਰਨ ਲਈ ਝੂਠੀ ਕਸਮ

ਚੁੱਕ ਲਈ ਜਾਏ। ਕਾਰਜ ਹੋਣ 'ਤੇ ਹੱਥ ਕੁਰਾਨ ਪਕੜ ਤੋਬਾ ਕਰ ਲੈਣੀ ਕਾਫ਼ੀ ਹੈ। "[1]

ਦੂਸਰੇ ਨੂੰ ਧੋਖਾ ਦੇਣ ਲਈ ਜਾਂ ਆਪਣੀ ਗੱਲ ਮਨਵਾਉਣ ਲਈ ਆਪਣੇ ਹੀ ਮਜ਼ਹਬ ਦੇ ਧਰਮ ਗ੍ਰੰਥ ਦੀ ਝੂਠੀ ਸੌਂਹ ਚੁੱਕਣ ਦੀ ਸਲਾਹ ਦੇਣ ਵਾਲਾ ਕਿੱਡੀ ਕੁ ਕਰਤੂਤ ਦਾ ਮਾਲਕ ਹੋਵੇਗਾ? ਔਰੰਗਜ਼ੇਬ ਨੇ ਹਿੰਦੂਆਂ ਦੇ ਧਰਮ ਅਸਥਾਨਾਂ ਨੂੰ ਢਾਹੁਣ ਦੇ ਨਾਲ-ਨਾਲ ਸਿੱਖਾਂ ਨੂੰ ਵੀ ਨਿਸ਼ਾਨੇ 'ਤੇ ਲਿਆ। ਕੁੱਝ ਅਗਲੇ ਪੰਨਿਆਂ 'ਤੇ ਪ੍ਰਿੰ: ਸਤਿਬੀਰ ਸਿੰਘ ਲਿਖਦੇ ਹਨ-

"ਔਰੰਗਜ਼ੇਬ ਨੇ ਮਸੰਦਾਂ ਨੂੰ ਜੋ ਉਗਰਾਹੀ ਕਰਕੇ ਗੁਰੂ ਦਰਬਾਰ ਭੇਜਦੇ ਸਨ ਦੀ ਵੀ ਮਨਾਹੀ ਕੀਤੀ ਅਤੇ ਕਈ ਮਸੰਦਾਂ ਨੂੰ ਨਗਰੋਂ ਬਾਹਰ ਵੀ ਕੱਢਿਆ ਅਤੇ ਸਜ਼ਾਵਾਂ ਵੀ ਦਿੱਤੀਆਂ।"[2]

ਇਸ ਤੋਂ ਸਪੱਸ਼ਟ ਹੈ ਕਿ ਸਾਰੇ ਵਰਗ ਹੀ ਔਰੰਗਜ਼ੇਬ ਦੀ ਕੱਟੜ ਨੀਤੀ ਦਾ ਸ਼ਿਕਾਰ ਹੋਏ। ਕਵਿ ਸੈਨਾਪਤੀ ਨੇ ਸਤਿਗੁਰੂ ਜੀ ਲਈ ਸ੍ਰਿਸ਼ਟੀ ਦੀ ਚਾਦਰ ਸ਼ਬਦ ਵਰਤਿਆ ਹੈ-[3]

ਪ੍ਰਗਟ ਭਏ ਗੁਰੁ ਤੇਗ ਬਹਾਦਰ।
ਸਗਲ ਸ੍ਰਿਸਟਿ ਪੈ ਜਾ ਕੀ ਚਾਦਰ॥
ਕਰਮ ਧਰਮ ਕੀ ਜਿਨਿ ਪਤਿ ਰਾਖੀ।
ਅਟੱਲ ਕਰੀ ਕਲਿਜੁਗ ਮੈ ਸਾਖੀ॥
ਸਗਲ ਸ੍ਰਿਸਟਿ ਜਾ ਕਾ ਜਸ ਭਣੋ।
ਇਹ ਤੇ ਸਰਬ ਧਰਮ ਬੰਚਯੋ॥
ਤੀਨ ਲੋਕ ਜੈ ਜੈ ਭਈ।
ਸਤਿਗੁਰੁ ਪੈਜ ਰਾਖਿ ਇਮ ਲਈ॥

ਸ੍ਰੀ ਗੁਰੁ ਸੋਭਾ

ਸਤਿਗੁਰੂ ਜੀ ਸ਼ਹਾਦਤ ਨਾ ਦਿੰਦੇ ਤਾਂ ਅੱਜ ਗੈਰ ਇਸਲਾਮੀ ਮਜ਼ਹਬਾਂ ਦੇ ਕਿਧਰੇ ਨਾਮੋ-ਨਿਸ਼ਾਨ ਵੀ ਨਾ ਬਚਦੇ। ਸਤਿਗੁਰੂ ਜੀ ਦੇ ਸਮੁੱਚੇ ਜੀਵਨ ਉੱਤੇ ਝਾਤ ਮਾਰਿਆਂ ਇਹ ਗੱਲ ਸਾਹਮਣੇ ਆਉਂਦੀ ਹੈ। ਹਿੰਦੂ ਅਤੇ ਮੁਸਲਮਾਨ ਦੋਹੇਂ ਹੀ ਆਪ ਜੀ ਦੇ ਸ਼ਰਧਾਲੂ ਸਨ। ਅੱਜ ਕੱਲ ਲਿਖਾਰੀ ਜੋ ਗੁਰਮਤਿ ਸਿਧਾਂਤ, ਇਤਿਹਾਸ, ਦਰਸ਼ਨ ਤੋਂ ਵੀ ਸਮਝ ਹਨ। ਉਹਨਾਂ ਸਤਿਗੁਰੂ ਜੀ ਨੂੰ ਮੁਸਲਮਾਨਾਂ ਦੇ ਵਿਰੋਧੀ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਸਤਿਗੁਰੂ ਜੀ ਕਿਸੇ ਮਜ਼ਹਬ ਦੇ ਵਿਰੁੱਧ ਨਹੀਂ, ਸਗੋਂ ਜ਼ਾਲਮ ਦੇ ਵਿਰੁੱਧ ਸਨ। ਇਸ ਵਿਚ ਕੋਈ ਅਤਿਕਥਨੀ ਨਹੀਂ, ਉਸ ਸਮੇਂ ਔਰੰਗਜ਼ੇਬ ਦੀ ਥਾਂ ਕੋਈ ਹਿੰਦੂ ਰਾਜਾ ਜਾਂ ਕਿਸੇ ਹੋਰ ਮਜ਼ਹਬ ਦਾ ਹਾਕਮ ਮੁਸਲਮਾਨਾਂ ਉੱਤੇ ਜ਼ੁਲਮ ਢਾਹੁੰਦਾ ਤਾਂ ਗੁਰੂ ਜੀ ਮੁਸਲਮਾਨਾਂ ਦੀ ਬਾਂਹ ਫੜ੍ਹਣ ਤੋਂ ਵੀ ਗੁਰੇਜ ਨਾ ਕਰਦੇ। ਇਸ ਤਰ੍ਹਾਂ ਹੀ ਕੁੱਝ ਲਿਖਾਰੀਆਂ ਨੇ ਗੁਰੂ ਸਾਹਿਬ ਨੂੰ ਸਿਰਫ਼ ਇਕ ਫਿਰਕੇ ਨਾਲ ਹੀ ਬੰਨ੍ਹਣ ਦੀ ਕੋਸ਼ਿਸ਼ ਕੀਤੀ ਹੈ ਜੋ ਸਿਰਫ਼ ਲਿਖਾਰੀਆਂ ਦੇ ਬੇ-ਸਮਝੀ ਜਾਂ ਚਤੁਰਾਈ ਹੈ। ਸਤਿਗੁਰੂ ਜੀ ਦੀ ਸ਼ਹਾਦਤ ਸੰਬੰਧੀ ਅਤੇ ਜੀਵਨ ਸੰਬੰਧੀ ਵੀ ਕਈ ਘਟਨਾਵਾਂ ਬਾਰੇ ਲਿਖਾਰੀ ਇਕ ਮਤ ਨਹੀਂ। ਜਿਨ੍ਹਾਂ ਦੀ ਸੂਚੀ ਕਾਫੀ ਲੰਬੀ ਹੈ। ਸੰਤ ਆਤਮਾ ਸਿੰਘ ਸਨਖਤ੍ਰਵੀ ਜੀ ਨੇ ਸਤਿਜੁਗ ਦੇ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਦੀ ਤੀਜੀ ਸ਼ਹੀਦੀ ਸ਼ਤਾਬਦੀ ਅੰਕ[4] ਵਿਚ ਲੇਖ ਰਾਹੀਂ ਸਿੱਖ ਸ੍ਰੋਤਾਂ ਅਧਾਰਤ ਤੁਲਨਾਤਮਕ ਅਧਿਐਨ ਦਿੱਤਾ ਹੈ।

ਪ੍ਰੋ. ਪਿਆਰਾ ਸਿੰਘ ਪਦਮ[5] ਨੇ ਭੱਟ ਵਹੀਆਂ ਨੂੰ ਅਧਾਰ ਬਣਾ ਕੇ ਗੁਰਗੱਦੀ ਉੱਤੇ ਬਿਰਾਜਨ ਤੋਂ ਪਹਿਲਾਂ ਵੀ ਤੀਰਥ ਯਾਤਰਾਵਾਂ ਦਾ ਜ਼ਿਕਰ ਕੀਤਾ ਹੈ। ਜਦੋਂ ਅੱਠਵੇਂ ਪਾਤਸ਼ਾਹ ਦਿੱਲੀ ਵਿਚ ਸਨ, ਉਸ ਸਮੇਂ ਵੀ ਆਪ ਦਾ ਦਿੱਲੀ ਵਿਚ ਮੌਜੂਦ ਹੋਣਾ ਲਿਖਿਆ ਹੈ। ਇਥੇ ਸ਼ਹਾਦਤ ਸੰਬੰਧੀ ਹੀ ਕੁੱਝ ਵਿਚਾਰ ਕਰਾਂਗਾ। ਸਤਿਗੁਰੂ ਜੀ ਦੀ ਸ਼ਹਾਦਤ ਨੂੰ ਹੌਲਾ ਦਰਸਾਉਣ ਲਈ ਮੁਗਲ ਪ੍ਰੇਮੀ ਲਿਖਾਰੀਆਂ ਨੇ ਬਹੁਤ ਗ਼ਲਤ ਢੰਗ ਨਾਲ ਪੇਸ਼ ਕੀਤਾ ਹੈ। ਉਹਨਾਂ ਵਿਕਾਊ ਲਿਖਾਰੀਆਂ ਦਾ ਨਿਸ਼ਾਨਾ ਕੇਵਲ ਮੁਗ਼ਲਾਂ ਨੂੰ ਇਨਸਾਫ਼ ਪਸੰਦ ਵਜੋਂ ਪੇਸ਼ ਕਰਨਾ ਹੈ। ਗ਼ੁਲਾਮ ਹੁਸੈਨ ਖਾਨ ਨੇ ਸਿਆਰ ਉੱਲ ਮੁਤਾਖਰੀਨ ਕਿਤਾਬ ਰਾਹੀਂ ਸਤਿਗੁਰੂ ਜੀ ਲਈ ਲੁਟੇਰਾ ਸ਼ਬਦ ਵਰਤਿਆ ਹੈ। ਸ਼ਹਾਦਤ ਨੂੰ ਲੁੱਟ ਖੋਹ ਕਰਨ ਦੀ ਸਜ਼ਾ ਵਜੋਂ ਮੌਤ ਦੀ ਸਜ਼ਾ ਦੇਣਾ ਦਰਸਾਇਆ ਹੈ। ਇਹ ਸਤਿਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਸ਼ਹੀਦ ਹੋਣਾ ਲਿਖਦਾ ਹੈ। ਜਿਸ ਲਿਖਾਰੀ ਨੂੰ ਇਹ ਨਹੀਂ ਪਤਾ ਕਿ ਸਤਿਗੁਰੂ ਜੀ ਦੀ ਸ਼ਹੀਦੀ ਗਵਾਲੀਅਰ ਨਹੀਂ ਦਿੱਲੀ ਵਿਚ ਹੋਈ ਸੀ। ਉਸ ਦੀ ਰਚਨਾ ਨੂੰ ਅਧਾਰ ਬਣਾਉਣ ਵਾਲੇ ਸਿੱਖ ਇਤਿਹਾਸ ਦੀ ਸਹੀ ਜਾਣਕਾਰੀ ਤੱਕ ਕਿੰਝ ਪੁੱਜਣਗੇ? ਅਸੀਂ ਅਕਸਰ ਪੜ੍ਹਦੇ-ਸੁਣਦੇ ਹਾਂ ਕਿ ਫਲਾਣੇ ਅਦਾਰੇ ਵੀ ਫਲਾਣੀ ਕਿਤਾਬ ਵਿਚ ਨੌਵੇਂ ਪਾਤਸ਼ਾਹ ਦੀ ਸ਼ਹਾਦਤ ਬਾਰੇ ਅਯੋਗ ਸ਼ਬਦ ਹਨ। ਉਹ ਸਾਰੇ ਲੋਕ ਇਸ ਗ਼ੁਲਾਮ ਹੁਸੈਨ ਦੀ ਰਚਨਾ ਨੂੰ ਹੀ ਅਧਾਰ ਬਣਾਉਂਦੇ ਹਨ।

ਅੱਜ ਸਾਡੇ ਦੇਸ਼ ਵਿਚ ਮੁਗਲਾਂ ਨੂੰ ਸ਼ਾਂਤੀ ਦੇ ਪੁਜਾਰੀ ਦਰਸਾਉਣ ਦੀ ਹੋੜ ਲੱਗੀ ਹੋਈ ਹੈ। ਉਸ ਲਈ ਚਾਹੇ ਆਪਣੇ ਪੁਰਖਿਆਂ ਦੀ ਕਿੰਨੀਂ ਹੀ ਕਿਰਦਾਰ ਕੁਸ਼ੀ ਕਿਉਂ ਨਾ

ਕਰਨੀ ਪਵੇ? ਸਤਿਗੁਰੂ ਜੀ ਦੀ ਸ਼ਹਾਦਤ ਸੰਬੰਧੀ ਦੋ-ਤਿੰਨ ਭੁਲੇਖੇ ਹੋਰ ਵੀ ਫੈਲਾਏ ਜਾਂਦੇ ਹਨ। ਵੱਡਾ ਭੁਲੇਖਾ ਇਹ ਹੈ:-

ਸਤਿਗੁਰੂ ਜੀ ਨੇ ਅੰਗ੍ਰੇਜ਼ੀ ਰਾਜ ਦੀ ਸਲਾਮਤੀ ਲਈ ਕੋਈ ਵਰ ਦਿੱਤਾ? ਸਤਿਗੁਰੂ ਜੀ ਦੇ ਨਾਮ ਇਕ ਮਨਘੜਤ ਕਹਾਣੀ ਜੋੜੀ ਗਈ ਹੈ। ਬਹੁਤੇ ਇਸ ਤੋਂ ਜਾਣੂ ਹੋਣਗੇ। ਕਿ ਸਤਿਗੁਰੂ ਜੀ ਜਦੋਂ ਔਰੰਗਜ਼ੇਬ ਦੀ ਕੈਦ ਵਿਚ ਸਨ ਤਾਂ ਇਕ ਦਿਨ ਜੇਲ੍ਹ ਦੀ ਛੱਤ ਉੱਤੇ ਕੇਸ ਹਰੇ ਕਰ ਰਹੇ ਸਨ।

ਕਿਸੇ ਔਰੰਗਜ਼ੇਬ ਨੂੰ ਕਿਹਾ ਕਿ ਸਤਿਗੁਰੂ ਜੀ ਤੇਰੇ ਸ਼ਾਹੀ ਹਰਮਾਂ ਵੱਲ ਤੱਕਦੇ ਸਨ। ਇਸ ਬਾਰੇ ਜਦੋਂ ਬਾਦਸ਼ਾਹ ਨੇ ਸਤਿਗੁਰੂ ਜੀ ਨੂੰ ਪੁੱਛਿਆ ਤਾਂ ਆਪ ਦਾ ਉੱਤਰ ਸੀ ਕਿ ਮੈਂ ਤਾਂ ਟੋਪੀ ਵਾਲੇ ਸਿੱਖ (ਅੰਗਰੇਜ਼ਾਂ) ਦੀ ਉਡੀਕ ਕਰ ਰਿਹਾ ਹਾਂ ਜੋ ਸਮੁੰਦ੍ਰੋਂ ਪਾਰੋਂ ਆਉਣਗੇ। ਤੁਰਕਾਂ ਦੇ ਰਾਜ ਦਾ ਨਾਸ ਕਰਨਗੇ। ਉਹ (ਅੰਗਰੇਜ਼) ਸਿੱਖਾਂ ਨਾਲ ਰਲ ਮਿਲ ਕੇ ਰਾਜ ਕਰਨਗੇ। ਇਸ ਕਹਾਣੀ ਦਾ ਖੰਡਨ ਕਈ ਨੁਕਤਿਆਂ ਤੋਂ ਕੀਤਾ ਜਾ ਸਕਦਾ ਹੈ। ਕੀ ਜੇਲ੍ਹ ਦੀ ਛੱਤ ਤੋਂ ਸ਼ਾਹੀ ਹਰਮ ਦਿਖਦੇ ਸਨ? ਸਾਰਿਆਂ ਨੇ ਇਸਦਾ ਉੱਤਰ ਨਾਂਹ ਵਿਚ ਦਿੱਤਾ ਹੈ। ਕਿਉਂਕਿ ਦੋਹਾਂ ਦਾ ਫਾਸਲਾ ਕਾਫੀ ਸੀ।

ਦੂਸਰਾ ਸਤਿਗੁਰੂ ਜੀ ਨੂੰ ਜੇਲ੍ਹ ਦੀ ਛੱਤ ਉੱਤੇ ਟਹਿਲਣ ਦੀ ਖੁੱਲ੍ਹ ਹੀ ਨਹੀਂ ਸੀ। ਸਤਿਗੁਰੂ ਜੀ ਨੂੰ ਕੈਦ ਤਾਂ ਇਕ ਪਿੰਜਰੇ ਵਿਚ ਕੀਤਾ ਸੀ। ਅਜਿਹਾ ਪਿੰਜਰਾ ਜਿਸ ਵਿਚ ਸਹੀ ਢੰਗ ਨਾਲ ਖਲੋਣਾ, ਬੈਠਣਾ ਬਹੁਤ ਔਖਾ ਸੀ। ਪਿੰਜਰੇ ਦੀਆਂ ਸੀਖਾਂ ਉੱਤੇ ਤਿਖੀਆਂ ਸੂਲਾਂ ਦਾ ਮੂੰਹ ਅੰਦਰਲੇ ਪਾਸੇ ਕਰਦੇ ਲਗਾਇਆ ਸੀ। ਇਸ ਪਿੰਜਰੇ ਦਾ 1911 ਈ. ਤੱਕ ਦਿੱਲੀ ਵਿਚ ਹੋਣ ਦਾ ਜ਼ਿਕਰ ਹੈ। ਇਸ ਤੋਂ ਬਾਅਦ ਇਸ ਪਿੰਜਰੇ ਦੀ ਕੋਈ ਖ਼ਬਰ ਨਹੀਂ। ਇਹ ਉਹੀਉ ਸਾਲ ਹੈ ਜਦੋਂ ਅੰਗਰੇਜ਼ ਸਰਕਾਰ ਆਪਣੀ ਰਾਜਧਾਨੀ ਕੱਲਕੱਤੇ ਤੋਂ ਦਿੱਲੀ ਵਿਚ ਤਬਦੀਲ ਕਰਦੀ ਹੈ। ਇਹ ਵਰ ਦੇਣ ਦੀ ਮਨਘੜ੍ਹਤ ਕਹਾਣੀ ਸਿਰਫ਼ ਅੰਗਰੇਜ਼ ਭਗਤਾਂ ਨੇ ਲਿਖਵਾ ਕੇ ਹੀ ਪ੍ਰਚਾਰੀ ਸੀ। ਜਿਸ ਦਾ ਮਨੋਰਥ ਸਿੱਖਾਂ ਨੂੰ ਅੰਗਰੇਜ਼ੀ ਹਕੂਮਤ ਦੇ ਪੱਖ ਵਿਚ ਵਰਤਣਾ ਸੀ ਤਾਂ ਜੋ ਜਿਹੜੇ ਸਿੱਖ ਅੰਗਰੇਜ਼ੀ ਰਾਜ ਤੋਂ ਮੁਕਤ ਹੋਣਾ ਚਾਹੁੰਦੇ ਹਨ। ਉਨ੍ਹਾਂ ਦੀ ਮਾਨਸਿਕਤਾ ਵਿੱਚ ਅੰਗਰੇਜ਼ੀ ਰਾਜ ਪ੍ਰਤੀ ਵਫ਼ਾਦਾਰੀ ਭਰੀ ਜਾਵੇ। ਸਿੱਖ ਉਸ ਕਿਸੇ ਵੀ ਲਹਿਰ ਜਾਂ ਗਤੀਵਿਧੀ ਦਾ ਹਿੱਸਾ ਨਾ ਬਨਣ ਜੋ ਅੰਗਰੇਜ਼ਾਂ ਵਿਰੁੱਧ ਹੋਵੇ। ਅੰਗਰੇਜ਼ੀ ਭਗਤਾਂ ਨੇ ਦੇਸ਼ ਆਜ਼ਾਦੀ ਲਈ ਸੰਘਰਸ਼ ਕਰ ਰਹੇ ਸਿੱਖਾਂ (ਨਾਮਧਾਰੀ, ਗ਼ਦਰ ਲਹਿਰ, ਕਾਮਾਗਾਟਾ ਮਾਰੂ, ਬੱਬਰ ਅਕਾਲੀ ਲਹਿਰ ਆਦਿ) ਵਿਰੁੱਧ ਕੂੜ-ਪ੍ਰਚਾਰ ਵੀ ਕਰਵਾਇਆ। ਗੁਰਦੁਆਰਿਆਂ ਵਿਚ (ਜੁੱਗ ਜੁੱਗ ਰਾਜ ਸਵਾਇਆ ਟੋਪੀ ਵਾਲੇ ਦਾ) ਜਿਹੇ ਨਾਅਰੇ ਪੜ੍ਹਵਾਉਣੇ ਆਮ ਗੱਲ ਹੋ ਗਈ। ਉਸ ਸਮੇਂ ਕੀ-ਕੀ ਹੋਇਆ, ਇਸ ਲਈ ਵੱਖਰੇ ਲੇਖ ਦੀ ਲੋੜ ਹੈ। ਇਸ ਕਹਾਣੀ ਦਾ ਮਨੋਰਥ ਕਨਿੰਘਮ ਦੇ ਇਸ ਕਥਨ ਤੋਂ ਖੁੱਲ੍ਹ ਜਾਂਦਾ ਹੈ।

"(ਗੁਰੂ ਜੀ ਦੇ) ਇਸ ਵਾਕ ਨੂੰ ਸਿੱਖ ਕਦੇ ਨਾ ਭੁੱਲੇ। ਏਸੇ ਸਦਕਾ ਸਿੱਖ ਅੰਗਰੇਜ਼ੀ ਸਰਕਾਰ ਦਾ ਵਫ਼ਾਦਾਰ ਰਹੇ।" A History of the Sikhs by Joseph Davey Cumnigham (1918 P. 65)

ਇਸ ਕਹਾਣੀ ਦਾ ਮਨੋਰਥ ਸਪੱਸ਼ਟ ਹੋ ਚੁੱਕਾ ਹੈ ਕਿਉਂਕਿ ਇਸਦਾ ਜ਼ਿਕਰ ਅੰਗਰੇਜ਼ੀ ਲੇਖਕਾਂ ਅਤੇ ਅੰਗਰੇਜ਼ ਭਗਤਾਂ ਦੀਆਂ ਲਿਖਤਾਂ ਤੋਂ ਬਿਨਾਂ ਹੋਰ ਕਿਧਰੇ ਵੀ ਨਹੀਂ ਮਿਲਦਾ। ਅੱਜ ਸਿੱਖ ਅੰਗਰੇਜ਼ੀ ਲਿਖਾਰੀਆਂ ਦੀ ਗੁਰੂ ਨਿੰਦਿਆ ਵਾਲੀਆਂ ਕਿਤਾਬਾਂ ਸਿਰ ਉੱਤੇ ਚੁੱਕੀ ਫਿਰਦੇ ਮਾਣ ਮਹਿਸੂਸ ਕਰਦੇ ਹਨ। ਗੁਰੂ ਸਾਖੀਆਂ ਪ੍ਰਤੀ ਸ਼ਰਧਾ ਵਾਲੇ ਉਨ੍ਹਾਂ ਗ੍ਰੰਥਾਂ ਨੂੰ ਕੂੜ ਕਬਾੜ ਕਹਿਣੋਂ ਵੀ ਗੁਰੇਜ਼ ਨਹੀਂ ਕਰਦੇ। ਉਨ੍ਹਾਂ ਦੀ ਮੱਤ ਦਾ ਗੁਰੂ ਰਾਖਾ। ਗਿਆਨੀ ਸੋਹਣ ਸਿੰਘ ਸੀਤਲ ਨੇ ਇਸ ਕਹਾਣੀ ਦਾ ਖੰਡਣ ਇੰਞ ਕੀਤਾ ਹੈ-

ਜ਼ਰਾ ਸੋਚੋ ਜੇ ਗੁਰੂ ਮਹਾਰਾਜ ਨੇ ਮੁਗਲਾਂ ਵਿਰੁੱਧ ਕਿਸੇ ਕੌਮ ਨੂੰ ਵਰ ਦੇਣਾ ਹੀ ਹੁੰਦਾ ਤਾਂ ਉਹ ਆਪਣੇ ਸਿੱਖਾਂ ਨੂੰ ਵਰ ਦੇਂਦੇ ਜਾਂ ਜਾਟਾਂ ਜਾਂ ਰਾਜਪੂਤਾਂ ਨੂੰ ਹੀ, ਜੋ ਮਹਾਰਾਜ ਉੱਤੇ ਬੇਅੰਤ ਸ਼ਰਧਾ ਰੱਖਦੇ ਸਨ।[6]

ਹੁਣ ਅਗਲੇ ਪ੍ਰਸ਼ਨ ਵੱਲ ਵੇਖਦੇ ਹਾਂ। ਕੀ ਸਤਿਗੁਰੂ ਜੀ ਅਤੇ ਔਰੰਗਜ਼ੇਬ ਦੀ ਮੁਲਾਕਾਤ ਹੋਈ? ਕੀ ਸਤਿਗੁਰੂ ਜੀ ਦੀ ਸ਼ਹਾਦਤ ਸਮੇਂ ਔਰੰਗਜ਼ੇਬ ਦਿੱਲੀ ਵਿਚ ਮੌਜੂਦ ਸੀ? ਜਿਹੜੇ ਲਿਖਾਰੀ ਸ਼ਹਾਦਤ ਸਮੇਂ ਔਰੰਗਜ਼ੇਬ ਦਾ ਦਿੱਲੀ ਵਿਚ ਹੋਣਾ ਨਹੀਂ ਮੰਨਦੇ। ਉਹ ਬਹੁਤ ਮੁਲਾਕਾਤ 1665 ਈ. ਦੀ ਮੰਨਦੇ ਹਨ। ਪ੍ਰੋ. ਪਿਆਰਾ ਸਿੰਘ ਪਦਮ ਸਮੇਤ ਕੁੱਲ ਲਿਖਾਰੀ ਔਰੰਗਜ਼ੇਬ ਨੂੰ ਦਿੱਲੀ ਵਿਚ ਮੌਜੂਦ ਨਹੀਂ ਮੰਨਦੇ। ਉਹ 7 ਅਪ੍ਰੈਲ 1674 ਈ. ਤੋਂ 27 ਮਾਰਚ 1676 ਈ. ਤੱਕ ਔਰੰਗਜ਼ੇਬ ਨੂੰ ਦਿੱਲੀ ਤੋਂ ਬਾਹਰ ਰੱਖਦੇ ਹਨ। ਪੁਰਾਤਨ ਸਿੱਖ ਸ੍ਰੋਤ ਮੁਲਾਕਾਤ ਹੋਈ ਮੰਨਦੇ ਹਨ ਅਤੇ ਬਾਦਸ਼ਾਹ ਦਾ ਦਿੱਲੀ ਵਿਚ ਹੋਣਾ ਹੀ ਸਿੱਧ ਕਰਦੇ ਹਨ। ਕੁਝ ਲਿਖਾਰੀਆਂ ਦੇ ਹਵਾਲੇ ਚਾਹਾਂਗਾ। ਜੇਕਰ ਬਾਦਸ਼ਾਹ ਨੂੰ ਦਿੱਲੀ ਤੋਂ ਬਾਹਰ ਵੀ ਮੰਨਿਆ ਜਾਵੇ ਤਾਂ ਵੀ ਉਹ ਨਿਰਦੋਸ਼ ਨਹੀਂ ਰਹਿ ਸਕਦਾ। ਕਿਉਂ ਜੋ ਉਸਦੀ ਕਚਹਿਰੀ ਵਿਚ ਕਤਲ ਦਾ ਹੁਕਮ ਦੇਣਾ,

ਉਸਦੀ ਮਰਜ਼ੀ ਤੋਂ ਬਗੈਰ ਕਿਵੇਂ ਸੰਭਵ ਹੈ?

ਸਤਿਗੁਰੂ ਜੀ ਨੂੰ ਇਸਲਾਮ ਵਿਚ ਲਿਆਉਣ ਲਈ ਬਾਦਸ਼ਾਹ ਬਹੁਤ ਤਿਆਰੀ ਕਰੀ ਬੈਠਾ ਸੀ। ਸਤਿਗੁਰੂ ਜੀ ਦੇ ਫੈਸਲੇ ਉੱਤੇ ਹੀ ਹਿੰਦੂਆਂ ਦੀ ਕਿਸਮਤ ਟਿਕੀ ਸੀ। ਔਰੰਗਜ਼ੇਬ ਇਸ ਨੂੰ ਸੁਨਿਹਰੀ ਮੌਕਾ ਜਾਣ ਕੇ ਹੱਥੋਂ ਕਿੰਝ ਗੁਆ ਸਕਦੀ ਸੀ? ਇਸ ਲਈ ਦਿੱਲੀਉਂ ਬਾਹਰ ਹੋਣਾ ਸੰਭਵ ਨਹੀਂ ਜਾਪਦਾ। ਸੋਹਣ ਸਿੰਘ ਸੀਤਲ ਦੇ ਹਵਾਲੇ ਤੋਂ ਕੁਝ ਵਿਚਾਰ ਕਰਦੇ ਹਾਂ। ਸੀਤਲ ਜੀ ਸਤਨਾਮੀਆਂ ਦੀ ਬਗ਼ਾਵਤ ਤੋਂ ਗੱਲ ਸ਼ੁਰੂ ਕਰਨ ਸਮੇਂ ਮਹਾਨ ਕੋਸ਼ ਦਾ ਹਵਾਲਾ ਦਿੰਦੇ ਹਨ। ਸਤਨਾਮੀਆਂ ਬਾਰੇ ਭਾਈ ਕਾਹਨ ਸਿੰਘ ਨਾਭਾ ਲਿਖਦੇ ਹਨ–

"ਇਕ ਹਿੰਦੂਮਤ ਦਾ ਫਿਰਕਾ ਜੋ ਔਰੰਗਜ਼ੇਬ ਦੇ ਜ਼ੁਲਮਾਂ ਤੋਂ ਤੰਗ ਆ ਕੇ ਜਗਜੀਵਨ ਦਾਸ ਦੀ ਪ੍ਰਧਾਨਗੀ ਵਿਚ ਮੁਗਲ ਰਾਜ ਦੇ ਵਿਰੁੱਧ ਹੋਇਆ ਸੀ। ਸਤਨਾਮੀਆਂ ਨੇ ਨਾਰਨੌਲ (ਦਿੱਲੀ ਤੋਂ 75 ਮੀਲ ਦੱਖਣ ਪੱਛਮ ਵੱਲ) ਉੱਤੇ ਕਬਜ਼ਾ ਕਰਕੇ ਸ਼ਾਹੀ ਫੌਜ ਮਾਰ ਦਿੱਤੀ ਸੀ। ਔਰੰਗਜ਼ੇਬ ਦੇ ਜਰਨੈਲ ਬਾਅਦ ਅੰਦਾਜ਼ ਖਾਨ ਨੇ 15 ਮਾਰਚ 1672 ਈ. ਸਤਨਾਮੀਆਂ ਨੂੰ ਫਤਹਿ ਕੀਤਾ। ਗੱਲ ਬੜੀ ਸਾਫ਼ ਹੈ। 1672 ਈ. ਵਿਚ ਅਫ਼ਗਾਨਾਂ ਨੇ ਬਗਾਵਤ ਕਰ ਦਿੱਤੀ। ਬਾਦਸ਼ਾਹ ਔਰੰਗਜ਼ੇਬ ਪੇਸ਼ਾਵਰ ਵੱਲ (ਹਸਨ ਅਬਦਾਲ) ਗਿਆ। ਉਧਰੋਂ ਏਸੇ ਸਾਲ ਦੇ ਮਾਰਚ ਵਿੱਚ ਸਤਨਾਮੀਆਂ ਨੇ ਨਾਰਨੌਲ (ਦਿੱਲੀ ਦੇ ਨੇੜੇ) ਵਿਚ ਬਗ਼ਾਵਤ ਫੌਰਨ ਵਾਪਸ ਦਿੱਲੀ ਆ ਗਿਆ। ਉਸ ਤੋਂ ਪਿਛੋਂ ਉਹ ਕਦੇ ਹਸਨ ਅਬਦਾਲ ਵੱਲ ਨਹੀਂ ਗਿਆ ਕਿਉਂਕਿ ਅਫ਼ਗਾਨਾਂ ਨੇ ਫੇਰ ਉਹਦੇ ਰਾਜ ਵਿਚ ਕਦੇ ਸਿਰ ਨਹੀਂ ਉਠਾਇਆ। ਸਰ ਜਾਦੂ ਨਾਥ ਸਰਕਾਰ ਲਿਖਦਾ ਹੈ–

ਸਤਨਾਮੀ ਫਿਰਕਾ ਤੇ ਉਸਦੀ ਬਗਾਵਤ 1671

ਸਤਨਾਮੀ ਕਿਸਾਨ ਦੇ ਇਕ ਸਰਕਾਰੀ ਪਿਆਦੇ ਨਾਲ ਮਾਮੂਲੀ ਜੇਹੇ ਝਗੜੇ ਤੋਂ ਗੱਲ ਵੱਧ ਗਈ। ਪੰਜ ਹਜ਼ਾਰ ਸਤਨਾਮੀਆਂ ਨੇ ਹਥਿਆਰ ਉਠਾ ਲਏ। ਨਾਰਨੌਲ ਦੇ ਸ਼ਾਹੀ ਫ਼ੌਜਦਾਰ ਨੂੰ ਸ਼ਕੱਸਤ ਦੇ ਕੇ ਉਹਨਾਂ ਸ਼ਹਿਰ ਉੱਤੇ ਕਬਜ਼ਾ ਕਰ ਲਿਆ, ਮਸੀਤਾਂ ਢਾਹ ਦਿੱਤੀਆਂ ਤੇ ਬਾਗੀਆਂ ਨੇ ਸ਼ਹਿਰ ਲੁੱਟ ਲਿਆ। ਉਹਨਾਂ ਦੇ ਨਗਾਰਿਆਂ ਦੀ ਗੂੰਜ ਦਿੱਲੀ ਤੱਕ ਪੁੱਜ ਗਈ ਤੇ ਦਿੱਲੀ ਦੇ ਸ਼ਹਿਰੀ ਘਬਰਾ ਗਏ। ਉਹਨਾਂ ਦੇ ਜਾਦੂਗਰ ਹੋਣ ਦਾ ਵਿਰੋਧੀਆਂ ਦੇ ਦਿੱਲਾਂ ਉੱਤੇ ਬੜਾ ਭੈ ਸੀ। ਔਰੰਗਜ਼ੇਬ ਪੂਰੀ ਤਰ੍ਹਾਂ ਭੜਕ ਉੱਠਿਆ। 15 ਮਾਰਚ (1672 ਈ.) ਨੂੰ ਉਹਨੇ ਰਾਅ ਅੰਦਾਜ਼ ਤੇ ਕੁਛ ਹੋਰ ਅਫ਼ਸਰਾਂ ਦੇ ਮਤਹਿਤ 10 ਹਜ਼ਾਰ ਫੌਜ ਉਸ ਬਗਾਵਤ ਨੂੰ ਦਬਾਉਣ ਵਾਸਤੇ ਭੇਜੀ।[7]

ਜਿਸ ਤੋਂ ਸਿੱਧ ਹੁੰਦਾ ਹੈ 1672 ਈ. ਨੂੰ ਸਤਨਾਮੀਆਂ ਦੀ ਬਗ਼ਾਵਤ ਦਬਾਉਣ ਸਮੇਂ ਔਰੰਗਜ਼ੇਬ ਦਿੱਲੀ ਵਾਪਸ ਆਇਆ। ਰਾਜਧਾਨੀ ਦੇ ਇੰਨਾ ਨੇੜੇ ਬਗ਼ਾਵਤ ਹੋਣ ਕਾਰਣ ਵੱਡੇ–ਵੱਡੇ ਸ਼ਾਸਕਾਂ ਦੀ ਨੀਂਦ ਉੱਡ ਜਾਂਦੀ ਹੈ। ਅਜਿਹੇ ਸਮੇਂ ਵਿਚ ਔਰੰਗਜ਼ੇਬ ਦਿੱਲੀ ਤੋਂ ਦੂਰ ਕਿਵੇਂ ਰਹਿ ਸਕਦਾ ਸੀ? ਸੀਤਲ ਜੀ ਲਿਖਦੇ ਹਨ ਕਿ ਦਿੱਲੀ ਵਿੱਚ ਬਾਦਸ਼ਾਹ ਦਾ ਮੌਜੂਦ ਹੋਣਾ ਸਾਬਤ ਹੋ ਗਿਆ। ਸਤਿਗੁਰੂ ਜੀ ਦੇ ਦਿੱਲੀ ਆਉਣ ਸਮੇਂ ਬਾਦਸ਼ਾਹ ਦਿੱਲੀ ਵਿਚ ਸੀ ਫਿਰ ਮੁਲਾਕਾਤ ਬਾਰੇ ਦੋ ਰਾਏ ਨਹੀਂ ਰਹਿ ਜਾਂਦੀ। ਸੀਤਲ ਜੀ ਦੇ ਹਵਾਲੇ ਤੋਂ– ਪੁਰਾਤਨ ਸਿੱਖ ਇਤਿਹਾਸਕਾਰ ਸਾਰੇ ਹੀ ਮੁਲਾਕਾਤ ਹੋਈ ਮੰਨਦੇ ਹਨ। ਹੁਣ ਦੂਸਰਿਆਂ ਦੀ ਸੁਣੋ। ਮੁਹੰਮਦ ਲਤੀਫ ਲਿਖਦਾ ਹੈ– ਬਾਦਸ਼ਾਹ ਔਰੰਗਜ਼ੇਬ ਨੇ (ਗੁਰੂ) ਤੇਗ ਬਹਾਦਰ ਨਾਲ ਕਈ ਵਾਰ ਧਾਰਮਿਕ ਬਹਿਸਾਂ ਕੀਤੀਆਂ ਤੇ ਕਰਾਮਾਤ ਵਿਖਾਉਣ ਵਾਸਤੇ ਕਿਹਾ–

(The Emperor had many Religios disputations with Teg Bahadur and asked to show Miracels) History of Punjab p.260

ਕਨਿੰਘਮ ਲਿਖਦਾ ਹੈ–

"ਗੁਰੂ ਜੀ ਨੂੰ ਬਾਦਸ਼ਾਹ ਦੇ ਪੇਸ਼ ਕੀਤਾ ਗਿਆ।"

(He was Summoned before the Emperor.)

ਮੈਕਾਲਿਫ਼ ਲਿਖਦਾ ਹੈ– "ਜਦੋਂ ਗੁਰੂ ਜੀ ਪੰਜਾਂ ਸਿੱਖਾਂ ਸਮੇਤ ਦਿੱਲੀ ਪੁੱਜੇ ਤਾਂ ਬਾਦਸ਼ਾਹ ਨੇ ਉਹਨਾਂ ਨੂੰ ਬੁਲਾਇਆ ਤੇ ਇਉਂ ਕਿਹਾ ਕਿ ਮੇਰੀ ਖੁਸ਼ੀ ਹੈ ਕਿ ਇਥੇ ਸਿਰਫ਼ ਇਕੋ ਮਜ਼ਹਬ ਹੋਵੇ।"

(When the guru with his five Sikhs arrived in Delhi the Emperor sent for him and addoressed him. It is my Pleasure that there should be but one religion.)

The Sikh religion vol.5 (S.Chand and Co. 1963 p/378)

ਜਾਰਜ ਬੈਟਲੇ ਸਕਾਟ ਲਿਖਦਾ ਹੈ – ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫਤਾਰ ਕਰਕੇ ਦਿੱਲੀ ਬਾਦਸ਼ਾਹ ਕੋਲ ਭੇਜ ਦਿੱਤਾ ਗਿਆ।

(He was arrested and sent to Aurungzebe at Delhi)

Religion and a short History of the Sikhs by Feorge Batlex Scott (1970) P.24[8]

ਇਸ ਤੋਂ ਇਲਾਵਾ ਸੀਤਲ ਜੀ ਨੇ ਮੈਕਗਰੇਗਰ, ਆਰ. ਈ. ਪੈਰੀ. ਸੀ. ਐਚ. ਫੇਨ, ਇੰਦੂ ਭੂਸ਼ਨ ਬੈਨਰਜੀ, ਕਨਈਆ ਲਾਲ ਤੇ ਹਰੀ ਰਾਮ ਗੁਪਤਾ ਦੇ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਬਾਦਸ਼ਾਹ ਅਤੇ ਸਤਿਗੁਰੂ ਜੀ ਨੂੰ ਯਾਦ ਰੱਖਣ ਵਾਲੇ ਕਰੋੜਾਂ ਲੋਕ ਹਨ। ਸ਼ਹਾਦਤ ਦੇ ਦਿਨ ਹਰ ਸਾਲ ਸਮਾਗਮਾਂ ਰਾਹੀਂ ਸਤਿਗੁਰੂ ਜੀ ਨੂੰ ਯਾਦ ਕੀਤਾ ਜਾਂਦਾ ਹੈ। ਦੂਜੇ ਪਾਸੇ ਜ਼ਾਲਮ ਬਾਦਸ਼ਾਹਾਂ ਦੇ ਜਨਮ ਦਿਨ ਵੀ ਕਿਸੇ ਨੂੰ ਯਾਦ ਨਹੀਂ। ਦੁਨੀਆਂ ਚੰਗੀ ਕਰਨੀ ਵਾਲਿਆਂ ਨੂੰ ਯਾਦ ਰੱਖਦੀ ਹੈ। ਜ਼ਾਲਮਾਂ ਦਾ ਨਗਾਰਾ ਬੰਨ੍ਹਣ ਵਾਲਾ ਵੀ ਕੋਈ ਬਾਕੀ ਨਾ ਰਿਹਾ।

ਨਹੀਂ ਨਗਾਰਬੰਦ ਕੋ ਰਹੈ।
ਅਸ ਬਿਨਾਸ਼ ਦੁੱਸਹਿ ਵੋ ਲਹੈ।

(ਰਾਸਿ 12, ਅੰਸੂ 66)

ਸਤਿਗੁਰੂ ਜੀ ਦੀ ਸ਼ਹਾਦਤ ਤੋਂ ਬਾਅਦ ਮੁਗ਼ਲ ਹਕੂਮਤ ਦੀਆਂ ਨੀਹਾਂ ਹਿੱਲਣੀਆਂ ਸ਼ੁਰੂ ਹੋ ਗਈਆਂ।

ਤਬ ਤੈ ਘਟੀ ਪਾਤਸ਼ਾਹੀ ਦਿੱਲੀ।
ਤਬਤੇ ਤੁਰਕ ਕਲਾ ਭਈ ਢਿੱਲੀ॥

ਪ੍ਰਾਚੀਨ ਪੰਥ ਪ੍ਰਕਾਸ਼

ਇਕ ਦਿਨ ਅਜਿਹਾ ਵੀ ਆਇਆ ਜਦੋਂ ਮੁਗ਼ਲ ਬਾਦਸ਼ਾਹ ਦਾ ਸ਼ਾਸਨ ਸਿਰਫ਼ ਲਾਲ ਕਿਲ੍ਹੇ ਦੀਆਂ ਕੰਧਾਂ ਵਿਚਾਲੇ ਹੀ ਸੀਮਤ ਹੋ ਕੇ ਖ਼ਤਮ ਹੋ ਗਿਆ। ਸਤਿਗੁਰੂ ਜੀ ਦੁਆਰਾ ਉਚਾਰਣ 59 ਸ਼ਬਦ ਅਤੇ 57 ਸਲੋਕ ਬਹੁਤ ਡੂੰਘਾ ਫ਼ਲਸਫ਼ਾ ਬਿਆਨ ਕਰਦੇ ਹਨ। ਜੋ ਅਧਿਆਤਮ ਦੇ ਪਾਂਧੀ ਲਈ ਰੌਸ਼ਨ ਮੁਨਾਰੇ ਦਾ ਕੰਮ ਕਰਦੇ ਹਨ। ਸਤਿਗੁਰੂ ਜੀ ਦੀ ਦੁਨਿਆਵੀ ਉਮਰ 58 ਕੁ ਵਰ੍ਹੇ ਅਤੇ ਗੁਰਿਆਈ ਕਾਲ 11 ਕੁ ਵਰ੍ਹਿਆਂ ਦੇ ਸੀ ਪਰ ਆਪ ਦੁਆਰਾ ਦਿੱਤੀ ਸ਼ਹਾਦਤ ਨੇ ਲਾਸਾਨੀ ਇਤਿਹਾਸ ਰਚਿਆ ਜਿਸ ਕਾਰਣ ਰਹਿੰਦੀ ਦੁਨੀਆਂ ਤੱਕ ਲੋਕ ਧੰਨ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਆਖ ਕੇ ਜਨਮ ਸੁਆਰਦੇ ਰਹਿਣਗੇ।

### ਟਿਪਣੀਆਂ ਅਤੇ ਹਵਾਲੇ


1. ਇਤਿ ਜਿਨਿ ਕਰੀ (ਪ੍ਰਿੰ. ਸਤਿਬੀਰ ਸਿੰਘ) ਨਿਊ ਬੁੱਕ ਕੰਪਨੀ ਜਲੰਧਰ 2004 ਈ. ਪੰਨਾ 146
2. ਉਹੀ... 150
3. ਕਈ ਥਾਵਾਂ 'ਤੇ ਇਹ ਪਾਠ ਇੰਵ ਵੀ ਮਿਲਦਾ ਹੈ- "ਪ੍ਰਗਟ ਭਏ ਸ੍ਰੀ ਤੇਗ ਬਹਾਦਰ ਸਕਲ ਸ੍ਰਿਸਟਿ ਕੀ ਢਾਪੀ ਚਾਦਰ"
4. ਸਤਿਜੁਗ... (11 ਮੱਘਰ 2033 ਬਿ. 25 ਨਵੰਬਰ 1876 ਈ. ਸ੍ਰੀ ਜੀਵਨ ਨਗਰ ਪੰਨਾ.11
5. ਤੇਗ ਬਹਾਦਰ ਸਿਮਰੀਐ ਪ੍ਰੋ. ਪਿਆਰਾ ਸਿੰਘ ਪਦਮ ਕਲਮ ਮੰਦਰ ਲੋਯਰ ਮਾਲ ਪਟਿਆਲਾ ਐਡਿ: 1886
6. ਲਾਸਾਨੀ ਸ਼ਹੀਦ ਗੁਰੂ ਤੇਗ ਬਹਾਦਰ ਜੀ, ਸੋਹਣ ਸਿੰਘ ਸੀਤਲ ਲਾਹੌਰ ਬੁੱਕ ਸ਼ਾਪ ਲੁਧਿਆਣਾ 1874. ਪੰਨਾ 120.
7. ਉਹੀ.... ਪੰਨਾ 124
8. ਉਹੀ..... ਪੰਨਾ 125


## ਧਰਮ ਹੇਤ ਸਾਕਾ ਜਿਨਿ ਕੀਯਾ

ਅਜਿਹੀ ਮਰੀਅਲ ਦਸ਼ਾ ਦੇ ਰੋਗੀ ਸਮਾਜ ਵਿਚੋਂ ਕਿਧਰੇ ਕੋਈ ਵਿਅਕਤੀ ਹਾਕਮਾਂ ਦਾ ਵਿਰੋਧ ਕਰਦਾ ਸੁਣਾਈ ਨਹੀਂ ਸੀ ਦਿੰਦਾ। ਗੁਰੂ ਤੇਗ ਬਹਾਦੁਰ ਜੀ ਦੁਆਰਾ, ਮੁਤੱਸਬੀ ਹਾਕਮ 'ਆਲਮਗੀਰ' ਔਰੰਗਜ਼ੇਬ ਤੇ ਉਸਦੀ ਨਿਰੰਕੁਸ਼ ਸੱਤਾ ਦੇ ਵਿਰੁੱਧ, ਸ਼ਾਂਤਮਈ ਟੱਕਰ ਆਪਣੇ ਆਪ ਵਿਚ ਇਕ ਚਮਤਕਾਰ ਹੀ ਸੀ। ਗੁਰੂ ਜੀ ਦਾ ਇਹ ਪੈਂਤੜਾ ਜੀਵਨ ਪ੍ਰਤੀ ਉਨ੍ਹਾਂ ਦੇ ਉੱਚ-ਆਦਰਸ਼ਵਾਦ, ਰੱਬੀ ਗੁਣਾਂ, ਗੰਭੀਰ ਆਤਮਕ ਚਿੰਤਨ ਅਤੇ ਜ਼ਰੂਰਤਮੰਦਾਂ ਦੀ ਨਿਸ਼ਕਾਮ ਮਦਦ ਕਰਨ ਦੀ ਡੂੰਘੀ ਭਾਵਨਾ ਤੋਂ ਹੀ ਉਪਜਿਆ ਸੀ। ਵਰ੍ਹਿਆਂ-ਬੱਧੀ ਸੰਜਮ ਸਹਿਤ ਕੀਤੇ ਜਪ-ਤਪ-ਸਾਧਨਾ ਦੁਆਰਾ ਉਨ੍ਹਾਂ ਨੇ ਅਜ਼ੀਮ ਨੈਤਿਕ ਸ਼ਕਤੀ ਤੇ ਅਸੀਮ ਆਤਮਿਕ ਬਲ ਪ੍ਰਾਪਤ ਕਰ ਲਏ ਸਨ ਜਿਸ ਸਦਕਾ ਆਪ ਜੀ ਦੀ ਸ਼ਹਾਦਤ ਇਕ ਲਾਸਾਨੀ ਤੇ ਬੇ-ਮਿਸਾਲ ਘਟਨਾ ਬਣ ਗਈ। ਦੁਨੀਆ ਭਰ ਦੀਆਂ ਸ਼ਹਾਦਤਾਂ ਦੇ ਇਤਿਹਾਸ ਵਿਚ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਸਹਿਤ ਉਪਰੋਕਤ ਚਾਰ ਸ਼ਹਾਦਤਾਂ ਜੇਹੀ ਕੋਈ ਮਿਸਾਲ ਨਹੀਂ ਮਿਲਦੀ। ਇਨ੍ਹਾਂ ਸਾਕਿਆਂ ਨੂੰ ਪੜ੍ਹਦਿਆਂ ਸੁਣਦਿਆਂ ਹੀ ਸਾਡੇ ਰੌਂਗਟੇ ਖੜੇ ਹੋ ਜਾਂਦੇ ਹਨ ਤੇ ਖ਼ੂਨ ਖੌਲਣ ਲੱਗ ਪੈਂਦਾ ਹੈ। ਇਹ ਸਾਕਾ ਸਾਨੂੰ ਦਸਮੇਸ਼ ਜੀ ਦੇ ਸੰਦੇਸ਼ "ਮੁਖ ਤੇ ਹਰਿ, ਚਿੱਤ ਮੈ ਜੁਧੁ ਬਿਚਾਰੈ" ਉੱਤੇ ਹਰ ਪਲ ਅਮਲ ਕਰਨ ਤੇ ਗੁਰਸਿੱਖੀ ਅਸੂਲਾਂ ਅਤੇ ਧਰਮ ਸ਼ਾਨ-ਬਾਨ ਦੀ ਰਾਖੀ ਲਈ ਜੂਝ ਮਰਨ ਵਾਸਤੇ ਪ੍ਰੇਰਦਾ ਹੈ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਸ਼ਲੇਸ਼ਨਾਤਮਕ ਅਧਿਐਨ



ਗੁਰਸੇਵਕ ਸਿੰਘ ਕਵੀਸ਼ਰ
ਪ੍ਰਸਿੱਧ ਕਵੀਸ਼ਰ
9463660990

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵੈਰਾਗ, ਰਸ ਨਾਲ ਭਰਪੂਰ ਤੇ ਇਸ ਕਦਰ ਪ੍ਰੇਮ ਮਈ ਹੈ ਕਿ ਕਠੋਰ ਹਿਰਦੇ ਨੂੰ ਕੋਮਲ ਬਣਾਉਣ ਦੀ ਸਮਰੱਥਾ ਰੱਖਦੀ ਹੈ। ਉਨ੍ਹਾਂ ਦੀ ਬਾਣੀ ਵਿਸ਼ੇ ਵਿਕਾਰਾਂ ਤੋਂ ਵਰਜਦੀ ਹੈ। ਮੋਹ ਮਾਇਆ ਦੀ ਫਾਸ ਵਿਚ ਫਸੇ ਮਨੁੱਖ ਨੂੰ ਨਿਕਲਣ ਲਈ ਦਲੇਰੀ ਬਖ਼ਸ਼ਦੀ ਹੈ। ਇਸ ਵਿਚੋਂ ਸਾਵੀਂ ਤੇ ਪੱਧਰੀ ਜ਼ਿੰਦਗੀ ਦੀਆਂ ਸੇਧਾਂ ਮਿਲਦੀਆ ਹਨ। ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਮਹੱਲਾ 9 ਵਾਂ ਦੇ ਸਿਰਲੇਖ ਹੇਠ ਦਰਜ ਹੈ। ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੀ ਬਾਣੀ ਦੇ 59 ਸ਼ਬਦ ਦਰਜ ਹਨ ਜੋ ਕਿ 15 ਰਾਗਾਂ ਵਿਚ ਹਨ। ਇਸ ਤੋਂ ਬਿਨਾਂ 57 ਵੈਰਾਗਮਈ ਸਲੋਕ ਹਨ। ਜੋ (ਸਲੋਕ ਵਾਰਾ ਤੇ ਵਧੀਕ) ਤੋਂ ਬਾਅਦ ਵਿਚ ਦਰਜ ਹਨ। ਆਪ ਦੁਆਰਾ ਰਚੇ 59 ਸ਼ਬਦਾਂ ਦਾ ਵੇਰਵਾ ਇਸ ਪ੍ਰਕਾਰ ਹੈ–

ਰਾਗ ਗਉੜੀ ਸ਼ਬਦ (9), ਰਾਗ ਆਸਾ ਸ਼ਬਦ (1), ਦੇਵਗੰਧਾਰੀ ਸ਼ਬਦ (3), ਰਾਗ ਬਿਹਾਗੜਾ ਸ਼ਬਦ (1), ਰਾਗ ਸੋਰਠਿ ਸ਼ਬਦ (12), ਰਾਗ ਧਨਾਸਰੀ ਸ਼ਬਦ (4), ਰਾਗ ਜੈਤਸਰੀ ਸ਼ਬਦ (3), ਰਾਗ ਟੋਡੀ ਸ਼ਬਦ (1), ਰਾਗ ਤਿਲੰਗ ਸ਼ਬਦ (3), ਰਾਗ ਬਿਲਾਵਲ ਸ਼ਬਦ (3), ਰਾਗ ਰਾਮਕਲੀ ਸ਼ਬਦ (3), ਰਾਗ ਮਾਰੂ ਸ਼ਬਦ (3), ਰਾਗ ਬਸੰਤ ਹਿੰਡੋਲ ਸ਼ਬਦ (5), ਰਾਗ ਸਾਰੰਗ ਸ਼ਬਦ (4), ਰਾਗ ਜੈਜਾਵੰਤੀ ਸ਼ਬਦ (4) ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦਾ ਅੰਤਲਾ ਇਕੱਤੀਵਾਂ ਰਾਗ ਜੈਜਾਵੰਤੀ ਕੇਵਲ ਨੌਵੇਂ ਪਾਤਸ਼ਾਹ ਜੀ ਨੇ ਹੀ ਵਰਤਿਆ ਹੈ। ਗੁਰੂ ਸਾਹਿਬ ਜੀ ਨੇ ਆਪਣੀ ਸਾਰੀ ਬਾਣੀ ਦੀ ਰਚਨਾ ਵਿਚ ਪੰਜਾਬੀ, ਹਿੰਦੀ, ਬ੍ਰਿਜ ਭਾਸ਼ਾ ਦੇ ਸ਼ਬਦਾਂ ਨੂੰ ਹੀ ਵਰਤੋਂ ਵਿਚ ਲਿਆਂਦਾ ਹੈ, ਉਨ੍ਹਾਂ ਦੀ ਬਾਣੀ ਵਿਚ ਕੁਰੱਖਤ ਰੰਗਤ ਨਹੀਂ ਹੈ।

ਪ੍ਰੇਮ ਦਾ ਵਹਾਉ ਹੈ। ਗੁਰੂ ਸਾਹਿਬ ਤਿਲੰਗ ਰਾਗ ਵਿਚ ਲਿਖਦੇ ਹਨ-

ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ॥
ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ॥

ਹੇ ਮੂਰਖ- ਤੂੰ ਪਰਮਤਾਮਾ ਦੀ ਸਿਫਤ ਸਲਾਹ ਦੇ ਗੁਨ ਕਿਉਂ ਨਹੀਂ ਗਾਉਂਦਾ ਮਾਇਆ ਦੇ ਝੂਠੇ ਲਾਲਚ ਵਿਚ ਪੈ ਕੇ ਤੂੰ ਮੌਤ ਨੂੰ ਵੀ ਚੇਤੇ ਨਹੀਂ ਕਰਦਾ। ਇੰਨਾ ਤੁਕਾਂ ਵਿਚ ਬਹੁਤ ਵੱਡਾ ਫ਼ਲਸਫ਼ਾ ਹੈ। ਮਨੁੱਖ ਨੂੰ ਆਪਣੀ ਨਿੱਜੀ ਜ਼ਿੰਦਗੀ ਵਿਚ ਸੁਚੇਤ ਹੋਣ ਲਈ ਪ੍ਰੇਰਦੀਆਂ ਹਨ। ਮਨੁੱਖੀ ਮਨ ਨੂੰ ਸਾਵਧਾਨ ਕਰਦੀ ਹੋਈ ਗੁਰੂ ਜੀ ਦੀ ਬਾਣੀ ਦੀ ਤੁਕ-

ਜਾਨਿ ਬੂਝਿ ਕੈ ਬਾਵਰੇ ਤੈ ਕਾਜੁ ਬਿਗਾਰਿਓ॥
ਪਾਪ ਕਰਤ ਸੁਕਚਿਓ ਨਹੀ ਨਹ ਗਰੁਬ ਨਿਵਾਰਿਓ॥

ਹੇ ਮਨੁੱਖ- ਤੂੰ ਜਾਣ ਬੁੱਝ ਕੇ ਜਾਣਦੇ ਹੋਏ ਨੇ ਵੀ ਆਪਣਾ ਕੰਮ ਵਿਗਾੜ ਲਿਆ ਹੈ। ਤੂੰ ਪਾਪ ਕਰਦਾ ਸੰਗਦਾ ਨਹੀਂ ਤੇ ਨਾ ਹੀ ਹੰਕਾਰ ਨੂੰ ਦੂਰ ਕਰ ਸਕਿਆ ਏ। ਯਥਾਰਥਵਾਦੀ ਸੱਚ ਇੰਨਾ ਤੁਕਾਂ ਵਿਚ ਸਮੋਇਆ ਹੋਇਆ ਹੈ, ਜੇ ਮਨੁੱਖ ਇਸ ਸਿਧਾਂਤ ਵੱਲ ਗਿਆਨ ਦੇਵੇ ਤਾਂ ਗੁਰੂ ਸਾਹਿਬ ਆਖਦੇ ਹਨ ਉਸਦਾ ਜੀਵਨ ਉਚੇਰਾ ਹੋ ਸਕਦਾ ਹੈ। ਰਾਗ ਰਾਮਕਲੀ ਵਿਚ ਗੁਰੂ ਜੀ ਬਹੁਤ ਵੱਡਾ ਸਿਧਾਂਤ ਨਾਮ ਦੀ ਪ੍ਰਥਾਇ ਬਿਆਨ ਕਰਦੇ ਹਨ-

ਰੇ ਮਨ ਓਟ ਲੇਹੁ ਹਰਿ ਨਾਮਾ
ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਬਿਰਬਾਨਾ॥

ਹੇ ਮਨ ਤੂੰ ਪ੍ਰਮਾਤਮਾ ਦੇ ਨਾਮ ਦਾ ਆਸਰਾ ਲਿਆ ਕਰ, ਜਿਸ ਨਾਮ ਦੇ ਸਿਮਰਨ ਨਾਲ ਖੋਟੀ ਮੱਤ ਦੂਰ ਹੋ ਜਾਂਦੀ ਹੈ। ਨਾਮ ਦੇ ਪ੍ਰਤਾਪ ਨਾਲ ਤੂੰ ਉੱਚ ਦਰਜਾ ਹਾਸਲ ਕਰ ਲਵੇਂਗਾ। ਤਿਲੰਗ ਰਾਗੁ ਵਿਚ ਗੁਰੂ ਸਾਹਿਬ ਦੀ ਰਚਨਾ ਬਹੁਤ ਸੁੰਦਰ ਹੈ-

ਜਾਗ ਲੇਹੁ ਰੇ ਮਨਾ ਜਾਗੁ ਲੇਹੁ ਕਹਾ ਗਾਫਲ ਸੋਇਆ
ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ

ਹੇ ਮਨ- ਤੂੰ ਕਿਉਂ ਮਾਇਆ ਦੇ ਮੋਹ ਵਿਚ ਬੇ-ਪਰਵਾਹ ਹੋ ਕੇ ਸੌ ਰਹਿਆ ਏ ਵੇਖ ਇਹ ਸਰੀਰ ਜੋ ਤੇਰੇ ਸੰਗ ਪੈਦਾ ਹੋਇਆ ਹੈ ਤੇਰੇ ਨਾਲ ਨਹੀਂ ਜਾਣਾ। ਇਸ ਕਰਕੇ ਤੂੰ ਆਪਣੇ ਗੁਰਮਤਿ ਸਿਧਾਂਤਾ ਦੇ ਫਰਜ਼ਾ ਪ੍ਰਤੀ ਸੁਚੇਤ ਹੋ ਕੇ ਆਪਣਾ ਜੀਵਨ ਗੁਜਾਰ। ਗੁਰੂ ਸਾਹਿਬ ਦੇ ਕਈ ਸ਼ਬਦਾਂ ਵਿਚ (ਮਾਈ) ਸ਼ਬਦ ਦਾ ਵਾਰ-ਵਾਰ ਜ਼ਿਕਰ ਆਉਂਦਾ ਹੈ ਜਿਵੇਂ ਕਿ-

- ਮਾਈ ਮਨੁ ਮੇਰੋ ਬਸਿ ਨਾਹਿ

ਗੁਰੂ ਜੀ ਨੇ ਮਾਈ, ਭਾਈ, ਮਨ, ਪ੍ਰਾਣੀ ਆਦਿ ਸ਼ਬਦ ਰਚਨਾ ਵਿਚ ਵਰਤੇ ਹਨ ਜਿਸ ਨਾਲ ਮਨੁੱਖੀ ਮਨ ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਗੁਰੂ ਸਾਹਿਬ ਦੀ ਬਾਣੀ ਦਾ ਅਰਥ ਭਾਵ ਸਮਝਣ ਲਈ ਕੋਈ ਜਿਆਦਾ ਕਠਿਨਾਈ ਨਹੀਂ ਆਉਂਦੀ। ਕਿਉਂਕਿ ਬੋਲੀ ਸਪੱਸ਼ਟ ਹੈ। ਕਈ ਸ਼ਬਦਾਂ ਦੇ ਵਿਚ ਪ੍ਰਸ਼ਨ ਕੀਤੇ ਗਏ ਹਨ ਫੇਰ ਉੱਤਰ ਦਿੱਤੇ ਗਏ ਹਨ। ਪ੍ਰਸ਼ਨ ਉੱਤਰ ਵਾਲੇ ਸ਼ਬਦ ਇਸ ਪ੍ਰਕਾਰ ਹਨ-

ਸਾਧੋ ਕਉਨ ਜੁਗਤਿ ਅਬ ਕੀਜੈ॥
ਜਾ ਤੇ ਦੁਰਮਤਿ ਸਗਲ ਬਿਨਾਸੈ
ਰਾਮ ਭਗਤਿ ਮਨੁ ਭੀਜੈ॥
ਮਨੁ ਮਾਇਆ ਮਹਿ ਉਰਝਿ ਰਹਿਓ
ਹੈ ਬੂਝੈ ਨਹ ਕਛੁ ਗਿਆਨਾ॥
ਕਉਨੁ ਨਾਮੁ ਜਗੁ ਜਾ ਕੈ ਸਿਮਰੈ ਪਾਵੈ ਪਕੁ ਨਿਰਬਾਨਾ॥

ਹੇ ਸੰਤ ਜਨੋ! ਹੁਣ ਇਸ ਮਨੁੱਖਾ ਜਨਮ ਵਿਚ ਕਿਹੜੀ ਵਿਉਂਤ ਕੀਤੀ ਜਾਏ, ਜਿਸ ਦੇ ਕਰਨ ਨਾਲ ਸਾਰੀ ਖੋਟੀ ਮੱਤ ਨਾਸ ਹੋ ਜਾਵੇ ਅਤੇ ਮਨ ਪ੍ਰਮਾਤਮਾ ਦੀ ਭਗਤੀ ਵਿਚ ਰਚ ਜਾਵੇ, ਆਮ ਤੌਰ ਤੇ ਮਨੁੱਖ ਮੋਹ ਮਾਇਆ ਵਿਚ ਉਲਝਿਆ ਰਹਿੰਦਾ ਹੈ, ਮਨੁੱਖ ਰਤਾ ਭਰ ਵੀ ਸਿਆਣਪ ਦੀ ਗੱਲ ਨਹੀਂ ਵਿਚਾਰਦਾ ਕਿ ਉਹ ਕਿਹੜਾ ਨਾਮ ਹੈ। ਜਿਸਨੂੰ ਜਪਣ ਨਾਲ ਜਗਤ ਵਾਸਨਾ ਰਹਿਤ ਆਤਮਕ ਅਵਸਥਾ ਹਾਸਲ ਕਰ ਲੈਂਦਾ ਹੈ-

ਉੱਤਰ-

ਭਏ ਦਇਆਲ ਕ੍ਰਿਪਾਲ ਸੰਤ ਜਨ ਤਬ ਇਹ ਬਾਤ ਬਤਾਈ
ਸਰਬ ਧਰਮ ਮਾਨੋ ਤਿਹ ਕੀਏ ਜਿਹ ਪ੍ਰਭ ਕੀਰਤਿ ਗਾਈ॥

ਜਦੋਂ ਸੰਤ ਜਨ ਕਿਸੇ ਭਾਗਾਂ ਵਾਲੇ ਉੱਤੇ ਦਇਆਵਾਨ ਹੁੰਦੇ ਹਨ। ਤਦ ਉਹ ਮਨੁੱਖ ਨੂੰ ਇਹ ਗੱਲ ਦੱਸਦੇ ਹਨ। ਜਿਸ ਮਨੁੱਖ ਨੇ ਪ੍ਰਮਾਤਮਾ ਦੀ ਸਿਫ਼ਤ ਸਲਾਹ ਕਰਨੀ ਸ਼ੁਰੂ ਕਰ ਦਿੱਤੀ ਉਸਨੇ ਸਾਰੇ ਹੀ ਧਾਰਮਿਕ ਕਾਰਜ ਕਰ ਲਏ। ਗੁਰੂ ਜੀ ਨੇ ਆਪਣੀ ਰਚਨਾ ਵਿੱਚ ਭਾਵ ਨੂੰ ਸਪੱਸ਼ਟ ਰੂਪ ਵਿਚ ਪ੍ਰਗਟਾਉਣ ਵਾਸਤੇ ਅਤੇ ਮਨੁੱਖੀ ਮਨ ਨੂੰ ਉਜਾਲਾ ਕਰਨ ਵਾਸਤੇ ਬੜੇ ਢੁੱਕਵੇ ਸੁੰਦਰ ਸ਼ਬਦ ਚਿੱਤਰ ਵਰਤੇ ਹਨ ਜਿਵੇਂ ਕਿ-

ਬਾਦਰ, ਸੁਪਨਾ, ਪੇਖਨਾ, ਮ੍ਰਿਗ ਤ੍ਰਿਸ਼ਨਾ, ਗਜ (ਹਾਥੀ), ਸੁਆਨ (ਕੁੱਤਾ), ਗਨਕਾ (ਪਾਪਣ), ਅਜਾਮਲ ਧ੍ਰੂ, ਦਰਪਨ (ਸ਼ੀਸ਼ਾ), ਬਾਲੂ (ਰੇਤ), ਬੁਲਬੁਲਾ, ਘਟ

(ਘਵਾ), ਪਾਹਨ ਪੱਥਰ, ਪੰਚਾਲੀ (ਦਰੋਪਦੀ), ਕੁੰਚਰ (ਹਾਥੀ) ਆਦਿਕ।

ਗੁਰੂ ਜੀ ਸੰਗਤ ਜੀ ਹਰ ਵਸਤੂ ਦੀ ਅਸਥਿਰਤਾ ਜਾਂ ਪਰਿਵਰਤਨਸ਼ੀਲਤਾ ਨੂੰ ਬਾਲੂ ਦੀ ਕੰਧ ਜਾਂ ਬੱਦਲਾਂ ਦੀ ਛਾਂ ਰਾਹੀਂ ਪੇਸ਼ ਕਰਦੇ ਹਨ। ਜਿਵੇਂ ਕਿ-

- ਸੁਪਨੇ ਜਿਉ ਧਨੁ ਪਛਾਨੁ
ਕਾਹੇ ਪਰਿ ਕਰਤ ਮਾਨੁ
ਬਾਰੂ ਕੀ ਭੀਤਿ ਜੈਸੇ
ਬਸੁਧਾ ਕੋ ਰਾਜੁ ਹੈ
- ਜਗ ਰਚਨਾ ਸਭ ਝੂਠ ਹੈ
ਜਾਨਿ ਲੇਹੁ ਰੇ ਮੀਤ॥
ਕਹਿ ਨਾਨਕ ਥਿਰੁ ਨਾ ਰਹੈ
ਜਿਉ ਬਾਲੂ ਕੀ ਭੀਤਿ॥

ਅਜਾਮਲ ਵੇਸਵਾ ਦੀ ਸੰਗਤ ਕਰ ਬੈਠਾ ਫੇਰ ਸਾਧੂਆਂ ਦਾ ਸੰਗ ਕਰਕੇ ਨਾਰਾਇਣ ਦਾ ਨਾਮ ਲੈ ਕੇ ਮੁਕਤ ਹੋਇਆ ਉਸਦਾ ਪ੍ਰਮਾਣ ਗੁਰੂ ਜੀ ਚਾਰ ਸ਼ਬਦਾਂ ਵਿਚ ਦਿੰਦੇ ਹਨ-

-ਅਜਾਮਲੁ ਪਾਪੀ ਜਗੁ ਜਾਨੇ
ਨਿਮਖ ਮਾਹਿ ਨਿਸਤਾਰਾ॥
- ਅਜਾਮਲੁ ਗਨਿਕਾ ਜਿਹ ਸਿਮਰਤ
ਮੁਕਤ ਭਏ ਜੀਅ ਜਾਨੋ॥
- ਅਜਾਮਲੁ ਕਉ ਅੰਤ ਕਾਲ ਮਹਿ
ਨਾਰਾਇਨ ਸੁਧਿ ਆਈ॥
- ਜਾ ਕਉ ਸਿਮਰਿ ਅਜਾਮਲੁ ਉਧਰਿਓ
ਗਨਿਕਾ ਹੂ ਗਤਿ ਪਾਈ॥

ਗਨਕਾ ਪਾਪਣ ਸੀ, ਸਾਧੂ ਉਹਦੇ ਦਰ ਤੇ ਆਇਆ। ਉਸਨੇ ਉਸਨੂੰ ਤੋਤੇ ਸਮੇਤ ਇਕ ਪਿੰਜਰਾ ਦੇ ਦਿੱਤਾ ਤੇ ਕਿਹਾ ਇਸਨੂੰ ਰਾਮ ਦਾ ਨਾਮ ਸਿਖਾਇਆ ਕਰ। ਉਸਨੂੰ ਪਿੰਜਰੇ ਵਿਚੋਂ ਇਕ ਦਿਨ ਸੱਪ ਨੇ ਡੱਸ ਲਿਆ ਉਸ ਵੇਲੇ ਉਸ ਦੇ ਮੂੰਹੋ ਰਾਮ-ਰਾਮ ਨਿਕਲ ਰਿਹਾ ਸੀ ਉਹ ਮੁਕਤ ਹੋ ਗਈ ਉਸਦਾ ਪ੍ਰਮਾਣ ਗੁਰੂ ਜੀ ਨੇ 3 ਸ਼ਬਦਾਂ ਵਿਚ ਦਿੱਤਾ ਹੈ-

- ਜਿਹ ਸਿਮਰਤ ਗਨਿਕਾ ਸੀ ਉਧਰੀ
ਤਾ ਕੋ ਜਮੁ ਉਰ ਧਾਰੋ॥
- ਅਜਾਮਲ ਜਿਹ ਸਿਮਰਤ
ਮੁਕਤ ਭਏ ਜੀਅ ਜਾਨੋ॥
- ਜਾ ਕਉ ਸਿਮਰਿ ਅਜਾਮਲੁ
ਉਧਰਿਓ ਗਨਿਕਾ ਹੂ ਰਾਤਿ ਪਾਈ॥

ਗੁਰੂ ਜੀ ਨੇ ਤਕਰੀਬਨ 5 ਸ਼ਬਦਾਂ ਵਿਚ (ਗਜ) ਲਫ਼ਜ਼ ਵਰਤਿਆ ਹੈ-

- ਨਾਹਿਨ ਗੁਨ ਨਾਹਿਨ ਕਛੁ ਬਿਦਿਆ
ਧਰਮ ਕਉਨ ਗਜ ਕੀਨਾ
- ਗਜ ਕੋ ਤ੍ਰਾਸ ਮਿਟਿਓ
ਜਿਹ ਸਿਮਰਤ ਤੁਮ ਕਾਹੇ ਬਿਸਰਾਵਉ
- ਜਬ ਹੀ ਸਰਨਿ ਗਹੀ ਕਿਰਪਾ ਨਿਧਿ
ਗਜ ਗਰਾਹ ਤੇ ਛੂਟਾ॥
- ਗਜ ਕੀ ਤ੍ਰਾਸ ਮਿਟੀ ਛਿਨਹੂ
ਮਹਿ ਜਬ ਹੀ ਰਾਮੁ ਬਖਾਨੋ॥
- ਕਹੁ ਨਾਨਕ ਅਬ ਓਟ
ਹਰਿ ਗਜ ਜਿਉ ਹੋਹੁ ਸਹਾਇ॥

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਵਿਸ਼ਾ ਵਸਤੂ ਬਾਣੀ ਵਿਚ ਮਨ ਨੂੰ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਮੁਕਤ ਕਰਨ, ਸਾਧ ਸੰਗਤ ਵਿਚ ਰਹਿਣ ਅਤੇ ਪ੍ਰਮਾਤਮਾ ਦਾ ਸਿਮਰਨ ਕਰਨ ਦਾ ਉਪਦੇਸ਼ ਹੈ। ਸ੍ਰੀ ਗੁਰੂ ਜੀ ਦੁਆਰਾ ਰਚੇ 57 ਵੈਰਾਗਮਈ ਸਲੋਕਾ ਵਿਚ ਜੀਵਨ ਦੀ ਨਾਸ਼ਵਾਨਤਾ ਅਤੇ ਪ੍ਰਭੂ ਦੀ ਅਰਾਧਨਾ ਦਾ ਬਹੁਤ ਡੂੰਘਾ ਤੱਤ ਵਖਿਆਨ ਹੈ। ਗੁਰੂ ਜੀ ਦੀ ਬਾਣੀ ਮਨੁੱਖ ਨੂੰ ਦੁਨਿਆਵੀ ਮੋਹ ਮਾਇਆ ਤੋਂ ਉਪਰ ਉੱਠ ਕੇ ਸੱਚੇ ਮਾਰਗ ਤੇ ਚੱਲਣ ਦੀ ਪ੍ਰੇਰਨਾ ਦਿੰਦੀ ਹੈ।

ਗੁਰੂ ਸਾਹਿਬ ਦੀ ਬਾਣੀ ਦੂਜੇ ਗੁਰੂਆਂ ਦੇ ਸਮਾਨ ਗਿਣਤੀ ਵਿਚ ਭਾਵੇਂ ਘੱਟ ਹੈ। ਪਰ ਉਨ੍ਹਾਂ ਦਾ ਇਕ ਇਕ ਸ਼ਬਦ ਆਪਣੇ ਆਪ ਵਿਚ ਪੂਰਨ ਪ੍ਰਭਾਵ ਵਾਲਾ ਹੈ। ਆਪ ਜੀ ਦੀ ਬਾਣੀ ਗੁਰਮਤਿ ਕਾਵਿ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਆਪ ਜੀ ਦੀ ਬਾਣੀ ਮਨੁੱਖ ਨੂੰ ਮੁਕਤੀ ਤੇ ਲੋਕ ਕਲਿਆਣ ਦੇ ਰਾਹ ਤੋਰਦੀ ਹੈ। ਗੁਰੂ ਸਾਹਿਬ ਦੀ ਬਾਣੀ ਸਿਰਫ ਸਿੱਖੀ ਸਰੂਪ ਰੱਖਣ ਵਾਲਿਆਂ ਤੱਕ ਸੀਮਿਤ ਨਹੀਂ ਇਸਦਾ ਘੇਰਾ ਬਹੁਤ ਵਿਸ਼ਾਲ ਹੈ। ਗੁਰੂ ਸਾਹਿਬ ਦੀ ਵਿਚਾਰਧਾਰਾ ਸਾਰੀ ਲੁਕਾਈ ਲਈ ਸਾਰੇ ਸਮਿਆਂ ਵਿਚ ਸਰਬਸਾਂਝੀ ਅਤੇ ਸਰਬੱਤ ਦੇ ਭਲੇ ਵਾਲੀ ਹੈ।

..........................................................

# ਸ਼ਹਾਦਤ : ਗੌਰਵਸ਼ੀਲ ਇਤਿਹਾਸਿਕ ਦਖ਼ਲ



ਡਾ. ਗੁਰਭਗਤ ਸਿੰਘ
ਉੱਘੇ ਸਿੱਖ ਚਿੰਤਕ

ਕੁਰਬਾਨੀ ਸ਼ਹਾਦਤ ਉਦੋਂ ਹੀ ਬਣਦੀ ਹੈ ਜਦੋਂ ਉਸ ਵਿਚ ਇੰਨੀ ਸ਼ਕਤੀ ਹੋਵੇ ਕਿ ਉਹ ਚੱਲ ਰਹੇ ਇਤਿਹਾਸ ਦੀ ਦਿਸ਼ਾ ਬਦਲ ਦੇਵੇ। ਉਸ ਵਿੱਚ ਰੋਸ਼ਨੀ ਦੇ ਅੰਬਾਰ ਸੁੱਟ ਦੇਵੇ। ਇਸ ਲਈ ਸ਼ਹਾਦਤ ਦੇਣ ਵਾਲੇ ਮਹਾਂਪੁਰਖ ਅਤਿਅੰਤ ਗਿਆਨਵਾਨ ਹੁੰਦੇ ਹਨ। ਘੱਟੋ-ਘੱਟ ਉਨ੍ਹਾਂ ਨੂੰ ਇਤਿਹਾਸ ਦੀ ਉਸ ਊਣ ਦਾ ਪਤਾ ਹੁੰਦਾ ਹੈ ਜਿਸ ਨਾਲ ਉਹ ਮਨੁੱਖ ਜਾਤੀ ਦੇ ਕੁਝ ਹਿੱਸੇ ਲਈ ਗੌਰਵ ਗੁਆ ਚੁੱਕਾ ਹੈ। ਸ਼ਹਾਦਤ ਇਤਿਹਾਸ ਵਿਚ ਵੱਡੀਆਂ ਤਬਦੀਲੀਆਂ ਲਿਆਉਣ ਲਈ ਦਿੱਤਾ ਚੇਤੰਨ ਦਖਲ ਹੈ।

ਇਕ ਕ੍ਰਾਂਤੀਕਾਰੀ ਮਨੁੱਖ ਅਤੇ ਸ਼ਹੀਦ ਵਿਚ ਅੰਤਰ ਕੇਵਲ ਮਾਧਿਅਮ ਦਾ ਹੀ ਹੈ। ਕ੍ਰਾਂਤੀਕਾਰੀ ਇਕ ਲਹਿਰ ਦਾ ਹਿੱਸਾ ਹੋ ਕੇ ਇਤਿਹਾਸ ਨੂੰ ਬਦਲਣਾ ਚਾਹੁੰਦਾ ਹੈ ਅਤੇ ਸ਼ਹੀਦ ਸਾਰਾ ਭਾਰ ਆਪਣੇ ਆਪ ਉੱਤੇ ਹੀ ਚੁੱਕ ਲੈਂਦਾ ਹੈ। ਜਦੋਂ ਕ੍ਰਾਂਤੀਕਾਰੀ ਨੂੰ ਇਹ ਮਹਿਸੂਸ ਹੋਵੇ ਕਿ ਲੋਕਾਂ ਦਾ ਸੰਗਠਨ ਬਣਨਾ ਅਜੇ ਅਸੰਭਵ ਹੈ ਪਰ ਇਤਿਹਾਸ ਅਤੇ ਜੀਵਨ ਦਾ ਗੁਆਚ ਰਿਹਾ ਗੌਰਵ ਛੇਤੀ ਸੁਰਜੀਤ ਕਰਨ ਦੀ ਲੋੜ ਹੈ। ਉਹ ਸ਼ਹਾਦਤ ਦਾ ਰਾਹ ਵੀ ਚੁਣ ਸਕਦਾ ਹੈ। ਉਸ ਵਿਚ ਕ੍ਰਾਂਤੀ ਅਤੇ ਸ਼ਹਾਦਤ ਮਿਲ ਜਾਂਦੇ ਹਨ। ਇਕ ਸ਼ਹੀਦ ਵਿਚ ਵੱਧ ਅਤੇ ਵਿਸ਼ੇਸ਼ ਗੱਲ ਇਹ ਹੈ ਕਿ ਉਹ ਇਤਿਹਾਸ ਅਤੇ ਮਨੁੱਖ ਨੂੰ ਨਿਰਗੌਰਵ ਬਣਾਉਣ ਵਾਲੇ ਵਿਅਕਤੀਆਂ ਪ੍ਰਤੀ ਵੀ ਹਮਦਰਦੀ ਰੱਖਦਾ ਹੈ- ਬੋਧੀ ਅਰਥਾਂ ਵਿਚ ਕਰੁਣਾ-ਭਾਵ, 'ਨਦਰਿ' ਦੀ ਆਸ ਨਾਲ ਕਿ ਕਦੇ ਉਹ ਵੀ ਬਦਲ ਜਾਣਗੇ।

ਕਿਸੇ ਵੀ ਮਨੁੱਖ ਹਿਤੈਸ਼ੀ ਲਕਸ਼ ਲਈ ਦਿੱਤੀ ਕੁਰਬਾਨੀ ਸ਼ਹਾਦਤ ਹੈ, ਪਰ ਜਿਸ ਕੁਰਬਾਨੀ ਪਿੱਛੇ ਕੰਮ ਕਰ ਰਹੀ ਚੇਤੰਨਤਾ ਇੰਨੀ ਵਿਸ਼ਾਲ ਹੋਵੇ ਕਿ ਉਹ ਸਮੁੱਚੇ ਬ੍ਰਹਿਮੰਡ ਦੇ

ਜੀਵਨ ਨੂੰ ਕਲਾਵੇ ਵਿਚ ਲੈ ਲਵੇ, ਜੋ ਕੁੱਝ ਸਿਰਜਨਾ ਵਿਚ ਹੈ ਸਭ ਨੂੰ ਇਕ ਭਰਾਤਰੀਅਤਾ ਜਾਣੇ, ਉਹ ਉੱਦਾਤ ਸ਼ਹਾਦਤ ਹੈ, ਅੰਗ੍ਰੇਜ਼ੀ ਵਿਚ ਇਸ ਨੂੰ ਸਬਲਾਈਮ ਮਾਰਟਿਡਮ ਆਖਾਂਗੇ।

ਸਿੱਖ ਸ਼ਹਾਦਤ ਦੇ ਇਤਿਹਾਸ ਵਿੱਚ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਸ਼ਹਾਦਤਾਂ, ਉੱਦਾਤ ਸ਼ਹਾਦਤਾਂ ਹਨ। ਇਨ੍ਹਾਂ ਨੂੰ ਇਤਿਹਾਸ ਦੇ ਕੇਵਲ ਕੁਝ ਸੀਮਿਤ ਤੱਥਾਂ ਨਾਲ ਨਹੀਂ ਜੋੜਿਆ ਜਾ ਸਕਦਾ। ਜਿਵੇਂ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨੂੰ ਪ੍ਰਿਥੀਚੰਦ ਦੀ ਬਦਲਾ ਭਾਵਨਾ ਨਾਲ ਜਾਂ ਇਸਲਾਮੀ ਉਤਸ਼ਾਹੀ ਸ਼ੇਖ ਅਹਿਮਦ ਸਰਹੰਦੀ ਦੀਆਂ ਵਿਉਂਤਾਂ ਨਾਲ ਜੋੜਿਆ ਜਾਂਦਾ ਹੈ। ਉਹ ਵੀ ਕੁਝ ਛੋਟੇ ਕਾਰਨ ਸਨ, ਪਰ ਅਸਲ ਕਾਰਨ ਗੁਰੂ ਸਾਹਿਬਾਨ ਦਾ ਉਹ ਬ੍ਰਹਿਮੰਡੀ ਅਤੇ ਵਿਸ਼ਾਲ ਮਨੁੱਖਵਾਦੀ ਜੀਵਨ ਮਾਰਗ ਅਤੇ ਫ਼ਲਸਫ਼ਾ ਸੀ ਜੋ ਉਸ ਸਮੇਂ ਦੀ ਮੁਗਲਈ ਸਲਤਨਤ ਅਤੇ ਉਸਦੇ ਧਰਮ ਅਭਿਆਸ ਨਾਲ ਵਿਰੋਧ ਵਿੱਚ ਖੜਾ ਸੀ। ਅਕਬਰ ਨੇ ਇਸ ਵਿਸ਼ਾਲਤਾ ਦੀ ਕਦਰ ਕੀਤੀ ਸੀ, ਪਰ ਛੇਤੀ ਹੀ ਉਸ ਦੇ ਉੱਤਰਾ ਅਧਿਕਾਰੀ ਜਹਾਂਗੀਰ ਨੇ ਇਸਲਾਮੀ- ਇੱਕਵਾਦ ਵੱਲ ਮੋੜ ਕੱਟ ਲਿਆ। ਇਸ ਇੱਕਵਾਦ ਨਾਲ ਹੀ ਉਸ ਨੂੰ ਅਤੇ ਉਸ ਦੀਆਂ ਸਹਾਇਕ ਇਸਲਾਮੀ ਸੰਸਥਾਵਾਂ ਨੂੰ ਨਜ਼ਰ ਆਉਂਦਾ ਸੀ ਕਿ ਮੁਗਲ ਸਲਤਨਤ ਪੱਕੇ ਪੈਰਾਂ ਉੱਤੇ ਖੜੀ ਰਹਿ ਸਕਦੀ ਹੈ।

ਜਿਸ ਜੀਵਨ ਮਾਰਗ ਅਤੇ ਦਰਸ਼ਨ ਦੇ ਮੁਜੱਸਮਾ, ਸਾਕਾਰ ਚਿੱਤਰ, ਗੁਰੂ ਅਰਜਨ ਦੇਵ ਜੀ ਸਨ, ਉਹ ਕਰਤਾ ਪੁਰਖ ਦੇ ' ਏਕ ' ਅਤੇ ' ਅਨੇਕ' ਰੂਪ ਦਾ ਵਿਸਥਾਰ ਸੀ। ਇਸ ਵਿਚ ਇਸਲਾਮੀ / ਮੁਗਲਈ / ਬ੍ਰਾਹਮਣੀ ਇੱਕਵਾਦ ਦੀ ਕੋਈ ਥਾਂ ਨਹੀਂ ਸੀ । ਜਿਸ ਅਨਹਦ ਨਾਦ, ਜਿਸ ਬ੍ਰਹਿਮੰਡੀ ਸੰਗੀਤ ਨੂੰ ਉਹ ਹਰ ਦਿੱਲ ਵਿਚ ਵਜਾਉਣਾ ਚਾਹੁੰਦੇ ਸਨ, ਉਸ ਲਈ ਵੱਖ - ਵੱਖ ਸੁਰਾਂ ਵਿਭਿੰਨ ਤਾਨਾਂ ਦੀ ਵੀ ਅਤਿਅੰਤ ਲੋੜ ਸੀ। ਨਾਦ ਦੀ ਨਿਰੰਤਰਤਾ ਅਤੇ ਸ਼ਿੱਦਤ ਲਈ ਅਨੇਕ ਰਾਗਾਂ ਅਤੇ ਉੱਪ- ਰਾਗਾਂ / ਰਾਗਣੀਆਂ ਦਾ ਵੀ ਪੂਰਾ ਮਹੱਤਵ ਸੀ। ਭਾਈ ਗੁਰਦਾਸ ਨੇ ਵਾਰ ਚੌਵੀਵੀਂ ਵਿਚ ਇਹ ਸਾਖੀ ਭਰੀ ਹੈ ਕਿ ਗੁਰੂ ਅਰਜਨ ਦੇਵ ਜੀ ' ਬ੍ਰਹਮ ਪਰਮ ਪਦ ਵਿਚ ਰਹਿੰਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਦਾ ਆਉਣਾ ਵੀ ਵਿਸਮਾਦੈ ਵਿਸਮਾਦ ਮਿਲੰਦਾ ਆਖਿਆ ਗਿਆ ਹੈ।

ਸਿਰਜਨਾ ਅਤੇ ਸਿਰਜਨਹਾਰ ਦੀ ਵਿਸ਼ਾਲਤਾ, ਸੁੰਦਰਤਾ ਅਤੇ ਸੰਗੀਤ ਨਾਲ ਅਭੇਦ ਹੋਣਾ ਹੀ ਵਿਸਮਾਦੀ ਜੀਵਨ ਜਿਉਣਾ ਹੈ, ਇਹੀ ਜੋਤ ਹੋਣਾ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਦੇ ਸ਼ਹਾਦਤ ਖਿਣ ਨੂੰ ਵੀ ਭਾਈ ਗੁਰਦਾਸ ਨੇ "ਜੋਤੀ ਅੰਦਰਿ ਜੋਤਿ ਸਮਾਣੀ ਆਖਿਆ" ਹੈ। ਪਤੰਗੇ ਦੇ ਰੌਸ਼ਨੀ ਵਿਚ ਮਿਲ ਜਾਣ ਅਤੇ ਕੁਰਬਾਨ ਹੋ ਜਾਣ ਨਾਲ ਤਸ਼ਬੀਹ ਦਿੱਤੀ ਹੈ।

ਵਿਸਮਾਦ ਵਿਚ ਜੋਤ ਹੋਣਾ ਹੀ ਉੱਦਾਤ ਜੀਵਨ ਜਿਉਣਾ ਹੈ। ਵਕਤ ਦੀ ਰਾਜਨੀਤੀ ਅਤੇ ਇਸ ਦੇ ਰੁਝਾਨ ਇਸ ਵਿਸਮਾਦ ਨਾਲ ਟਕਰਾਉਂਦੇ ਸਨ। ਇਸ ਲਈ ਉਨ੍ਹਾਂ ਨੂੰ ਬਦਲਣ ਲਈ ਗੁਰੂ ਅਰਜਨ ਦੇਵ ਜੀ ਸ਼ਹੀਦ ਹੋ ਗਏ। ਇਹ ਉੱਦਾਤ ਸ਼ਹਾਦਤ ਹੈ। ਇਸ ਵਿਚ ਮਨ ਅਤੇ ਦੇਹ ਇੱਕ - ਸੁਰ ਹਨ। ਆਖਰੀ ਵਕਤ ਤਕ ਸ਼ਹੀਦ ਦੇ ਸਮੁੱਚੇ ਅਸਤਿਤਵ (bieng) ਵਿਚੋਂ ਵਿਸਮਾਦੀ ਸੰਗੀਤ ਕਰਦਾ ਹੈ, ਰੌਸ਼ਨੀ ਫੁੱਟਦੀ ਹੈ। ਜੋਤ ਹੈ ਕੇ ਸ਼ਹੀਦ ਹੋਣਾ, ਸਿੱਖ ਸ਼ਹਾਦਤ ਦਾ ਨਿਵੇਕਲਾਪਣ ਹੈ, ਇਕ ਮਿਸਾਲ ਹੈ, ਜਿਸ ਵਿੱਚ ਸ਼ਹਾਦਤ ਅਤੇ ਕ੍ਰਾਂਤੀ ਘੁਲ-ਮਿਲ ਜਾਂਦੇ ਹਨ। ਵਿਸਮਾਦੀ ਜੋਤ ਹੋ ਕੇ ਇਤਿਹਾਸ ਨੂੰ ਮੋੜ ਦੇਣਾਂ ਅਤੇ ਕੇਵਲ ਆਰਥਿਕ ਸਮਾਜਿਕ ਸੰਸਥਾਵਾਂ ਨੂੰ ਉਲਟਾਉਣ ਲਈ ਗਿਆਨਵਾਨ ਅਤੇ ਕ੍ਰਿਆਵੰਤ ਹੋਣ ਵਿਚ ਕਾਫ਼ੀ ਫਰਕ ਹੈ। ਕੇਵਲ ਆਰਥਿਕ ਸਮਾਜਿਕ ਮੁਦਿਆਂ ਤੱਕ ਸੀਮਤ ਕ੍ਰਾਂਤੀਕਾਰੀ ਵਿਚ ਬ੍ਰਹਿਮੰਡੀ ਪਾਸਾਰ/ ਡੂੰਘਿਆਈ ਨਹੀਂ ਹੋ ਸਕਦੀ। ਵਿਸ਼ਾਲ ਸਿਰਜਨਾ ਦੀ ਸੁੰਦਰਤਾ, ਵਿਭਿੰਨਤਾ ਅਤੇ ਉਸ ਲਈ ਅਥਾਹ ਪ੍ਰੇਮ ਨਹੀਂ ਹੋ ਸਕਦਾ। ਇਸ ਲਈ ਕ੍ਰਿਤ ਅਰਥਾਂ ਵਿਚ ਕ੍ਰਾਂਤੀਕਾਰੀ ਜੋਤ ਨਹੀਂ ਹੋ ਸਕਦਾ ਹੈ। ਉਹ ਹੋਣ ਲਈ ਇਕ ਵੱਖਰੀ ਅਤੇ ਵਡੇਰੀ ਸ਼ਕਤੀ ਦੀ ਲੋੜ ਹੈ। ਉਸ ਬ੍ਰਹਿਮੰਡੀ ਸ਼ਕਤੀ ਨੂੰ ਅਨੁਭਵ ਬਣਾਉਣ ਦੀ ਜ਼ਰੂਰਤ ਹੈ। ਪਾਬਲੋ ਨੇਰੂਦਾ ਵਰਗਾ ਕ੍ਰਾਂਤੀਕਾਰੀ ਸ਼ਾਇਰ ਉਸ ਦੇ ਨੇੜੇ-ਤੇੜੇ ਅੱਪੜਦਾ ਹੈ।

ਸਾਡੇ ਸਮਿਆਂ ਵਿਚ ਹਰਬਰਟ ਮਾਰਕਜ਼ੇ ਨੇ ਇਹ ਗੱਲ ਸਮਝੀ ਹੈ ਕਿ ਕ੍ਰਾਂਤੀਕਾਰੀ ਲਈ ਜ਼ਰੂਰੀ ਹੈ ਕਿ ਉਹ ਆਪਣੀਆਂ ਉਨ੍ਹਾਂ ਭਰੇ। ਆਪਣੇ ਆਪ ਨੂੰ ਉਸ ਸੌਂਦਰਯ ਵਿਚ ਲਬਰੇਜ਼ ਕਰ ਲਵੇ, ਜਿਸ ਨੂੰ ਲਿਆਉਣ ਅਤੇ ਸਥਾਪਿਤ ਕਰਨ ਲਈ ਉਹ ਲੜ ਰਿਹਾ ਹੈ। ਮਾਰਕਸ ਮਾਰਕਸੀ ਕ੍ਰਾਂਤੀ ਵੀ ਆਖ਼ਰ ਜੀਵਨ ਦੇ ਲੁੱਟੇ ਜਾ ਰਹੇ ਸੌਂਦਰਯ ਨੂੰ ਬਚਾਉਣ ਅਤੇ ਇਸ ਦੇ ਹੋਰ ਪਾਸਾਰ ਲੱਭਣ ਲਈ ਹੀ ਹੈ । ਉਨ੍ਹਾਂ ਸਭ ਇੰਦਰੀਆਂ ਨੂੰ ਕ੍ਰਿਆਵੰਤ ਕਰਨ ਲਈ ਹੈ ਜੋ ਸ਼ੋਸ਼ਣ- ਸਤ

ਸਮਾਜ ਵਿਚ ਸਿੱਥਲ ਕਰ ਦਿੱਤੀਆਂ ਜਾਂਦੀਆਂ ਹਨ।

ਪਰ ਮਾਰਕਸੀ ਕ੍ਰਾਂਤੀ, ਕ੍ਰਾਂਤੀਕਾਰੀਆਂ ਦੇ ਵਿਸਮਾਦੀ ਜੋਤਿ ਹੋਣ ਤੱਕ ਨਹੀਂ ਪਹੁੰਚਦੀ। ਇਹ ਲਖਸ਼ ਉਸ ਨੂੰ ਨਹੀਂ ਦਿੰਦੀ। ਇਸ ਲਈ ਮਾਰਕਸੀ ਕ੍ਰਾਂਤੀ ਦੇ ਕੁਰਾਹੇ ਪੈਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਜਿਵੇਂ ਰੂਸ ਵਿਚ ਵਾਪਰਿਆ। ਵਿਸ਼ੇਸ਼ ਤੌਰ ਤੇ ਰੂਸੀਆਂ ਨੇ ਜੋ ਵਰਤਾਰਾ ਹੰਗਰੀ ਅਤੇ ਚੈਕੋਸਲਵਾਕੀਆ ਵਿਚ ਦਿਖਾਇਆ, ਉਹ ਕ੍ਰਾਂਤੀਕਾਰੀ ਨਹੀਂ ਸੀ। ਸ਼ੋਸ਼ਣ ਵਿਸਥਾਰ ਹੀ ਸੀ। ਰੂਸੀ ਇੰਨਕਲਾਬ ਦਾ ਇਹ ਪਤਨ ਵਾਪਰਿਆ ਕਿਉਂਕਿ ਉਸ ਵਿਚ ਚੇਤੰਨਤਾ ਅਤੇ ਅਸਤਿੱਤਵ (bieng) ਨੂੰ ਵਿਸਮਾਦੀ ਜੋਤ ਬਣਨ ਤੱਕ ਨਹੀਂ ਪਹੁੰਚਾਇਆ ਜਾ ਸਕਿਆ ਸੀ। ਉਂਜ ਯੂਨਾਨੀ ਸੂਤ ਤੋਂ ਆਏ' ਮਾਰਟਾਇਰ ਜਾਂ "ਮਾਰਟਿਡਮ" ਦੇ ਅਰਥ ਅਤੇ ਫ਼ਾਰਸੀ ਤੋਂ ਆਏ' ਸ਼ਹੀਦ' ਦੇ ਅਰਥ ਵੀ ਸਾਖੀ ਹੋਣਾ ਹੀ ਹਨ। ਸਾਖੀ ਨੂੰ ਅੰਗ੍ਰੇਜ਼ੀ ਵਿਚ' ਵਿਟਨੈੱਸ ਆਖਦੇ ਹਾਂ।

ਜੋਤ ਹੋਣਾ ਅਤੇ ਜੋਤ ਦਾ ਸਾਖੀ ਬਣਨਾ ਪਰਮ ਰੌਸ਼ਨੀ ਦੇ ਹੀ ਦੋ ਪੱਖ ਹਨ। ਸਿੱਖ ਸ਼ਹਾਦਤ ਦੀ ਇਹ ਵਿਸ਼ੇਸ਼ਤਾ ਹੈ ਅਤੇ ਵਿਸ਼ਵ ਸ਼ਹਾਦਤ ਦੇ ਅਭਿਆਸ ਅਤੇ ਇਤਿਹਾਸ ਨੂੰ ਇਹ ਦੇਣ ਹੈ। ਕੇਵਲ ਵਿਅਕਤਿੱਤਵ ਮਿਟਾਉਣਾ ਜਾਂ ਫ਼ਨਾਹ ਹੋਣਾ ਇਥੇ ਕਾਫ਼ੀ ਨਹੀਂ। ਪਰਮ ਰੌਸ਼ਨੀ ਦੇ ਇਨ੍ਹਾਂ ਦੋਹਾਂ ਪੱਖਾਂ ਨੂੰ ਸਾਕਾਰ ਕਰਨਾ, ਸਫ਼ਾਦਿਤ ਕਰਨਾ, ਇਨ੍ਹਾਂ ਨਾਲ ਇਤਿਹਾਸ ਨੂੰ ਮੋੜਨਾ ਇਸ ਦੇ ਖ਼ਾਲੀਪਣ ਨੂੰ ਭਰਪੂਰ ਕਰਨਾ ਹੀ ਸਿੱਖ ਸ਼ਹਾਦਤ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਵੀ ਇਨ੍ਹਾਂ ਵੱਡੇ ਅਰਥਾਂ ਵਿਚ ਹੀ ਸਮਝਣੀ ਚਾਹੀਦੀ ਹੈ। ਇਹ ਇਤਿਹਾਸਿਕ ਤੌਰ ਤੇ ਤੱਥ ਹੀ ਹੈ ਕਿ ਉਨ੍ਹਾਂ ਕੋਲ ਪ੍ਰਤਿਸ਼ਟ ਬ੍ਰਾਹਮਣ ਆਏ ਜਿਨ੍ਹਾਂ ਨੇ ਗੁਰੂ ਸਾਹਿਬ ਕੋਲ ਹਿੰਦੂ ਧਰਮ ਦੇ ਵਿਰੁੱਧ ਮੁਗ਼ਲਈ ਸਿਤਮ ਨਾਲ ਟਕਰਾਉਣ ਲਈ ਬੇਨਤੀ ਕੀਤੀ। ਕੈਲੀਫ਼ੋਰਨੀਆ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਨੋਇਲ ਕਿੰਗ ਇਹ ਕਿਹਾ ਕਰਦੇ ਹਨ ਕਿ ਇਹ, ਮਨੁੱਖਤਾ ਦੇ ਇਤਿਹਾਸ ਵਿੱਚ ਮਨੁੱਖੀ ਅਧਿਕਾਰਾਂ ਲਈ ਦਿੱਤੀ ਪਹਿਲੀ ਸ਼ਹਾਦਤ ਸੀ। ਪਰ ਜੇ ਗੁਰੂ ਤੇਗ਼ ਬਹਾਦਰ ਜੀ ਦੇ ਜੀਵਨ-ਅਭਿਮਾਨ ਅਤੇ ਦਰਸ਼ਨ ਨੂੰ ਜਾਣਿਆ ਜਾਵੇ ਤਾਂ ਉਨ੍ਹਾਂ ਦੀ ਸ਼ਹਾਦਤ ਵੀ ਕੋਈ ਜਨੇਊ ਬਚਾਉਣ ਅਤੇ ਹਿੰਦੂ ਧਰਮ ਦੀ ਰੱਖਿਆ ਤੱਕ ਹੀ ਸੀਮਿਤ ਨਹੀਂ। ਅਸਲ ਮਹੱਤਵ ਵਿਸ਼ਾਲ ਅਤੇ ਵਿਸਮਾਦੀ ਹੀ ਹੈ। ਜੋ ਲਖਸ਼ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਦੁਹਰਾਇਆ ਹੈ, ਉਹ ' ਜੀਵਨ ਮੁਕਤਿ' ਹੋਣ ਦਾ ਹੈ ਜਿਸ ਲਈ ਮਾਨ ਅਤੇ ਮੋਹ' ਤਿਆਗ ਕੇ ਗੋਬਿੰਦ ਦੇ ਗੁਣ ਗਾਉਣੇ ਮਹੱਤਵ ਰੱਖਦੇ ਹਨ।' ਗਾਵੈ ਉਨ੍ਹਾਂ ਅਰਥ ਵਿੱਚ ਹੀ ਹੈ ਜਿਨ੍ਹਾਂ ਅਰਥਾਂ ਵਿਚ ਗੁਰੂ ਨਾਨਕ ਦੇਵ ਜੀ ਨੇ 'ਜਪੁਜੀ ਵਿਚ ਵਰਤਿਆ' ਹੈ। ਜਗਤ ਜ਼ਰੂਰ' ਸੁਪਨਾ' ਹੈ ਪਰ ਕੇਵਲ 'ਰਾਮ' ਦੇ ਪ੍ਰਸੰਗ ਵਿਚ। 'ਰਾਗ ਗਉੜੀ ਵਿਚ ਰਚਨਾ ਦੀ ਵਚਿੱਤਰਤਾ ਅਤੇ ਰਾਮ ਦੇ' ਅਚਰਜ ਹੋਣ ਬਾਰੇ ਉਨ੍ਹਾਂ ਦਾ ਅਨੁਭਵ ਅਤੇ ਪ੍ਰਕਾਸ਼ ਦੂਜੇ ਗੁਰੂ ਸਾਹਿਬਾਨ ਵਾਂਗ ਹੀ ਵਿਸਮਾਦੀ ਹਨ:

ਸਾਧੋ ਰਚਨਾ ਰਾਮ ਬਨਾਈ॥
ਇਕਿ ਬਿਨਸੈ ਇਕ ਅਸਥਿਰੁ ਮਾਨੈ
ਅਚਰਜੁ ਲਖਿਓ ਨ ਜਾਈ॥੧॥

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਇਕ - ਭਾਵੀ ਨਹੀਂ। ਉਨ੍ਹਾਂ ਦੇ ਪ੍ਰਮੁੱਖ ਥੀਮ ਵੀ ਕਈ ਹਨ, ਜਿਵੇਂ ਦੁੱਖ, ਸੁੱਖ, ਮਨੋਚਕਿਤਸਾ, ਨਾਮ, ਗੋਬਿੰਦ, ਥਿਰਤਾ, ਅਥਿਰਤਾ, ਆਦਿ। ਪਰ ਇਨ੍ਹਾਂ ਦਾ ਪ੍ਰਕਾਸ਼ ਅਨੇਕ ਮੁੱਖੀ ਹੈ, ਭਾਵਾਂ ਦੀ ਵਚਿੱਤਰਤਾ ਅਤੇ ਜੀਵਨ ਦੇ ਵਿਸਮਾਦ ਨਾਲ ਜੁੜਿਆ ਹੋਇਆ ਹੈ ਜਿਸ ਕਾਰਨ ਉਨ੍ਹਾਂ ਦੀ ਬਾਣੀ ਨੂੰ ਹੇਠ ਲਿਖੇ ਰਾਗਾਂ ਵਿਚ ਗਾਉਣ ਦਾ ਆਦੇਸ਼ ਹੈ :

ਗਉੜੀ, ਆਸਾ, ਦੇਵ ਗੰਧਾਰੀ, ਬਿਹਾਗੜਾ, ਸੋਰਠਿ, ਜੈਤਸਰੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ, ਜੈਜਾਵੰਤੀ।

ਇਸ ਚਰਚਾ ਤੋਂ ਸਪੱਸ਼ਟ ਹੈ ਕਿ ਗੁਰੂ ਤੇਗ਼ ਬਹਾਦਰ ਜੀ ਦਾ ਜੀਵਨ ਮਾਰਗ ਅਤੇ ਦਰਸ਼ਨ ਵੀ ਓਨਾ ਹੀ ਵਿਸ਼ਾਲ ਸੀ ਅਤੇ ਉਹੀ ਵਿਸਮਾਦ ਕੇਂਦਰਿਤ ਸੀ ਜੋ ਦੂਜੇ ਗੁਰੂ ਸਾਹਿਬਾਨ ਦਾ। ਉਨ੍ਹਾਂ ਦੀ ਸ਼ਹਾਦਤ ਕੇਵਲ ਇਕ ਧਰਮ ਲਈ ਨਹੀਂ ਸੀ, ਸਗੋਂ ਉਸ ਵਚਿੱਤਰਤਾ ਭਰਪੂਰ ਭਿੰਨਤਾ ਮੁਖੀ ਜੀਵਨ ਯਥਾਰਥ ਨੂੰ ਸੁਰੱਖਿਅਤ ਬਣਾਉਣ ਲਈ ਸੀ ਜਿਸ ਵਿੱਚ ਇੱਕ ਧਰਮ ਦਾ ਦਮਨ ਬ੍ਰਹਿਮੰਡੀ ਜੀਵਨ ਦੀ ਅਵੱਗਿਆ ਸੀ। ਮਨੁੱਖੀ ਅਧਿਕਾਰ, ਗੁਰੂ ਸਾਹਿਬ ਲਈ, ਵਿਸ਼ਾਲ ਜੀਵਨ- ਪ੍ਰਵਾਹ ਨਾਲੋਂ ਤੋੜ ਕੇ ਨਹੀਂ ਦੇਖੇ ਜਾ ਸਕਦੇ। ਉਨ੍ਹਾਂ ਦੀ ਦ੍ਰਿਸ਼ਟੀ ਤੋਂ ਕੋਈ ਵੀ ਅਧਿਕਾਰ ਮਤਾ ਤੋਂ ਅਲੱਗ ਨਹੀਂ ਹੋ ਸਕਦਾ।

**ਬਾਕੀ ਸਫਾ ਨੰ 111 'ਤੇ**

# ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਗੱਦੀ ਕਿਵੇਂ ਮਿਲੀ




ਸੰਤੋਖ ਸਿੰਘ ਨਾਮਧਾਰੀ

ਨਾਮਧਾਰੀ ਲੇਖਕ

81681-43571


ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਵੈਸਾਖ ਵਦੀ ਪੰਚਮੀ ਸੰਮਤ 1669 ਬਿ: ਡਰੌਲੀ ਭਾਈ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪਿਤਾ ਅਤੇ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ। (ਸੂਰਜ ਪ੍ਰਕਾਸ਼ ਗ੍ਰੰਥ)

ਸ੍ਰੀ ਲਾਲ ਚੰਦ ਖਤ੍ਰੀ ਤੇ ਸ੍ਰੀ ਕ੍ਰਿਸ਼ਨ ਕੌਰ ਦੀ ਸਪੁੱਤਰੀ ਬੀਬੀ ਗੁਜਰੀ ਜੀ ਨਾਲ ਵਿਆਹ ਬੇਦ ਰੀਤੀ ਅਨੁਸਾਰ 14 ਅੱਸੂ ਸੰਤ 1689 ਨੂੰ ਕਰਤਾਰਪੁਰ ਵਿਖੇ ਹੋਇਆ। ਸ੍ਰੀ ਗੁਰੂ ਹਰਿਗੋਬਿੰਦ ਜੀ ਤੋਂ ਗੁਰਗੱਦੀ ਸ੍ਰੀ ਗੁਰੂ ਹਰਿ ਰਾਏ ਜੀ ਨੂੰ ਪ੍ਰਾਪਤ ਹੋਈ ਅਤੇ ਇਨ੍ਹਾਂ ਨੇ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰਗੱਦੀ ਸੌਂਪੀ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰਿਆਈ ਕਿਵੇਂ ਦਿੱਤੀ, ਇਸ ਦਾ ਵਰਨਣ ਸੂਰਜ ਪ੍ਰਕਾਸ਼ ਗ੍ਰੰਥ ਅਨੁਸਾਰ ਇਵੇਂ ਹੈ-

ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਜੋਤਿ ਜੋਤ ਸਮਾਉਣ ਬਾਅਦ ਮਾਤਾ ਨਾਨਕੀ ਜੀ, ਸ੍ਰੀ ਤੇਗ ਬਹਾਦਰ ਜੀ ਸਮੇਤ ਸਾਰਾ ਸਮਾਨਾ ਘਰ ਦਾ ਲੈ ਬਕਾਲੇ ਪਿੰਡ ਆ ਗਏ ਸਨ। ਸ੍ਰੀ ਗੁਰੂ ਹਰਿ ਰਾਏ ਜੀ ਨੇ ਗੁਰਗੱਦੀ ਵੱਡੇ ਪੁੱਤਰ ਰਾਮ ਰਾਏ ਦੀ ਬਜਾਏ ਛੋਟੇ ਸਪੁੱਤਰ ਸ੍ਰੀ ਹਰਿ ਕ੍ਰਿਸ਼ਨ ਜੀ ਨੂੰ ਦਿੱਤੀ ਤਾਂ ਰਾਮ ਰਾਏ ਬਹੁਤ ਦੁੱਖੀ ਨਿਰਾਜ਼ ਅਤੇ ਈਰਖਾ ਨਾਲ ਭਰ ਗਿਆ। ਉਹ ਦਿੱਲੀ ਵਿਖੇ ਔਰੰਗਜ਼ੇਬ ਕੋਲ ਹੀ ਰਹਿੰਦਾ ਸੀ ਸੋ ਉਸ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਤਾਂ ਔਰੰਗਜ਼ੇਬ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਬੁਲਾਉਣ ਦਾ ਫ਼ਤਵਾ ਸੁਣਾ ਦਿੱਤਾ। ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਅਨੇਕਾਂ ਕੌਤਕ ਕਰਦੇ ਦਿੱਲੀ ਪੁੱਜੇ ਤਾਂ ਸੰਗਤਾਂ ਹੁੰਮ-ਹੁੰਮਾ ਕੇ ਪੁੱਜਣੀਆਂ ਸ਼ੁਰੂ ਹੋ ਗਈਆਂ। ਹੈਜੇ ਦੀ ਬੀਮਾਰੀ ਫੈਲ ਗਈ ਤਾਂ ਗੁਰੂ ਜੀ ਨੇ ਸੰਗਤਾਂ ਦੇ ਅਰਜ਼ ਕਰਨ ਤੇ ਆਪਣੇ ਚਰਨਾਂ ਦਾ ਜਲ ਇਕ ਚੁਬੱਚੇ ਵਿਚ ਪੁਆ ਦਿੱਤਾ ਅਤੇ ਹੁਕਮ

ਕੀਤਾ ਇਥੋਂ ਜਲ ਲਿਜਾ ਕੇ ਬੀਮਾਰਾਂ ਨੂੰ ਦਿਓ ਤਾਂ ਸੰਗਤਾਂ ਨੇ ਇਵੇਂ ਹੀ ਕੀਤਾ। ਥੋੜੇ ਦਿਨਾਂ ਵਿਚ ਹੀ ਬਹੁਤ ਸਰੀਰ ਠੀਕ ਹੋ ਗਏ ਅਤੇ ਬੀਮਾਰੀ ਖ਼ਤਮ ਹੋ ਗਈ। ਸ੍ਰੀ ਸਤਿਗੁਰੂ ਜੀ ਦੀ ਕੀਰਤੀ ਹੋਰ ਫੈਲ ਗਈ ਤਾਂ ਰਾਮ ਰਾਏ ਬਹੁਤ ਸੜਿਆ ਅਤੇ ਗੁਰੂ ਜੀ ਨੂੰ ਸ਼ਰਾਪ ਦੇ ਦਿੱਤਾ ਕਿ ਸੀਤਲਾ ਨਾਲ ਚੜ੍ਹ ਜਾਣ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਸੀਤਲਾ ਹੋਣ ਕਾਰਨ ਸਰੀਰ ਬਹੁਤ ਨਿਢਾਲ ਹੋ ਗਿਆ ਤਾਂ ਇਹੋ ਜਿਹੀ ਹਾਲਤ ਵੇਖ ਸੰਗਤ ਬਹੁਤ ਪ੍ਰੇਸ਼ਾਨ ਹੋਈ।

ਸੂਰਜ ਪ੍ਰਕਾਸ਼ ਗ੍ਰੰਥ ਅਨੁਸਾਰ ਇਕ ਦਿਨ ਰਾਮ ਰਾਇ ਜਦੋਂ ਔਰੰਗਜ਼ੇਬ ਦੇ ਦਰਬਾਰ ਵਿਚ ਪੁੱਜਦਾ ਹੈ ਤਾਂ ਬਾਦਸ਼ਾਹ ਸਮੇਤ ਸਭ ਦਰਬਾਰੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੀ ਮਹਿਮਾ ਬਖਾਨ ਕਰ ਰਹੇ ਸਨ ਤਾਂ ਰਾਮ ਰਾਇ ਬਹੁਤ ਦੁਖੀ ਹੋਇਆ। ਇਸ ਬਾਰੇ ਸੰਗਤਾਂ ਨੂੰ ਪਤਾ ਲੱਗਾ ਤਾਂ ਸੰਗਤ ਬਹੁਤ ਨਿਰਾਸ਼ ਅਤੇ ਦੁਖੀ ਹੋ ਰਹੀ ਹੈ ਕਿ ਅਸੀਂ ਕੀ ਕਰਾਂਗੇ ਅਤੇ ਕਿਸ ਦੇ ਦਰਸ਼ਨ ਕਰਾਂਗੇ।

ਸੰਗਤਿ ਮਿਲਹਿ ਸੁਨਤਿ ਪਛਤਾਇਹਿ।
ਹਮ ਕਿਸ ਕੇ ਪੁਨ ਦਰਸ਼ਨ ਪਾਵਹਿ॥
ਮੰਦ ਭਾਗ ਬਹੁ ਭਏ ਹਮਾਰੇ।
ਜਿਸ ਤੇ ਗੁਰ ਨਹਿ ਪਰਹਿ ਨਿਹਾਰੇ॥
ਜਿਨ ਕੋ ਦਰਸ਼ਨ ਪਾਵਨ ਕਰੈ।
ਜਨਮ ਅਨੇਕ ਪਾਪ ਪਰਹਰੈ॥
ਬਾਕ ਪਿਤਾਮੇ ਮਿਤ ਸਫਲਾਵੈ।
ਹਮ ਤਨ ਤਜਹਿ ਸਕਲ ਬਜਿਆਵੈ॥

ਅਰਥਾਤ ਜੋ ਬਚਨ ਸਾਡੇ ਵੱਡਿਆਂ ਨੇ ਪਿਤਾ ਜੀ ਉਚਾਰੇ ਸਨ ਸੋ ਸਫ਼ਲ ਹੋਵਨ। ਭਾਵ ਬਾਬਾ ਗੁਰਦਿੱਤਾ ਜੀ ਦੇ ਪਿਤਾ ਸ੍ਰੀ ਹਰਿਗੋਬਿੰਦ ਜੀ ਦਾ ਵਾਕ ਸਫਲ ਹੋਏ। ਅਰਥਾਤ ਗੁਰੂ ਤੇਗ ਬਹਾਦਰ ਜੀ ਦੇ ਘਰ ਤੇਜਵਾਨ, ਬਲਵਾਨ ਯੋਧਾ ਸਪੁੱਤਰ ਹੋਏਗਾ ਜੋ ਜ਼ੁਲਮ ਦਾ, ਜ਼ਾਲਮਾਂ ਦਾ ਨਾਸ ਕਰੇਗਾ ਆਦਿ

ਛੇਤ ਚਤਰਦਸਮੀਂ ਭਈ ਚਾਹਓ ਭੇ ਪਰਲੋਕ॥
ਭਸਾਕਲੁ ਤਨ ਕੀ ਦਸਾ ਬਹੁ ਦੇਖਤਿ ਦਾਸ ਧਸ਼ੋਕ॥
ਸੇਵਾ ਹੇਤੁ ਦਾਸ ਜੋ ਨੇਰੇ।
ਨੇਤ੍ਰ ਉਘਾਰਿ ਤਿਨਹੁ ਦਿਸਿ ਤੇਰੇ॥
ਕਰਯੋ ਹੁਕਮ ਹਮ ਚਲਹਿ ਪ੍ਰਲੋਕ।
ਜੇ ਦਰਸ਼ਨ ਕਾਖੀ ਸਭ ਲੋਕ॥
ਹੇ ਮਸੰਦ ਗੁਰਬਖਸ਼ ਸਿਮਾਲਾ।
ਦਿੱਲੀ ਨਗਰ ਸਿਖੈ ਸਭਿ ਕਾਲਾ॥
ਤਿਸ ਤੇ ਆਦਿਕ ਅਪਰ ਜਿ ਅਹੈ।
ਅਰੁਸਿਖ ਸੰਗਤਿ ਦਰਸ ਜਿ ਚਹੈ॥
ਤਿਨਿ ਸਭਿਹਿਨਿ ਕੋ ਆਨਿ ਹਕਾਰਿ।
ਪਾਵਹਿ ਦਰਸ ਆਨਿ ਦਰਬਾਰ॥
ਸੁਨਤਿ ਬਿਲੋਚਨ ਦਾਸਨਿ ਭਰੇ।
ਤਤਛਿਨ ਅੱਸ੍ਰ ਬੂੰਦ ਗਿਰ ਪਰੇ॥

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਅਜਿਹੇ ਬਚਨ ਸੁਣਕੇ ਸਭ, ਨਿਕਟੀ ਸੇਵਕ, ਸੰਗਤ ਬਹੁਤ ਪ੍ਰੇਸ਼ਾਨ ਹੋ ਰਹੇ ਹਨ ਤੇ ਅੱਥਰੂ ਕੇਰ ਰਹੇ ਹਨ। ਬਹੁਤ ਹੀ ਗ਼ਮਗੀਨ ਮਹੌਲ ਬਣਿਆ ਹੋਇਆ। ਮਾਤਾ ਜੀ, ਮਸੰਦ ਸਭ ਸੰਗਤ ਲੋਕਮਈ ਅਵਸਥਾ ਵਿਚ ਹਨ ਅਤੇ ਬਹੁਤ ਸੰਗਤ ਆ ਕੇ ਦਰਸ਼ਨ ਕਰ ਰਹੀ ਹੈ।

ਪਿਖਿ ਗੁਰ ਬਖ਼ਸਹਿ ਜੈ ਪੁਰਿ ਨਾਥ।
ਪ੍ਰਵਿਸ਼ਯੋ ਅੰਤਰ ਗਹਿਤਿਸ ਹਾਥ॥
ਇਨ ਦੋਇਨ ਤੇ ਪੀਛੈ ਸਾਰੇ॥
ਆਨਿ ਬਰੇ ਚਿੰਤਾ ਚਿਤ ਬਾਰੇ॥
ਗੁਰ ਤਨ ਪਿਖਯੋ ਬ੍ਰਿੰਦ ਬਿਸਫੋਟ।
ਭਰੇ ਸਰਬ ਦੀਰਘ ਕੋ ਛੋਟ॥
ਕਰ ਬੰਦਹਿ ਬੰਦਨ ਕੋ ਧਾਰਹਿ।
ਕੇਚਿਤ ਹੇਰਿ ਹੋਤਿ ਬਲਿਹਾਰੈ॥
ਜਥਾ ਉਚਿਤ ਬੈਠੇ ਧਰਿ ਮੰਨ
ਕਰਤਿ ਬਿਲੋਕਨ, ਬੋਲਨਿ ਕੌਨ॥
ਜੈਪੁਰਿ ਪਤ ਕੋ ਰੁਖ ਗ੍ਰੰਥ ਕਰਿ ਕੈ।
ਕਹਿ ਗੁਰ ਬਖਸ਼ ਨੰਮ੍ਰਿਤਾ ਧਰਿਕੈ॥
ਸ੍ਰੀ ਸਤਿਗੁਰੂ ਆਪ ਸਰਬਗ.ਗ!
ਕਯਾ ਕਹਿ ਸਕਹਿ ਜਿਨਰ ਅਲਪਰਨਾ॥
ਤਉ ਆਪਨੋ ਹਿਤ ਚਿਤ ਚਹੈ।
ਸਮਰੱਥਨਿ ਢਿਗ ਬਿਨਤੀ ਕਹੈਂ॥
ਆਗੈ ਭਏ ਸਪਤ ਗੁਰ ਜੋਇ।
ਦਾਸ ਕਿਧੋਂ ਲਾਇਕ ਸੁਤ ਕੋਇ॥
ਸਭਿ ਬਿਧਿ ਤੇ ਸਮਰਥ ਤਿਧ ਕਰਿਕੈ।
ਗੁਰਤਾ ਗਾਦੀ ਪਰ ਬੈਠਰਿ ਕੈ॥
ਬਹੁਰ ਚਹੈਂ ਪਰਲੋਕ ਪਯਾਨਾ।
ਕਰਤਿ ਰਹੇ ਜਨ ਗਨ ਦੁਖਹਾਨਾ॥

ਇਹੋ ਜਿਹੇ ਨਾਜ਼ੁਕ ਸਮੇਂ ਭਾਈ ਗੁਰਬਖ਼ਸ਼ ਮਸੰਦ ਜੈ ਪੁਰ ਦੇ ਰਾਜੇ ਨਾਲ ਅਤੇ ਸਭ ਸੰਗਤ ਨਾਲ ਹੱਥ ਜੋੜ ਨਿਮਰਤਾ

ਸਹਿਤ ਅਰਜ਼ ਕਰਦੇ ਹਨ ਕਿ ਪਹਿਲੇ ਸੱਤ ਸਤਿਗੁਰੂ ਜੀ ਨੇ ਆਪਣੇ ਅਖੀਰਲੇ ਸਮੇਂ ਨੂੰ ਮੁੱਖ ਰਖਦੇ ਹੋਏ ਆਪਣੇ ਯੋਗ ਸੇਵਕਾਂ ਨੂੰ ਜਾਂ ਯੋਗ ਸਪੁੱਤਰਾਂ ਨੂੰ ਗੁਰਗੱਦੀ ਸੌਂਪ, ਸੰਗਤ ਦੀ ਅਗੁਵਾਈ ਅਤੇ ਸੰਭਾਲਨ ਹਿੱਤ ਨਿਰਧਾਰਿਤ ਕਰਦੇ ਰਹੇ ਹਨ। ਆਪ ਜੀ ਸਮਰੱਥ ਹੋ ਅਤੇ ਜਾਂ ਤਾਂ ਆਪ ਹੀ ਸਰੀਰ ਕਰ ਕੇ ਸੰਗਤ ਦੀ ਸੰਭਾਲ ਕਰੋ ਅਤੇ ਇਹ ਭਾਣਾ ਨਾ ਵਰਤਾਓ ਅਤੇ ਜਾਂ ਫਿਰ ਯੋਗ ਹਸਤੀ ਨੂੰ ਸੌਂਪਨਾ ਕਰਕੇ ਜਾਓ।

ਅਪਨੇ ਥਾਨ ਬਠਾਵਨਿ ਕੀਜਹਿ।
ਪੁਨ ਪ੍ਰਲੋਕ ਜਾਨੇ ਮਨ ਦੀਜੈ॥
ਸੁਨੀ ਬਾਰਤਾ ਸਤਿਗੁਰ ਸਾਰੀ।
ਅਪਰ ਸਭਾ ਸਭਿ ਤੂਸ਼ਨ ਧਾਰੀ॥
ਕ੍ਰਿਪਾ ਨਿਧਾਨ ਬਚਨ ਪੁਨ ਭਨਯੋ।
ਮੌਨ ਤਾਨਿ ਸਭਿਹਿਨਿ ਤਬਿ ਸੁਨਯੋ॥
ਜਥਾ ਜੋਗ ਸੰਗਤਿ ਕਿਯ ਅਰਜ਼ੀ।
ਤਊ ਸੁਨਹੁ ਪਰਮੇਸ਼ਰ ਮਰਜ਼ੀ॥
ਹਮਰੇ ਤਨ ਤਯਾਗਨਿ ਬਹ ਕਾਰਨ।
ਆਛੋ ਨਹੀਂ ਜਿ ਕਰਹਿ ਉਚਾਰਨਿ॥
ਗੁਰਗਦੀ ਅਵਚਲ ਜਗ ਮਾਂਹੀ।
ਵਧਹਿ ਪ੍ਰਤਾਪ ਮਿਟਹਿ ਕਿਮ ਨਾਂਹੀ॥
ਗੁਰੂ ਗ੍ਰੰਥ ਸਾਹਿਬ ਸਭਿ ਕੇਰਾ।
ਜੋਹ ਮੇਰੋ ਚਹਿ ਦਰਸ਼ਨ ਹੇਰਾ॥
ਸੋ ਸ਼ਰਧਾ ਧਰਿ ਹੇਰਨਿ ਕਰੈ॥
ਪਾਪਨਿ ਗਨ ਕੋ ਤਤਛਿਨ ਹਰੈ॥
ਹਮ ਬਾਤ ਕਰਨਿ ਕੋ ਚਾਹਹਿ।
ਪਠਹਿ ਸੁਨਹਿ ਗੁਰ ਗ੍ਰੰਥ ਉਮਾਹਹਿ॥

ਉਸ ਨਾਜ਼ੁਕ ਸਮੇਂ ਅਨੁਸਾਰ ਸਾਰੀ ਸੰਗਤ ਬਹੁਤ ਚਿੰਤਾਮਈ ਅਤੇ ਵੈਰਾਗ ਕਰ ਰਹੀ ਸੀ ਫਿਰ ਸ੍ਰੀ ਸਤਿਗੁਰੂ ਜੀ ਨੇ ਪਹਿਲੇ ਗੁਰੂਆਂ ਅਨੁਸਾਰ ਹੋਰ ਕਿਸੇ ਨੂੰ ਆਪਣੇ ਥਾਂ ਨਿਰਧਾਰਤਿ ਨਹੀਂ ਕੀਤਾ ਸੀ ਜਿਹੜਾ ਸੰਗਤ ਦੀ ਸੰਭਾਲ ਕਰਦਾ ਸੁ ਸਭ ਨੇ ਵੀਚਾਰਕੇ ਦੁਬਾਰਾ ਗੁਰਬਖਸ਼, ਮਸੰਦ ਨੂੰ ਗੁਰਗੱਦੀ ਦੇ ਫੈਸਲੇ ਤੇ ਹੁਕਮ ਕਰਨ ਲਈ ਸ੍ਰੀ ਸਤਿਗੁਰੂ ਜੀ ਦੇ ਸਨਮੁੱਖ ਅਰਜ਼ ਕਰਨ ਲਈ ਭੇਜਿਆ।

ਘਟਿਕਾ ਚਾਰ ਬਿਤੀਤਨਿ ਕਰੇ।
ਤਬਿ ਗੁਰਬਖ਼ਸ਼ ਅੱਗ੍ਰ ਹੋਇ ਖਰੇ॥
ਸਭਿ ਕੇ ਹਿਤ ਕੀ ਸੁਭ ਅਰਦਾਸ।
ਕਰੀ ਗੁਰ ਕੇ ਪਾਸ ਪ੍ਰਕਾਸ਼॥
ਪ੍ਰਥਮ ਲੀਏ ਸਭਿ ਗੁਰ ਕੇ ਨਾਮ।
ਜਿਨ ਕੋ ਸੁਜਸੁ ਜਗਤ ਅਭਿਰਾਮ॥
ਸਭਿ ਸੰਗਤਿ ਕੀ ਬਿਨੈ ਸੁਨੀਜੈ।
ਬਿਰਦ ਕ੍ਰਿਪਾਲੁ ਕ੍ਰਿਪਾ ਨਿਜ ਕੀਜੈ॥
ਸਪਤਮ ਸਤਿਗੁਰ ਸ੍ਰੀ ਹਰਿਰਾਇ।
ਸੁਤ ਤਜਿ ਬਡੋ ਨਾ ਉਚਿਤ ਲਖਾਇ॥
ਅਪਨੇ ਬਦਨ ਲਗਾਯਵ ਨਹੀ।
ਗੁਰਤਾ ਦੇਨੀ ਤੋ ਕਿਤ ਰਹੀ॥
ਤੁਮ ਕੋ ਨਿਜ ਅਸਥਾਨ ਬਿਠਾਏ।
ਸਭਿ ਬਿਧਿ ਉਚਿਤ ਜਾਨਿ ਹਰ ਖਾਨੇ॥
ਤਬਿ ਕੀ ਸੰਗਤੇ ਸਰਬ ਸਮਾਲੀ।
ਸਿੱਖੀ ਰੀਤਿ ਭਲੇ ਪ੍ਰਤਿਪਾਲੀ॥
ਚਹਤਿ ਭਏ ਅਬਿ ਅੰਤਰ ਧਆਨ।
ਨਹੀ ਬਿਠਾਯੋ ਕੋ ਨਿਜ ਥਾਨ॥
ਗਵਰ ਨੇ ਕਿਸ ਕੇ ਲੜ ਲਾਈ।
ਰੀਤਿ ਪ੍ਰਥਮ ਗੁਰੂ ਅਨਿ ਚਲਿ ਆਈ॥
ਕਰਹੁ ਆਪ ਭੀ ਤਿਨਹੁ ਸਮਾਨ।
ਜਿਸ ਤੇ ਸਿੱਖੀ ਰਹੈ ਜਹਾਨ॥
ਜੇ ਨ ਕਰਹੁਗੇ ਪੂਰਬ ਰੀਤਿ।
ਜਾਨੀ ਪਰਹਿ ਸੁ ਹੋਏ ਬਿਪਰੀਤ॥
ਬਿਚਲ ਜਾਇਗੀ ਸੰਗਤਿ ਸਾਰੀ।
ਕੇਚਿਤ ਹੁਇ ਮੀਣਨਿ ਅਨੁਸਾਰੀ॥
ਧਰਿਮਲ ਕੌ ਮਾਨਹਿ ਕੋਈ।
ਕੋ ਸਿਖ ਰਾਮਰਾਇ ਕੋ ਹੋਈ॥
ਇਤਿਆਦਿਕ ਸੋਢੀ ਜੇ ਔਗਲੇ
ਬਿਰਮਾਇ ਆਪਨੀ ਫੌਰ॥
ਬਿਨ ਗੁਰ ਸੰਗਤਿ ਹੈ ਥਿਰ ਕੋਇ ਨ।
ਜਥਾ ਨ੍ਰਿਪਤਿ ਬਿਨ ਸੈਨਾ ਹੋਇ ਨ॥
ਜੋ ਗੁਰ ਗ੍ਰੰਥ ਆਪ ਨੇ ਭਨਯੋਂ।
ਸੋ ਸਗਰੇ ਸਿੱਖਨਿ ਹੂੰ ਸੁਨਯੋਂ॥
ਲਿਖਿ ਲੈਹੈ ਅਬਿ ਸੋਢੀ ਸਾਰੇ।
ਬੈਠਹਿ ਮਾਨੀ ਗੁਰ ਹੁਇ ਭਾਰੇ॥
ਯਾਤੇ ਸੰਗਤਿ ਕਿਸ ਲੜ ਲਾਵਹੁ।
ਗੁਰਤਾ ਉਚਿਤ ਜਾਂਹਿ ਲਖਿ ਪਰਵਹੁ॥

ਇਸ ਤਰ੍ਹਾਂ ਦੀ ਬੇਨਤੀ ਸੁਣ ਕੇ ਸ੍ਰੀ ਸਤਿਗੁਰੂ ਜੀ

ਵੀਚਾਰ ਕਰ ਅਤੇ ਠੀਕ ਮੰਨ ਕੇ ਪਹਿਲੇ ਗੁਰੂਆਂ ਵਾਂਗ ਹੀ ਕਰਨ ਬਾਰੇ ਸੋਚਿਆ ਅਤੇ ਹੁਕਮ ਕੀਤਾ–

ਸੁਨਿ ਕਰਿ ਸ੍ਰੀ ਹਰਿ ਕ੍ਰਿਸ਼ਨ ਕ੍ਰਿਪਾਲਾ।
ਜਥਾ ਜੋਗ ਜਾਨੀ ਤਿਸ ਕਾਲਾ॥
ਗੁਰੂ ਹੋਇ ਸੋ ਛਪੈ ਨ ਕੈਸੇ।
ਬਿਦਤਹਿ ਗਗਨ ਚਢੇ ਰਵਿ ਜੈਸੇ॥
ਤਊ ਰੀਤਿ ਪੂਰਬ ਗੁਰ ਕੇਰੀ।
ਹਮਕੋ ਕਰੀ ਚਹਿਯ ਇਸ ਬੇਰੀ॥
ਇਮ ਬਿਚਾਰ ਕਰਿ ਨਿਰਨੈ ਲਹਯੋ।
ਬੋਲੇ ਜਥਾ ਜੋਗ ਤੁਮ ਕਹਜੋ॥
ਪੈਸੇ ਪੰਚ ਨਲੇਰ ਮੰਗਾਵਹੁ।
ਸਭਿ ਸੰਗਤਿ ਕੋ ਨਿਕਟਿ ਬਿਠਾਵਹੁ॥
ਭਾਰੀ ਗੁਰ ਬਿਦਤਹਿ ਜਗ ਮਾਂਹੀ।
ਜਿਸ ਤੇ ਦੰਭੀ ਗੁਰ ਦੂਰ ਜਾਂਹੀ॥
ਸੁਨਿ ਸ੍ਰੀ ਮੁਖ ਤੇ ਬਚਨਨ ਸੁਹਾਏ।
ਸੁਨਤਿ ਜਿ ਸਗਰੇ ਸੀਸ ਨਿਵਾਏ॥
ਧਾਇ ਗਯੋ ਅਨਯੋ ਤਤਕਾਲਾ।
ਪੈਸੇ ਪੰਚ ਨਰੇਲ ਬਿਸਾਲਾ॥
ਕੰਚਨਿ ਥਾਰ ਬਿਖੈ ਧਰਿ ਦੀਨਿ।
ਚੰਦਨ ਪੁਸ਼ਪ ਸ਼ੁਭ ਕੀਨਿ॥
ਸੰਗਤਿ ਸਗਰੀ ਨਿਕਟਿ ਬੁਲਾਈ।
ਜਿਸ ਮਹਿ ਸਯਾਨੇ ਸਿਖ ਸਮੁਦਾਈ॥
ਸ੍ਰੀ ਹਰਿਕ੍ਰਿਸ਼ਨ ਦਰਸ ਕਹੁ ਦਾਨ।
ਦੀਨਹੁ ਕੀਨਿ ਜਨਨ ਕਲਯਾਨ॥
ਫਿਰ ਸ੍ਰੀ ਸਤਿਗੁਰੂ ਜੀ ਨੇ–
ਕੰਚਨ ਥਾਰ ਨਿਕਟਿ ਕਰਿਵਾਯੋ।
ਦੇਖਿ ਦਾਹਿਨੋ ਹਾਥ ਉਠਾਯੋ॥
ਮ੍ਰਿਦੁਲ ਮਲਿੰਦ ਕਮਲ ਕੇ ਜੋਇ।
ਪ੍ਰੇਰਨ ਕਰਯੋ ਪਿਖਹਿ ਗਨ ਸੋਇ॥
ਪੈਸੇ ਪੰਚ ਉਠਾਵਨਿ ਕਰੇ।
ਸ੍ਰੀ ਫਲ ਸਾਥ ਹਾਥ ਮਹੁ ਧਰੇ॥
ਕੀਨਿ ਮੰਡਲਾਕ੍ਰਿਤ ਤ੍ਰੈ ਬਾਰੀ।
ਧਰਯੋ ਸੁ ਧਿਆਨ ਪ੍ਰਕ੍ਰਮਾ ਧਾਰੀ॥
ਲੇਪਨ ਕਰੀ ਭੂਮ ਜਹਿ ਪਾਵਨ।
ਨਿਜ ਕਰ ਕੇ ਤਹਿ ਕਰੇ ਟਿਕਾਵਨ॥
ਹਾਥ ਜੋਰਿ ਪੁਨ ਬੰਦਨ ਠਾਨੀ।
ਨੇਤ੍ਰਿ ਉਘਾਰਿ ਕਹੀ ਮੁਖ ਬਾਨੀ॥
ਬਾਬਾ ਬਸਹਿ ਜਿ ਗ੍ਰਾਮ ਬਕਾਲੇ
ਬਨ ਗੁਰ ਸੰਗਤਿ ਸਕਲ ਸੰਭਾਲੇ॥
ਇਮ ਸੁਨਾਇ ਸਭਿਹਿਨਿ ਸੌਂ ਕਹਯੋਂ।
ਸਿੱਖਨਿ ਉਰਿ ਨਿਸ਼ਚੈ ਤਬ ਲਹਯੋ॥

ਜਿਸ ਵੇਲੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਇਹ ਹੁਕਮ ਸਾਧ ਸੰਗਤ ਨੂੰ ਕੀਤਾ ਕਿ ਬਾਬਾ ਬਸਹਿ ਜਿ ਗ੍ਰਾਮ ਬਕਾਲੇ ਤਾਂ ਗੁਰਿਆਈ ਦੇਣ ਦਾ ਸੰਕੇਤ ਦੇਕੇ ਆਪ ਜੀ ਜੋਤਿ ਜੋਤ ਸਮਾਂ ਗਏ ਤਾਂ ਉਸ ਸਮੇਂ ਕੇਵਲ ਗੁਰੂ ਤੇਗ ਬਹਾਦਰ ਜੀ ਹੀ ਬਕਾਲੇ ਨਿਵਾਸ ਰਖਦੇ ਸਨ। ਪਰ ਨਾਮ ਨਾ ਲੈਣ ਕਰਕੇ ਬਹੁਤ ਸਾਰੇ ਸੋਢੀ ਅਤੇ ਧੀਰਮਲ ਆਦਿ ਸਭ ਬਕਾਲੇ ਪਹੁੰਚ ਗਏ ਅਤੇ ਆਪਣੀਆਂ 22 ਗੱਦੀਆਂ ਲਾ ਲਈਆਂ। ਇਤਿਹਾਸ ਅਨੁਸਾਰ 22 ਮੰਜੀਆਂ ਦਾ ਜ਼ਿਕਰ ਆਉਂਦਾ ਹੈ। ਬਾਬਾ ਧੀਰਮਲ ਕੋਲ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਗ੍ਰੰਥ ਸਾਹਿਬ ਦੀ ਬੀੜ ਹੋਣ ਕਰਕੇ ਅਤੇ ਬਹੁਤ ਮਸੰਦ ਸ਼ੀਹੇ ਵਰਗੇ ਪ੍ਰਚਾਰ ਕਰਨ ਕਰਕੇ ਬਹੁਤ ਪਸਾਰਾ ਅਤੇ ਸਿੱਖੀ ਸੇਵਕੀ ਬਣੀ ਹੋਈ ਸੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਭਜਨ ਬੰਦਗੀ ਵਿਚ ਲੀਨ ਭੋਰੇ ਵਿਚ ਬੈਠ ਤੱਪ ਕਰਦੇ ਰਹਿੰਦੇ ਅਤੇ ਮਾਤਾ ਨਾਨਕੀ ਜੀ ਜਾਂ ਹੋਰ ਪੁਰਾਣੇ ਸਿੱਖਾਂ ਦੇ ਕਹਿਣ ਜਾਂ ਅਰਜ਼ਾਂ ਕਰਨ ਤੇ ਵੀ ਆਪਣੇ ਆਪ ਨੂੰ ਜ਼ਾਹਰ ਨਾ ਕਰਦੇ ਅਤੇ ਨਾ ਹੀ ਆਮ ਸੋਢੀਆਂ ਵਾਂਗ ਮੰਜੀ ਜਾਂ ਗੱਦੀ ਲਾ ਕੇ ਬੈਠਦੇ। ਇਸ ਤਰ੍ਹਾਂ ਕੁਝ ਸਮਾਂ ਬੀਤ ਗਿਆ।

ਇਕ ਮੱਖਣ ਸ਼ਾਹ ਲੁਭਾਣਾ ਜ਼ਿਲ੍ਹਾ ਜੇਹਲਮ ਗੁਜਰਾਤ ਦਾ ਵਿਉਪਾਰੀ ਸੀ ਜਿਸ ਦਾ ਸਮੁੰਦਰੀ ਜਹਾਜ ਮਾਲ ਦਾ ਲੱਦਿਆ ਹੋਇਆ ਕਿਸੇ ਕਾਰਨ ਬਰੇਤੀ ਵਿਚ ਫੱਸ ਗਿਆ। ਉਸਨੇ ਆਪਣੇ ਕਰੀਦਿਆਂ ਦੁਆਰਾ ਬਹੁਤ ਜ਼ੋਰ ਲਾਇਆ ਕਿ ਜਹਾਜ ਨਿਕਲ ਆਏ ਪਰ ਜਹਾਜ ਫਸਿਆ ਹੀ ਰਿਹਾ। ਇਤਿਹਾਸ ਅਨੁਸਾਰ ਉਹ ਗੁਰੂ ਘਰ ਦਾ ਸ਼ਰਧਾਲੂ ਸਿੱਖ ਸੀ ਸੋ ਉਸਨੇ ਸਮੇਂ ਦੇ ਸਤਿਗੁਰ ਅੱਗੇ ਸ਼ਰਧਾ ਅਤੇ ਨਿਮਰਤਾ ਸਹਿਤ ਅਰਦਾਸ ਕੀਤੀ ਤੇ ਸੁੱਖਣਾ ਸੁੱਖੀ ਕਿ ਜਹਾਜ਼ ਸੁਰੱਖਿਅਤ ਆਪਣੇ ਥਾਂ ਪੁੱਜ ਜਾਵੇ ਤਾਂ ਉਹ 500 ਮੋਹਰਾਂ ਭੇਟਾ ਕਰੇਗਾ। ਸ੍ਰੀ ਗੁਰੂ ਤੇਗ ਬਹਾਦਰ ਜੀ, ਗੁਰੂ ਨਾਨਕ ਦੀ ਗੱਦੀ ਤੇ ਸ਼ੁਭਾਇਮਾਨ ਹੋਣ ਕਾਰਨ ਉਸ ਦੀ

ਸਹਾਇਤਾ ਕੀਤੀ ਜਾਹਜ ਆਪਣੇ ਥਾਂ ਪਹੁੰਚ ਗਿਆ ਤਾਂ ਮੱਖਣ ਸ਼ਾਹ ਨੇ ਆਪਣਾ ਸਾਰਾ ਸਮਾਨ ਵੇਚ ਸੁੱਖੀ ਹੋਈ ਸੁੱਖਣਾ ਦੇਣ ਵਾਸਤੇ ਪਰਿਵਾਰ ਸਮੇਤ ਦਿੱਲੀ ਪੁੱਜਾ। ਉਥੋਂ ਪਤਾ ਲੱਗਾ ਕਿ ਗੁਰੂ ਹਰਿ ਕ੍ਰਿਸ਼ਨ ਜੀ ਤਾਂ ਜੋਤੀ ਜੋਤ ਸਮਾ ਗਏ ਹਨ ਅਤੇ ਗੱਦੀ ਬਕਾਲੇ ਬਾਬਾ ਜੀ ਨੂੰ ਦੇ ਗਏ ਹਨ।

ਮੱਖਣ ਸ਼ਾਹ ਆਪਣੇ ਪਰਿਵਾਰ ਸਮੇਤ ਸਾਰੇ ਸੈਨਕਾਂ ਸੇਵਕਾਂ ਸਮੇਤ ਬਕਾਲੇ ਪੁੱਜਾ। ਜਦੋਂ ਵੇਖਿਆ ਇਥੇ ਤਾਂ 22 ਮੰਜੀਆਂ ਸੋਢੀਆਂ ਦੀਆਂ ਲੱਗੀਆਂ ਹਨ ਤਾਂ ਸੋਚੀ ਪੈ ਗਿਆ। ਉਸਨੇ ਫੈਸਲਾ ਕੀਤਾ ਕਿ ਸਭ ਨੂੰ ਦੋ-ਦੋ ਮੋਹਰਾਂ ਮੱਥਾ ਟੇਕੀਆਂ ਜਾਏ ਜਿਹੜਾ ਅਸਲੀ ਗੁਰੂ ਹੋਵੇਗਾ। ਆਪੇ ਮੰਗ ਲਵੇਗਾ ਤਾਂ ਸਭ 22 ਮੰਜੀਆਂ ਦੇ ਬਣੇ ਹੋਏ ਅਖੌਤੀ ਗੁਰੂਆਂ ਚੋਂ ਕਿਸੇ ਨੇ ਵੀ 500 ਮੋਹਰਾਂ ਦੀ ਮੰਗ ਨਾ ਕੀਤੀ ਤਾਂ ਉਸ ਨੇ ਉਥੋਂ ਦੇ ਵਸਨੀਕਾਂ ਨੂੰ ਪੁੱਛਿਆ ਕਿ ਇਥੇ ਹੋਰ ਵੀ ਕੋਈ ਗੁਰੂਵੰਸ਼ੀ ਹੈ। ਤਾਂ ਇਕ ਨੇ ਦੱਸਿਆ ਕਿ ਗੁਰੂ ਹਰਿਗੋਬਿੰਦ ਜੀ ਦਾ ਸਪੁੱਤਰ ਤੇਗਾ ਕਰਕੇ ਮਸਤ ਰਹਿੰਦਾ ਹੈ ਪਰ ਉਸ ਨੇ ਮੰਜੀ ਨਹੀਂ ਲਾਈ। ਮੱਖਣ ਸ਼ਾਹ ਦੱਸੇ ਹੋਏ ਟਿਕਾਣੇ ਤੇ ਪੁੱਜ ਮਾਤਾ ਨਾਨਕੀ ਜੀ ਨੂੰ ਮਿਲ ਭੋਰੇ ਵਿਚ ਭਜਨ ਬੰਦਗੀ ਕਰ ਰਹੇ ਗੁਰੂ ਤੇਗ ਬਹਾਦਰ ਜੀ ਨੂੰ ਵੀ ਦੋ ਮੋਹਰਾਂ ਧਰ ਮੱਥਾ ਟੇਕਦਾ ਹੈ ਤਾਂ ਗੁਰੂ ਜੀ ਹੁਕਮ ਕੀਤਾ ਕਿ 500 ਮੋਹਰਾਂ ਦੀ ਸੁੱਖਣਾ ਸੁੱਖ ਕੇ ਹੁਣ ਦੋ ਮੋਹਰਾਂ ਮੱਥਾ ਟੇਕ ਰਿਹਾ ਹੈ? ਤਾਂ ਇਹ ਸੁਣ ਮੱਖਣ ਸ਼ਾਹ ਖੁਸ਼ੀ ਵਿਚ ਮਸਤਾਨਾ ਹੋ ਜਾਂਦਾ ਅਤੇ ਛੱਤ ਉਪਰ ਚੜ੍ਹ ਕੇ ਪੱਲੂ ਫੇਰ ਕੇ 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ' ਦਾ ਰੌਲਾ ਪਾ ਦੇਂਦਾ ਹੈ।

ਸਭ ਸੰਗਤ ਨੂੰ ਆਪਣੇ ਨਾਲ ਬੀਤੀ ਹੋਈ ਵਾਰਤਾ ਦੱਸਦਾ ਹੈ ਅਤੇ ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਨੂੰ ਅਗਲੇ ਦਿਨ ਬੜੇ ਢੋਲ ਢਮਾਕੇ ਨਾਲ ਸੱਜ ਵੱਜ ਕੇ ਸਾਰੇ ਸੈਨਕਾਂ ਨਾਲ ਅਤੇ ਬਹੁਤ ਸੰਗਤ ਨਾਲ ਰਲਦੀ ਜਾਂਦੀ ਹੈ ਆਣ। 500 ਮੋਹਰਾਂ ਨਵੇਂ ਬਸਤਰ ਦੋ ਚੌਰ ਅਤੇ ਹੋਰ ਬਹੁਤ ਸਾਰੀਆਂ ਭੇਟਾਵਾਂ ਅਰਪਣ ਕਰ ਸ਼ੁਕਰਾਨਾ ਕਰਦਾ ਹੈ। ਸ੍ਰੀ ਸਤਿਗੁਰੂ ਜੀ ਨੂੰ ਨਵੇਂ ਬਸਤਰ ਪਾਉਣ ਦੀ ਅਰਜ਼ ਕਰਦਾ ਹੈ ਤਾਂ ਗੁਰੂ ਜੀ ਉਸਦੀ ਅਰਜ਼ ਮੰਨ ਨਵੇਂ ਬਸਤਰ ਪਾ ਬਾਹਰ ਥੜ੍ਹੇ ਤੇ ਸ਼ੁਸ਼ੋਬਤ ਹੁੰਦੇ ਹਨ। ਗੁਰੂ ਘਰ ਦੇ ਪੁਰਾਣੇ ਸਿੱਖਾਂ ਤੋਂ ਗੁਰਿਆਈ ਦੀ ਰਸਮ ਪੂਰੀ ਹੁੰਦੀ ਹੈ। ਬਹੁਤ ਸਾਰੀ ਸੰਗਤ ਭੇਂਟਾ ਧਰਕੇ ਨਮਸ਼ਕਾਰ ਕਰਦੀ ਹੈ। ਸ੍ਰੀ ਸਤਿਗੁਰੂ ਤੇਗ ਬਹਾਦਰ ਜੀ ਦੀ ਮਹਿਮਾ ਸਾਰੇ ਬਕਾਲੇ ਵਿਚ ਅਤੇ ਸਭ ਸਿੱਖਾਂ ਵਿਚ ਹੋਣ ਲੱਗਾ ਜਾਂਦੀ ਹੈ। ਧੀਰਮਲ, ਸਾਰੇ ਸੋਢੀ ਅਤੇ ਮਸੰਦ ਬਹੁਤ ਔਖੇ ਹੁੰਦੇ ਹਨ। ਧੀਰਮਲ, ਆਪਣੇ ਮਸੰਦ ਸ਼ੀਹੇ ਅਨੁਸਾਰ ਕਿਵੇਂ ਗੁਰੂ ਜੀ ਨਾਲ ਈਰਖਾ ਵੱਸ ਹੋ ਗੋਲੀਆਂ ਚਲਾਉਂਦਾ ਹੈ, ਸਾਮਾਨ ਦੀ ਲੁੱਟ-ਮਾਰ ਅਤੇ ਹੋਰ ਬਹੁਤ ਬੇਅਦਬੀ ਕਰਦਾ ਹੈ।

ਇਹ ਪ੍ਰਸੰਗ ਸੂਰਜ ਪ੍ਰਕਾਸ਼ ਗ੍ਰੰਥ ਅਨੁਸਾਰ ਬਹੁਤ ਹੀ ਵਿਸਥਾਰ ਸਹਿਤ ਹੈ। ਕਿਵੇਂ ਗੁਰੂ ਜੀ ਮੱਖਣ ਸ਼ਾਹ ਨਾਲ ਅੰਮ੍ਰਿਤਸਰ, ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਜਾਂਦੇ ਹਨ ਤੇ ਉਥੋਂ ਦੇ ਪੁਜਾਰੀ ਦਰਵਾਜਿਆਂ ਨੂੰ ਤਾਲੇ ਮਾਰ ਦਿੰਦੇ ਹਨ ਸ੍ਰੀ ਸਤਿਗੁਰੂ ਜੀ ਉਥੋਂ ਪਿੰਡ ਵਾਲੇ ਆਦਿ ਦਰਸ਼ਨ ਦੇਂਦੇ ਹੋਏ ਬਕਾਲੇ ਆਉਂਦੇ ਹਨ। ਜਦੋਂ ਮੱਖਣ ਸ਼ਾਹ ਸੈਨਿਕਾਂ ਸਮੇਤ ਧੀਰਮੱਲ ਅਤੇ ਹੋਰ ਸੋਢੀਆਂ ਤੋਂ ਸਾਰਾ ਲੁੱਟਿਆ ਹੋਇਆ ਸਾਮਾਨ ਮੋਹਰਾਂ ਆਦਿ ਵਾਪਿਸ ਲੈ ਆਉਂਦਾ ਹੈ। ਸ੍ਰੀ ਸਤਿਗੁਰੂ ਜੀ ਸਾਰਾ ਸਾਮਾਨ ਵਾਪਸ ਕਰਨੇ ਦਾ ਹੁਕਮ ਕਰਦੇ ਹਨ ਤਾਂ ਮੱਖਣ ਸ਼ਾਹ ਸਾਰਾ ਸਾਮਾਨ ਮੋਹਰਾਂ ਆਦਿ ਵਾਪਸ ਕਰ ਦੇਂਦਾ ਹੈ ਪਰ ਗ੍ਰੰਥ ਸਾਹਿਬ ਦੀ ਬੀੜ ਮਾਤਾ ਜੀ ਨਾਲ ਸਾਲਾਹ ਕਰ ਇੱਕ ਜਗ੍ਹਾਂ ਅਸਥਾਪਨ ਕਰ ਦੇਂਦਾ ਹੈ ਵਾਪਸ ਨਹੀਂ ਦੇਂਦਾ। ਕੁਝ ਸਮੇਂ ਬਾਅਦ ਮੱਖਣ ਸ਼ਾਹ ਵਾਪਸ ਜਾਣ ਦੀ ਆਗਿਆ ਮੰਗਦਾ ਹੈ ਤਾਂ ਸ੍ਰੀ ਸਤਿਗੁਰੂ ਜੀ ਵੀ ਕੀਰਤਪੁਰ ਸਾਹਿਬ ਜਾਣ ਦੀ ਗੱਲ ਕਰਦੇ ਹਨ।

ਸੋ ਬਕਾਲੇ ਤੋਂ ਸ੍ਰੀ ਸਤਿਗੁਰੂ ਜੀ ਅਤੇ ਮੱਖਣ ਸ਼ਾਹ ਸਾਰੇ ਸਾਮਾਨ ਸਮੇਤ ਮਾਤਾ ਨਾਨਕੀ ਜੀ ਮਾਤਾ ਗੁਜਰੀ ਜੀ, ਕ੍ਰਿਪਾਲ ਚੰਦ ਆਦਿ ਸੇਵਕਾਂ ਸਹਿਤ ਤੁਰ ਪੈਂਦੇ ਹਨ। ਬਿਆਸਾ ਪੁੱਜਦੇ ਹਨ ਅਤੇ ਪਾਰ ਜਾਣ ਵਾਸਤੇ ਬੇੜੀ ਦਾ ਇੰਤਜਾਰ ਕਰਦੇ ਹਨ ਤਾਂ ਇਕ ਸਿੱਖ ਆਪਣੇ ਸੀਸ ਤੇ ਗ੍ਰੰਥ ਸਾਹਿਬ ਦੀ ਬੀੜ ਲੈ ਕੇ ਆ ਰਿਹਾ ਹੈ। ਸ੍ਰੀ ਸਤਿਗੁਰੂ ਜੀ ਪੁੱਛਦੇ ਹਨ ਕਿ ਇਹ ਗ੍ਰੰਥ ਕਿਹੜਾ ਹੈ? ਤਾਂ ਕ੍ਰਿਪਾਲ ਚੰਦ ਜੀ ਸਾਰੀ ਵਾਰਤਾ ਦੱਸਦੇ ਹਨ। ਸ੍ਰੀ ਸਤਿਗੁਰੂ ਜੀ ਬੀੜ ਧੀਰਮੱਲ ਨੂੰ ਵਾਪਿਸ ਕਰਨ ਦਾ ਹੁਕਮ ਦੇਂਦੇ ਹਨ ਪਰ ਕੋਈ ਸਿੱਖ ਉਸ ਦੁਸ਼ਟ ਕੋਲ ਜਾਣ ਵਾਸਤੇ ਤਿਆਰ ਨਹੀਂ ਹੁੰਦਾ ਤਾਂ ਸ੍ਰੀ ਸਤਿਗੁਰੂ ਜੀ ਬੀੜ ਨੂੰ ਸਾਮਾਨ ਸਮੇਤ ਬੇੜੀ ਵਿਚ ਰੱਖ ਪਾਰ ਹੁੰਦੇ ਹਨ ਫਿਰ ਗ੍ਰੰਥ ਸਾਹਿਬ ਜੀ ਬੀੜ, ਪੀੜ੍ਹੇ, ਸਮੇਤ ਗਹਿਰੇ ਪਾਣੀ ਵਿੱਚ ਰੱਖਣਾ ਉਧਰੋਂ ਆ ਰਹੇ ਇਕ ਸਿੱਖ ਨੂੰ ਜੋ ਕੀਰਤਪੁਰ ਸਾਹਿਬ ਜਾ ਰਿਹਾ ਹੈ ਹੁਕਮ ਕਰਦੇ ਹਨ ਕਿ ਧੀਰਮੱਲ ਨੂੰ ਜਾ ਕੇ ਸੁਨੇਹਾ ਦੇ-ਦੇ ਕਿ ਗ੍ਰੰਥ ਸਾਹਿਬ ਦੀ ਬੀੜ ਬਿਆਸਾ ਚੋਂ ਕੱਢ ਕੇ ਲੈ ਜਾਏ। ਦਰਿਆ ਨੂੰ ਹੁਕਮ ਕਰਦੇ ਹਨ ਕਿ ਇਹ ਬੀੜ ਸੰਭਾਲ ਕੇ ਰੱਖੇ।

ਉਹ ਸਿੱਖ ਧੀਰਮਲ ਨੂੰ ਸੁਨੇਹਾ ਦੇ ਕਹਿੰਦਾ ਹੈ ਕਿ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਹੈ ਕਿ ਗ੍ਰੰਥ ਸਾਹਿਬ ਦੀ ਬੀੜ ਬਿਆਸਾ ਵਿਚੋਂ ਲੈ ਜਾਵੇ। ਧੀਰਮਲ ਸਾਰਾ ਇੰਤਜਾਮ ਕਰ ਟੋਭਿਆਂ ਸਮੇਤ ਬਿਆਸਾ ਤੇ ਜਾ ਕੇ ਉਸ ਸਿੱਖ ਦੇ ਦੱਸਣ ਅਨੁਸਾਰ ਅਰਦਾਸ ਕਰ ਸੁੱਖਨਾ ਸੁੱਖ ਕੇ ਬੀੜ ਦੀ ਭਾਲ ਕਰਵਾਉਂਦਾ ਹੈ ਪਰ ਬੀੜ ਨਹੀਂ ਮਿਲਦੀ ਹੈ ਕਈ ਦਿਨ ਹੋ ਜਾਂਦੇ ਹਨ ਨਿਰਾਸ਼ ਅਤੇ ਬੇਚੈਨ ਹੁੰਦਾ ਹੈ ਤਾਂ ਉਹ ਸਿੱਖ ਕਹਿੰਦਾ ਹੈ ਕਿ ਸਮੇਂ ਦੇ ਸਤਿਗੁਰੂ ਜੀ ਦਾ ਅਰਦਾਸ ਵਿਚ ਨਾਮ ਲੈ ਬੜੇ ਨਿਮਾਣੇ ਅਤੇ ਸ਼ਰਧਾ ਸਹਿਤ ਅਰਜ਼ ਕਰੋ ਤਾਂ ਧੀਰਮਲ ਇਵੇਂ ਹੀ ਕਰਦਾ ਹੈ। ਜਦੋਂ ਨਿਸ਼ਕਪਟ ਹੋ, ਨਿਮਾਣਾ, ਨਿਤਾਣਾ ਹੋ ਸ਼ਰਧਾ ਸਹਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਮ ਲੈ ਅਰਦਾਸ ਕਰਦਾ ਹੈ ਤਾਂ ਦਰਿਆਂ ਵਿਚੋਂ 13 ਵੇਂ ਦਿਨ ਬੀੜ ਬਿਲਕੁਲ ਸੁਰੱਖਿਅਤ ਮਿਲਦੀ ਹੈ ਤਾਂ ਸਭ ਹੈਰਾਨ ਹੁੰਦੇ ਹਨ।

ਸ੍ਰੀ ਸਤਿਗੁਰੂ ਜੀ ਮਾਖੋਵਾਲ ਪਿੰਡ ਮੁੱਲ ਲੈ ਅਨੰਦਪੁਰ ਸਾਹਿਬ ਨਾਮ ਰੱਖ ਵਸਾਉਂਦੇ ਹਨ ਅਤੇ ਉੱਥੇ ਨਿਵਾਸ ਰਖਦੇ ਹਨ। ਧੀਰਮੱਲ ਅਤੇ ਹੋਰ ਸ਼ਰੀਕਾਂ ਦੀ ਦੁਸ਼ਟਤਾ ਦਾ ਵਰਨਣ ਬਹੁਤ ਹੈ। ਕਿਵੇਂ ਸ੍ਰੀ ਸਤਿਗੁਰੂ ਜੀ ਆਪਣੇ ਸਿੱਖਾਂ ਸਮੇਤ ਸ਼ਹੀਦੀਆਂ ਦਿੰਦੇ ਹਨ। ਇਹ ਸਾਰੇ ਪ੍ਰਸੰਗ ਸੂਰਜ ਪ੍ਰਕਾਸ਼ ਗ੍ਰੰਥ ਵਿਚ ਬਹੁਤ ਵਿਸਤਾਰ ਸਾਹਿਤ ਅੰਕਿਤ ਹਨ।

.......................................................

## ਸ਼ਹਾਦਤ : ਗੌਰਵਸ਼ੀਲ ਇਤਿਹਾਸਿਕ ਦਖ਼ਲ

ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀਆਂ ਸ਼ਹਾਦਤਾਂ, ਉੱਦਾਤ ਸ਼ਹਾਦਤ ਦਾ ਇਕ ਰੂਪ ਹੈ ਦੂਜਾ ਰੂਪ ਗੁਰੂ ਗੋਬਿੰਦ ਸਿੰਘ ਜੀ ਦੀਆਂ ਦਸਮ ਗ੍ਰੰਥ ਵਿਚ ਸੰਕਲਿਤ ਰਚਨਾਵਾਂ ਉਜਾਗਰ ਕਰਦੀਆਂ ਹਨ ਕਿ ਖੜਗਧਾਰੀ ਹੋ ਕੇ ਵੀ ਉਂਦਾਤ ਸ਼ਹਾਦਤ ਦਿੱਤੀ ਜਾ ਸਕਦੀ ਹੈ। ਇਸ ਲਈ ਖੜਗ ਨੂੰ ਅਕਾਲ ਪੁਰਖ ਦਾ ਰੂਪ ਸਵੀਕਾਰ ਕਰਨਾ ਪਵੇਗਾ ਅਤੇ ਅਕਾਲ ਪੁਰਖ ਸਿੱਖ ਸਿਧਾਂਤ ਅਤੇ ਅਨੁਭਵ ਅਨੁਸਾਰ ਵਿਸਮਾਦੀ ਹੈ, ਕਾਇਨਾਤ ਦੀ ਕੁੱਲ ਜੀਵਿਤ ਅਤੇ ਪਦਾਰਥਕ ਅਸਲੀਅਤ ਦਾ ਸਿਰਜਨਹਾਰ ਹੈ, ਵਿਚਿੱਤਰਤਾ ਦਾ ਕਰਤਾ ਹੈ। ਅਜਿਹੀ ਖੜਗ ਜਲਾਲਧਾਰੀ ਹੈ ਭਾਨੁ ਖੁੜੰਗ ਹੈ। ਇਹ ਸੂਰਜੀ ਜਲਾਲ ਅਕਾਲ ਪੁਰਖ ਦੀ ਜੋਤਿ ਹੈ। ਖੜਗ ਧਾਰਨਾ, ਇਨ੍ਹਾਂ ਅਰਥਾਂ ਵਿਚ ਜੋਤਿ ਨਾਲ ਮਿਲਣਾ ਹੀ ਹੈ। ਇਸੇ, ਕਾਰਨ, ਖੜਗ ਦੇ ਚੱਲਣ ਨੂੰ 'ਸ੍ਰਿਸਟਿ ਉਬਾਰ' ਲਈ ਗਤੀਸ਼ੀਲ ਖੜਗ ਆਖਿਆ ਗਿਆ ਹੈ। ਇਹ ਜੋਤਿ ਦਾ ਵਰਤਾਰਾ ਹੀ ਹੈ।

ਇਸ ਵਰਤਾਰੇ ਵਿਚ ਜੋ ਵਿਅਕਤੀ ਸ਼ਾਮਲ ਹੈ, ਉਹ ਰੋਸ਼ਨੀ ਦੇ ਵਰਤਾਰੇ ਨੂੰ ਹੀ ਅੱਗੇ ਚਲਾ ਰਿਹਾ ਹੈ। ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ ਵਿਚ ਗੁਰੂ ਸਾਹਿਬ ਨੇ 'ਤੇਗ਼, ਤੀਰ, ਤੁਪਕ ਤਬਰ 1 ਨੂੰ ਹਮਾਰੇ ਪੀਰ ਆਖਿਆ ਹੈ। ਜੇ ਖੜਗ ਅਕਾਲ ਪੁਰਖ ਦਾ ਰੂਪ ਹੈ ਅਤੇ ਤੋਪ ਅਤੇ ਤੀਰ ਪੀਰ ਹਨ, ਤਾਂ ਇਨ੍ਹਾਂ ਨੂੰ ਧਾਰਨ ਵਾਲਾ ਵਿਅਕਤੀ ਵੀ ਦੈਵੀ ਜੋਤਿ ਹੀ ਹੋ ਸਕਦਾ ਹੈ, ਜਾਂ ਹੋਣਾ ਚਾਹੀਦਾ ਹੈ। ਜੰਗ ਉਸ ਰੋਸ਼ਨੀ ਵਧਾਉਣ ਦਾ ਮਾਧਿਅਮ ਹੈ। ਜੋ ਇਤਿਹਾਸ ਇਸ ਨਾਲ ਟੁੱਟ ਕੇ ਨਵੇਂ ਸਿਰਿਉਂ ਸਾਜਿਆ ਜਾਵੇਗਾ, ਉਹ ਵੀ ਰੋਸ਼ਨ ਹੋਵੇਗਾ। ਇਸ ਨਾਲ ਸ੍ਰਿਸ਼ਟੀ ਦਾ ਵੀ ਵਿਕਾਸ ਹੋਵੇਗਾ। ਇਸ ਤਰ੍ਹਾਂ ਖੜਗਧਾਰੀ ਅਤੇ ਤੁਪਕਧਾਰੀ ਦਾ ਜੋ ਰੂਪ ਗੁਰੂ ਗੋਬਿੰਦ ਸਿੰਘ ਜੀ ਦੀਆਂ ਇਨ੍ਹਾਂ ਰਚਨਾਵਾਂ ਵਿੱਚੋਂ ਉੱਭਰਦਾ ਹੈ, ਉਹ ਵੀ ਜੋਤਿ ਹੋਏ ਉਸ ਮਨੁੱਖ ਦਾ ਹੈ, ਜੋ ਜੋਤਿ ਨੂੰ ਹੋਰ ਤੀਬਰ ਕਰਨ ਵਾਲੇ ਸੁਜੋਤ ਹਥਿਆਰਾਂ ਨਾਲ ਸੰਘਰਸ਼ ਕਰਦਾ ਹੈ। ਇਹ ਸੰਘਰਸ਼ ਸਿਰਜਦਾ ਹੈ। ਇਸ ਪ੍ਰਕਿਰਿਆ ਵਿਚ ਕੀਤਾ ਆਪਾ ਨਿਵਾਰਨ, ਸੁਜੋਤ ਜੰਗ-ਮੈਦਾਨ ਦੀ ਸ਼ਹੀਦੀ ਵੀ, ਉੱਦਾਤ ਸ਼ਹਾਦਤ ਹੈ, ਸਬਲਾਈਮ ਮਾਰਟਿਡਮ ਹੈ।

ਖ਼ੁਦ ਜੋਤਿ ਹੋ ਕੇ, ਜੋਤਿ ਦੇ ਵਿਸਥਾਰ ਪ੍ਰਕਾਸ਼ ਅਤੇ ਪ੍ਰਚਲਨ ਲਈ, ਧਰਮ ਜੋਤਿ ਵਿਚ ਮਿਲ ਜਾਣਾ ਹੀ ਸਿੱਖੀ ਦੀ ਉਂਦਾਤ ਸ਼ਹਾਦਤ ਹੈ, ਇਹ ਨਿਵੇਕਲੀ ਹੈ, ਵਿਸ਼ਵ ਭਾਈਚਾਰੇ ਨੂੰ ਦੇਣ ਹੈ। ਇਸ ਨਾਲ ਹੀ ਇਤਿਹਾਸ ਨੂੰ ਨਵਾਂ ਮੋੜ ਦੇਣਾ ਇਤਿਹਾਸ ਨੂੰ ਰੌਸ਼ਨ ਕਰਨਾ ਅਤੇ ਮਨੁੱਖ ਹਿਤੈਸ਼ੀ ਬਣਾਉਣਾ ਹੈ । ਇਸ ਉਂਦਾਤ ਸ਼ਹਾਦਤ ਦਾ ਅਭਿਆਸ ਅਤੇ ਪੈਰੋਕਾਰੀ ਕੋਈ ਸੌਖੀ ਗੱਲ ਨਹੀਂ। ਇਹ ਇਕ ਵਡਮੁੱਲਾ ਮਾਡਲ ਹੈ ਜਿਸ ਨੂੰ ਮੁੱਖ ਰੱਖ ਕੇ ਹੀ ਸਾਨੂੰ ਆਪਣੇ ਇਤਿਹਾਸ ਵਿਚ ਹੋਈਆਂ ਸ਼ਹੀਦੀਆਂ ਦਾ ਮੁੱਲ ਪਾਉਣਾ ਚਾਹੀਦਾ ਹੈ।

.......................................................

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ - ਵਚਿੱਤਰ ਗਾਥਾ




ਰਵਿੰਦਰ ਸਿੰਘ ਨਾਮਧਾਰੀ

ਨਾਮਧਾਰੀ ਕਵੀ

9914402225


ਗਿਆਨੀ. ਗਿਆਨ ਸਿੰਘ ਜੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਬਾਰੇ ਲਿਖਦੇ ਹਨ ਕਿ- ਸ੍ਰੀ ਗੁਰੂ ਤੇਗ਼ ਬਹਾਦਰ ਜੀ ਅਤਿ ਸੁੰਦਰ ਸਨ ਜਿੰਨ੍ਹਾਂ ਦੇ ਮੋਟੇ ਨਕਸ਼, ਆਹੂ ਨੇਤ੍ਰ ਰਤਨ ਚੌੜੀ ਛਾਤੀ, ਉੱਚੇ ਕੰਧੇ, ਭੁਜਾਂ ਪ੍ਰਲੰਬ, ਸਿੱਧੀ ਚੁਗਿਰਦ ਦਾਹੜੀ, ਗੋਲ ਚਿਹਰਾ, ਉੱਚਾ ਮੱਥਾ, ਬਹੁਤ ਹੀ ਧੀਰਜੀ, ਸੰਤੋਖੀ, ਜਤੀ, ਸਤੀ, ਦੂਰ-ਅੰਦੇਸ਼ੀ, ਸੱਚੇ ਧਰਮ- ਵੈਰਾਗ ਦੀ ਮੂਰਤਿ, ਬ੍ਰਹਮ ਗਿਆਨ ਦੀ ਸੂਰਤ, ਸਿੱਧੇ-ਸਾਦੇ ਸੁਭਾਅ ਅਤੇ ਭੋਲ਼ੇ ਭਾਲੇ ਸੰਤ ਪੁਰਖ।

ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਪ੍ਰਕਾਸ਼ ੧੯ ਮੱਘਰ ਸੁਦੀ ੨ ਸੰਮਤ ੧੬੭੮ ਬਿ: ਮੁਤਾਬਿਕ ੧੬੨੧ ਈ. ਨੂੰ "ਗੁਰੂ ਕੇ ਮਹਿਲ "ਅੰਮ੍ਰਿਤਸਰ ਵਿਖੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਵਿੱਖੇ ਹੋਇਆ। ਆਪ ਜੀ ਬਚਪਨ ਤੋਂ ਹੀ ਭਜਨ ਬੰਦਗੀ ਵਾਲੇ ਅਤੇ ਸਾਧੂ ਸੁਭਾਅ ਦੇ ਮਾਲਿਕ ਸਨ। ੧੫ ਅੱਸੂ ਸੁਦੀ ੫ ਸੰਮਤ ੧੬੯੬ ਬਿ: ਨੂੰ ਕਰਤਾਰਪੁਰ ਸੁਭਿੱਖੀਏ ਖੱਤਰੀ ਲਾਲ ਚੰਦ ਦੀ ਬੇਟੀ ਗੁਜਰੀ ਜੀ ਨਾਲ ਵਿਆਹ ਹੋਇਆ। ਜਿਨ੍ਹਾਂ ਦੀ ਪਵਿੱਤਰ ਕੁੱਖ ਤੋਂ ਪੋਹ ਸੁਦੀ ੭ ਸੰਮਤ ੧੭੨੩ ਬਿ: ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ।

ਗੁਰੂ ਤੇਗ਼ ਬਹਾਦਰ ਜੀ ਦੇ ਚਿਹਰੇ ਤੇ ਕਿਤਨਾ ਹੀ ਇਲਾਹੀ ਨੂਰ ਹੋਵੇਗਾ, ਕਿਤਨੀ ਚਿਹਰੇ ਦੀ ਪ੍ਰਭਾ ਹੋਵੇਗੀ- ਉਸਦਾ ਅੰਦਾਜ਼ਾ ਇੱਥੋਂ ਹੀ ਲਗਾਇਆ ਜਾ ਸਕਦਾ ਕਿ ਉਸ ਵੇਲੇ ਦਾ ਸਮਕਾਲੀ ਜੋ ਕਿ ਇੱਕ ਬਹੁਤ ਹੀ ਵੱਡਾ ਕਲਾਕਾਰ ਗੁਰੂ ਤੇਗ਼ ਬਹਾਦੁਰ ਜੀ ਦੀ ਤਸਵੀਰ ਬਣਾਉਣ ਲੱਗਾ ਤਾਂ ਉਸ ਬਾਕੀ ਦੇ ਸਾਰੇ ਅੰਗ, ਬਸਤ੍ਰ ਤਾਂ ਉਸ ਨੇ ਬਣਾ ਲਏ, ਪਰ ਮੁੱਖ ਕਮਲ ਪ੍ਰਭਾ ਦੇਖ ਨ ਸਕਿਆ ਉਸ ਦੀ ਦੀਨ ਦਸ਼ਾ ਦੇਖ ਕੇ ਹੀ

ਮਹਾਰਾਜ ਨੇ ਆਪ ਕਲਮ ਹੱਥ ਲੀਨੀ ਅਤੇ ਨਿਜ ਹਾਥਿ ਸੁਆਰ ਸਪੂਰੰਨ ਕੀਨੀ।

ਧਿਰਜੀ ਏਨੇ ਕੁ ਕਿ ਗੋਲੀ ਮੱਥੇ ਤੇ ਲਗਨ ਉਪਰੰਤ ਵੀ ਭਲੋ ਧੀਰ ਮੱਲ, ਭਲੋ ਧੀਰ ਮੱਲ ਹੀ ਕਹਿੰਦੇ ਰਹੇ। ਨਿਰਲੇਪ ਇਤਨੇ ਕਿ ਸ੍ਰੀ ਹਰਿਮੰਦਿਰ ਸਾਹਿਬ ਦੇ ਦਰਵਾਜੇ ਬੰਦ ਹੋਣ ਤੇ ਵੀ ਬਾਹਰੋਂ ਹੀ ਸਰੋਵਰ ਵਿੱਚ ਇਸ਼ਨਾਨ ਕਰਕੇ ਵਾਪਿਸ ਚਲੇ ਗਏ।

ਗੁਰੂ ਤੇਗ਼ ਬਹਾਦੁਰ ਜੀ ਦਾ ਸ਼ਾਂਤ ਚਿੱਤ ਸੁਭਾਅ ਇਤਨਾ ਕਿ ਕਦੇ ਕੌੜਾ ਤੱਤਾ ਸ਼ਬਦ ਵੀ ਮੁੱਖੋਂ ਨਾ ਕੱਢਿਆ। ਪ੍ਰਭੂ ਸਿਮਰਨ ਵਿੱਚ ਹੀ ਮਗਨ ਰਹਿੰਦੇ ਅਤੇ ਰਾਜ ਵਿੱਚ ਜੋਗ ਦਾ ਨਮੂਨਾ ਸਨ।

ਆਦ ਸਦਾ ਬ੍ਰਤਏ ਜਿਨ ਕੇ ਪਿਖ ,
ਦੀਨਨ ਪੈ ਕਰਨੀ ਸੁਖ ਛਾਇਆ।
ਸੀਤ ਸੁਭਾਅ ਸਦਾ ਜਿਨ ਕੋ ,
ਕਬਹੂ ਨ ਤਾਮਸ ਵਾਕ ਅਲਾਇਆ।
ਨਾਮ ਅਧਾਰ ਰਹੇ ਦਿਨ ਰੈਨ ,
ਸਦਾ ਜਿਨ ਰਾਜ ਮੈਂ ਜੋਗ ਕਮਾਇਆ

ਦਰਦਵੰਦ ਇਤਨੇ ਕਿ ਚਾਰ ਸਾਲ ਦੇ ਸਨ ਕਿ ਆਪਣੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦੀ ਬਾਰਾਤ ਵਿੱਚ ਜਾਂਦਿਆਂ, ਜਦ ਇੱਕ ਹਾਣ ਦੇ ਬੱਚੇ ਨੂੰ ਨੰਗਾ ਦੇਖਿਆ ਤਾਂ ਸਭ ਬਸਤਰ ਉਤਾਰ, ਕੰਗਨ ਲਾਹ ਕੇ, ਨਾਲ ਹੀ ਕੈਂਠਾ ਉਸਦੇ ਗਲ ਪਾ ਦੌੜਕੇ ਨੰਗੇ ਹੀ ਮਾਤਾ ਜੀ ਕੋਲ ਆ ਗਏ। ਚਾਰ ਸਾਲ ਦੇ ਸਨ ਅਤੇ ਇੱਕ ਆਪਣੇ ਹਾਣ ਦੇ ਬੱਚੇ ਨੂੰ ਨੰਗਾ ਨਾ ਦੇਖ ਸਕੇ ਅਤੇ ਜਦੋਂ ਹਿੰਦੁਸਤਾਨ ਨੂੰ ਜਾਲਮ ਹਾਕਮ ਨੰਗਿਆਂ ਕਰਨ ਲੱਗੇ ਤਾਂ ਆਪ ਜੀ ਨੇ ਅਪਣੀ ਸਰੀਰ ਰੂਪੀ ਚਾਦਰ ਪਾ ਕੇ ਦੇਸ਼ ਨੂੰ ਨੰਗੇ ਹੋਣ ਤੋਂ ਬਚਾ ਲਿਆ। ਸੈਨਾਪਤੀ ਨੇ ਵੀ ਇਸੇ ਪ੍ਰਸੰਗ ਬਾਰੇ ਲਿਖਿਆਸੀ ਕਿ-

ਪ੍ਰਗਟ ਭਏ ਗੁਰੂ ਤੇਗ਼ ਬਹਾਦਰ।
ਸਗਲ ਸ੍ਰਿਸਟੀ ਪੈ ਢਾਪੀ ਚਾਦਰ।

ਦਰਦਵੰਦ ਦੀ ਇੱਕ ਹੋਰ ਉਦਾਹਰਣ ਉਨ੍ਹਾਂ ਦਾ ਇਹ ਹੁਕਮਨਾਮਾ ਹੈ, ਜੋ ਉਨ੍ਹਾਂ ਘੋੜੇ ਸ੍ਰੀਧਰ ਦੇ ਢਿੱਲੇ ਹੋਣ ਤੇ ਬਨਾਰਸ ਦੀ ਸੰਗਤ ਦੇ ਨਾਂ ਲਿਖਿਆ। ਘੋੜੇ ਤੱਕ ਦੀ ਤਕਲੀਫ ਵੀ ਨਾ ਸਹਾਰੀ ਗਈ। ਦੂਰ-ਅੰਦੇਸ਼ੀ ਇਤਨੇ ਸਨ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਉਸਾਰੀ ਵੇਲੇ ਹੀ ਕਹਿ ਦਿੱਤਾ ਕਿ ਇਹ ਐਸਾ ਅਸਥਾਨ ਬਣਾਉਣਾ ਹੈ ਕਿ- ਜੋ ਅਜਿੱਤ ਹੋਵੇ। ਅਨੰਦਪੁਰ ਦਾ ਸਮੁੱਚਾ ਨਕਸ਼ਾ ਆਪ ਜੀ ਨੇ ਹੀ ਬਣਾਇਆ ਸੀ। ਹਿੰਦੁਸਤਾਨ ਦੇ ਦੌਰੇ ਤੇ ਹੀ ਆਪ ਨੇ ਦੇਖ ਲਿਆ ਸੀ ਕਿ "ਬਿਨ ਸਿਰ ਦੀਏ ਜਗਤ ਦੁੱਖ ਪਾਈ।"

ਸੰਤੋਖੀ ਇਤਨੇ ਕਿ ਜਦ ਮੱਖਣ ਸ਼ਾਹ ਧੀਰ ਮੱਲ ਦੇ ਘਰੋਂ ਗੁਰੂ ਘਰ ਦਾ ਹੀ ਲੁੱਟਿਆ ਮਾਲ ਵਾਪਸ ਲਿਆਏ ਤਾਂ ਆਪਜੀ ਨੇ "ਸਭ ਦੇਵਹੁ ਤਿਸ ਢਿਗ ਪਹੁਚਾਯੋ" ਦਾ ਹੁਕਮ ਕਰ ਦਿੱਤਾ।

(ਗੁਰੂ) ਤੇਗ਼ ਬਹਾਦਰ ਜੀ ਇੱਕ ਆਗਿਆਕਾਰੀ ਸਪੁੱਤਰ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਆਗਿਆ ਵਿੱਚ ਸਦਾ ਹੀ ਰਹਿੰਦੇ ਸਨ। ਹਮੇਸ਼ਾਂ ਦਰਬਾਰ ਵਿੱਚ ਉੱਥੇ ਹੀ ਬੈਠਦੇ- ਜਿੱਥੇ ਗੁਰੂ ਪਿਤਾ ਜੀ ਦੀ ਨਜ਼ਰ ਉਨ੍ਹਾਂ 'ਤੇ ਪੈਂਦੀ ਰਹੇ। ਤਾਂਕਿ ਉਹਨਾਂ ਦਾ ਇਸ਼ਾਰਾ ਹੁੰਦਿਆਂ ਹੀ ਹੁਕਮ ਦੀ ਤਾਲੀਮ ਕੀਤੀ ਜਾਵੇ। ਜੇ ਗੁਰੂ ਪਿਤਾ ਤਲਵਾਰ ਉਠਾਉਣ ਦੀ ਆਗਿਆ- ਜੰਗ ਜੂਝਣ ਲਈ ਕੀਤੀ ਤਾਂ ਐਸੀ ਤਲਵਾਰ ਚਲਾਈ ਕਿ ਕਿ ਤੇਗ਼ ਦਾ ਬਹਾਦਰ ਸਿੱਧ ਕਰ ਦਿੱਤਾ। ਜੇ ਉਨ੍ਹਾਂ ਨੇ ਕਿਹਾ ਕਿ ਬਾਬਾ ਬਕਾਲੇ ਚਲੇ ਜਾਓ ਤਾਂ ਕੋਈ ਉਜ਼ਰ ਨਾ ਕੀਤੀ। ਕੋਈ ਗਿਲਾ ਨਹੀਂ ਕੀਤਾ। ਗੁਰੂ ਹਰਿ ਰਾਇ ਸਾਹਿਬ ਜੀ ਨੂੰ ਗੁਰਗੱਦੀ ਦੇਣ ਦਾ ਫ਼ੈਸਲਾ ਹੋ ਚੁੱਕਾ ਸੀ, ਸੋ ਗੁਰੂ ਹਰਿ ਰਾਇ ਜੀ ਨੂੰ ਅਤੇ ਗੁਰੂ ਹਰਿ ਗੋਬਿੰਦ ਜੀ ਨੂੰ ਮੱਥਾ ਟੇਕ ਬਾਬਾ ਬਕਾਲੇ ਨੂੰ ਚੱਲ ਪਏ। ਕਿਸੇ ਵੇਲੇ ਵੀ ਗੁਰੂ ਪੁੱਤਰ ਹੋਣ ਦਾ ਦਾਹਵਾ ਨਹੀਂ ਕੀਤਾ।

ਜਦੋਂ ਛੇਵੇਂ ਪਾਤਸ਼ਾਹ ਜੀ ਨੇ ਗੁਰੂ ਹਰਿ ਰਾਇ ਜੀ ਨੂੰ ਆਪਣੀ ਜਗ੍ਹਾ ਗੁਰਿਆਈ ਦੇ ਕੇ ਜੋਤੀ ਜੋਤਿ ਸਮਾ ਗਏ ਤਾਂ ਸੱਤਵੇਂ ਗੁਰੂ ਜੀ ਨਾਲ ਧੀਰ ਮੱਲ ਅਤੇ ਹੋਰ ਸਕੇ ਸੰਬੰਧੀਆਂ ਸ਼ਰੀਕਪੁਣਾ ਵਿਖਾਇਆ, ਵਾਦ-ਵਿਵਾਦ ਖੜ੍ਹਾ ਕਰ ਦਿੱਤਾ ਪਰ ਆਪ ਜੀ ਜ਼ਰ, ਜੋਰੂ, ਜ਼ਮੀਨ ਤੇ ਸ਼ਰੀਕਪੁਣੇ ਦੇ ਵਸੇਬੇ ਨੂੰ ਛੱਡ ਕੇ ਅੰਮ੍ਰਿਤਸਰ ਜਿਲ੍ਹੇ ਦੇ ਆਪਣੇ ਨਾਨਕੇ 'ਬਕਾਲੇ' ਪਿੰਡ ਆ ਗਏ। ਬਾਬਾ ਬਕਾਲੇ ਦੇ ਅਤੇ ਆਸ-ਪਾਸ ਦੇ ਵਸਨੀਕ ਸਿੱਖ ਇਨ੍ਹਾਂ ਨੂੰ ਗੁਰੂ ਪੁੱਤਰ ਸੰਤ ਰੂਪ ਸਮਝ ਕੇ ਬਹੁਤ ਮਾਨ ਸਤਿਕਾਰ ਕਰਦੇ ਸੀ। ਜਦ ਸੰਮਤ ੧੭੨੧ ਬੀ: ਨੂੰ ਵਾਦੀ ਸ਼ਰੀਕਾਂ ਦੇ ਪ੍ਰੇਰੇ ਹੋਏ ਔਰੰਗੇ ਨੇ ਅੱਠਵੇਂ ਗੁਰੂ ਜੀ ਨੂੰ ਦਿੱਲੀ ਸੱਦਾ ਭੇਜਿਆ ਤਾਂ ਉਨ੍ਹਾਂ ਨੇ ਉਸੇ ਥਾਂ ਚੋਲਾ ਛੱਡਣ ਲੱਗਿਆਂ ਸਿੱਖਾਂ ਦੇ ਪੁੱਛਣ ਤੇ ਗੁਰਗੱਦੀ ਦੇ ਯੋਗ ਬਾਬਾ ਬਕਾਲੇ ਦੱਸਿਆ। ਉਹਨਾਂ ਬਚਨ ਕੀਤਾ ਕਿ "ਬਾਬਾ ਬਸੈ ਗ੍ਰਾਮ ਬਕਾਲੇ।

ਸੱਚੇ ਪਾਤਸ਼ਾਹ- (ਸੱਚੇ ਗੁਰੂ ਦੀ ਪਹਿਚਾਨ) ਸ੍ਰੀ ਗੁਰੂ ਤੇਗ਼ ਬਹਾਦਰ ਜੀ ਉਸੇ ਚਿਰਾਗ ਦੀ ਰੋਸ਼ਨੀ ਸਨ,

ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਜੋਤ ਬਖਸ਼ ਗਏ ਸਨ। ਪ੍ਰਮੁੱਖ ਲਿਖਾਰੀਆਂ ਦੀ ਲਿਖਤ ਅਨੁਸਾਰ ਛੇ ਲੱਛਣਾਂ ਤੋਂ ਗੁਰੂ ਪਹਿਚਾਣਿਆ ਜਾਂਦਾ ਹੈ। ਛੇ ਦੇ ਛੇ ਗੁਣ ਹੀ ਗੁਰੂ ਤੇਗ਼ ਬਹਾਦਰ ਵਿੱਚ ਸਨ। ਉਹ ਅਕਾਲ ਪੁਰਖ ਦਾ ਰੂਪ ਸਨ, ਭਜਨ ਬਦੰਗੀ ਕਰਨ ਵਾਲੇ ਵੈਰਾਗ ਮਈ ਮੂਰਤ ਦੇ ਮਾਲਿਕ ਸਨ, ਉਹ ਗਿਆਨ ਦਾ ਭੰਡਾਰ ਸਨ, ਉਹ ਅੰਤਰਜਾਮੀਂ ਸਨ, ਉਹ ਮੱਤ ਉੱਚ-ਕੋਟੀ ਦੀ ਰੱਖਦੇ ਸਨ, ਦੀਨ ਦੁੱਖੀਆਂ ਦੇ ਕਸ਼ਟ ਹਰਨ ਵਾਲੇ ਸਨ। ਗੁਰੂ ਤੇਗ਼ ਬਹਾਦਰ ਜੀ ਕਿਵੇਂ ਸੱਚੇ ਗੁਰੂ ਰੂਪ ਹੋ ਸੰਗਤਾਂ ਦੇ ਸਾਹਵੇਂ ਹੋਏ ਇੱਕ ਇਤਿਹਾਸਕ ਗਾਥਾ ਹੈ-

ਇਤਿਹਾਸ ਗਵਾਹੀ ਭਰਦਾ ਹੈ ਕਿ ਗੁਰੂ ਜੀ ਇਕਾਂਤ ਵਿੱਚ ਰਹਿਣਾ ਪਸੰਦ ਕਰਦੇ ਸਨ ਪਰ ਅਕਾਲ ਪੁਰਖ ਨੇ ਜੋ ਕੁਝ ਕਰਨਾ ਹੁੰਦਾ ਹੈ ਉਹ ਵਿਲੱਖਣ ਹੀ ਕਰ ਵਿਖਾਉਂਦਾ ਹੈ। ਉਸ ਸਮੇਂ ਪ੍ਰਮੇਸ਼ਰ ਦਾ ਪ੍ਰੇਰਿਆ ਹੋਇਆ ਇੱਕ ਲੁਬਾਣਾ ਸਿੱਖ ਮੱਖਣ ਸ਼ਾਹ ਸੌਦਾਗਰ ਗੁਰੂ ਕੀ ਸੁੱਖਣਾਂ ਦੀ ਪੰਜ ਸੌ ਮੋਹਰ ਦੇਣ ਵਾਸਤੇ ਕੁਟੰਬ ਸਣੇ ਬਕਾਲੇ ਆ ਪਹੁੰਚਿਆ ਕਿਉਂਕਿ ਓਸਦਾ ਜਹਾਜ਼ ਤੀਖਣ ਪੌਣ ਨਾਲ ਬੇਵੱਸ ਹੋ ਕੇ ਬਰੇਤੀ ਵਿੱਚ ਜਾ ਲੱਗਾ ਸੀ। ਕਈ ਮਹੀਨੇ ਉੱਥੇ ਜਹਾਜ਼ ਫਸਿਆ ਰਿਹਾ। ਜਦ ਹੋਰ ਕਿਸੇ ਪੀਰ ਦੀ ਮੰਨਤ ਤੇ ਉਪਾਉ ਕਰਨ ਨਾਲ ਉੱਥੋਂ ਜਹਾਜ ਨਾ ਨਿਕਲਿਆ। ਤਾਂ ਉਸ ਨੇ ਗੁਰੂ ਨਾਨਕ ਦੀ ਗੁਰਗੱਦੀ ਦੇ ਹਾਜਰ ਵਾਰਿਸ ਗੁਰੂ ਦਾ ਧਿਆਨ ਕਰਕੇ ਅਰਜੋਈ ਕੀਤੀ ਅਤੇ ਨਾਲ ਹੀ ਕਮਾਈ ਦਾ ਚੌਥਾ ਹਿੱਸਾ ਚਰਨ ਭੇਂਟ ਕਰਨ ਲਈ ਅਰਦਾਸ ਕੀਤੀ। ਗੁਰੂ ਚਰਨਾਂ 'ਚ ਅਰਦਾਸ ਪ੍ਰਵਾਨ ਹੋਈ, ਜਹਾਜ਼ ਜਲ ਉੱਤੇ ਤਰ ਪਿਆ। ਜਹਾਜ਼ ਅਪਣੇ ਟਿਕਾਣੇ ਤੇ ਆਣ ਲੱਗਾ। ਉਸਨੇ ਮਸਕਾ ਮੰਡੀ ਦੀ ਬੰਦਰਗਾਹ ਉੱਤੇ ਮਾਲ ਵੇਚ ਕੇ ਦੋ ਹਜ਼ਾਰ ਮੋਹਰਾਂ ਖੱਟੀਆਂ। ਉਨਾਂ ਵਿੱਚੋਂ ਪੰਜ ਸੌ ਮੋਹਰਾਂ ਗੁਰੂ ਜੀ ਨੂੰ ਚਰਨ ਭੇਂਟ ਕਰਨ ਲਈ ਬਾਬਾ ਬਕਾਲੇ ਆਇਆ। ਅੱਗੇ ਅਜੇਹੀ ਗੜਬੜ ਦੇਖੀ ਕਿ ਜੋ ੨੨ ਆਦਮੀ ਗੁਰੂ ਬਣੇ ਬੈਠੇ ਸਨ। ਸਭ ਵੱਖੋ-ਵੱਖਰੇ ਰੰਗ ਢੰਗ ਦੇ ਫ਼ਕੀਰੀ ਚੋਲੇ ਪਾ ਕੇ ਇੱਕ ਤੋਂ ਇੱਕ ਚੜ੍ਹਦੇ ਵੇਖੇ। ਇਹ ਵੇਖ ਮੱਖਣ ਸ਼ਾਹ ਬੌਂਦਲ ਗਿਆ, ਸੋਚਣ ਲੱਗਾ ਕਿ ਇੰਨ੍ਹਾਂ ਚੋਂ ਅਸਲੀ ਗੁਰੂ ਦਾ ਕਿਵੇਂ ਪਤਾ ਲਗੇਗਾ। ਇੰਨ੍ਹਾਂ ਸੋਚਾਂ 'ਚ ਪਿਆ ਉਹ ਪਿੰਡ ਤੋਂ ਬਾਹਰ ਇੱਕ ਖੂਹ ਪਾਸ ਤੰਬੂ ਲਹਾ ਕੇ ਬੈਠ ਗਿਆ। ਇਹਨਾਂ ਆਪੇ ਗੁਰੂ ਬਣ ਬੈਠੇ ਸੋਢੀਆਂ ਦੇ ਬਹਿਰੂਪੀਏ ਰੰਗ ਰੂਪ ਵੇਖ ਕੇ ਨੇਤਰਾਂ ਚੋਂ ਨੀਰ ਵਹਾਉਂਦਾ ਸੋਚੀ ਜਾਵੇ ਕਿ ਮੈਂ ਬੜਾ ਭਾਰੀ ਗੁਨਾਹੀ ਅਤੇ ਮੰਦਭਾਗੀ ਹਾਂ, ਕਿ ਮੈਨੂੰ ਸੱਚੇ ਅਤੇ ਅਸਲੀ ਗੁਰੂ ਦੇ ਦਰਸ਼ਨ ਵੀ ਨਹੀਂ ਹੋਏ। ਇਹ ਵੇਖ ਉਸ ਦੀ ਇਸਤ੍ਰੀ ਨੇ ਬੇਨਤੀ ਕੀਤੀ ਕਿ ਤੁਸੀਂ ਰੁਦਣ ਕਿਉਂ ਕਰਦੇ ਹੋ ? ਗੁਰੂ ਨਾਨਕ ਸਾਹਿਬ ਦੇ ਚਰਨਾਂ ਪੁਰ ਭਰੋਸਾ ਰੱਖੋ, ਜਿਸਨੇ ਥਲਾਂ ਵਿੱਚ ਸਮੁੰਦਰੀ ਜਲ ਵਿੱਚੋਂ ਫੱਸੇ ਬੇੜੇ ਨੂੰ ਬਾਹਰ ਕੱਢ ਦਿੱਤਾ ਹੈ। ਉਹ ਆਪੇ ਪ੍ਰਗਟ ਹੋ ਕੇ ਸਾਨੂੰ ਦਰਸ਼ਨ ਦੇ ਕੇ ਸਾਨੂੰ ਨਿਹਾਲ ਕਰੇਗਾ।

ਫਿਰ ਦੰਪਤੀ ਨੇ ਸਲਾਹ ਕੀਤੀ ਕਿ ਦੋ-ਦੋ ਮੋਹਰਾਂ ਸਭਨਾਂ ਗੁਰੂ ਬਣ ਬੈਠੇ ਸੋਢੀਆਂ ਨੂੰ ਮੱਥਾ ਟੇਕਦੇ ਜਾਈਏ- ਜਿਹੜਾ ਸੱਚਾ ਹੋਊ ਆਪੇ ਆਪਣੀਆਂ ਪੰਜ ਸੌ ਮੋਹਰਾਂ ਮੰਗ ਲਵੇਗਾ। ਇਹ ਵਿਚਾਰ ਕਰਕੇ ਸਭ ਤੋਂ ਪਹਿਲਾਂ ਉਹ ਧੀਰ ਮੱਲ ਪਾਸ ਗਏ ਜੋ ਬਹੁਤਾ ਹੀ ਬਣ ਫੱਬ ਬੈਠਾ ਸੀ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੱਥਾਂ ਦਾ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕਰੀ ਬੈਠਾ ਸੀ, ਮੱਖਣ ਸ਼ਾਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਪੰਜ ਮੋਹਰਾਂ ਅਤੇ ਦੋ ਮੋਹਰਾਂ ਧੀਰ ਮੱਲ ਦੇ ਅੱਗੇ ਰੱਖ ਮੱਥਾ ਟੇਕਿਆ ਪਰ ਉਸ ਮੋਹਰਾਂ ਲੈ ਕੇ ਵੀ ਕੁਝ ਨਾ ਕਿਹਾ, ਬਲਕਿ ਉਹ ਨਿਰਾ ਬਗੁਲਾ ਭਗਤ ਬਣ ਲਪਚਕਣੀਆਂ ਗੱਲਾਂ ਸੁਣਾ ਸੁਣਾ ਆਪਣੀ ਵਡਿਆਈ ਕਰਦਾ ਰਿਹਾ। ਇਸੇ ਤਰਾਂ ਸਭਨਾਂ ਗੱਦੀ ਵਾਲਿਆਂ ਨੂੰ ਮੱਖਣ ਸ਼ਾਹ ਨੇ ਦੋ-ਦੋ ਮੋਹਰਾਂ ਦੇ ਕੇ ਮੱਥਾ ਟੇਕ ਕੇ ਇਹ ਵੇਖਦਾ ਰਿਹਾ ਕਿ ਕੋਈ ਤਾਂ ਸੱਚਾ ਗੁਰੂ ਹੋਵੇਗਾ ਪਰ ਕਿਸੇ ਤੋਂ ਵੀ ਉਸਦੀ ਮੰਨਤ ਪੂਰੀ ਨਾ ਹੋਈ। ਜਦ ਆਪਣੀ ਅਮਾਨਤ ਮੰਗਣ ਵਾਲਾ ਸੱਚਾ ਗੁਰੂ ਕੋਈ ਨਾ ਨਿੱਤਰਿਆ ਤਾਂ ਅਸਚਰਜ ਹੋ ਕੇ ਨੇਤ੍ਰ ਭਰ ਲਏ ਤੇ ਮੇਉੜੇ ਮਸੰਦ ਜੋ ਉਸਦੇ ਆਸ ਪਾਸ ਹੀ ਖੜੇ ਸਨ, ਉਨਾਂ ਨੂੰ ਪੁੱਛਿਆ ਕਿ ਕੋਈ ਹੋਰ ਭੀ ਸੋਢੀ ਹੈ? ਉਨਾਂ ਕਿਹਾ ਗੁਰੂ ਕੀਆਂ ਗੱਦੀਆਂ ਲਗਾਉਣ ਵਾਲੇ ਤਾਂ ਏਹੋ ਹੀ ਹਨ ਜਿੰਨ੍ਹਾਂ ਨੂੰ ਤੁਸੀਂ ਵੇਖ ਪਰਖ ਆਏ ਹੋ। ਵੈਸੇ ਇੱਕ ਛੇਵੇਂ ਗੁਰੂ ਜੀ ਦਾ ਸਪੁੱਤਰ ਤੇਗਾ ਨਾਮੇ ਮਸਤ ਜਿਹਾ ਹੋਰ ਭੀ ਹੈ। ਪਰ ਉਹ ਕਿਸੇ ਨਾਲ ਗੱਲ ਨਹੀਂ ਕਰਦਾ। ਅਪਣੇ ਭੋਰੇ (ਕੋਠੇ) ਵਿੱਚ ਹੀ ਬੈਠਾ ਰਹਿੰਦਾ ਹੈ। ਕੋਠੇ ਵਿੱਚ ਹੀ ਪਿਆ ਰਹਿੰਦਾ ਹੈ। ਕਦੇ-ਕਦੇ ਜੰਗਲ ਵਿੱਚ ਚਲਾ ਜਾਂਦਾ ਹੈ। ਉਸ ਦੀ ਮਾਈ ਉਸਨੂੰ ਗੱਦੀ ਲਾ ਕੇ ਬੈਠਣ ਲਈ ਬਥੇਰਾ ਕਹਿੰਦੀ ਹੈ ਪਰ ਉਹ ਇਸ ਗੱਲ ਨੂੰ ਪਸੰਦ ਨਹੀਂ ਕਰਦਾ। ਬੇ ਪਰਵਾਹ ਜਿਹਾ ਹੈ।

ਗੁਰੂ ਤੇਗ਼ ਬਹਾਦਰ ਜੀ ਬਾਰੇ ਇਤਨਾ ਕੁਝ ਸੁਣ ਕੇ ਮੱਖਣ ਸ਼ਾਹ ਦੀ ਇਸਤ੍ਰੀ ਨੇ ਆਖਿਆ ਕਿ ਏਹੋ ਜਿਹੇ ਮਸਤ ਲੋਕ ਬੜੀ ਕੀਰਤੀ ਵਾਲੇ ਹੁੰਦੇ ਹਨ, ਚੱਲੋ ਉਨਾਂ ਦੇ ਦਰਸ਼ਨ ਵੀ ਕਰ ਆਈਏ। ਜਦ ਇਹਨਾਂ ਨੇ ਜਾਕੇ ਗੁਰੂ ਜੀ ਨੂੰ ਇਕ

ਭੋਰੇ ਵਿੱਚ ਪ੍ਰਭੂ ਸਮਾਧੀ ਵਿੱਚ ਲੀਨ ਵੇਖਿਆ ਤਾਂ ਜਿਵੇਂ ਦਰਿਆਵਾਂ ਕੰਢੇ ਪਹੁੰਚਿਆ ਠੰਡਕ ਮਹਿਸੂਸ ਹੁੰਦੀ ਹੈ ਸੋ ਉਨ੍ਹਾਂ ਦੇ ਮਨ ਨੂੰ ਵੀ ਸਾਂਤੀ ਜਿਹੀ ਆ ਗਈ ਅਤੇ ਪਹਿਲਾਂ ਵਾਂਗ ਆਪੇ ਗੁਰੂ ਬਣੇ ਗੁਰੂਆਂ ਅੱਗੇ ਦੋ-ਦੋ ਮੋਹਰਾਂ ਰੱਖ ਮੱਥਾ ਟੇਕਿਆ ਤੇ ਦੋ ਮੋਹਰਾਂ ਹੀ ਗੁਰੂ ਤੇਗ਼ ਬਹਾਦਰ ਜੀ ਅੱਗੇ ਰੱਖ ਮੱਥਾ ਟੇਕਿਆ ਤਾਂ ਅੱਗੋਂ ਗੁਰੂ ਜੀ ਬੋਲੇ ਕਿ ਭਾਈ ਸਿੱਖਾ- ਗੁਰੂ ਧੰਨ ਦੇ ਭੁੱਖੇ ਨਹੀਂ ਪਰ ਸਿੱਖਾਂ ਦਾ ਸੁਖਨ, ਸਿੱਦਕ ਅਚੱਲ ਰਖਾਉਣ ਵਾਸਤੇ ਯਾਦ ਕਰਾ ਦੇਣਾ ਸਾਡਾ ਧਰਮ ਹੈ, ਨਹੀਂ ਤਾਂ ਜਿੱਥੇ ਸਾਡੀਆਂ ਪੰਜ ਸੌ ਮੋਹਰ ਤੇਰੇ ਪਾਸ ਅਮਾਨਤ ਹੈ, ਉੱਥੇ ਹੀ ਇਹ ਦੋਂਵੇ ਰੱਖ ਛੱਡ, ਗੁਰੂ ਘਰ ਦੀਆਂ ਤਾਂ ਪੰਜ ਸੋ ਮੋਹਰਾਂ ਹਨ। ਹੁਣ ਤੂੰ ਦੋ ਹੀ ਮੋਹਰਾਂ ਕਿਉਂ ਦੇ ਰਿਹਾ ਹੈ? ਗੁਰੂ ਸਾਹਿਬਾਂ ਦੀ ਬਖ਼ਸ਼ਿਸ਼ ਹੋਈ ਤੁਹਾਡੀ ਅਰਦਾਸ ਗੁਰੂ ਚਰਨਾਂ 'ਚ ਕਬੂਲ ਹੋਈ ਤੁਹਾਡਾ ਜਹਾਜ਼ ਬਰੇਤੀ 'ਫੱਸਿਆ ਬੰਨੇ ਲਗਾਇਆ। ਏਨਾ ਬਚਨ ਗੁਰੂ ਤੋਂ ਸੁਣ ਕੇ ਮੱਖਣ ਸ਼ਾਹ ਤਾਂ ਬਾਗੋ-ਬਾਗ ਹੋ ਗਿਆ ਤੇ ਗੁਰੂ ਤੇਗ਼ ਬਹਾਦੁਰ ਜੀ ਦੇ ਚਰਨਾਂ ਨੂੰ ਚੁੰਮਣ ਲੱਗ ਪਿਆ ਅਤੇ ਫਿਰ ਬੇਨਤੀ ਕਰਨ ਲੱਗਾ ਕਿ ਸੱਚੇ ਪਾਤਸ਼ਾਹ ਜਿਵੇਂ ਮੇਰੀ ਇੱਛਾ ਪੂਰੀ ਕੀਤੀ ਜੇ ਏਸੇ ਤਰ੍ਹਾਂ ਪ੍ਰਗਟ ਹੋਕੇ ਸੰਗਤ ਦੀ ਭਾਵਨਾ ਵੀ ਪੂਰੀ ਕਰੋ। ਕਿਉਂਕਿ ਬਨਾਵਟੀ ਗੁਰੂਆਂ ਨੇ ਸੰਗਤਾਂ ਦੇ ਨੱਕ ਵਿੱਚ ਦਮ ਕਰ ਰੱਖਿਆ ਹੈ। ਸੰਗਤ ਆਪ ਜੀ ਦੇ ਦਰਸ਼ਨਾਂ ਨੂੰ ਤੜਫ ਰਹੀ ਹੈ। ਇਹ ਗੱਲ ਸੁਣ ਕੇ ਗੁਰੂ ਜੀ ਬੋਲੇ ਕਿ ਅਸੀਂ ਗੁਰੂ ਬਨਣਾ ਨਹੀਂ ਚਾਹੁੰਦੇ, ਜੋ ਸਾਨੂੰ ਪ੍ਰਗਟ ਕਰੇਗਾ, ਉਸਦਾ ਮੂੰਹ ਕਾਲਾ ਕਰਕੇ ਗਧੇ ਤੇ ਚੜ੍ਹਾਵਾਂਗੇ। ਮਖੱਣ ਸ਼ਾਹ ਉਸੇ ਘੜੀ ਬਾਹਰ ਆਇਆ, ਸੰਗਤਾਂ ਦੇ ਪਰਉਪਕਾਰ ਲਈ ਆਪਣਾ ਕਾਲਾ ਮੂੰਹ ਕਰਕੇ ਗਧੇ ਤੇ ਚੜ੍ਹ ਗੁਰੂ ਜੀ ਦੇ ਸਾਹਮਣੇ ਆ ਖਲੋਤਾ! ਹੱਥ ਜੋੜ ਸੰਗਤਾਂ ਦੀ ਤਰਫੋਂ ਨੈਣੀਂ ਨੀਰ ਵਹਾਉਂਦਾ ਹੋਇਆ ਅਰਜੋਈ ਕਰਨ ਲੱਗਾ ਕਿ ਪਾਤਸ਼ਾਹ ਕ੍ਰਿਪਾ ਕਰੋ ਪੰਥ ਦੀ ਵਾਗ ਡੋਰ ਸੰਭਾਲ਼ੋ। ਮੱਖਣ ਸ਼ਾਹ ਦਾ ਸੱਚਾ ਸਿੱਦਕ ਵੇਖਕੇ ਭਰਵੇਂ ਮਨ ਨਾਲ ਬੋਲੇ- ਨਿਹਾਲ ਸਿੱਖ ਨਿਹਾਲ !!

ਇਹ ਬਚਨ ਸੁਣ ਮੱਖਣ ਸ਼ਾਹ ਉਸੇ ਵੇਲੇ ਕੋਠੇ ਤੇ ਚੜ੍ਹ ਗਿਆ ਅਪਣੀ ਚਾਦਰ ਦਾ ਪੱਲਾ ਹਵਾ 'ਚ ਫੇਰਦਾ ਹੋਇਆ, ਘੁਮਾਉਂਦਾ ਹੋਇਆ ਉੱਚੀ-ਉੱਚੀ ਪੁਕਾਰਨ ਲੱਗਾ- ਹੋਕਾ ਦੇਣ ਲੱਗ ਪਿਆ ਕਿ ਭੁੱਲੀਏ ਸੰਗਤੇ ਗੁਰੂ ਲਾਧੋ ਰੇ! ਗੁਰੂ ਲਾਧੋ ਰੇ !! ਗੁਰੂ ਲਾਧੋ ਰੇ॥ ਭਾਵ ਕਿ ਗੁਰੂ ਲੱਭ ਗਿਆ ਹੈ। ਸੁਹਿਰਦ ਪਤੀ ਵਜੋਂ ਆਪ ਜੀ ਨੇ ਇਕ ਵਾਰੀ ਫ਼ੁਰਮਾਇਆ ਸੀ-

ਸਭਿ ਆਸ਼ਰਮ ਤੇ ਗ੍ਰਿਹਿਸਤ ਉਦਾਰਾ।
ਜੋ ਗ੍ਰਿਹਿਸਤ ਤੇ ਉਤਰਹਿ ਪੂਰਾ।
ਅੰਤ ਕਾਲ ਪ੍ਰਾਪਤ ਪਦ ਰੂਰਾ।

ਆਪ ਜੀ ਗੁਜਰੀ ਜੀ ਦਾ ਬਹੁਤ ਧਿਆਨ ਰਖਦੇ ਸੀ। ਉਨਾਂ ਦੀ ਸੁੱਖ ਸੰਭਾਲ ਲਈ ਕਦੀ ਵੀ ਢਿੱਲ ਨਾ ਰੱਖਦੇ। ਪ੍ਰਦੇਸੀ ਦੌਰਿਆਂ ਸਮੇਂ ਵੀ ਆਪ ਜੀ ਹੁਕਮਨਾਮਿਆਂ ਵਿੱਚ ਢਾਕੇ ਤੋਂ ਪਟਨੇ ਦੀ ਸੰਗਤ ਨੂੰ ਲਿਖਿਆ ਮਿਲਦਾ ਹੈ ਕਿ ਕੋਈ ਅੱਵਲ ਹਵੇਲੀ ਹੋਵੇ- ਬਡੀ ਹੋਵੇ ਤਿਸ ਮੇ ਕਬੀਲੇ ਹਮਾਰੇ ਰੱਖਣੇ ਪੇੜ੍ਹੀ ਬਾਈ ਦਾ ਨਾਂ ਉਚੇਚਾ ਲਿਖਿਆ ਸੀ ਤਾਂ ਕਿ ਉਹ ਪਾਸ ਰਹੇ। ਬਹੁਤ ਪਿਆਰੇ ਗੁਰੂ ਪਿਤਾ ਆਪ ਜੀ ਜਿਵੇਂ ਬੇਟੇ ਗੋਬਿੰਦ ਰਾਇ ਜੀ ਦੇ ਜਨਮ ਤੋਂ ਲੈਕੇ ਧਰਮ ਕਰਮ ਆਉਣ ਤੱਕ ਦੇਖ ਰੇਖ ਰੱਖੀ, ਉਹ ਸਭ ਮਾਪਿਆਂ ਲਈ ਇੱਕ ਚੁਣੌਤੀ ਹੁੰਦੀ ਹੈ। ਪਹਿਲਾਂ ਗੁਰੂ ਬੇਟੇ ਦੇ ਜਨਮ ਵੇਲੇ ਵਧਾਈ ਲੈਣੀ ਅਤੇ ਖ਼ੁਸ਼ੀ ਕਰਨੀ, ਫਿਰ ਉਨ੍ਹਾਂ ਦਾ ਖਿਆਲ ਰੱਖਣ ਲਈ ਅਤੇ ਖਾਸ ਕਰ ਜਦੋਂ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਵੇਹੜੇ 'ਚ ਰਿੜ੍ਹਨ ਲੱਗੇ ਸੀ ਤਾਂ ਖੁੱਲ੍ਹੇ ਵਿਹੜੇ ਵਿੱਚ ਖੂਹ ਹੋਣਾ ਸੁਣ ਕੇ, ਇੱਥੋਂ ਤੱਕ ਲਿਖਿਆ ਕਿ ਖੂਹ ਬੰਦ ਕਰਵਾਇ ਦੇਣਾ ਉੱਪਰ ਢੱਕਣ ਲਗਵਾਇਕੈ। ਕਿਧਰੇ ਬੱਚਾ ਬੀਚ ਨ ਜਾਇ ਪਵੈ। ਫਿਰ ਦੂਜੇ ਪਾਸੇ ਪਟਨਾ ਵਾਲਿਆਂ ਸ੍ਰੀ ਗੋਬਿੰਦ ਰਾਏ ਜੀ ਦੇ ਚੋਜ ਦੇਖ ਕੇ ਜ਼ਰਾ ਕੁ ਚਿੰਤਾ ਪ੍ਰਗਟ ਕੀਤੀ ਤਾਂ ਆਪ ਜੀ ਨੇ ਲਿਖਿਆ: ਜੋ ਗੋਬਿੰਦ ਜੀ ਆ ਭਲਾ ਜੀਆ। ਸਾਹਿਬਜ਼ਾਦੇ ਦੀ ਪੜ੍ਹਾਈ, ਸਿਖਲਾਈ ਅਤੇ ਹੋਰ ਵਿੱਦਿਆ ਲਈ ਦੂਰੋਂ-ਦੂਰੋਂ ਵਿਦਵਾਨ ਬੁਲਾਇਕੇ ਭਾਂਤ-ਭਾਂਤ ਦੀ ਸਿੱਖਿਆ ਦਿੱਤੀ। ਬਚਿੱਤਰ ਨਾਟਕ ਵਿੱਚ ਦਸਮ ਪਿਤਾ ਨੇ ਆਪ ਲਿਖਿਆ ਹੈ ਕਿ- ਇਹ ਸ਼ਬਦ ਪੜ੍ਹ ਸੁਣਕੇ ਵਿੱਦਿਵਤਾ ਅਤੇ ਕੈਸੇ ਪਿਆਰੇ ਅਤੇ ਮਹਾਨ ਪਿਤਾ ਸਨ ਗੁਰੂ ਤੇਗ਼ ਬਹਾਦਰ ਜੀ-

ਮਦ੍ਰ ਦੇਸ ਹਮ ਕੋ ਲੇ ਆਏ॥
ਭਾਂਤਿ ਭਾਂਤਿ ਦਾਇਅਨ ਦੁਲਰਾਏ॥
ਕੀਨੀ ਅਨਿਕ ਭਾਂਤਿ ਤਨ ਰੱਛਾ॥
ਦੀਨੀ ਭਾਂਤੁ ਭਾਂਤਿ ਕੀ ਸਿੱਛਾ॥

ਆਪ ਜੀ ਇੱਕ ਐਸੇ ਸੱਜਣ ਮਿੱਤਰ ਸਨ, ਜਿਨ੍ਹਾਂ ਸੁੱਘੜ ਸਿਆਣੇ ਮਿੱਤ੍ਰ ਬਣਾਉਣ ਅਤੇ ਰੱਖਣ ਦੀ ਜਾਂਚ ਸਿਖਾਈ। ਮਿੱਤ੍ਰਤਾ ਰੱਖਣ ਰੱਖਾਉਣ ਦਾ ਇੱਕ ਹੀ ਵੱਲ ਉਨ੍ਹਾਂ ਦੱਸਿਆ- "ਬਾਂਹਿ ਜਿੰਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋਡੀਐ"। ਸੈਫ਼ ਖਾਨ ਗੁਰੂ ਜੀ ਦਾ ਬਹੁਤ ਪਿਆਰਾ ਗੁਰਸਿੱਖ ਵੀ ਸੀ ਅਤੇ ਮਿੱਤਰ ਵੀ ਸੀ। ਗੁਰੂ ਜੀ ਜਿੱਥੇ ਵੀ

ਗਏ ਮਿੱਤਰ ਪਿਆਰਿਆਂ ਦੀ ਯਾਦ ਨਾਲ ਹੀ ਰੱਖਦੇ। ਜਿੱਥੋਂ ਵੀ ਚੰਗੀ ਸੋਹਣੀ ਜਾਂ ਦਿਲ ਲੁਭਾਉਣੀ ਵਸਤੂ ਦੇਖੀ, ਮਿੱਤਰ ਪਿਆਰਿਆਂ ਲਈ ਖਰੀਦ ਕੇ ਉਨ੍ਹਾਂ ਨੂੰ ਪਹੁੰਚਾਉਂਦੇ ਵੀ ਸਨ। ਸੈਫ਼ ਖਾਨ ਨੇ ਮਿਤੱਰਤਾ ਮਰਦੇ ਦਮ ਤੱਕ ਨਿਭਾਈ। ਔਰੰਗਜੇਬ ਦਾ ਵੀ ਭੈਅ ਨਾ ਰੱਖਦਿਆਂ ਸਤਿਗੁਰੂ ਜੀ ਨੂੰ ਚਾਰ ਮਹੀਨੇ ਅਪਣੇ ਪਾਸ ਰੱਖਿਆ। ਫਿਰ ਸੈਫ ਖਾਨ ਨੇ ਵੀ ਗੁਰੂ ਜੀ ਦੀ ਸ਼ਹਾਦਤ ਤੋਂ ਪਿੱਛੋਂ ੪੦ ਦਿਨ ਮਾਤਮੀ ਲਿਬਾਸ ਪਾਈ ਰੱਖਿਆ।

